*Published in Punjabi & English*
Distributed in Toronto, Calgary, Vancouver, Winnipeg and Edmonton and Online Worldwide.

Sarokaran Di Awaz
Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ-8, ਅੰਕ-4, ਅਪ੍ਰੈਲ2018 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

## ਦੂਸ਼ਣਬਾਜ਼ੀ ਡਰੱਗ ਅਤੇ ਗੈਂਗਵਾਰ ਦੀ ਸਮੱਸਿਆ ਦਾ ਹੱਲ ਨਹੀਂ


ਪਰਮਿੰਦਰ ਕੌਰ ਸਵੈਚ
604 760 4794



ਇੱਕ ਕਵਾਹਤ ਹੈ ਕਿ ਇੱਕ ਭਲਾਮਾਣਸ ਵਿਅਕਤੀ ਆਪਣੇ ਲੇਲੇ ਨੂੰ ਕੁੱਛੜ ਚੁੱਕੀ ਜਾ ਰਿਹਾ ਸੀ ਤਾਂ ਰਸਤੇ ਵਿੱਚ ਇੱਕ ਨੌਜਵਾਨ ਉਸਨੂੰ ਦੇਖ ਕੇ ਕਹਿੰਦਾ ਹੈ ਕਿ, "ਤੂੰ ਕੁੱਤੇ ਨੂੰ ਚੁੱਕ ਕੇ ਕਿਧਰ ਲਿਜਾ ਰਿਹੈਂ" ਤਾਂ ਉਸਨੇ ਕਿਹਾ ਕਿ, "ਇਹ ਕੁੱਤਾ ਨਹੀਂ ਇਹ ਲੇਲਾ ਹੈ, ਇਹ ਮੇਰੀ ਭੇਡ ਦਾ ਬੱਚਾ ਹੈ।" ਨੌਜਵਾਨ ਨੇ ਕਿਹਾ, "ਮੰਨਣਾ ਮੰਨ, ਹੈ ਤਾਂ ਇਹ ਕੁੱਤਾ ਹੀ।" ਉਹ ਸੋਚਦਾ ਜਾਂਦਾ ਹੈ ਕਿ ਇਹਨੂੰ ਭੁਲੇਖਾ ਲੱਗਾ ਹੋਵੇਗਾ ਇਹ ਲੇਲੇ ਨੂੰ ਕੁੱਤਾ ਦੱਸੀ ਜਾ ਰਿਹੈ। ਥੋੜ੍ਹੀ ਦੂਰ ਉਹ ਹੋਰ ਜਾਂਦਾ ਹੈ ਉਸਨੂੰ ਫਿਰ ਇੱਕ ਨੌਜਵਾਨ ਮਿਲਦਾ ਹੈ ਉਹ ਵੀ ਇਹੀ ਕਹਿੰਦਾ ਹੈ ਕਿ, "ਕੁੱਤੇ ਨੂੰ ਚੁੱਕ ਕਿੱਧਰ ਲਿਜਾ ਰਿਹੈਂ।" ਉਸਨੇ ਕਿਹਾ, "ਨਹੀਂ ਇਹ ਮੇਰਾ ਲੇਲਾ ਹੈ ਕੁੱਤਾ ਨਹੀਂ।" ਉਹ ਹੱਸਣ ਲੱਗ ਜਾਂਦਾ ਹੈ ਕਿ ਕੁੱਤੇ ਨੂੰ ਲੇਲਾ ਦੱਸ ਰਿਹਾ ਹੈ। ਉਹ ਰਸਤੇ ਵਿੱਚ ਲੇਲੇ ਨੂੰ ਚੰਗੀ ਤਰ੍ਹਾਂ ਦੇਖਦਾ ਹੈ ਤੇ ਮਨੋਂ ਮਨ ਸੋਚਦਾ ਹੈ ਕਿ ਹੈ ਤਾਂ ਲੇਲਾ ਹੀ, ਇਹ ਮੇਰੇ ਨਾਲ ਕੀ ਹੋ ਰਿਹੈ। ਉਹ ਥੋੜ੍ਹੀ ਦੂਰ ਹੋਰ ਜਾਂਦਾ ਹੈ ਤਾਂ ਤੀਸਰਾ ਵਿਅਕਤੀ ਮਿਲਦਾ ਹੈ ਉਹ ਵੀ ਉਹੀ ਦੁਹਰਾਉਂਦਾ ਹੈ ਕਿ, ਉਕੁੱਤੇ ਨੂੰ ਕਿੱਥੇ ਲੈ ਕੇ ਜਾ ਰਿਹਾ ਹੈਂ।" ਉਹ ਲੇਲੇ ਨੂੰ ਦੇਖਦਾ ਹੈ ਤੇ ਦੁਚਿੱਤੀ ਜਿਹੀ ਵਿੱਚ ਪੈ ਜਾਂਦਾ ਹੈ ਕਿ ਹੋ ਸਕਦਾ ਇਹ ਕੁੱਤਾ ਹੋਵੇ ਪਰ ਉਹਦਾ ਮਨ ਨਹੀਂ ਮੰਨਦਾ। ਉਹ ਫਿਰ ਤੁਰ ਪੈਂਦਾ ਹੈ ਤਾਂ ਫਿਰ ਇੱਕ ਵਿਅਕਤੀ ਮਿਲਦਾ ਹੈ ਉਹ ਵੀ ਉਹੀ ਕਹਿੰਦਾ ਹੈ ਜੋ ਪਹਿਲੇ ਤਿੰਨਾਂ ਨੇ ਕਿਹਾ ਕਿ ਇਹ ਕੁੱਤਾ ਹੈ ਹੁਣ ਉਸਦਾ ਯਕੀਨ ਬੱਝ ਜਾਂਦਾ ਹੈ ਕਿ ਇਹ ਕੁੱਤਾ ਹੀ ਹੋਵੇਗਾ ਜਦੋਂ ਐਨੇ ਲੋਕ ਇਹ ਕਹਿ ਰਹੇ ਹਨ ਤਾਂ ਉਹ ਲੇਲੇ ਨੂੰ ਕੁੱਤਾ ਸਮਝ ਕੇ ਸੁੱਟ ਦਿੰਦਾ ਹੈ। ਅਸਲ ਵਿੱਚ ਉਹ ਚਾਰ ਠੱਗ ਸਨ ਜੋ ਭਲੇਮਾਣਸ ਵਿਅਕਤੀ ਦਾ ਲੇਲਾ ਹਾਸਲ ਕਰਨਾ ਚਾਹੁੰਦੇ ਸਨ ਉਹਨਾਂ ਨੇ ਇਹ ਤਰਕੀਬ ਬਣਾਈ ਕਿ ਉਹ ਆਪਣੇ ਆਪ ਉਹ ਲੇਲੇ ਨੂੰ ਕੁੱਤਾ ਸਮਝ ਕੇ ਸੁੱਟਣ ਲਈ ਮਜ਼ਬੂਰ ਹੋ ਜਾਵੇ। ਠੱਗਾਂ ਨੇ ਸਾਹਮਣੇ ਤੋਂ ਠੱਗੀ ਵੀ ਨਹੀਂ ਮਾਰੀ ਪਰ ਹਾਲਾਤ ਅਜਿਹੇ ਪੈਦਾ ਕੀਤੇ ਕਿ ਉਹਨੂੰ ਆਪਣੇ ਆਪ ਤੇ ਯਕੀਨ ਨਹੀਂ ਰਿਹਾ। ਇਹੀ ਹਾਲ ਸਾਡੇ ਕਨੇਡੀਅਨ ਮਾਪਿਆਂ ਦਾ ਹੈ ਜਿਨ੍ਹਾਂ ਦੇ ਬੱਚੇ ਡਰੱਗ ਜਾਂ ਗੈਂਗ ਵਾਰ ਵਿੱਚ ਸ਼ਾਮਲ ਹੋ ਗਏ ਹਨ ਉਹਨਾਂ ਦਾ ਚਾਰੇ ਪਾਸੇ ਭੰਡੀ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਮਾਪਿਆਂ ਦਾ ਕਸੂਰ ਹੈ। ਉਹ ਆਪਣੇ ਬੱਚਿਆਂ ਨੂੰ ਚੰਗੀ ਪ੍ਰਵਰਿਸ਼ ਨਹੀਂ ਦੇ ਰਹੇ, ਉਹ ਕੰਮ ਜ਼ਿਆਦਾ ਕਰਦੇ ਹਨ, ਵੱਡੇ ਵੱਡੇ ਘਰ ਬਣਾ ਰਹੇ ਹਨ, ਸਮਾਂ ਨਹੀਂ ਦੇ ਰਹੇ। ਹੁਣ ਕਿਤੇ ਨਾ ਕਿਤੇ ਉਹ ਵੀ ਆਪਣੇ ਆਪ ਨੂੰ ਕਸੂਰਵਾਰ ਠਹਿਰਾਉਣ ਲੱਗ ਪਏ ਹਨ। ਜਾਂ ਉਹ ਮਾਪੇ ਜਿਨ੍ਹਾਂ ਦੇ ਬੱਚੇ ਅਜੇ ਛੋਟੇ ਹਨ ਜਾਂ ਇਸ ਉਮਰ ਨੂੰ ਪਾਰ ਕਰ ਗਏ ਹਨ ਉਹ ਵੀ ਪੀੜਤ ਮਾਪਿਆਂ ਦਾ ਸਾਥ ਨਾ ਦੇ ਕੇ ਆਪਣੇ ਆਪ ਨੂੰ ਵਧੀਆ ਸਮਝ ਕੇ ਸਰਕਾਰ ਦਾ ਪੱਖ ਪੂਰ ਜਾਂਦੇ ਹਨ। ਇਸ ਮੁੱਦੇ ਦੇ ਹੋਰ ਬਹੁਤ ਸਾਰੇ ਪਹਿਲੂ ਹਨ ਜਿਨ੍ਹਾਂ ਨੂੰ ਘੋਖਣਾ, ਪਰਖਣਾ ਤੇ ਚੀਰ-ਫਾੜ ਕਰਨੀ ਬਹੁਤ ਜਰੂਰੀ ਹੈ।

(ਬਾਕੀ ਸਫ਼ਾ 4 'ਤੇ)


























SECURELIFE
INSURANCE AGENCY INC.
NOW HIRING !!!
NEW & EXPERIENCED ADVISORS
Ravinderjit Basra
416-845-6232
www.securelifeinsurance.ca




For All your Commercial Real Estate
needs in Alberta, Motels/Hotels, Gas Station,
Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com
www.bruceliang.ca




Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness
Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500




Tiwana
Real Estate Team
LIST WITH US
FOR GUARANTEED RESULTS
MEET THE TEAM:
Malvinder Tiwana
Harman Tiwana
Ajitpal Gill
Professional Services
Free Home Evaluation
Digital Marketing & Social Media
Top Dollars in your Pocket
Superb Negotiation Skills
Team of 3 Realtors With Full Time Office Staff
ROYAL LEPAGE 100 YEARS
Call: 403-830-5152
Visit: www.TiwanaTeam.com
Email: tiwanateam@gmail.com
Address: 110-7220 Fisher St SE, Calgary,AB T2H 2H8
www.TiwanaTeam.com

**SARO KARAN DI AWAZ**

**Publisher**
**Pro-People Arts Project Media Group 29 Mapleview Ave, Brampton Ontario, CA, L6R 1M2**

**Chief Editor**
**Harbans Singh**
416-817-7142
ppapmg@gmail.com

**Managing Director**
**Devinder Toor, Toronto**
416-902-9372
ppapmg@gmail.com

**Sub Editor**
**Master Bhajan Singh**
Calgary (Alberta)
403-455-4220
btarksheel@gmail.com

**Sub Editor**
**Dr. Hardeep Singh, Milton (Ontario)**
416-209-6363
deephsingh@gmail.com

**Sub Editor**
**Randeep Singh (India)**
09855695905
rvs0001@gmail.com

**Literary Advisor**
**Haripal**
Calgary (NE) Alberta
403-714-4816
haripalharry2016@gmail.com

**Sports Advisor**
Sukhvir Grewal
403-402-0770
sukhsports@gmail.com

**Surinder Mavi Winnipeg**
204-510-6284
surindermavi@gmail.com

**Parminder Swaich Surrey (BC)**
604-760-4794

**Rupinder Singh Kaler**
Edmonton
780-807-6517

**Graphic Desinger**
**Baljinder Singh**
+91-98782-29598
+91-92167-29598
akashdeep.1064@gmail.com

**Honorary Advisory Board**

**Sukhdev Singh Sandhu (Toronto)**

**Master Balbir Singh Gill (Toronto)**
**Jaspreet Dhaliwal (Toronto)**

**Harcharan Singh Parhar Calgary**

**Malkit Singh Abbotsford (BC)**

**Narbhinder Singh (India) (Punjab)**
935-443-0211

**Buta Singh Nawan Shahr (Punjab)**
946-347-4342
atoozed@gmail.com

**Jaswant Zirakh (India) (Punjab)**
98151-69825
jaswantzirakh@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।



# ਦੂਸ਼ਣਬਾਜ਼ੀ ਡਰੱਗ ਦੀ ਸਮੱਸਿਆ ਦਾ ਹੱਲ ਨਹੀਂ

(ਸ.ਫ਼ਾ 1 ਦੀ ਬਾਕੀ)

ਜਦੋਂ ਅਸੀਂ ਇਹ ਗੱਲ ਕਰ ਰਹੇ ਹਾਂ ਤਾਂ ਕੁੱਝ ਸਵਾਲ ਪੈਦਾ ਹੁੰਦੇ ਹਨ। ਕੀ ਡਰੱਗ ਦੀ ਸਮੱਸਿਆ ਹੈ? ਜੇ ਸਮੱਸਿਆ ਹੈ ਤਾਂ ਕਿਉਂ ਹੈ? ਇਸਦੇ ਪਿੱਛੇ ਕੀ ਹੈ? ਇਹ ਕਦੋਂ ਸ਼ੁਰੂ ਹੋਈ? ਇਸਨੂੰ ਪੈਦਾ ਕਰਨ ਵਿੱਚ ਕਿਸਦਾ ਹੱਥ ਹੈ? ਕੀ ਮਾਪੇ ਆਪਣੇ ਬੱਚਿਆਂ ਨੂੰ ਵਰ੍ਹਦੀ ਅੱਗ ਵਿੱਚ ਝੋਕਣਾ ਚਾਹੁੰਦੇ ਹਨ? ਕੀ ਡਰੱਗ ਉਹਨਾਂ ਦੇ ਘਰਾਂ ਵਿੱਚ ਪੈਦਾ ਹੁੰਦੀ ਹੈ? ਕੀ ਕਾਨੂੰਨਨ ਮਾਪੇ ਬੱਚਿਆਂ ਤੇ ਸਖ਼ਤੀ ਕਰ ਸਕਦੇ ਹਨ? ਕੀ ਉਹ ਨਹੀਂ ਚਾਹੁੰਦੇ ਕਿ ਉਹਨਾਂ ਦੇ ਬੱਚੇ ਲੰਬੀ ਤੇ ਤੰਦਰੁਸਤ ਜ਼ਿੰਦਗੀ ਜਿਊਣ? ਕੀ ਮਾਪੇ ਹੀ ਬੱਚਿਆਂ ਨੂੰ ਸਭ ਕੁੱਝ ਦਿੰਦੇ ਹਨ ਉਹ ਬਾਹਰੀ ਸਮਾਜ ਵਿੱਚੋਂ ਕੁੱਝ ਹਾਸਲ ਨਹੀਂ ਕਰਦੇ? ਐਹੋ ਜਿਹੇ ਹੋਰ ਵੀ ਬਹੁਤ ਸਾਰੇ ਸਵਾਲ ਹਨ ਜਿਨ੍ਹਾਂ ਤੇ ਆਪਾਂ ਗੱਲ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ।

ਸਾਡੇ ਲੋਕਾਂ ਨੇ ਬਾਹਰੋਂ ਆ ਕੇ ਸਖ਼ਤ ਮਿਹਨਤਾਂ ਕਰਕੇ ਆਪਣੇ ਤੇ ਆਪਣੇ ਬੱਚਿਆਂ ਦੇ ਵਧੀਆ ਭਵਿੱਖ ਲਈ ਇਸ ਦੇਸ਼ ਨੂੰ ਆਪਣਾ ਰੈਣ ਬਸੇਰਾ ਬਣਾਇਆ ਹੈ। ਜਿਸ ਸਦਕਾ ਅੱਜ ਸਾਡੇ ਲੋਕ ਹਰ ਖਿੱਤੇ ਵਿੱਚ ਆਪਣੀ ਥਾਂ ਬਣਾਈ ਬੈਠੇ ਹਨ ਚਾਹੇ ਰਾਜਨੀਤਕ ਸਫ਼ਾਂ ਹੋਣ, ਸਰਕਾਰੀ ਅਫ਼ਸਰ ਹੋਣ, ਡਾਕਟਰ, ਇੰਜਨੀਅਰ, ਸਮਾਜਿਕ ਰੁਤਬਾ ਹੋਵੇ ਜਾਂ ਖਿਡਾਰੀ ਹੋਣ। ਉਹ ਕਿਹੜੀ ਥਾਂ ਹੈ ਜਿੱਥੇ ਭਾਰਤੀ ਲੋਕਾਂ ਨੇ ਦੁਨੀਆਂ ਵਿੱਚ ਮਾਣ ਨਾ ਖੱਟਿਆ ਹੋਵੇ ਪਰ ਕੁੱਝ ਕੁ ਜਵਾਨ ਬੱਚੇ ਆਪਣੇ ਰਾਹ ਤੋਂ ਭਟਕ ਕੇ ਦਿਖਾਵੇ ਦੀ ਚਕਾਚੌਂਧ ਵਿੱਚ ਗੈਂਗਵਾਰ ਜਾਂ ਡਰੱਗ ਦੇ ਧੰਦੇ ਵਿੱਚ ਵੀ ਫਸ ਚੁੱਕੇ ਹਨ ਇਸਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਪਹਿਲਾਂ ਪਹਿਲ ਇਹ ਸਮੱਸਿਆ ਵੈਨਕੂਵਰ ਦੇ ਇਲਾਕੇ ਦੀ ਕਹੀ ਜਾਂਦੀ ਸੀ ਹੁਣ ਹੌਲ਼ੀ ਹੌਲ਼ੀ ਸਾਰੇ ਕੈਨੇਡਾ ਵਿੱਚ ਫੈਲ ਰਹੀ ਹੈ। ਪ੍ਰਸ਼ਨ ਪੈਦਾ ਹੁੰਦਾ ਹੈ ਕਿ ਕੀ ਇਹ ਸਮੱਸਿਆ ਲੋਕਲ ਸਮੱਸਿਆ ਹੈ? ਨਹੀਂ ਇਹ ਇਕੱਲੀ ਵੈਨਕੂਵਰ, ਸਰ੍ਹੀ ਜਾਂ ਕੈਨੇਡਾ ਦੀ ਸਮੱਸਿਆ ਨਹੀਂ ਸਗੋਂ ਇਹ ਤਾਂ ਦੁਨੀਆਂ ਭਰ ਦੀ ਚਿੰਤਾ ਦਾ ਵਿਸ਼ਾ ਹੈ ਤੇ ਇਹ ਦਿਨੋਦਿਨ ਵੱਧ ਵੀ ਰਹੀ ਹੈ। ਇਹ ਮੈਂ ਨਹੀਂ ਸਗੋਂ ਸਮਾਜ ਵਿੱਚ ਵੱਧ ਰਹੀਆਂ ਹਿੰਸਕ ਘਟਨਾਵਾਂ ਦੇ ਅੰਕੜੇ ਦੱਸ ਰਹੇ ਹਨ ਕਿ ਹਰੇਕ ਸਾਲ ਡਰੱਗ ਨਾਲ ਜੁੜੀਆਂ ਘਟਨਾਵਾਂ ਜਾਂ ਗੋਲੀ ਚੱਲਣ ਦੀਆਂ ਵਾਰਦਾਤਾਂ ਜਾਂ ਮਰ ਰਹੇ ਲੋਕਾਂ ਦੀ ਗਿਣਤੀ ਪਿਛਲੇ ਸਾਲਾਂ ਨਾਲੋਂ ਕਿਤੇ ਜ਼ਿਆਦਾ ਪ੍ਰਤੀਸ਼ਤ ਵੱਧ ਰਹੀ ਹੈ ਜਿਵੇਂ ਕਿ ਬੀ. ਸੀ. ਜਾਂ ਸਰ੍ਹੀ ਸ਼ਹਿਰ ਦੇ ਕੁੱਝ ਅੰਕੜੇ ਇਹ ਦਰਸਾਉਂਦੇ ਹਨ। ਸਰਕਾਰੀ ਅੰਕੜਿਆਂ ਮੁਤਾਬਕ 2015 ਵਿੱਚ ਬੀ.ਸੀ ਵਿੱਚ 97 ਕਤਲ ਹੋਏ, 2016 ਵਿੱਚ 87 ਕਤਲ ਹੋਏ ਤੇ 114 ਵਾਰੀ ਕਤਲ ਕਰਨ ਦੀ ਕੋਸ਼ਿਸ਼ ਕੀਤੀ ਗਈ। ਜਿਸਦਾ ਰੇਟ ਪਿਛਲੇ ਸਾਲਾਂ ਨਾਲੋਂ 4.8% ਵਧਿਆ ਸੀ। ਸਰ੍ਹੀ ਵਿੱਚ 2015 ਵਿੱਚ 88 ਵਾਰ ਗੋਲੀ ਚੱਲੀ ਇਸੇ ਤਰ੍ਹਾਂ 2016 ਵਿੱਚ 61 ਵਾਰੀ ਤੇ 2017 ਵਿੱਚ 59 ਵਾਰੀ ਗੋਲੀ ਚੱਲਣ ਦੀਆਂ ਘਟਨਾਵਾਂ ਹੋਈਆਂ ਅਤੇ ਲੋਅਰ ਮੇਨਲੈਂਡ ਵੈਨਕੂਵਰ ਦੇ ਇਲਾਕੇ ਵਿੱਚ 21 ਕਤਲ ਹੋਏ।ਬੀ. ਸੀ. ਵਿੱਚ 2017 'ਚ ਜਿਣਸੀ ਹਮਲੇ ਔਰਤਾਂ ਪ੍ਰਤੀ ਹੋਣ ਜਾਂ ਬੱਚਿਆਂ ਪ੍ਰਤੀ ਇਹਨਾਂ ਦੀ ਗਿਣਤੀ 3,125 ਸੀ। ਇੱਕ ਵੀ ਮਨੁੱਖ ਦਾ ਅਣਆਈ ਮੌਤ ਮਰਨਾ ਆਪਣੀ ਬਹੁਤ ਕੀਮਤ ਰੱਖਦਾ ਹੈ, ਪਰ ਅਜਿਹੀਆਂ ਅਨੇਕਾਂ ਘਟਨਾਵਾਂ ਨਾਲ ਦਿਲ ਨੂੰ ਠੇਸ ਪਹੁੰਚਦੀ ਹੈ।ਉਹ ਕੈਨੇਡਾ ਜਿਸ ਨੂੰ ਦੁਨੀਆਂ ਭਰ ਵਿੱਚ ਸ਼ਾਂਤੀ ਦਾ ਪੁੰਜ ਕਹਿ ਕੇ ਬੁਲਾਇਆ ਜਾਂਦਾ ਹੈ।

ਮਾਪਿਆਂ ਦੇ ਸੰਦਰਭ ਵਿੱਚ ਉੱਠੇ ਸਵਾਲ ਕੀ ਮਾਪੇ ਜੋ ਬੱਚਿਆਂ ਨੂੰ ਵਧੀਆ ਜ਼ਿੰਦਗੀ ਪ੍ਰਦਾਨ ਕਰਨ ਲਈ ਆਪਣੀ ਤਨੋ, ਮਨੋ, ਧਨੋ ਹਰ ਪੱਖੋਂ ਹਰ ਸੰਭਵ ਕੋਸ਼ਿਸ਼ ਕਰਕੇ ਸਾਰੀ ਜ਼ਿੰਦਗੀ ਸਖ਼ਤ ਮਿਹਨਤ ਕਰਦੇ ਹਨ। ਕੀ ਉਹ ਚਾਹੁੰਦੇ ਹਨ ਕਿ ਉਹਨਾਂ ਦੇ ਲਾਡਾਂ ਨਾਲ ਪਾਲ਼ੇ ਬੱਚੇ 30-35 ਸਾਲ ਦੀ ਉਮਰ ਵਿੱਚ ਅਪੜਨ ਤੋਂ ਪਹਿਲਾਂ ਹੀ ਗੋਲ਼ੀ ਨਾਲ ਜਾਂ ਡਰੱਗ ਖਾ ਕੇ ਮਰ ਜਾਣ? ਜਦਕਿ ਸਾਡੇ ਸਭਿਆਚਾਰ ਵਿੱਚ ਅਸੀਂ ਬੱਚਿਆਂ ਦੇ ਬਹੁਤ ਨੇੜੇ ਰਹਿੰਦੇ ਹਾਂ ਕਿਉਂਕਿ ਅਸੀਂ ਉਹਨਾਂ ਨੂੰ ਆਪਣੇ ਬੁਢਾਪੇ ਦਾ ਸਹਾਰਾ ਸਮਝਦੇ ਹਾਂ। ਅਗਲੇ ਸਵਾਲ ਦਾ ਉੱਤਰ ਕਿ ਡਰੱਗ ਇੱਥੇ ਕਿੱਥੋਂ ਆ ਰਹੀ ਹੈ? ਮਾਪੇ ਡਰੱਗ ਬਣਾ ਕੇ ਤਾਂ ਬੱਚਿਆਂ ਨੂੰ ਦੇ ਨਹੀਂ ਰਹੇ। ਕਿਤੋਂ ਤਾਂ ਆ ਰਹੀ ਹੈ ਤੇ ਆ ਵੀ ਸਾਡੇ ਇਸ ਲੋਕਤੰਤਰੀ ਢਾਂਚੇ ਦੀਆਂ ਚੋਰ ਮੋਰੀਆਂ ਦੇ ਥਾਣੀਂ ਹੀ। ਕੀ ਸਾਡਾ ਸਿਸਟਮ ਐਨਾ ਫੇਲ੍ਹ ਹੋ ਚੁੱਕਿਆ ਹੈ ਕਿ ਜਵਾਨ ਬੱਚਿਆਂ ਦੀ ਮੌਤ ਦਾ ਸਮਾਨ ਸ਼ਰੇਆਮ ਏਅਰ ਪੋਰਟਾਂ, ਬੌਰਡਰਾਂ ਤੇ ਪੋਰਟਾਂ ਤੋਂ ਧੜਾਧੜ ਲੰਘ ਰਿਹਾ ਹੈ ਉਦੋਂ ਪੁਲੀਸ ਵਰਗੇ ਮਹਿਕਮੇ ਕਿੱਥੇ ਹੁੰਦੇ ਹਨ ਜਿਹੜੇ ਮਾਪਿਆਂ ਤੇ ਦੂਸ਼ਨਬਾਜ਼ੀ ਕਰਨ ਵਿੱਚ ਰੁੱਝੇ ਹੋਏ ਹਨ। ਜਦੋਂ ਕਦੇ ਵੀ ਕੋਈ ਵਿਅਕਤੀ ਗੈਂਗਵਾਰ ਵਿੱਚ ਮਾਰਿਆ ਜਾਂਦਾ ਹੈ ਉਦੋਂ ਪੁਲੀਸ ਕਹਿੰਦੀ ਹੈ ਕਿ ਉਹ ਉਸਨੂੰ ਜਾਣਦੀ ਸੀ। ਜਦੋਂ ਕਦੇ ਮਾਪਿਆਂ ਜਾਂ ਮੀਡੀਏ ਨੇ ਇਹ ਸਵਾਲ ਕੀਤਾ ਕਿ ਜੇ ਜਾਣਦੇ ਸੀ ਤਾਂ ਫੜਿਆ ਕਿਉਂ ਨਹੀਂ ਤਦ ਉਹ ਕਹਿੰਦੇ ਹਨ ਕਿ ਸਾਡੇ ਕੋਲ਼ ਉਸਨੂੰ ਗ੍ਰਿਫਤਾਰ ਕਰਨ ਲਈ ਤੱਥ ਨਹੀਂ ਸਨ ਜਾਂ ਉਹ ਕੋਰਟ ਜਾ ਕੇ ਛੁੱਟ ਜਾਂਦੇ ਹਨ।ਤਾਂ ਇਹ ਗੱਲ ਮੰਨੀ ਜਾ ਸਕਦੀ ਹੈ ਕਿ ਪੁਲੀਸ ਆਪਣੇ ਦਾਇਰੇ ਵਿੱਚ ਰਹਿ ਕੇ ਹੀ ਕੰਮ ਕਰ ਸਕਦੀ ਹੈ ਪਰ ਉਸਨੂੰ ਮਾਪਿਆਂ ਤੇ ਦੂਸ਼ਣ ਲਾਉਣ ਦੀ ਜ਼ਿੰਮੇਵਾਰੀ ਕਿਸਨੇ ਦਿੱਤੀ ਹੈ।ਸੋਚਣ ਵਾਲੀ ਗੱਲ ਹੈ ਕਿ ਅਗਰ ਕੋਰਟਾਂ, ਕਚਹਿਰੀਆਂ, ਪੁਲੀਸ ਜਾਂ ਸਰਕਾਰਾਂ ਦੇ ਹੱਥ ਖੜੇ ਹਨ ਤਾਂ ਫਿਰ ਮਾਪਿਆਂ ਕੋਲ ਕਿਹੜੀ ਜਾਦੂ ਦੀ ਛੜੀ ਹੈ ਜਿਸ ਨਾਲ ਉਹ ਇਸ ਗੈਂਗਵਾਰ ਨੂੰ ਠੱਲ ਪਾ ਸਕਦੇ ਹਨ।ਮਾਪਿਆਂ ਨੂੰ ਜ਼ੁੰਮੇਵਾਰ ਠਹਿਰਾਉਣ ਤੋਂ ਪਹਿਲਾਂ ਉਹ ਇਹ ਕਿਉਂ ਭੁੱਲ ਜਾਂਦੇ ਹਨ ਕਿ ਜੋ 18 ਸਾਲ ਤੱਕ ਮਾਪੇ ਇਸ ਡਰ ਵਿੱਚ ਰਹਿੰਦੇ ਹਨ ਕਿ ਜੇ ਅਸੀਂ ਬੱਚਿਆਂ ਤੇ ਸਖ਼ਤੀ ਕੀਤੀ ਤਾਂ ਮਨਿਸਟਰੀ ਉਹਨਾਂ ਦੇ ਬੱਚੇ ਚੁੱਕ ਕੇ ਲੈ ਜਾਵੇਗੀ ਤੇ ਉਹਨਾਂ ਨੂੰ ਫੋਸਟਰ ਹੋਮਾਂ ਵਿੱਚ ਭੇਜ ਦਿੱਤਾ ਜਾਵੇਗਾ ਜਿੱਥੋਂ ਅੱਜ ਕੱਲ ਸਦਮੇ ਨਾਲ ਮਾਨਸਿਕ ਰੋਗੀ ਪੀੜਤ ਬੱਚੇ ਹਸਪਤਾਲਾਂ ਵਿੱਚ ਭਰਤੀ ਹੋ ਰਹੇ ਹਨ ਮਾਨਸਿਕ ਰੋਗਾਂ ਦੇ ਡਾਕਟਰਾਂ, ਨਰਸਾਂ ਤੇ ਹਸਪਤਾਲਾਂ ਦੀ ਮੰਗ ਦਿਨੋ ਦਿਨ ਵਧ ਰਹੀ ਹੈ। ਫੋਸਟਰ ਹੋਮਾਂ ਵਿੱਚ ਬੱਚਿਆਂ ਨੂੰ ਭੁੱਖੇ ਰੱਖਣਾ, ਕੁੱਟ ਮਾਰ ਕਰਨਾ, ਕਮਰਿਆਂ ਵਿੱਚ ਬੰਦ ਕਰਨਾ, ਬੱਚਿਆ ਦੀਆਂ ਆਪਸੀ ਲੜਾਈਆਂ ਝਗੜੇ, ਗਾਲ੍ਹਾਂ ਦੁੱਪੜ, ਜਿਣਸੀ ਸ਼ੋਸ਼ਣ ਆਦਿ ਖ਼ਬਰਾਂ ਅਖ਼ਬਾਰਾਂ ਦੀਆਂ ਸੁਰਖੀਆਂ ਦਾ ਸ਼ਿੰਗਾਰ ਆਮ ਹੀ ਬਣਦੀਆਂ ਰਹਿੰਦੀਆਂ ਹਨ। 18 ਸਾਲ ਦੀ ਉਮਰ ਤੋਂ ਬਾਅਦ ਜੇ ਬੱਚੇ ਕਿਤੇ ਫੜ੍ਹੇ ਜਾਣ ਤਾਂ ਪੁਲੀਸ ਉਹਨਾਂ ਦਾ ਅਤਾ ਪਤਾ ਨਹੀਂ ਦੱਸਦੀ ਕਿਉਂਕਿ ਉਹ ਬਾਲਗ ਹੋ ਗਏ ਹਨ ਅਤੇ ਕਾਨੂੰਨਨ ਉਹਨਾਂ ਦੀ ਨਿੱਜੀ ਜ਼ਿੰਦਗੀ ਦਾ ਠੱਪਾ ਲੱਗ ਜਾਂਦਾ ਹੈ। ਉਹਨਾਂ ਬੱਚਿਆਂ ਨੂੰ ਮਾਂ ਬਾਪ ਦਾ ਪਿਆਰ ਨਹੀਂ ਮਿਲਦਾ ਅਤੇ ਉਹ ਫਿਰ ਦਿਸ਼ਾਹੀਣ ਹੋ ਕੇ ਸਮਾਜ ਵਿੱਚ ਵਿਚਰਦੇ ਹਨ।

ਅਗਲਾ ਸਵਾਲ ਸੀ ਕਿ ਸਭ ਕੁੱਝ ਬੱਚਿਆਂ ਨੂੰ ਮਾਪੇ ਹੀ ਦਿੰਦੇ ਹਨ, ਬਾਹਰੀ ਸਮਾਜ ਦਾ ਕੋਈ ਰੋਲ ਨਹੀਂ। ਪੰਜ ਸਾਲ ਤੋਂ ਬਾਅਦ ਬੱਚਾ ਸਕੂਲ ਜਾਂਦਾ ਹੈ, ਉਹ ਆਧਿਆਪਕਾਂ ਤੇ, ਨਾਲ ਦੇ ਵਿਦਿਆਰਥੀਆਂ ਤੋਂ ਬਹੁਤ ਕੁੱਝ ਸਿੱਖਦਾ ਹੈ। ਸਕੂਲ ਭੇਜਣ ਦਾ ਮਤਲਬ ਹੀ ਇਹੀ ਹੁੰਦਾ ਹੈ ਕਿ ਬੱਚਾ ਬਾਹਰ ਦੇ ਖ਼ੁਸ਼ਗਵਾਰ ਵਾਤਾਵਰਣ ਵਿੱਚ ਰਹੇ ਅਤੇ ਇਸ ਸਮਾਜ ਵਿੱਚ ਰਹਿਣਾ, ਮਿਲਣਾ, ਵਰਤਣਾ ਸਿੱਖੇ ਅਤੇ ਇਸ ਸਮਾਜ ਨੂੰ ਵਧੀਆ ਬਣਾਉਣ ਲਈ ਆਪਣਾ ਯੋਗਦਾਨ ਵੀ ਜ਼ਰੂਰ ਪਾ ਸਕੇ। ਅਸੀਂ ਇੱਥੋਂ ਦੇ ਆਧਿਆਪਕਾਂ ਤੇ ਉਂਗਲ ਨਹੀਂ ਕਰ ਸਕਦੇ। ਉਹ ਬੱਚਿਆਂ ਨੂੰ ਸਕੂਲ ਤੋਂ ਬਾਅਦ ਵੀ ਸਮਾਂ ਦੇ ਰਹੇ ਹਨ। ਕੁੱਝ ਸਵਾਲ ਇੱਥੇ ਵੀ ਪੈਦਾ ਹੋ ਰਹੇ ਹਨ ਕੀ ਆਧਿਆਪਕ ਖ਼ੁਸ਼ ਹਨ? ਪਿਛਲੇ ਦਸਾਂ ਸਾਲਾਂ ਵਿੱਚ ਜਦੋਂ ਇਹ ਡਰੱਗ ਦੀ ਸਮੱਸਿਆ ਜੋਰ ਫੜਦੀ ਹੈ ਉਦੋਂ ਆਧਿਆਪਕਾਂ ਦੀਆਂ ਜਾਇਜ਼ ਮੰਗਾਂ ਦੇ ਵਿਰੋਧ ਵਿੱਚ ਬੀ. ਸੀ. ਸਰਕਾਰ ਕੋਰਟਾਂ ਵਿੱਚ ਪੈਸਾ ਬਰਬਾਦ ਕਰਦੀ ਰਹੀ ਤੇ ਆਧਿਆਪਕਾਂ ਨੂੰ ਅਸੰਤੁਸ਼ਟੀ ਦੇ ਦੌਰ ਵਿੱਚੋਂ ਲੰਘਣਾ ਪਿਆ। ਸਰਕਾਰ ਨੇ ਪਹਿਲੇ ਕੰਟਰੈਕਟ ਨੂੰ ਪਾੜ ਕੇ ਕਲਾਸ ਸਾਈਜ਼ ਵੱਡੇ ਕਰ ਦਿੱਤੇ ਅਤੇ ਸਪੈਸ਼ਲ ਨੀਡ ਬੱਚਿਆਂ ਨੂੰ ਆਮ ਕਲਾਸਾਂ ਵਿੱਚ ਹੀ ਭੇਜ ਦਿੱਤਾ। ਕੀ ਆਧਿਆਪਕਾਂ ਤੇ ਇਹ ਪ੍ਰੈਸ਼ਰ ਨਹੀਂ ਸੀ? ਆਖਰ ਸੁਪਰੀਮ ਕੋਰਟ ਨੇ ਆਧਿਆਪਕਾਂ ਦੇ ਪੱਖ ਵਿੱਚ ਫੈਸਲਾ ਦਿੱਤਾ। ਕੀ ਇਹ ਗੱਲ ਸੋਚਣ ਲਈ ਮਜ਼ਬੂਰ ਨਹੀਂ ਕਰ ਰਹੀ ਕਿ ਇਹਨਾਂ ਸਾਲਾਂ ਦੇ ਦੌਰਾਨ ਬੱਚਿਆਂ ਦੀ ਮਾਨਸਿਕ ਸਥਿਤੀ ਤੇ ਵੱਡਾ ਅਸਰ ਹੋਇਆ ਹੋਵੇਗਾ? ਪਰ ਇਹਨਾਂ ਗੱਲਾਂ ਨੂੰ ਅੱਖੋਂ ਪਰੋਖੇ ਕਰਕੇ ਸਰਕਾਰਾਂ ਆਪਣੇ ਆਪ ਨੂੰ ਬਰੀ ਕਰ ਲੈਂਦੀਆਂ ਹਨ ਕਿ ਲੋਕਾਂ ਨੇ ਤਾਂ ਭੁੱਲ ਹੀ ਜਾਣਾ ਹੈ।

ਇਲਜ਼ਾਮ ਹੈ ਕਿ ਮਾਪੇ ਵੱਡੇ ਘਰ ਬਣਾਉਣ ਦੀ ਹੋੜ ਵਿੱਚ ਲੱਗੇ ਹੁੰਦੇ ਹਨ ਇਸ ਲਈ ਉਹ ਇਧਰ ਧਿਆਨ ਨਹੀਂ ਦੇ ਰਹੇ। ਇਹ ਵੀ ਕਹਿਣਾ ਗਲਤ ਨਹੀਂ ਹੈ ਸਾਡੇ ਬੱਚਿਆਂ ਨਾਲ ਸੌਕਰ, ਵਾਲੀਵਾਲ, ਬਾਸਕਿਟਵਾਲ, ਹਾਕੀ ਤੇ ਰੈਸਲਿੰਗ ਦੇ ਗਰਾਊਂਡ ਭਰੇ ਪਏ ਹਨ। ਸਭਿਆਚਾਰ ਨਾਲ ਜੋੜਨ ਲਈ ਮਾਪੇ ਹਰ ਰੋਜ਼ ਗਿੱਧੇ ਭੰਗੜਿਆਂ ਦੀਆਂ ਕਲਾਸਾਂ ਵਿੱਚ ਲੈ ਕੇ ਤੁਰੇ ਹੋਏ ਹੁੰਦੇ ਹਨ ਤੇ ਸਾਡੇ ਬੱਚਿਆਂ ਨੇ ਇੰਟਰ ਨੈਸ਼ਨਲ ਪੱਧਰ ਤੇ ਮੱਲਾਂ ਵੀ ਮਾਰੀਆਂ ਹਨ ਉਹ ਹਰ ਸੰਭਵ ਕੋਸ਼ਿਸ਼ ਕਰਦੇ ਹਨ। ਕੰਮ ਕਰਨਾ ਵੀ ਮਾਪਿਆਂ ਦੀ ਲੋੜ ਹੈ ਉਸ ਬਿਨ੍ਹਾ ਉਹਨਾਂ ਨੇ ਜੀਵਨ ਗੁਜ਼ਰ ਕਿਵੇਂ ਕਰਨਾ ਹੈ। ਦੂਸਰੇ ਪਾਸੇ ਦੇਖਿਆ ਜਾਵੇ, ਮਹਿੰਗਾਈ ਦਿਨੋ ਦਿਨ ਵੱਧ ਰਹੀ ਹੈ, ਹਰ ਚੀਜ਼ ਤੇ ਵਾਧੂ ਟੈਕਸ ਠੋਕੇ ਜਾ ਰਹੇ ਹਨ, ਪਾਣੀ, ਬਿਜਲੀ, ਗੈਸ ਦੇ ਬਿੱਲ ਲੋਕਾਂ ਦੀ ਪਹੁੰਚ ਤੋਂ ਦੂਰ ਹੋਈ ਜਾ ਰਹੇ ਹਨ, ਗੈਸ ਦੀ ਕੀਮਤ 1992 ਵਿੱਚ 28 ਸੈਂਟ ਸੀ ਜਿਹੜੀ ਅੱਜ ਵੱਧ ਕੇ 1.50 ਡਾਲਰ ਹੋ ਚੁੱਕੀ ਹੈ। ਮੈਡੀਕਲ ਤੇ ਐਜੂਕੇਸ਼ਨ ਦੀਆਂ ਸਹੂਲਤਾਂ ਤੇ ਕੱਟ ਤੇ ਕੱਟ ਲਾਏ ਜਾ ਰਹੇ ਹਨ।ਦਵਾਈਆਂ ਦੀਆਂ ਕੀਮਤਾਂ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ 250 ਤੋਂ 300 ਪ੍ਰਤੀਸ਼ਤ ਦੇ ਲਾਭ ਨਾਲ ਲੋਕਾਂ ਤੋਂ ਹਾਸਲ ਕਰ ਰਹੀਆਂ ਹਨ। ICBC ਦਾ ਰੇਟ ਹਰ ਸਾਲ ਵਧ ਰਿਹਾ ਹੈ। ਗਰੋਸਰੀ ਲੈਣੀ ਮੁਸ਼ਕਲ ਹੋ ਰਹੀ ਹੈ। 1992 ਵਿੱਚ ਦੁੱਧ ਦੀ ਗੇਲਣ ਇੱਕ ਡਾਲਰ ਸੀ ਜਿਹੜੀ ਹੁਣ ਵੱਧ ਕੇ ਪੰਜ ਡਾਲਰ ਹੈ। ਘਰਾਂ ਦੀਆਂ ਕੀਮਤਾਂ ਅਸਮਾਨੀ ਚੜ੍ਹ ਗਈਆਂ ਹਨ। ਲੋਕਾਂ ਨੂੰ ਕਿਰਾਇਆ ਦੇਣਾ ਔਖਾ ਹੋ ਰਿਹਾ ਹੈ। ਛੋਟੀ ਤੋਂ ਛੋਟੀ ਲੋੜ ਪੂਰੀ ਕਰਨੀ ਅਸੰਭਵ ਹੋ ਰਹੀ ਹੈ। ਪਰ ਤਨਖ਼ਾਹ 1992 ਵਿੱਚ ਪ੍ਰਤੀ ਘੰਟਾ 6 ਡਾਲਰ ਸੀ ਤੇ 2018 ਵਿੱਚ ਘੱਟੋ ਘੱਟ ਤਨਖ਼ਾਹ 11.35 ਡਾਲਰ ਪ੍ਰਤੀ ਘੰਟਾ ਹੈ। ਜੇ ਅਸੀਂ ਇਸ ਆਮਦਨ ਤੇ ਖਰਚਿਆਂ ਦੇ ਅਨੁਪਾਤ ਨੂੰ ਦੇਖਦੇ ਹਾਂ ਤਾਂ ਲੋਕਾਂ ਦੇ ਜੀਣ ਦਾ ਮਿਆਰ ਘੱਟ ਰਿਹਾ ਹੈ ਤੇ ਉਹਨਾਂ ਵਿੱਚ ਪਿਆਰ ਦੀ ਥਾਂ ਤੇ ਪੈਸੇ ਦੀ ਦੌੜ ਵੱਲ ਆਕਰਸ਼ਿਤ ਹੋਣਾ ਸੁਭਾਵਕ ਹੀ ਹੈ। ਇੱਥੇ ਇਹ ਵੀ ਸੋਚਣਾ ਪਵੇਗਾ ਕਿ ਬੱਚਿਆਂ ਦੇ ਡਰੱਗਾਂ ਵਿੱਚ ਪੈਣ ਦੇ ਕੀ ਇਹੀ ਆਰਥਿਕ ਕਾਰਣ ਤਾਂ ਨਹੀਂ। ਉਹ ਮਾਪਿਆਂ ਨੂੰ ਹਰਵਕਤ 12-12, 16-16 ਘੰਟੇ ਕੰਮਾਂ ਤੇ ਲਟਾਪੀਂਘ ਹੋਏ ਦੇਖਦੇ ਹਨ ਤੇ ਉਹ ਇਹ ਸੌਖਾ ਤੇ ਅਸਾਨ ਐਸ਼ ਪ੍ਰਸਤੀ ਵਾਲਾ ਤਰੀਕਾ ਲੱਭਦੇ ਹੋਣ ਕਿ ਦਿਨਾਂ ਵਿੱਚ ਮਿਲੀਅਨਏਅਰ ਹੋ ਕੇ ਵਿਹਲੇ ਹੋ ਕੇ ਐਸ਼ ਲੁੱਟਣਗੇ। ਪੁਲੀਸ ਦਾ ਵੀ ਇਹੀ ਕਹਿਣਾ ਹੈ ਕਿ 10-12 ਸਾਲ ਤੋਂ ਲੈ ਕੇ ਬੱਚੇ ਇੱਧਰ ਪੈ ਰਹੇ ਹਨ। 10-12 ਸਾਲ ਦੇ ਅਣਭੋਲ ਬੱਚੇ ਨੂੰ ਕਿੰਨੀ ਕੁ ਸੋਝੀ ਹੋ ਸਕਦੀ ਹੈ ਪਰ ਜਦੋਂ ਉਹਨਾਂ ਨੂੰ ਬਹੁਤੇ ਸਾਰੇ ਡਾਲਰਾਂ ਦੇ ਢੇਰ ਦਿਖਾ ਕੇ, ਅਮੀਰੀ ਦੇ ਸੁਪਨਿਆਂ ਵਿੱਚ ਵਰਗ਼ਲ਼ਾ ਕੇ, ਐਸ਼ ਪ੍ਰਸਤੀ ਦੀ ਜ਼ਿੰਦਗੀ ਦੀ ਚਕਾਚੌਂਧ ਨਾਲ ਅੰਨ੍ਹੇ ਕਰ ਦਿੱਤਾ ਜਾਂਦਾ ਹੈ ਤਾਂ ਉਹ ਸਹਿਜੇ ਹੀ ਮਗਰ ਲੱਗ ਜਾਂਦੇ ਹਨ ਉਦੋਂ ਉਹਨਾਂ ਨੂੰ ਆਉਣ ਵਾਲੇ ਖਤਰਿਆਂ ਦਾ ਇਲਮ ਨਹੀਂ ਹੁੰਦਾ ਬਾਅਦ ਵਿੱਚ ਉਹਨਾਂ ਨੂੰ ਡਰਾ ਧਮਕਾ ਕੇ ਡਰੱਗ ਦਾ ਧੰਦਾ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਹੈ। ਜਦੋਂ ਦਲਦਲ ਵਿੱਚ ਫਸ ਗਏ ਫਿਰ ਉਹ ਬੇਬਸ ਹੋ ਜਾਂਦੇ ਹਨ। ਫਿਰ ਤਾਂ ਉਹ ਗੋਲ਼ੀ ਦਾ ਹੀ ਸਾਹਮਣਾ ਕਰਦੇ ਹਨ ਚਾਹੇ ਪੁਲੀਸ ਦੀ ਹੋਵੇ ਜਾਂ ਆਪਸ ਦੀ ਜਾਂ ਕਿਸੇ ਜੇਲ੍ਹ ਦੀ ਹਵਾ ਫੱਕ ਰਹੇ ਹੋਣਗੇ। ਬਹੁਤੇ ਮਾਪਿਆਂ ਨੂੰ ਇਹ ਗਰੋਹ ਪਤਾ ਨਹੀਂ ਲੱਗਣ ਦਿੰਦੇ, ਇਹ ਚੋਰੀ ਦਾ ਕੰਮ ਹੈ ਉਹ ਇਹ ਲਾਲਚ ਦੇ ਕੇ ਲਾਉਂਦੇ ਹਨ ਕਿ ਥੋੜ੍ਹਾ ਚਿਰ ਕਰ ਲੈ, ਪੈਸੇ ਬਣਾ ਲੈ ਫਿਰ ਨਿਕਲ ਜਾਵੀਂ।

ਡਰੱਗ ਇੱਕ ਇਹੋ ਜਿਹਾ ਨਸ਼ਾ ਹੈ ਜਿਸਨੂੰ ਖਾ ਕੇ ਮਨੁੱਖ ਅਵਚੇਤਨ ਸਥਿਤੀ ਵਿੱਚ ਵਿਚਰਨ ਲੱਗਦਾ ਹੈ ਤੇ ਕੁਝ ਸਮੇਂ ਲਈ ਉਹ ਆਪਣੀ ਸਾਧਾਰਣ ਜ਼ਿੰਦਗੀ ਤੋਂ ਵਿਹਲ ਲੈ ਸਕਦਾ ਹੈ। ਡਰੱਗ ਕੁਝ ਪੌਦਿਆਂ ਤੋਂ ਪ੍ਰਾਪਤ ਹੋਣ ਵਾਲਾ ਇੱਕ ਰਸ ਹੀ ਹੈ। ਦੁਨੀਆਂ ਭਰ ਵਿੱਚ ਡਰੱਗ ਉਦੋਂ ਦੀ ਮੌਜੂਦ ਹੈ ਜਦੋਂ ਤੋਂ ਇੱਥੇ ਬਨਸਪਤੀ ਮੌਜੂਦ ਹੋਵੇਗੀ ਪਰ ਜਦੋਂ ਕਿਸੇ ਚੀਜ਼ ਤੇ ਰੋਕ ਲਾ ਦਿੱਤੀ ਜਾਂਦੀ ਹੈ ਤੇ ਉਹ ਚੋਰੀ ਬਲੈਕ ਵਿੱਚ ਮਿਲਣ ਲੱਗਦੀ ਹੈ ਤਾਂ ਇਸ ਨਾਲ ਸਮੱਸਿਆ ਖੜ੍ਹੀ ਹੁੰਦੀ ਹੈ। ਅਸੀਂ ਪੰਜਾਬੀ ਲੋਕ ਜਾਣਦੇ ਹਾਂ ਕਿ ਸਾਡੇ ਖੂਹਾਂ, ਖੇਤਾਂ, ਸੜਕਾਂ, ਤਬੇਲਿਆਂ ਵਿੱਚ ਭੰਗ (ਸੁੱਖਾ) ਆਮ ਹੀ ਅੱਜ ਤੱਕ ਖੜ੍ਹੀ ਮਿਲਦੀ ਹੈ, ਕਦੇ ਕਿਸੇ ਦਾ ਵੀ ਉਹਨੂੰ ਖਾਣ ਵੱਲ ਧਿਆਨ ਹੀ ਨਹੀਂ ਆਇਆ ਪਰ ਜਦੋਂ ਕੈਨੇਡਾ ਵਿੱਚ ਇਸਦੀ ਵਿਕਰੀ ਚੋਰੀ ਹੋਣ ਲੱਗੀ ਤਾਂ ਪਿਛਲੇ ਸਮੇਂ ਵਿੱਚ ਲੱਗਦਾ ਸੀ ਕਿ ਸਾਰੀ ਦੀ ਸਾਰੀ ਪੁਲੀਸ ਭੰਗ ਦੇ ਤਸਕਰਾਂ ਤੇ ਹੀ ਕੇਂਦਰਤ ਹੋ ਕੇ ਭੰਗ ਦੇ ਬੂਟੇ ਫੜਨ ਵਿੱਚ ਹੀ ਸਮਾਂ ਤੇ ਪੈਸਾ ਝੋਕ ਰਹੀ ਹੈ, ਸ਼ੁਕਰ ਹੋਇਆ ਕਿ ਇਸ ਨੂੰ ਕਾਨੂੰਨੀ ਵਿਕਣ ਲਾ ਦਿੱਤਾ ਹੈ। ਅਸਲ ਵਿੱਚ ਡਰੱਗ ਖਾਣ ਜਾਂ ਵੇਚਣ ਤੱਕ ਹੀ ਸੀਮਤ ਨਹੀਂ ਹੁੰਦੀ ਸਗੋਂ ਇਸ ਨਾਲ 80% ਜੁਰਮ ਜਿਵੇਂ ਕਤਲ, ਚੋਰੀ, ਡਾਕਾ, ਅਗਵਾ ਕਰਨ ਦੀਆਂ ਘਟਨਾਵਾਂ, ਵੇਸਵਾਪਣ ਆਦਿ ਡਰੱਗ ਦੇ ਧੰਦੇ ਨਾਲ ਜੁੜੀਆਂ ਮਨੁੱਖਤਾ ਮਾਰੂ ਇਲਾਮਤਾਂ ਹਨ। ਜਦੋਂ ਕੋਈ ਵੀ ਚੀਜ਼ ਬਲੈਕ ਵਿੱਚ ਵਿਕਣ ਲੱਗਦੀ ਹੈ ਤਾਂ ਇਸ ਦੇ ਪਿੱਛੇ ਦੁਨੀਆਂ ਦੇ ਉਂਗਲਾਂ ਤੇ ਗਿਣੇ ਜਾਣ ਵਾਲੇ, ਦੇਸ਼ਾਂ ਵਿਦੇਸ਼ਾਂ ਵਿੱਚ ਬੈਠੇ ਅਮੀਰ ਇਜ਼ਾਰੇਦਾਰ ਜਿਹੜੇ ਦੁਨੀਆਂ ਦੀ ਸਾਰੀ ਸੰਪਤੀ ਸਿਰਫ ਤੇ ਸਿਰਫ ਆਪਣੇ ਹੱਥਾਂ ਵਿੱਚ ਕਰਨੀ ਚਾਹੁੰਦੇ ਹਨ ਉਹ ਪਹਿਲਾਂ ਲੋਕਾਂ ਨੂੰ ਇਹੋ ਜਿਹੇ ਨਸ਼ਿਆਂ ਤੇ ਲਾਉਂਦੇ ਹਨ ਤੇ ਫਿਰ ਜਦੋਂ ਉਹਨਾਂ ਦੀ ਆਦਤ ਬਣ ਜਾਂਦੀ ਹੈ ਤਾਂ ਉਸਨੂੰ ਆਪਣੇ ਕੋਲ ਜਮ੍ਹਾਂ ਕਰਕੇ ਬਲੈਕ ਵਿੱਚ ਹੱਥੋਂ ਹੱਥੀ ਵੇਚਦੇ ਹਨ। ਇਹ ਡਰੱਗ ਮਾਫੀਆ ਕੁੱਝ ਸਿਆਸਤਦਾਨਾਂ ਨੂੰ ਵੀ ਆਪਣੇ ਹੱਥ ਹੇਠ ਰੱਖਦਾ ਹੈ। ਇਹਨਾਂ ਦੇ ਹੀ ਹੱਥ ਵਸ ਹੈ ਕਿ ਕਿਸ ਦੇਸ਼ ਦੀ ਸਰਕਾਰ ਬਣਾਉਣੀ ਹੈ ਤੇ ਡੇਗਣੀ ਹੈ, ਵੱਡੇ ਵੱਡੇ ਫੰਡ ਦੇ ਕੇ ਇਹ ਸਰਕਾਰਾਂ ਨੂੰ ਕਠਪੁਤਲੀਆਂ ਬਣਾ ਕੇ ਨਚਾਉਂਦੇ ਹਨ। ਉਹਨਾਂ ਨੂੰ ਵੀ ਸਤ੍ਹਾ ਖੁੱਸਣ ਦਾ ਡਰ ਹੁੰਦਾ ਹੈ ਸੋ ਇਸ ਵਿੱਚ ਨੁਕਸਾਨ ਲੋਕਾਂ ਦਾ ਹੁੰਦਾ ਹੈ ਇਸ ਕਰਕੇ ਸਰਕਾਰਾਂ ਵੀ ਨਹੀਂ ਗੌਲ਼ਦੀਆਂ, ਮਤਲਬ ਕਿ ਇਹ ਸਾਰੇ ਰਲ਼ ਮਿਲ ਕੇ ਢਕੀ ਰਿੱਝੀ ਖਾਂਦੇ ਹਨ। ਇਤਿਹਾਸ ਗਵਾਹ ਹੈ ਕਿ 18 ਵੀਂ ਸਦੀ ਵਿੱਚ ਚੀਨ ਵਿੱਚ ਬਸਤੀਵਾਦੀਆਂ ਨੇ ਆਪਣੇ ਲਾਭ ਲਈ ਦੋ ਅਫ਼ੀਮ ਦੀਆਂ ਜੰਗਾਂ ਲੜੀਆਂ।ਇਸੇ ਤਰ੍ਹਾਂ 1984 ਦੇ ਇਰਦ ਗਿਰਦ ਦੀਆਂ ਅਖ਼ਬਾਰਾਂ ਦੀਆਂ ਸੁਰਖੀਆਂ ਸਨ ਕਿ ਪ੍ਰੈਜ਼ੀਡੈਂਟ ਰੀਗਨ ਦੇ ਸਮੇਂ ਨਿਕਾਰਾਗੁਆ ਦੀ ਨਵੀਂ ਬਣੀ ਲੋਕ ਰਾਇ ਸਰਕਾਰ ਨੂੰ ਡੇਗਣ ਲਈ ਸੀ. ਆਈ. ਏ ਵਲੋਂ ਡਰੱਗ ਦਾ ਇਸਤੇਮਾਲ ਕੀਤਾ ਗਿਆ। ਇੰਡੀਆ ਵਿੱਚ ਤਾਂ ਹਰੇਕ ਪਾਰਟੀ ਸ਼ਰਾਬ ਜਾਂ ਡਰੱਗ ਨੂੰ ਵਰਤ ਕੇ ਹੀ ਜਿੱਤਦੀ ਹੈ। ਡਰੱਗ ਦੇ ਗੈਰਕਾਨੂੰਨੀ ਹੋਣ ਕਰਕੇ ਇਸਦਾ ਲਾਭ ਬਹੁਤ ਹੁੰਦਾ ਹੈ ਅਰਥਾਤ ਪੈਸੇ ਦੇ ਜ਼ੋਰ ਤੇ ਪਾਵਰ ਹਥਿਆਉਣੀ ਸੌਖੀ ਹੈ। ਦੁਨੀਆਂ ਭਰ ਵਿੱਚ ਅਨੇਕਾਂ ਹੀ ਵੱਡੇ ਵੱਡੇ ਗੈਂਗ ਹਨ, ਉਹਨਾਂ ਦੀਆਂ ਆਪਣੀਆਂ ਸਰਕਾਰਾਂ ਹਨ, ਉਹ ਜੋ ਕੁੱਝ ਕਰਨਾ ਚਾਹੁੰਦੇ ਹਨ ਕਰਦੇ ਹਨ, ਉਹਨਾਂ ਨੂੰ ਕੋਈ ਹੱਥ ਨਹੀਂ ਪਾ ਸਕਦਾ। ਸਰਕਾਰਾਂ ਦੀ ਦੇਖ ਰੇਖ ਵਿੱਚ ਹੀ ਇਸਦਾ ਆਯਾਤ-ਨਿਰਯਾਤ ਦਾ ਵਿਉਪਾਰ ਹੁੰਦਾ ਹੈ।ਜਿਨ੍ਹਾਂ ਨੂੰ ਫੜਿਆ ਜਾਂਦਾ ਹੈ ਉਹ ਗਲ਼ੀਆਂ ਵਿੱਚ ਨਿੱਕੀਆਂ ਨਿੱਕੀਆਂ ਪੁੜੀਆਂ ਵੇਚਣ ਵਾਲੇ ਹਨ। ਕੈਨੇਡਾ ਵਿੱਚ ਵੱਡੇ ਵੱਡੇ ਸੰਗਠਿਤ ਗੈਂਗ ਵੀ ਹਨ।ਇਹ ਇਕੱਲੇ ਬੀ. ਸੀ. ਵਿੱਚ 102 ਗੈਂਗ ਕੰਮ ਕਰਦੇ ਹਨ ਤੇ ਜਿਨ੍ਹਾਂ ਵਿੱਚ 1027 ਮੁੰਡੇ ਕੰਮ ਕਰ ਰਹੇ ਹਨ।

ਜਦੋਂ ਅਸੀਂ ਆਰਥਿਕ ਕਾਰਣਾਂ ਦੀ ਗੱਲ ਕਰਦੇ ਹਾਂ ਉੱਥੇ ਸਮਾਜਿਕ ਕਾਰਣਾਂ ਦੀ ਗੱਲ ਕਰਨਾ ਵੀ ਜਰੂਰੀ ਹੈ।ਇਤਿਹਾਸ ਵੱਲ ਨਜ਼ਰ ਮਾਰਿਆਂ ਸਪੱਸ਼ਟ ਹੁੰਦਾ ਹੈ ਕਿ 19ਵੀਂ ਸਦੀ ਦੇ ਸ਼ੁਰੂ ਵਿੱਚ ਭਾਰਤੀ ਲੋਕ ਜਦੋਂ ਕੈਨੇਡਾ ਆਏ ਤਾਂ ਉਹਨਾਂ ਨੂੰ ਰੰਗ, ਨਸਲ ਦੇ ਅਧਾਰ ਤੇ ਕਿੰਨੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਕੈਨੇਡੀਅਨ ਕਮਿਊਨਿਟੀ ਵਿੱਚ ਇਸ ਗੱਲ ਨਾਲ ਤਰੇੜ ਪਾਈ ਗਈ ਕਿ ਇਹ ਘੱਟ ਤਨਖ਼ਾਹ ਤੇ ਕੰਮ ਕਰਦੇ ਹਨ। ਕਾਮਾਗਾਟਾਮਾਰੂ ਦੀ ਮਿਸਾਲ ਸਾਡੇ ਸਾਹਮਣੇ ਹੈ ਪਰ ਗ਼ਦਰੀ ਬਾਬਿਆਂ ਦੀ ਮਨੁੱਖਤਾਵਾਦੀ ਸਹੀ ਤੇ ਸਪੱਸ਼ਟ ਸੋਚ ਹੋਣ ਕਰਕੇ ਉਹਨਾਂ ਨੇ ਆਪਣੇ ਹੱਕਾਂ ਦੀ ਲੜਾਈ ਲੜੀ ਤੇ ਪਰਿਵਾਰਾਂ ਨੂੰ ਇਕੱਠੇ ਕਰਨ ਵਰਗੇ ਕਾਨੂੰਨ ਵੀ ਲਾਗੂ ਕਰਵਾਏ। ਇਸੇ ਲੜੀ ਤਹਿਤ 70ਵਿਆਂ ਵਿੱਚ ਵੀ ਭਾਰਤੀ ਕਮਿਊਨਿਟੀ ਨੂੰ ਨਸਲਵਾਦ ਦਾ ਸਾਹਮਣਾ ਕਰਨਾ ਪਿਆ। ਉਦੋਂ ਕੁੱਝ ਨਸਲੀ ਅਨਸਰ ਭਾਰਤੀ ਲੋਕਾਂ ਦੇ ਘਰਾਂ ਦੇ ਸ਼ੀਸ਼ੇ ਤੋੜ ਜਾਂਦੇ ਸਨ ਤੇ ਉਹਨਾਂ ਤੇ ਨਸਲੀ ਅਵਾਜ਼ੇ ਕਸਦੇ ਸਨ। ਲੋਕਾਂ ਨੇ ਬੀ. ਸੀ., ਕੈਨੇਡਾ ਤੇ ਸਿਟੀ ਸਰਕਾਰ ਅਤੇ ਪੁਲੀਸ ਕੋਲ ਵਥੇਰੀਆਂ ਸ਼ਕਾਇਤਾਂ ਕੀਤੀਆਂ ਪਰ ਬੇਅਰਥ। ਸਗੋਂ ਭਾਰਤੀਆਂ ਤੇ ਦੂਸ਼ਣ ਲਾਏ ਜਾਂਦੇ ਸਨ ਕਿ ਇਨ੍ਹਾਂ ਦੇ ਖਾਣਿਆਂ 'ਚੋਂ ਸਮੈੱਲ ਆਉਂਦੀ ਹੈ, ਇਹ ਸਾਡੇ ਵਰਗੇ ਕੱਪੜੇ ਨਹੀਂ ਪਾਉਂਦੇ ਹਨ ਆਦਿ ਉਦੋਂ ਵੀ ਸਰਕਾਰਾਂ ਪੁਲੀਸ ਸਭ ਚੁੱਪ ਸਨ ਹਰ ਰੋਜ਼ ਦਾ ਡਰਾਮਾ ਦੇਖ ਰਹੇ ਸਨ ਪਰ ਜਦੋਂ ਈਸਟ ਇੰਡੀਅਨ ਡੀਫੈਂਸ ਕਮੇਟੀ ਦੀ ਅਗਵਾਈ ਵਿੱਚ ਕਮਿਊਨਿਟੀ ਇੱਕਮੁੱਠ ਹੋਈ ਤੇ ਨਸਲਵਾਦ ਦਾ ਮੁਕਾਬਲਾ ਆਹਮੋ ਸਾਹਮਣੇ ਨਸਲੀ ਲੋਕਾਂ ਨਾਲ ਦੋ ਹੱਥ ਕਰਕੇ ਕੀਤਾ ਤਾਂ ਸਰਕਾਰਾਂ ਤੇ ਪੁਲੀਸ ਵੀ ਹਰਕਤ ਵਿੱਚ ਆਈ ਸੀ। ਗ਼ਦਰੀ ਬਾਬਿਆਂ ਵੇਲੇ ਵੀ ਤੇ 70ਵਿਆਂ ਵਿੱਚ ਵੀ ਸਰਕਾਰਾਂ ਵਲੋਂ ਕਮਿਊਨਿਟੀ ਨੂੰ ਦੋਫਾੜ ਕਰਨ ਦੀਆਂ ਕੋਸ਼ਿਸ਼ਾਂ ਹੋਈਆਂ ਸਨ। ਹੁਣ ਵੀ ਮਾਪਿਆਂ ਸਿਰ ਦੋਸ਼ ਮੜ੍ਹ ਕੇ ਕਮਿਊਨਿਟੀ ਨੂੰ ਦੋਫਾੜ ਕੀਤਾ ਜਾ ਰਿਹਾ ਹੈ।ਅਸਲ ਵਿੱਚ ਜਦੋਂ ਲੋਕਾਂ ਨੂੰ ਮੁੱਦੇ ਤੋਂ ਭਟਕਾਉਣਾ ਹੋਵੇ ਤਾਂ ਇਹ ਹਥਿਆਰ ਸੱਤਾਧਾਰੀਆਂ ਦੀ ਲੋੜ ਹੁੰਦੀ ਹੈ ਜੋ ਹੋ ਰਿਹਾ ਹੈ।

80ਵਿਆਂ ਵਿੱਚ ਗੈਂਗ ਕਲਚਰ ਹੋਂਦ ਵਿੱਚ ਆਇਆ, ਉਦੋਂ ਸਕੂਲਾਂ ਵਿੱਚ ਬੱਚਿਆਂ ਨੂੰ ਨਸਲਵਾਦ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਉਸ ਸਮੇਂ ਘੱਟ ਗਿਣਤੀ ਬੱਚਿਆਂ ਨੂੰ ਰੰਗ, ਨਸਲ ਦੇ ਅਧਾਰ ਤੇ ਦੂਜੇ ਦਰਜ਼ੇ ਦੇ ਸ਼ਹਿਰੀ ਹੋਣ ਦਾ ਖਿਤਾਬ ਦਿੱਤਾ ਜਾ ਰਿਹਾ ਸੀ ਤਾਂ ਉਹਨਾਂ ਆਪਣੇ ਬਚਾਅ ਲਈ ਆਪਣੇ ਆਪਣੇ ਪਿਛੋਕੜ ਨਾਲ ਸਬੰਧਤ ਗੈਂਗ ਬਣਾਏ ਸਨ ਮਸਲਨ ਪੰਜਾਬੀਆਂ ਦਾ ਗੈਂਗ, ਵੀਅਤਨਾਮੀਆਂ ਦਾ ਗੈਂਗ ਆਦਿ। ਕਈ ਵਾਰ ਇਸ ਤਰ੍ਹਾਂ ਨੌਜਵਾਨ ਪੀੜ੍ਹੀ ਗਲਤ ਰਸਤੇ ਅਪਣਾ ਲੈਂਦੀ ਹੈ। ਇਸ ਦਾ ਸਾਰਾ ਫਾਇਦਾ ਡਰੱਗ ਡੀਲਰਾਂ ਨੇ ਲੈ ਲਿਆ। ਸੋ ਇਨ੍ਹਾਂ ਸਮਾਜਿਕ ਕਾਰਣਾਂ ਦਾ ਹੱਥ ਗੈਂਗਵਾਰ ਨੂੰ ਅੱਗੇ ਲਿਜਾਣ ਦਾ ਸੀ। ਇਸਦੇ ਨਾਲ ਨਾਲ ਸਾਡੇ ਗਵਾਂਢੀ ਦੇਸ਼ ਵਿੱਚ ਗੰਨ ਕਲਚਰ ਦਾ ਆਮ ਹੀ ਬੋਲਬਾਲਾ ਹੈ ਜਿਸਦਾ ਪ੍ਰਭਾਵ ਪੈਣਾ ਵੀ ਕੁਦਰਤੀ ਹੈ।ਅਮਰੀਕਾ ਵਿੱਚ ਤਾਂ ਹੁਣ ਲਗਾਤਾਰ ਹੀ ਇੱਕਾ ਦੁੱਕਾ ਨਹੀਂ ਸਗੋਂ ਕਿੰਨੇ ਕਿੰਨੇ ਲੋਕਾਂ ਦੇ ਸਮੂਹਕ ਕਤਲ ਕੀਤੇ ਜਾ ਰਹੇ ਹਨ। ਸਭਿਆਚਾਰਕ ਤੌਰ 'ਤੇ ਵੀ ਗਾਣਿਆਂ ਵਿੱਚ ਅੰਗਰੇਜ਼ੀ ਦੇ ਗਾਣੇ ਹੋਣ ਜਾਂ ਪੰਜਾਬੀ ਦੇ ਉਹਨਾਂ ਵਿੱਚ ਵੀ ਗੰਨ ਕਲਚਰ ਨੂੰ ਉਭਾਰਿਆ ਜਾ ਰਿਹਾ ਹੈ ਕਿਉਂਕਿ ਅਮਰੀਕਾ ਨੇ ਤਾਂ ਆਪਣੇ ਹਥਿਆਰ ਵੇਚਣੇ ਹਨ ਤੇ ਸਾਰੀ ਦੁਨੀਆਂ ਤੇ ਰੋਹਬ ਜਮਾਉਣਾ ਹੈ ਉਹਨਾਂ ਨੂੰ ਕੀ ਫਰਕ ਪੈਂਦਾ ਹੈ ਕਿ ਦੁਨੀਆਂ ਦੀ ਨੌਜਵਾਨ ਪੀੜ੍ਹੀ ਕਿੱਧਰ ਨੂੰ ਜਾ ਰਹੀ ਹੈ। ਜ਼ਿਆਦਾਤਰ ਹਥਿਆਰ ਤੇ ਡਰੱਗ ਅਮਰੀਕਾ ਦੇ ਰਸਤਿਆਂ ਵਿੱਚੋਂ ਹੀ ਕੈਨੇਡਾ ਪਹੁੰਚਦੇ ਹਨ।

ਦੂਸਰਾ ਪੱਖ ਹੈ ਕਿ ਡਰੱਗ ਵਿਕ ਰਹੀ ਹੈ, ਲੋਕ ਖ਼੍ਰੀਦ ਰਹੇ ਹਨ, ਖਾ ਰਹੇ ਹਨ, ਤੇ ਧੜਾਧੜ ਮਰ ਵੀ ਰਹੇ ਹਨ। ਦੇਖਣ ਵਿੱਚ ਆ ਰਿਹਾ ਹੈ ਕਿ ਤੁਸੀਂ ਇੱਕ ਫੋਨ ਕਾਲ ਕਰੋ ਡਰੱਗ ਤੁਹਾਡੇ ਘਰ ਪਹੁੰਚ ਜਾਂਦੀ ਹੈ, ਕਿੰਨਾ ਸੌਖਾ ਕੰਮ ਹੈ ਮੌਤ ਦੇ ਰੂਬਰੂ ਹੋਣ ਦਾ। ਜਿਸਦੇ ਸਰਕਾਰੀ ਅੰਕੜੇ ਸਾਡੇ ਸਾਹਮਣੇ ਹਨ ਕਿ ਬੀ. ਸੀ. ਵਿੱਚ ਗੈਰਕਾਨੂੰਨੀ ਡਰੱਗ ਖਾ ਕੇ 2014 ਵਿੱਚ 369 ਲੋਕ ਮਰੇ, ਫਿਰ 2015 ਵਿੱਚ ਇਹ ਗਿਣਤੀ 518 ਹੋ ਗਈ, 2016 ਵਿੱਚ 993 ਤੇ 2017 ਵਿੱਚ 1422 ਹੋ ਗਈ ਜਿਹੜੀ ਪਿਛਲੇ ਸਾਲ ਨਾਲੋਂ 43% ਵੱਧ ਸੀ। ਜੇ ਨਾ ਠੱਲ ਪਈ ਤਾਂ 2018 ਵਿੱਚ ਇਹ ਹੋਰ ਵੱਧਣ ਦੀ ਸੰਭਾਵਨਾ ਹੈ ਕਿਉਂਕਿ ਸਰਕਾਰਾਂ ਜਾਂ ਪੁਲੀਸ ਵਲੋਂ ਮਾਪਿਆਂ ਤੇ ਦੂਸ਼ਨ ਲਾਉਣ ਤੋਂ ਬਿਨ੍ਹਾਂ ਕੋਈ ਠੋਸ ਕਦਮ ਨਹੀਂ ਚੁੱਕੇ ਜਾ ਰਹੇ। ਕੁੱਝ ਕੁ ਕਲੀਨਿਕ ਖੋਹਲੇ ਗਏ ਹਨ ਜਿਨ੍ਹਾਂ ਵਿੱਚ ਸੁਰਖਿੱਅਤ ਟੀਕੇ ਜਾਂ ਸੂਈਆਂ ਦੀ ਵਰਤੋਂ ਕੀਤੀ ਜਾ ਰਹੀ ਹੈ ਪਰ ਮੌਤਾਂ ਦੀ ਗਿਣਤੀ ਦੇ ਹਿਸਾਬ ਨਾਲ ਇਹ ਕਾਫੀ ਨਹੀਂ। ਇਸਦਾ ਕਾਰਣ ਕੀ ਹੈ ? ਬਿਨ੍ਹਾਂ ਸ਼ੱਕ ਅਸੀਂ ਕਹਿ ਸਕਦੇ ਹਾਂ ਕਿ ਡਰੱਗ ਹੁਣ ਕੁੱਝ ਲੋਕਾਂ ਦੀ ਲੋੜ ਬਣ ਗਈ ਹੈ, ਉਹ ਉਸਨੂੰ ਪੂਰਾ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰਦੇ ਹਨ ਤੇ ਕੁਛ ਲੋਕ ਉਹਨਾਂ ਦੀ ਮੰਗ ਨੂੰ ਪੂਰਾ ਕਰਨ ਲਈ ਗੈਰਕਾਨੂੰਨੀ ਤੌਰ ਤੇ ਉਸ ਵਿੱਚ ਮਿਲਾਵਟ ਕਰਕੇ ਵੱਧ ਤੋਂ ਵੱਧ ਮੁਨਾਫ਼ਾ ਖੱਟਣ ਲਈ ਉਸਦੀ ਮਿਕਦਾਰ ਵਧਾ ਕੇ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਦਾਓ ਤੇ ਲਾ ਰਹੇ ਹਨ। ਉਸ ਵਿੱਚ ਅਜਿਹੇ

ਰਸਾਇਣਕ ਤੱਤ ਪਾ ਦਿੱਤੇ ਜਾਂਦੇ ਹਨ ਜਿਨ੍ਹਾਂ ਦੀ ਕੁਆਲਿਟੀ ਤੇ ਮਿਕਦਾਰ ਦਾ ਕੋਈ ਪਤਾ ਨਹੀਂ ਹੁੰਦਾ। ਇਹ ਕਿਸੇ ਪ੍ਰਯੋਗਸ਼ਾਲਾ ਦੀ ਬਜਾਇ ਇਸਨੂੰ ਘਰਾਂ ਵਿੱਚ ਤਿਆਰ ਕੀਤਾ ਜਾ ਰਿਹਾ ਹੈ ਜਿੱਥੇ ਕੈਨੇਡਾ ਵਿੱਚ ਹਰ ਚੀਜ਼ ਪਾਸ ਹੋ ਕੇ ਲੈਵਲ ਲੱਗ ਕੇ ਮਾਰਕਿਟ ਵਿੱਚ ਆਉਂਦੀ ਹੈ ਪਰ ਇਹ ਮੌਤ ਦਾ ਸਮਾਨ ਹਰ ਗਲ਼ੀ, ਮੁਹੱਲੇ, ਸ਼ਹਿਰ ਕਸਬੇ ਦੀ ਹਰ ਨੁੱਕਰ ਤੇ ਅਤੇ ਇਸਦੇ ਵਿਉਪਾਰੀ ਸਿਟੀ ਹਾਲਾਂ, ਪੁਲੀਸ ਸਟੇਸ਼ਨਾਂ ਤੇ ਕੋਰਟਾਂ ਦੇ ਇਰਦ ਗਿਰਦ ਵਿਕਰੀ ਕਰਦੇ ਦੇਖੇ ਜਾ ਸਕਦੇ ਹਨ। ਜਿੱਥੇ ਇਹ ਨੌਜਵਾਨੀ ਤੇ ਲੈਗ੍ਰੀ ਉਮਰ ਦੇ ਮੁੰਡਿਆਂ ਨੂੰ ਨਿਗਲ ਰਹੀ ਹੈ ਉੱਥੇ ਬਹੁਤ ਸਾਰੀਆਂ ਨਾਬਾਲਗ ਲੜਕੀਆਂ ਵੀ ਇਸ ਡਰੱਗ ਗੈਂਗਵਾਰ ਵਿੱਚ ਸ਼ਾਮਲ ਹੋ ਰਹੀਆਂ ਹਨ, ਜਿਨ੍ਹਾਂ ਦਾ ਸਰੀਰਕ ਸ਼ੋਸ਼ਣ ਹੋ ਰਿਹਾ ਹੈ ਤੇ ਬਾਅਦ ਵਿੱਚ ਉਹ ਵੇਸਵਾ ਦਾ ਧੰਦਾ ਅਪਨਾਉਣ ਲਈ ਮਜ਼ਬੂਰ ਹੋ ਜਾਂਦੀਆਂ ਹਨ। ਉਹ ਇਹਨਾਂ ਨੂੰ ਤਾਂ ਵਰਤਦੇ ਹਨ ਕਿ ਛੋਟੇ ਬੱਚੇ ਅਤੇ ਬੱਚੀਆਂ ਸ਼ੱਕ ਦੇ ਘੇਰੇ ਵਿੱਚ ਘੱਟ ਆਉਂਦੇ ਹਨ।

ਜਿਹੜੇ ਛੋਟੇ ਬੱਚਿਆਂ ਨੇ ਅਜੇ ਵੱਧਣਾ ਫੁੱਲਣਾ ਹੈ ਉਹਨਾਂ ਤੇ ਇਹ ਡਰੱਗ ਜਾਨਲੇਵਾ ਪ੍ਰਭਾਵ ਪਾਉਂਦੇ ਹਨ। ਇਹਨਾਂ ਦੇ ਸੇਵਨ ਨਾਲ ਦਿਲ, ਦਿਮਾਗ ਤੇ ਹੋਰ ਮਹੱਤਵਪੂਰਨ ਅੰਗ ਨੁਕਸਾਨੇ ਜਾਂਦੇ ਹਨ। ਕਹਿੰਦੇ ਹਨ ਕਿ ਕੋਕੀਨ ਦੇ ਨਾਲ ਦਿਲ ਦੇ ਦੌਰੇ ਦੀ ਸੰਭਾਵਨਾ ਵੱਧ ਜਾਂਦੀ ਹੈ। ਬੱਚੇ ਖੇਡਾਂ, ਕਸਰਤ ਤੇ ਸਰੀਰਕ ਕੰਮਾਂ ਵਲੋਂ ਅਵੇਸਲੇ ਹੋ ਜਾਂਦੇ ਹਨ। ਆਪਣੀ ਜ਼ਿੰਦਗੀ ਦੇ ਸਹੀ ਫੈਸਲੇ ਨਹੀਂ ਲੈ ਸਕਦੇ। ਹਰ ਵਕਤ ਕਰੋਧਤ ਹੁੰਦੇ ਰਹਿੰਦੇ ਹਨ। ਕਈ ਵਾਰ ਐਹੋ ਜਿਹੇ ਖਤਰੇ ਸਹੇੜਦੇ ਹਨ ਜਿਨ੍ਹਾਂ ਨਾਲ ਦੂਜਿਆਂ ਨੂੰ ਤਾਂ ਤਕਲੀਫ ਹੁੰਦੀ ਹੀ ਹੈ ਪਰ ਉਹ ਆਪਣੇ ਆਪ ਨੂੰ ਵੀ ਬਹੁਤ ਤਕਲੀਫ ਦਿੰਦੇ ਹਨ ਡਰੱਗ ਖਾਣ ਵਾਲੇ ਡਰੱਗ ਤਸਕਰਾਂ ਤੇ ਨਿਰਭਰ ਹੋ ਜਾਂਦੇ ਹਨ ਫਿਰ ਉਹ ਮਾੜੇ ਤੋਂ ਮਾੜਾ ਕੰਮ ਕਰਕੇ ਵੀ ਆਪਣੀ ਲਤ ਪੂਰੀ ਕਰਨੀ ਚਾਹੁੰਦੇ ਹਨ। ਜੇ ਛੱਡਣਾ ਚਾਹੁਣ ਤਾਂ ਪਸੀਨੇ ਨਾਲ ਭਿੱਜ ਜਾਂਦੇ ਹਨ, ਸਰੀਰ ਕੰਬਣ ਲੱਗਦਾ ਹੈ ਤੇ ਉਲਟੀਆਂ ਲੱਗ ਜਾਂਦੀਆਂ ਹਨ। ਇਹ ਇੱਕ ਹੋਰ ਮੁਸ਼ਕਲ ਦੀ ਘੜੀ ਹੈ ਜਿਸ ਤੋਂ ਡਰ ਕੇ ਉਹ ਲਗਾਤਾਰ ਇਸ ਨੂੰ ਖਾਣਾ ਪਸੰਦ ਕਰਦੇ ਹਨ ਤੇ ਨਿਕਲ ਨਹੀਂ ਸਕਦੇ। ਉਹ ਪੜਨੋਂ ਹੱਟ ਜਾਂਦੇ ਹਨ, ਚਿੰਤਾ ਤੇ ਨਾਂਹਵਾਚਕ ਖਿਆਲ ਉਨ੍ਹਾਂ ਦੇ ਮਨਾਂ ਵਿੱਚ ਉਤਪੰਨ ਹੋ ਜਾਂਦੇ ਹਨ, ਪੁਰਾਣੇ ਦੋਸਤਾਂ ਨਾਲੋਂ ਟੁੱਟ ਜਾਂਦੇ ਹਨ, ਕਲਾਸ ਵਿੱਚ ਸੌਂ ਜਾਂਦੇ, ਕਿਸੇ ਗੱਲ ਵੱਲ ਤਵੱਜੋ ਨਹੀਂ ਦੇ ਸਕਦੇ, ਖੰਘਦੇ ਰਹਿਣਾ, ਨੱਕ ਦਾ ਵਗਣਾ ਆਦਿ ਵਰਗੀਆਂ ਅਲਾਮਤਾਂ ਸੁਸਾਇਟੀ ਵਿੱਚ ਸ਼ਰਮਿੰਦਾ ਕਰਦੀਆਂ ਹਨ ਤੇ ਉਹ ਦੂਸਰਿਆਂ ਤੋਂ ਵੱਖ ਹੋ ਕੇ ਲੜਾਈਆਂ ਝਗੜਿਆਂ ਦੇ ਰਾਹ ਪੈ ਜਾਂਦੇ ਹਨ। ਬੱਚਿਆਂ ਨੂੰ ਇਸ ਤੋਂ ਬਚਾਉਣ ਲਈ ਇੱਕੋ ਇੱਕ ਢੰਗ ਡਰੱਗ ਨੂੰ ਕਾਨੂੰਨੀ (ਲੀਗਲ) ਕਰਨਾ ਹੀ ਹੈ। ਬਹੁਤੀ ਵਾਰ ਇਹੀ ਡਰੱਗਜ਼ ਸਾਨੂੰ ਡਾਕਟਰ ਲਿਖ ਕੇ ਦਿੰਦਾ ਹੈ ਜਦੋਂ ਅਸੀਂ ਬਿਮਾਰ ਹਾਂ। ਪਰ ਉਸਦੀ ਮਿਕਦਾਰ ਡਾਕਟਰ ਨੂੰ ਪਤਾ ਹੈ ਕਿ ਸਾਡਾ ਸਰੀਰ ਕਿੰਨਾ ਇਸਨੂੰ ਝੱਲ ਸਕਦਾ ਹੈ ਇਸ ਕਰਕੇ ਨੁਕਸਾਨ ਨਹੀਂ ਹੁੰਦਾ। ਅੰਕੜੇ ਦੱਸਦੇ ਹਨ ਕਿ ਗੈਰਕਾਨੂੰਨੀ ਡਰੱਗ ਖਾ ਕੇ 1422 ਲੋਕ ਪਿਛਲੇ ਸਾਲ ਮਰੇ, ਉਹਨਾਂ ਵਿੱਚੋਂ 90% ਲੋਕ ਇਸ ਅਣਆਈ ਮੌਤ ਮਰਨ ਸਮੇਂ ਆਪਣੇ ਬੈਡਰੂਮ ਵਿੱਚ ਇਕੱਲੇ ਸਨ ਇਸਦਾ ਕਾਰਣ ਇਸਦੀ ਗੈਰਕਾਨੂੰਨੀ ਵਿਕਰੀ ਹੈ। ਅਗਰ ਇਹ ਕਾਨੂੰਨ ਦੇ ਦਾਇਰੇ ਵਿੱਚ ਆ ਜਾਂਦੀ ਹੈ ਤਾਂ ਅਸਲੀ ਰੂਪ ਵਿੱਚ ਦਵਾਈਆਂ ਵਾਂਗ ਲੈਵਲ ਲੱਗ ਕੇ ਮਿਲੇਗੀ। ਇਸ ਨਾਲ ਬਹੁਤ ਸਾਰੇ ਜੁਰਮ ਜਿਹੜੇ ਡਰੱਗ ਨਾਲ ਸਬੰਧਤ ਹਨ ਜਿਵੇਂ ਗੈਂਗਵਾਰ, ਅਗਵਾਹ, ਲੁੱਟਮਾਰ, ਹਿੰਸਕ ਘਟਨਾਵਾਂ, ਲੜਾਈ ਝਗੜੇ, ਚੋਰੀ, ਫਰਾਡ, ਮੌਤਾਂ, ਕਤਲ, ਵੇਸਵਾ ਧੰਦਾ ਵਰਗੇ ਸ਼ਬਦ ਜੋ ਸਾਡੀ ਜ਼ਿੰਦਗੀ ਦਾ ਦਿਨ ਪ੍ਰਤੀ ਦਿਨ ਹਿੱਸਾ ਬਣਦੇ ਜਾ ਰਹੇ ਹਨ ਤੋਂ ਛੁਟਕਾਰਾ ਪੈ ਸਕਦਾ ਹੈ। ਡਰੱਗ ਇੱਕ ਆਦਤ ਨਹੀਂ ਬਿਮਾਰੀ ਹੈ ਜਿਸਦਾ ਇਲਾਜ ਹੋਣਾ ਚਾਹੀਦਾ ਹੈ। 18 ਸਾਲ ਤੋਂ ਘੱਟ ਉਮਰ ਦੇ ਬੱਚੇ ਇਸ ਵਿੱਚ ਗੁੰਮਰਾਹ ਨਹੀਂ ਹੋ ਸਕਣਗੇ। ਹੁਣ ਨਾਬਾਲਗ ਬੱਚੇ ਕੈਨੇਡਾ ਵਿੱਚ ਸਿਗਰਟ ਦਾ ਪੈਕਟ, ਸ਼ਰਾਬ, ਮਾਚਸ, ਲਾਈਟਰ ਨਹੀਂ ਖ੍ਰੀਦ ਸਕਦੇ। ਸ਼ਰਾਬ ਤੇ ਲੱਗੇ ਟੈਕਸ ਵਾਂਗ ਇਸਤੋਂ ਪ੍ਰਾਪਤ ਹੋਣ ਵਾਲੇ ਟੈਕਸ ਦੀ ਆਮਦਨ ਨਾਲ ਇਸਦੀ ਰੋਕਥਾਮ ਤੇ ਕੰਮ ਕੀਤਾ ਜਾ ਸਕਦਾ ਹੈ। ਯਾਦ ਰਹੇ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿੱਚ 1919 ਵਿੱਚ ਜਦੋਂ 18ਵੀਂ ਸੰਵਿਧਾਨਕ ਸੋਧ ਹੋਈ ਤਾਂ ਸ਼ਰਾਬ ਨੂੰ ਗੈਰਕਾਨੂੰਨੀ ਕਰ ਦਿੱਤਾ ਗਿਆ ਜਿਸਨੇ ਐਲ ਕੋਪੇਨ ਵਰਗੇ ਗੈਂਗਸਟਰ ਤੇ ਗੈਂਗ ਕਲਚਰ ਪੈਦਾ ਕਰ ਦਿੱਤਾ ਇਸ ਨਾਲ 13-14 ਸਾਲਾਂ ਦੇ ਵਿੱਚ ਜ਼ੁਲਮ ਚਰਮ ਸੀਮਾ ਤੇ ਪਹੁੰਚ ਗਿਆ ਤਾਂ ਫਿਰ 1933 ਵਿੱਚ 21ਵੀਂ ਸੰਵਿਧਾਨਕ ਸੋਧ ਹੇਠ ਸ਼ਰਾਬ ਨੂੰ ਕਾਨੂੰਨੀ ਕੀਤਾ ਗਿਆ ਜਿਸ ਕਰਕੇ ਅੱਜ ਕਿਤੇ ਵੀ ਕੋਈ ਸ਼ਰਾਬ ਦੇ ਗੈਂਗ ਨਹੀਂ ਹਨ। ਨਿਰਸੰਦੇਹ ਜਿਹੜੇ ਦੇਸ਼ਾਂ ਨੇ ਡਰੱਗ ਨੂੰ ਵੀ ਦਾਇਰੇ ਵਿੱਚ ਲਿਆ ਕੇ ਇਸਦਾ ਸੇਵਨ ਕੀਤਾ ਹੈ ਉੱਥੇ ਜੁਰਮ ਘਟਿਆ ਹੀ ਹੈ ਜਿਵੇਂ ਪੁਰਤਗਾਲ, ਆਸਟ੍ਰੇਲੀਆ, ਆਫ਼ਗਾਨਿਸਤਾਨ ਜਾਂ ਭਾਰਤ ਦੇ ਕੁੱਝ ਹਿੱਸਿਆਂ ਆਦਿ ਵਿੱਚ।

ਡਰੱਗ ਦੀ ਮੁਸ਼ਕਲ ਨੂੰ ਸਿਹਤ ਦੀ ਮੁਸ਼ਕਲ ਵਜੋਂ ਲੈਣਾ ਚਾਹੀਦਾ ਹੈ ਨਾ ਕਿ ਜੁਰਮ ਦੀ ਮੁਸ਼ਕਲ ਵਜੋਂ ਸਮਝਿਆ ਜਾਣਾ ਚਾਹੀਦਾ ਹੈ। ਇਸ ਵਿੱਚ ਪੁਲੀਸ ਭਰਤੀ ਦੀ ਲੋੜ ਨਹੀਂ ਸਗੋਂ ਮਰੀਜ਼ਾਂ ਨੂੰ ਇਲਾਜ ਦੀ ਲੋੜ ਹੈ। ਜਦੋਂ ਇਹ ਡਰੱਗ ਸਟੋਰਾਂ ਤੇ ਵਿਕੇਗੀ, ਲੋਕ ਆਪਣੀ ਮਰਜ਼ੀ ਨਾਲ ਖਾ ਸਕਣਗੇ ਜਿਵੇਂ ਸ਼ਰਾਬ ਠੇਕਿਆਂ ਤੋਂ ਮਿਲਦੀ ਹੈ, ਉਸ ਦੇ ਨਫ਼ੇ ਨੁਕਸਾਨ ਤੇ ਮਿਕਦਾਰ ਬਾਰੇ ਪੂਰੀ ਜਾਣਕਾਰੀ ਦਿੱਤੀ ਹੁੰਦੀ ਹੈ ।ਗੈਰਕਾਨੂੰਨੀ ਡਰੱਗ ਵਿੱਚ ਘਟੀਆ ਕਿਸਮ ਦੇ ਮਾਰੂ ਕੈਮੀਕਲ ਉਹ ਲੋਕ ਮਿਲਾਉਂਦੇ ਹਨ ਜਿਨ੍ਹਾਂ ਦਾ ਸਿਰਫ਼ ਤੇ ਸਿਰਫ਼ ਮਤਲਬ ਮੁਨਾਫ਼ਾ ਕਮਾਉਣ ਤੋਂ ਹੈ। ਇਨ੍ਹਾਂ ਅਣਆਈ ਮੌਤ ਮਰਨ ਵਾਲਿਆਂ ਨੂੰ ਬੰਦ ਕਮਰਿਆਂ ਵਿੱਚੋਂ ਚੱਕ ਕੇ ਓਵਰਡੋਜ਼ ਨਾਲ ਹੋਈ ਮੌਤ ਦਾ ਠੱਪਾ ਲਾ ਕੇ ਕ੍ਰਿਆ ਕਰਮ ਕਰ ਦਿੱਤਾ ਜਾਂਦਾ ਹੈ। ਇਸਦਾ ਕੋਈ ਦੋਸ਼ੀ ਚਾਰਜ਼ ਨਹੀਂ ਕੀਤਾ ਜਾਂਦਾ। ਇਸ ਤਰ੍ਹਾਂ ਦੀਆਂ ਮਨੁੱਖਤਾ ਦੀਆਂ ਮੌਤਾਂ ਨੂੰ ਅਸੀਂ ਚੁੱਪ ਕਰਕੇ ਸਵੀਕਾਰੀ ਜਾ ਰਹੇ ਹਾਂ। ਇਸ ਪਿਛਲੇ ਕਾਰਣ ਵੱਲ ਨਾ ਸਰਕਾਰ ਧਿਆਨ ਦਿੰਦੀ ਹੈ ਤੇ ਨਾ ਹੀ ਕੋਈ ਧਿਆਨ ਦਵਾ ਰਿਹਾ ਹੈ ਜੋ ਅੱਜ ਬਹੁਤ ਜ਼ਰੂਰੀ ਬਣ ਗਿਆ ਹੈ। ਅਗਰ ਡਰੱਗ ਕਾਨੂੰਨੀ ਹੋ ਗਈ ਤਾਂ ਉਹ ਵਿਅਕਤੀ ਆਪਣੀ ਲੋੜ ਮੁਤਾਬਕ ਮਾਹਰ ਦੇ ਕਹਿਣ ਮੁਤਾਬਕ ਫਾਰਮੇਸੀ ਵਾਂਗ ਅਜਿਹੀਆਂ ਕਲੀਨਿਕਾਂ ਤੋਂ ਖ੍ਰੀਦੇਗਾ ਜਿਨ੍ਹਾਂ ਕੋਲ ਇਸਨੂੰ ਵੇਚਣ ਦਾ ਲਾਇਸੰਸ ਹੋਵੇਗਾ ਸਰਕਾਰ ਨੂੰ ਚਾਹੀਦਾ ਹੈ ਕਿ ਇਕੱਲੀ ਡਰੱਗ ਦਾ ਮਸਲਾ ਹੀ ਨਹੀਂ ਜੋ ਵੀ ਪੁਰਾਣੇ ਤੇ ਥੋਥੇ ਹੋ ਚੁੱਕੇ 150 ਸਾਲ ਪੁਰਾਣੇ ਕਾਨੂੰਨ ਚਲੇ ਆ ਰਹੇ ਹਨ, ਸਮਾਜ ਦੇ ਬਦਲਣ ਮੁਤਾਬਕ ਉਹਨਾਂ ਵਿੱਚ ਵੀ ਸੋਧਾਂ ਹੋਣੀਆਂ ਬਹੁਤ ਜਰੂਰੀ ਹਨ। ਸਾਡੇ ਗਵਾਂਢੀ ਦੇਸ਼ ਅਮਰੀਕਾ ਨੇ 1971 ਵਿੱਚ ਇਸ ਨੂੰ ਲੀਗਲ ਕਰਨ ਦੀ ਬਜਾਇ ਡਰੱਗਜ਼ ਔਨ ਵਾਰ ਇੱਕ ਨੀਤੀ ਘੜੀ ਜਿਸ ਵਿੱਚ ਲੋਕਾਂ ਦੇ ਇਸ ਤੋਂ ਬਚਾਅ ਲਈ ਹਰ ਸਾਲ 50-51 ਬਿਲੀਅਨ ਡਾਲਰ ਦੇ ਲੱਗਭੱਗ ਹਰ ਸਾਲ ਖਰਚਾ ਕੀਤਾ ਜਾਂਦਾ ਹੈ ਪਰ ਉੱਥੇ ਸਭ ਤੋਂ ਵੱਧ ਜ਼ੁਲਮ ਤੇ ਡਰੱਗ ਵਿਕ ਰਹੀ ਹੈ। ਉੱਥੇ ਇਹ ਵੀ ਕਾਨੂੰਨ ਹੈ ਕਿ ਤਿੰਨ ਵਾਰ ਡਰੱਗ ਫੜ੍ਹਨ ਤੇ ਜੇਲ੍ਹ ਹੋਵੇਗੀ ਪਰ----- ਜਰਾਇਮ ਪੇਸ਼ਾ ਲੋਕ ਖੁੱਲੇਆਮ ਫਿਰ ਰਹੇ ਹਨ।

ਅੰਤ ਵਿੱਚ ਮਾਪੇ ਬੱਚੇ ਨਹੀਂ ਸਾਂਭਦੇ ਵਾਲੀ ਜਾਂ ਪੁਲੀਸ ਉਹਨਾਂ ਨੂੰ ਫੜਦੀ ਨਹੀਂ ਵਾਲੀ ਬਲੇਮ ਗੇਮ(ਦੂਸ਼ਣਬਾਜ਼ੀ) ਵਾਲੀ ਕਹਾਣੀ ਜੋ ਪੁਰਾਣੀ ਹੋ ਚੁੱਕੀ ਹੈ ਉਸ ਵਿੱਚੋਂ ਬਾਹਰ ਨਿਕਲੀਏ ਤੇ ਇਕੱਠੇ ਹੋ ਗੰਭੀਰਤਾ ਨਾਲ ਸੋਚੀਏ ਕਿ ਹੁਣ ਲੋਕ ਗੋਲ਼ੀ ਨਾਲ ਐਨੇ ਨਹੀਂ ਸਗੋਂ ਓਵਰਡੋਜ਼ ਨਾਲ ਵੱਧ ਮਾਤਰਾ ਵਿੱਚ ਮਰ ਰਹੇ ਹਨ, ਕਿਸੇ ਨੂੰ ਪਤਾ ਵੀ ਨਹੀਂ ਹੁੰਦਾ ਕਿ ਕੌਣ, ਕਦੋਂ, ਕਿੱਥੇ, ਅਮੀਰ, ਗਰੀਬ, ਛੋਟਾ, ਵੱਡਾ, ਕੁੜੀ, ਮੁੰਡਾ ਕਿੱਥੇ, ਕਿਸ ਵੇਲੇ ਮਰਿਆ ਮਿਲ ਜਾਵੇਗਾ। ਇਸ ਲਈ ਸਾਨੂੰ ਸਰਕਾਰ ਤੇ ਜ਼ੋਰ ਪਾਉਣਾ ਚਾਹੀਦਾ ਕਿ ਜਿਹੜੇ ਵੀ ਆਰਥਿਕ, ਸਮਾਜਿਕ, ਰਾਜਨੀਤਕ ਤੇ ਸਭਿਆਚਾਰਕ ਕਾਰਣ ਹਨ ਉਨ੍ਹਾਂ ਤੇ ਵੀ ਗੌਰ ਕੀਤੀ ਜਾਵੇ ਅਤੇ ਆਉਣ ਵਾਲੇ ਸਾਡੇ ਬੱਚੇ ਸਾਡਾ ਭਵਿੱਖ ਨੂੰ ਬਚਾਉਣ ਲਈ ਕਾਨੂੰਨਾਂ ਵਿੱਚ ਤਬਦੀਲੀ ਕਰਕੇ ਯੋਗ ਕਦਮ ਉਠਾਏ ਜਾਣ ਨਹੀਂ ਤਾਂ ਨਤੀਜੇ ਸਾਡੇ ਸਾਹਮਣੇ ਹਨ। ਆਓ ਸਾਰੇ ਇਕੱਠੇ ਹੋ ਕੇ ਬੱਚਿਆਂ ਦੀਆਂ ਜ਼ਿੰਦਗੀਆਂ ਨੂੰ, ਆਪਣੇ ਲਾਭ ਲਈ ਵਰਤਣ ਵਾਲੇ ਕੁੱਝ ਮੁੱਠੀ ਭਰ ਲੋਕਾਂ ਦੀ ਬੇਗੈਰਤੀ ਨੂੰ ਲਲਕਾਰੀਏ ਤੇ ਇਸਦਾ ਕਾਨੂੰਨੀਕਰਣ ਕਰਨ ਲਈ ਬਲੇਮ ਗੇਮ ਵਿੱਚੋਂ ਬਾਹਰ ਨਿਕਲ ਕੇ ਕੁੱਝ ਚੰਗਾ ਸੋਚੀਏ, ਕਰੀਏ ਤੇ ਅਸਲੀ ਦੁਸ਼ਮਣ ਨੂੰ ਪਛਾਣੀਏ ਅਤੇ ਇਸ ਸਮਾਜ ਲਈ ਆਪਣੇ ਫਰਜ਼ਾਂ ਦੀ ਪੈਰ੍ਹਵੀ ਕਰੀਏ।

# ਨੋਟਬੰਦੀ ਵੇਲੇ ਜਿਹੜੇ ਲੋਕ ਮੋਦੀ-ਮੋਦੀ ਆਖ ਕੇ ਕੱਛਾਂ ਵਜਾਉਂਦੇ ਫਿਰਦੇ ਸੀ



ਨੋਟਬੰਦੀ ਵੇਲੇ ਜਿਹੜੇ ਲੋਕ ਮੋਦੀ-ਮੋਦੀ ਆਖ ਕੇ ਕੱਛਾਂ ਵਜਾਉਂਦੇ ਫਿਰਦੇ ਸੀ, ਉਹਨਾਂ ਨੂੰ ਇਸ ਗੱਲ ਨਾਲ ਵੀ ਕੋਈ ਫ਼ਰਕ ਨਹੀਂ ਪੈਣਾ ਕਿ ਨੀਰਵ ਮੋਦੀ 15 ਕੁ ਹਜ਼ਾਰ ਕਰੋੜ ਰੁਪਿਆ ਲੈ ਕੇ ਤਿੱਤਰ ਹੋ ਗਿਆ ਹੈ। ਉਹ ਲੋਕ ਇਹੋ ਸੋਚ ਕੇ ਸੰਤੁਸ਼ਟ ਹਨ ਕਿ ਨੀਰਵ ਮੋਦੀ ਕਿਹੜਾ ਉਹਨਾਂ ਦੀ ਜੇਬ੍ਹ ਵਿੱਚੋਂ ਡਾਕਾ ਮਾਰ ਕੇ ਲੈ ਗਿਆ ਹੈ। ਅਜਿਹੇ ਲੋਕ ਮੰਦਿਰ ਦਾ ਟੱਲ ਚੋਰੀ ਕਰਨ ਵਾਲੇ ਨੂੰ ਕੁੱਟ-ਕੁੱਟ ਕੇ ਮਾਰ ਦੇਣਗੇ, ਪਰ ਗੋਲ੍ਹਕ ਚੋਰੀ ਕਰਨ ਵਾਲਿਆਂ ਦੇ ਚਰਨ ਧੋ-ਧੋ ਕੇ ਪੀਂਦੇ ਹਨ। ਪੂੰਜੀਪਤੀਆਂ ਦਾ ਗੁਲਾਮ ਹੋ ਚੁੱਕਾ ਮੀਡੀਆ ਸ਼੍ਰੀਦੇਵੀ ਦੀ ਮੌਤ ਦੀਆਂ ਖ਼ਬਰਾਂ, ਹਨੀਪ੍ਰੀਤ ਦੇ ਗਾਇਬ ਹੋਣ ਦੇ ਮਾਮਲੇ ਵਾਂਗ ਮਸਾਲਾ ਲਾ ਲਾ ਕੇ ਸੁਣਾਏਗਾ ਅਤੇ ਦੇਸ਼ ਨਾਲ ਧ੍ਰੋਹ ਕਮਾਉਣ ਵਾਲੇ ਮੰਤਰੀਆਂ ਦੀ ਸੁੱਟੀ ਜੂਠ ਸਦਕਾ ਖੁਦ ਵੀ ਦੇਸ਼ ਨਾਲ ਧ੍ਰੋਹ ਕਮਾਉਣ ਲੱਗਿਆਂ ਪਲ ਨਹੀਂ ਲਗਾਏਗਾ। ਇਹ ਉਹੀ ਮੁਲਖ ਹੈ, ਜਿੱਥੇ ਪ੍ਰਿੰਸ ਨਾਮ ਦਾ ਬੱਚਾ ਡੂੰਘੇ ਬੋਰ ਵਿੱਚ ਡਿੱਗ ਪਿਆ ਸੀ ਤੇ ਸਾਰਾ ਮੁਲਕ ਉਸ ਲਈ ਅਰਦਾਸਾਂ ਕਰਦਾ ਫਿਰਦਾ ਸੀ ਤੇ ਅੱਜ ਬਿਹਾਰ ਵਿੱਚ ਭਾਜਪਾ ਦੇ ਇੱਕ ਸ਼ਰਾਬੀ ਆਗੂ ਦੀ ਗੱਡੀ ਥੱਲੇ ਆ ਕੇ 9 ਬੱਚਿਆਂ ਦੇ ਮਾਰੇ ਜਾਣ ਦੀ ਖ਼ਬਰ ਲੱਭਿਆਂ ਨਹੀਂ ਲੱਭਦੀ। ਅੰਗ੍ਰੇਜ਼ਾਂ ਦੀ ਨੀਤੀ ਸੀ ਪਾੜੋ ਅਤੇ ਰਾਜ ਕਰੋ, ਇਸ ਨੀਤੀ ਤੇ ਅੰਗ੍ਰੇਜ਼ ਤਾਂ ਪਤਾ ਨਹੀਂ ਕਿੰਨਾ ਕੁ ਚੱਲੇ ਹੋਣਗੇ, ਪਰ ਭਾਰਤੀ ਹਕੂਮਤ ਇਸ ਤੋਂ ਵੀ ਚਾਰ ਕਦਮ ਅੱਗੇ ਵਧਦੇ ਹੋਏ ਬਗੈਰ ਕਿਸੇ ਲੱਗ-ਲਪੇਟ ਦੇ ਇਸ ਨੀਤੀ ਨੂੰ ਲਾਗੂ ਕਰ ਰਹੇ ਹਨ। ਮੁਲਕ ਵਿੱਚ ਅਰਾਜਕਤਾ ਸਿਖਰਾਂ ਤੇ ਹੈ, ਪੁਲਿਸ ਗੁਲਾਮ ਹੋ ਚੁੱਕੀ ਹੈ, ਲੱਠਮਾਰਾਂ ਦੀ ਤਾਕਤ ਦੁੱਗਣੀ ਹੋ ਰਹੀ ਹੈ, ਕਾਨੂੰਨ ਅਪਣੀ ਭਰੋਸੇਯੋਗਤਾ ਗੁਆ ਚੁੱਕਿਆ ਹੈ, ਸਰਕਾਰੀ ਮਹਿਕਮਿਆਂ ਦਾ ਭੋਗ ਪੈ ਚੁੱਕਿਆ ਹੈ ਅਤੇ ਗੁੰਡਾਰਾਜ ਚੱਲ ਰਿਹਾ ਹੈ। ਜੇ ਤੁਹਾਡੇ ਕੋਲ ਚਾਰ ਪੈਸੇ ਹਨ ਤਾਂ ਜਣੇਪੇ ਲਈ ਤੁਸੀਂ ਪਰਾਈਵੇਟ ਹਸਪਤਾਲ ਨੂੰ ਤਰਜੀਹ ਦਿਓਗੇ, ਕਿਉਂਕਿ ਓਥੇ "ਕੇਅਰ" ਹੁੰਦੀ ਹੈ। ਸਰਕਾਰੀ ਹਸਪਤਾਲ, ਜੋ ਤੁਹਾਡੇ ਤੋਂ ਟੈਕਸਾਂ ਦੇ ਰੂਪ ਵਿੱਚ ਉਗਰਾਹੇ ਪੈਸਿਆਂ ਤੋਂ ਚੱਲਦੇ ਹਨ, ਜਿੱਥੇ ਤੁਸੀਂ ਪਹਿਲਾਂ ਹੀ ਇਲਾਜ ਲਈ ਪੈਸੇ ਜਮ੍ਹਾਂ ਕਰਵਾ ਚੁੱਕੇ ਹੁੰਦੇ ਹੋ, ਓਥੇ ਤੁਹਾਨੂੰ ਉਹ ਸਹੂਲਤਾਂ ਨਹੀਂ ਮਿਲਦੀਆਂ ਜੋ ਪ੍ਰਾਈਵੇਟ ਹਸਪਤਾਲਾਂ ਵਿੱਚ ਮਿਲਦੀਆਂ ਹਨ, ਪਰ ਅਸੀਂ ਪੈਸੇ ਕਮਾਉਣ ਦੀ ਦੌੜ੍ਹ ਵਿੱਚ ਲੱਗੇ ਹੋਏ ਹਾਂ ਤੇ ਸਾਡੇ ਕੋਲ ਸਰਕਾਰੀ ਹਸਪਤਾਲਾਂ, ਸਰਕਾਰੀ ਸਕੂਲਾਂ ਦੇ ਸੁਧਾਰ ਲਈ ਸੋਚਣ ਦਾ ਵੀ ਸਮਾਂ ਨਹੀਂ ਹੈ। ਸਰਮਾਏਦਾਰਾ ਪ੍ਰਬੰਧ ਇਹੋ ਤੇ ਚਾਹੁੰਦਾ ਹੈ ਕਿ ਅਸੀਂ ਤੁਸੀਂ ਸਾਰੇ ਪੈਸੇ ਦੀ ਦੌੜ੍ਹ ਵਿੱਚ ਸ਼ਾਮਿਲ ਹੋ ਜਾਈਏ ਤੇ ਵੱਧ ਤੋਂ ਵੱਧ ਕਮਾਈਏ, ਜਿਸ ਕਮਾਈ ਨੂੰ ਲੁੱਟਣ ਵਾਸਤੇ ਸਰਕਾਰੀ ਹਸਪਤਾਲਾਂ, ਸਕੂਲਾਂ ਦਾ ਭਠਾ ਬਿਠਾ ਕੇ ਪ੍ਰਾਈਵੇਟ ਸਕੂਲ ਅਤੇ ਹਸਪਤਾਲ ਖੋਲ੍ਹੇ ਗਏ ਹਨ। ਮਤਲਬ ਕਿ ਤੁਸੀਂ ਪੈਸਾ ਕਮਾਈ ਜਾਓ ਅਤੇ ਲੁਟਾਈ ਜਾਓ ਅਤੇ ਉਹ ਪੈਸਾ ਸੁੱਟੀ ਜਾਣ ਅਤੇ ਲੁੱਟੀ ਜਾਣ। ਅਜਿਹੇ ਵਿੱਚ ਸਕੂਨ ਕਿੱਥੇ ਹੈ, ਚੈਨ ਕਿਸ ਕੋਲ ਹੈ, ਆਜ਼ਾਦੀ ਕਿਸ ਸ਼ੈਅ ਦਾ ਨਾਮ ਹੈ, ਕੌਣ ਜਾਣਦਾ ਹੈ? ਨੌਜਵਾਨ ਪੜ੍ਹ ਲਿਖ ਕੇ ਬੇਰੁਜ਼ਗਾਰ ਹਨ, ਪਰ ਵਿਹਲੇ ਨਹੀਂ ਹਨ। ਉਹਨਾਂ ਕੋਲ ਯੋਗਤਾ ਹੈ, ਪਰ ਯੋਗ ਕੰਮ ਨਹੀਂ ਹੈ ਅਤੇ ਯੋਗ ਤਨਖਾਹ ਵੀ ਨਹੀਂ ਹੈ। ਇਸੇ ਲਈ ਬਹੁਤੀ ਨੌਜਵਾਨ ਪੀੜ੍ਹੀ ਵਿਦੇਸ਼ਾਂ ਵੱਲ੍ਹ ਮੂੰਹ ਮੋੜ ਰਹੀ ਹੈ। ਤੁਸੀਂ ਇਸ ਮੁਲਕ ਦੇ ਬਸ਼ਿੰਦੇ ਹੋ, ਤੁਹਾਡੇ ਕੋਲ ਆਧਾਰ ਕਾਰਡ ਹੈ, ਵੋਟਰ ਕਾਰਡ ਹੈ ਅਤੇ ਰਾਸ਼ਨ ਕਾਰਡ ਵੀ ਹੈ, ਜਿਸ ਤੇ ਰਾਸ਼ਨ ਕਦੇ ਨਹੀਂ ਮਿਲਦਾ। ਇਹਨਾਂ ਕਾਗਜ਼ਾਂ ਤੋਂ ਸਾਬਿਤ ਹੁੰਦਾ ਹੈ ਕਿ ਤੁਸੀਂ ਭਾਰਤ ਦੇਸ਼ ਦੇ ਨਾਗਰਿਕ ਹੋ ਅਤੇ ਭਾਰਤੀ ਨਾਗਰਿਕ ਹੋਣ ਦੇ ਨਾਤੇ ਤੁਹਾਨੂੰ ਇਹ ਕਾਰਡ ਹੀ ਮੁਫ਼ਤ ਵਿੱਚ ਜਾਰੀ ਕੀਤੇ ਜਾਂਦੇ ਹਨ। ਕੀ ਤੁਹਾਡੇ ਕੋਲ ਸਮਾਜਿਕ ਸੁਰੱਖਿਆ ਹੈ? ਕੀ ਤੁਹਾਡੇ ਕੋਲ ਇਲਾਜ ਦੀ ਸੁਵਿਧਾ ਹੈ? ਕੀ ਤੁਹਾਡੀ ਸਿੱਖਿਆ ਦਾ ਪ੍ਰਬੰਧ ਹੈ? ਕੀ ਤੁਹਾਡੇ ਕੋਲ ਸੰਤੁਲਿਤ ਭੋਜਨ ਹੈ? ਕੀ ਤੁਹਾਡੇ ਕੋਲ ਸ਼ੁੱਧ ਪੀਣ ਵਾਲਾ ਪਾਣੀ ਹੈ? ਕੀ ਤੁਹਾਡੇ ਕੋਲ ਸ਼ਾਂਤ ਵਾਤਾਵਰਣ ਹੈ? ਜੇ ਇਹ ਸਭ ਕੁੱਝ ਨਹੀਂ ਹੈ ਤਾਂ ਕੀ ਤੁਸੀਂ ਆਧਾਰ ਕਾਰਡ, ਵੋਟਰ ਕਾਰਡ, ਰਾਸ਼ਨ ਕਾਰਡ ਦਾ ਕੀ ਆਚਾਰ ਪਾਉਣਾ ਹੈ? ਜੇ ਸਭ ਕੁੱਝ ਪੈਸੇ ਨਾਲ ਹੀ ਖਰੀਦਣਾ ਹੈ ਤਾਂ ਵੋਟ ਪਾਉਣ ਦਾ ਕੀ ਮਤਲਬ? ਸਰਕਾਰ ਚੁਣਨ ਦਾ ਕੀ ਮਤਲਬ, ਜਿਸ ਨੇ ਦੇਸ਼ ਹਿਤ ਵਿੱਚ ਕੋਈ ਕੰਮ ਹੀ ਨਹੀਂ ਕਰਨਾ ਹੋਇਆ? ਸਰਕਾਰ ਗਊ ਨੂੰ ਧਾਰਮਿਕ ਪਸ਼ੂ ਗਰਦਾਨ ਕੇ ਤੁਹਾਡੇ ਤੇ ਗਊ ਟੈਕਸ ਲਗਾ ਸਕਦੀ ਹੈ, ਪਰ ਆਵਾਰਾ ਜਾਨਵਰਾਂ ਤੋਂ ਰਾਹਤ ਦਿਵਾਉਣਾ ਸਰਕਾਰ ਦੀ ਨੀਤੀ ਨਹੀਂ ਹੈ। ਗੰਗਾ ਨੂੰ ਸ਼ੁੱਧ ਕਰਨ ਲਈ ਸਾਡੇ ਤੁਹਾਡੇ ਕੋਲੋਂ ਉਗਰਾਹੇ ਟੈਕਸਾਂ ਵਿੱਚੋਂ ਹਜ਼ਾਰਾਂ ਕਰੋੜਾਂ ਦਾ ਠੇਕਾ ਅਪਣੇ ਚਹੇਤਿਆਂ ਨੂੰ ਦੇ ਸਕਦੀ ਹੈ, ਪਰ ਸ਼ੁੱਧ ਵਾਤਾਵਰਣ ਸਰਕਾਰ ਦੀ ਸਿਰਦਰਦੀ ਨਹੀਂ ਹੈ ਤੇ ਉਮੀਦ ਸਾਨੂੰ ਤੁਹਾਨੂੰ ਵੀ ਨਹੀਂ ਹੈ। ਸਰਕਾਰ ਜੇ ਤੁਹਾਡੀਆਂ ਗਲ਼ੀਆਂ ਨਾਲ਼ੀਆਂ ਪੱਕੀਆਂ ਕਰਨ ਲਈ ਲੱਖ ਰੁਪਏ ਦੀ ਗ੍ਰਾਂਟ ਭੇਜਦੀ ਹੈ ਤਾਂ ਇਸ ਵਿੱਚੋਂ ਅੱਧਾ ਸਰਕਾਰੀ ਅਧਿਕਾਰੀਆਂ ਦਾ ਕਮੀਸ਼ਨ ਹੀ ਹੁੰਦਾ ਹੈ ਅਤੇ ਤੁਹਾਨੂੰ ਇਹ ਸਮਝ ਹੀ ਨਹੀਂ ਆਉਂਦੀ ਕਿ ਤੁਹਾਡੇ ਮਕਾਨ ਦਾ ਇੱਕ ਵਾਰ ਹੋਇਆ ਪਲਸਤਰ ਘੱਟੋ-ਘੱਟ 20 ਸਾਲ ਕਿਤੇ ਨਹੀਂ ਜਾਂਦਾ, ਅੰਗ੍ਰੇਜ਼ਾਂ ਦੇ ਬਣਾਏ ਪੁਲਾਂ ਦੀ ਮਿਆਦ 100-100 ਸਾਲ ਤੱਕ ਹੁੰਦੀ ਹੈ ਤਾਂ ਇਹ ਗਲ਼ੀਆਂ-ਨਾਲ਼ੀਆਂ ਹਰ ਪੰਜ ਸਾਲ ਬਾਅਦ ਕਿਉਂ ਟੁੱਟ ਜਾਂਦੀਆਂ ਹਨ? ਸਰਕਾਰ ਤੁਹਾਨੂੰ ਮੂਰਖ ਬਣਾਉਣ ਲਈ ਜਾਣਬੁੱਝ ਕੇ ਤੁਹਾਨੂੰ ਅਣਪੜ੍ਹ ਰੱਖਣਾ ਚਾਹੁੰਦੀ ਹੈ। ਤੁਹਾਨੂੰ ਮੰਦਰ-ਮਸਜਿਦ ਦੇ ਝਗੜੇ ਵਿੱਚ ਉਲਝਾਈ ਰੱਖਣਾ ਚਾਹੁੰਦੀ ਹੈ, ਹਿੰਦੂ-ਮੁਸਲਮਾਨ ਵਿੱਚ ਵੰਡ ਕੇ ਰੱਖਣਾ ਚਾਹੁੰਦੀ ਹੈ ਤਾਂ ਜੋ ਉਹ ਸਰਮਾਏਦਾਰ ਪੱਖੀ ਨੀਤੀਆਂ ਬਿਨਾਂ ਝਿਜਕ ਦੇ ਲਾਗੂ ਕਰਦੇ ਰਹਿਣ। ਕਿਸੇ ਧਾਰਮਿਕ ਸਥਾਨ ਦਾ 50 ਹਜ਼ਾਰ ਦਾ ਬਿਜਲੀ ਦਾ ਬਿੱਲ ਮੁਆਫ਼ ਕਰਕੇ, ਲੰਗਰਾਂ ਤੋਂ ਵੈਟ ਹਟਾ ਕੇ ਸਰਕਾਰ ਧਾਰਮਿਕ ਲੋਕਾਂ ਦੀ ਹਮਦਰਦੀ ਖੱਟਣ ਵਿੱਚ ਸਫ਼ਲ ਹੋ ਜਾਂਦੀ ਹੈ। ਸਮਝਣ ਵਾਲੀ ਗੱਲ ਕੋਈ ਨਹੀਂ ਸਮਝਦਾ ਕਿ ਲੋਕਾਂ ਦਾ ਇਸ ਵਿੱਚ ਕੀ ਫਾਇਦਾ ਹੈ? ਲੋਕਾਂ ਦੀ ਆਸਥਾ ਦਾ ਨਾਜਾਇਜ ਫਾਇਦਾ ਲਿਆ ਜਾਂਦਾ ਹੈ। ਧਰਮਾਂ ਦੀ ਦਲਦਲ ਵਿੱਚ ਖੁੱਭੇ ਲੋਕ ਸਮਝ ਹੀ ਨਹੀਂ ਸਕਦੇ ਕਿ ਧਰਮ ਤੋਂ ਬਾਹਰ ਵੀ ਕੋਈ ਹਕੀਕਤ ਹੈ ਅਤੇ ਲੋਕਾਂ ਦੀ ਇਸੇ ਕਮਜ਼ੋਰੀ ਦਾ ਫਾਇਦਾ ਨੀਰਵ ਮੋਦੀ, ਅੰਬਾਨੀ, ਅਡਾਨੀ, ਵਿਜੇ ਮਾਲੀਆ ਆਦਿ ਬੜੇ ਆਰਾਮ ਨਾਲ ਲੈ ਰਹੇ ਹੁੰਦੇ ਨੇ। ਤੁਸੀਂ ਕਦੇ ਕਿਸੇ ਮੰਦਿਰ, ਗੁਰੂਦੁਆਰੇ, ਮਸਜਿਦ, ਗਿਰਜੇ ਜਾਂ ਡੇਰੇ ਆਦਿ ਤੋਂ ਇਹ ਹੋਕਾ ਕਦੇ ਨਹੀਂ ਸੁਣਿਆ ਹੋਵੇਗਾ ਕਿ ਲੋਕਾਂ ਦੇ ਦੁੱਖਾਂ ਦਾ ਕਾਰਣ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਹਨ। ਕਿਉਂਕਿ ਧਾਰਮਿਕ ਸਥਾਨ ਧਾਰਮਿਕ ਵਿਅਕਤੀਆਂ ਦੇ ਹਵਾਲੇ ਨਹੀਂ ਹਨ, ਇਹ ਸੱਤਾਦਾਰੀ ਧਿਰਾਂ ਦੇ ਹਵਾਲੇ ਹਨ ਅਤੇ ਇਹਨਾਂ ਦਾ ਪ੍ਰਬੰਧ ਲੋਕ ਨਹੀਂ ਚਲਾਉਂਦੇ, ਇਹ ਪ੍ਰਬੰਧ ਵੀ ਸੱਤਾ ਦੇ ਦਲਾਲ ਚਲਾਉਂਦੇ ਹਨ, ਪਰ ਲੋਕ ਇਸ ਗੱਲ ਨੂੰ ਸਮਝੇ ਬਗੈਰ ਧਾਰਮਿਕ ਤੌਰ ਤੇ ਕੱਟੜ ਹੋ ਜਾਂਦੇ ਹਨ ਅਤੇ ਵਿਰੋਧੀ ਵਿਚਾਰਾਂ ਵਾਲਿਆਂ ਨੂੰ ਕਤਲ ਕਰਨ ਤੱਕ ਵੀ ਚਲੇ ਜਾਂਦੇ ਹਨ। ਇੱਕ ਪਾਸੇ ਮਾੜੀ ਆਰਥਿਕਤਾ ਦੇ ਝੰਬੇ ਕਿਸਾਨ/ਮਜ਼ਦੂਰ ਖੁਦਕੁਸ਼ੀਆਂ ਤੇ ਉਤਾਰੂ ਹੋਏ ਪਏ ਹਨ ਤੇ ਦੂਸਰੇ ਪਾਸੇ ਧਾਰਮਿਕ ਰਹਿਬਰਾਂ ਦੀਆਂ ਗੱਡੀਆਂ ਦੇ ਚੜ੍ਹੇ ਮਹੀਨੇ ਮਾਡਲ ਨਵੇਂ ਹੋ ਜਾਂਦੇ ਹਨ। ਹਮ੍ਹਾਤੜਾਂ ਨੂੰ 50 ਹਜ਼ਾਰ ਦਾ ਕਰਜ਼ਾ ਵੀ ਲਕੀਰਾਂ ਕਢਵਾ ਕੇ ਦਿੱਤਾ ਜਾਂਦਾ ਹੈ ਤੇ ਜਿਹਨਾਂ ਨੇ ਮੋੜਨਾ ਹੀ ਨਹੀਂ ਹੁੰਦਾ, ਬੈਂਕ ਉਹਨਾਂ ਦੇ ਚਾਕਰ ਬਣੇ ਫਿਰਦੇ ਹਨ। ਹਫਤਾ ਵਸੂਲੀ, ਗੁੰਡਾ ਟੈਕਸ ਹੁਣ ਲੁਕਵੀਆਂ ਗੱਲਾਂ ਨਹੀਂ ਰਹੀਆਂ ਤੇ ਸਰਕਾਰਾਂ ਦੀ ਇਸ ਵਿੱਚ ਸਿੱਧੀ ਸ਼ਮੂਲੀਅਤ ਰਹੀ ਹੈ। ਬਹੁਤ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ 2002 ਦੇ ਗੁਜਰਾਤ ਕਤਲੇਆਮ ਦਾ ਮੁੱਖ ਦੋਸ਼ੀ ਨਰਿੰਦਰ ਮੋਦੀ ਇਸ ਦੇਸ਼ ਦਾ ਪ੍ਰਧਾਨ ਮੰਤਰੀ ਹੈ, ਜਿਸ ਦੀ ਹਕੂਮਤ ਵਿੱਚ ਇਹ ਦੇਸ਼ ਗਿਰਾਵਟ ਦੇ ਸਭ ਤੋਂ ਉਤਲੇ ਦਰਜੇ ਤੇ ਜਾ ਪਹੁੰਚਿਆ ਹੈ। ਦਲਿਤਾਂ ਅਤੇ ਘੱਟ ਗਿਣਤੀਆਂ ਤੇ ਲਗਾਤਾਰ ਹਮਲੇ ਹੋ ਰਹੇ ਹਨ, ਮੰਤਰੀਆਂ ਵਲੋਂ ਵਿਰੋਧੀਆਂ ਨੂੰ ਸ਼ਰੇਆਮ ਬਲਾਤਕਾਰ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ, ਮੁਲਕ ਨੂੰ ਅੰਧਵਿਸ਼ਵਾਸ ਦੀ ਦਲਦਲ ਵਿੱਚ ਧੱਕਿਆ ਜਾ ਰਿਹਾ ਹੈ। ਅਜਿਹੇ ਹਾਲਾਤਾਂ ਵਿੱਚ ਅਸੀਂ ਲੱਗੇ ਹੋਏ ਹਾਂ ਅਪਣੇ ਬੱਚਿਆਂ ਲਈ ਵਧੀਆ ਤੋਂ ਵਧੀਆ ਸਕੂਲਾਂ ਦੀ ਚੋਣ ਕਰਨ ਵਿੱਚ। ਟੈਲੀਵਿਯਨ ਤੇ ਚੱਲਦੀਆਂ ਮੱਧਵਰਗੀ ਯੱਭਲੀਆਂ ਸਾਨੂੰ ਕਦੇ ਨਹੀਂ ਦੱਸਣ ਲੱਗੀਆਂ ਕਿ ਰਾਮਦੇਵ ਵੀ ਚੋਰ ਹੈ। ਸਵੱਛ ਭਾਰਤ ਅਭਿਆਨ ਦੀ ਟੀਮ ਕਦੇ ਰੇਲਵੇ ਕਲੋਨੀਆਂ ਜਾਂ ਪੁਲਾਂ ਹੇਠ੍ਹ ਰਹਿੰਦੇ ਲੋਕਾਂ ਤੱਕ ਪੁੱਜੀ ਹੀ ਨਹੀਂ, ਹੋਰ ਤਾਂ ਹੋਰ ਘਰ-ਘਰ ਸ਼ੌਚਾਲਿਆ ਵਾਲੀ ਟੀਮ ਨੂੰ ਵੀ ਕਦੇ ਨਜ਼ਰ ਨਹੀਂ ਆਇਆ ਕਿ ਸ਼ਹਿਰਾਂ ਵਿੱਚ ਵੀ ਅਜੇ ਉਹ ਕੰਧਾਂ ਸ਼ਾਨ ਨਾਲ ਖੜ੍ਹੀਆਂ ਹਨ ਜਿਹਨਾਂ ਤੇ ਲਿਖਿਆ ਹੈ "ਕੁੱਤੇ ਕੇ ਪੂਤ, ਯਹਾਂ ਮਤ ਮੂਤ"। ਨੀਰਵ ਮੋਦੀ ਬੇ-ਫਿਕਰ ਹੈ। ਬੈਂਕ ਵਾਲੇ ਉਸ ਦੇ ਘਰੇ ਜਾ ਕੇ ਦਗੜ-ਦਗੜ ਨਹੀਂ ਕਰਦੇ। ਕਰਜ਼ਾ ਵਾਪਸੀ ਲਈ ਉਸ ਨੂੰ ਧਮਕੀਆਂ ਜਾਂ ਡਰਾਵੇ ਨਹੀਂ ਦਿੰਦੇ। ਉਸ ਤੋਂ ਕਿਸੇ ਨੇ ਇਹ ਕਹਿ ਕੇ ਵੋਟਾਂ ਹਾਸਲ ਨਹੀਂ ਕੀਤੀਆਂ ਕਿ ਤੇਰਾ ਕਰਜ਼ਾ ਮੁਆਫ਼ ਕਰ ਦਿੱਤਾ ਜਾਵੇਗਾ ਪਰ ਸ਼੍ਰੀ ਸੁਰਜੀਤ ਗੱਗ ਜੀ ਕੈਪਟਨ ਦੀ ਸਰਕਾਰ ਬਣਨ ਤੋਂ ਬਾਅਦ ਸੁਸਾਇਟੀ ਬੈਂਕ ਤੋਂ ਲਏ 10 ਹਜ਼ਾਰ ਰੁਪਏ ਦਾ ਕਰਜ਼ਾ ਨਾ ਮੋੜਨ ਦੀ ਨੀਅਤ ਕਾਰਣ ਦੋ ਵਾਰ ਜਲੀਲ ਹੋ ਚੁੱਕੇ ਨੇ।

**- ਗੱਗਬਾਣੀ**

## ਪਲਸ ਮੰਚ ਵਲੋਂ ਬਰਨਾਲਾ 'ਚ ਵਿਚਾਰ ਚਰਚਾ

# ਲੱਚਰ ਗਾਇਕੀ ਨੂੰ ਭਾਂਜ ਦੇਣਾ ਜ਼ਰੂਰੀ: ਡਾ. ਸੁਰਜੀਤ ਲੀ



ਬਰਨਾਲਾ, 'ਲੱਚਰ ਅਤੇ ਲੋਕ ਵਿਰੋਧੀ ਗਾਇਕੀ ਦੇ ਵਿਰੁੱਧ ਲੋਕ-ਪੱਖੀ ਗਾਇਕੀ ਦਾ ਬਦਲ ਵਿਸ਼ੇ ਉਪਰ ਪੰਜਾਬ ਲੋਕ ਸੱਭਿਆਚਾਰਕ ਮੰਵ (ਪਲਸ ਮੰਚ) ਵਲੋਂ ਸਥਾਨਕ ਤਰਕਸ਼ੀਲ ਭਵਨ 'ਚ ਬਹੁਤ ਹੀ ਪ੍ਰਭਾਵਸ਼ਾਲੀ ਵਿਚਾਰ ਚਰਚਾ ਨੇ ਮਹੱਤਵਪੂਰਨ ਨਤੀਜੇ ਕਸ਼ੀਦਣ ਦੀ ਸਫਲ ਭੂਮਿਕਾ ਅਦਾ ਕੀਤੀ।

ਪੰਜਾਬ ਲੋਕ ਸੱਭਿਆਚਾਰਕ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਉੱਘੇ ਕਹਾਣੀਕਾਰ ਅਤਰਜੀਤ, ਨਾਮਵਾਰ ਨਾਵਲਕਾਰ ਓਮ ਪ੍ਰਕਾਸ਼ ਗਾਸੋ ਦੀ ਪ੍ਰਧਾਨਗੀ 'ਚ ਹੋਈ ਵਿਚਾਰ ਚਰਚਾ ਦਾ ਆਗਾਜ ਪਲਸ ਮੰਚ ਦੀ ਇਕਾਈ ਲੋਕ ਸੰਗੀਤ ਮੰਡਲੀ ਭਦੌੜ ਦੇ ਕਲਾਕਾਰਾਂ ਮੰਦਰ ਸਿੰਘ, ਸਵਰਨ ਸਿੰਘ, ਸੰਦੀਪ, ਰਾਜ ਮੁਹੰਮਦ, ਅਰਸ਼ਦੀਪ ਅਤੇ ਸ਼ਰੀਫ ਅਲੀ ਦੇ ਸੁਰ -ਸੰਗੀਤ ਅਤੇ ਅਵਾਜ ਦੀ ਤਾਲ਼ੀਆਂ ਦੀ ਗੂੰਜ ਭਰੀ ਦਾਦ ਦੇਣ ਨਾਲ ਹੋਈਆਂ।

ਵਿਚਾਰ ਚਰਚਾ ਦੇ ਪ੍ਰਮੁੱਖ ਬੁਲਾਰੇ ਝਹੀਨ ਬੁੱਧੀਮਾਨ ਡਾ. ਸੁਰਜੀਤ ਲੀ (ਪੰਜਾਬੀ ਯੂਨੀਵਰਸਿਟੀ ਪਟਿਆਲਾ) ਨੇ ਲੋਕ-ਵਿਰੋਧੀ ਗਾਇਕੀ ਦੀਆਂ ਇਤਿਹਾਸ ਦੀ ਸਦੀਆਂ ਪੁਰਾਣੀਆਂ ਗਹਿਰਾਈਆਂ ਨਾਲ ਜੁੜੀਆਂ ਤੰਦਾਂ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ।

ਉਹਨਾਂ ਕਿਹਾ ਕਿ ਲੱਚਰ, ਹਿੰਸਕ, ਅੰਧ-ਵਿਸ਼ਵਾਸਾਂ ਭਰੀ ਬਿਮਾਰ ਗਾਇਕੀ ਸਿਰਫ ਪੰਜਾਬ ਅੰਦਰ ਹੀ ਨਹੀਂ ਇਹ ਵਿਸ਼ਵ-ਵਿਆਪੀ ਵਰਤਾਰੇ ਦੀ ਅਟੁੱਟ ਕੜੀ ਹੈ। ਉਹਨਾਂ ਜੋਰ ਦੇ ਕੇ ਕਿਹਾ ਕਿ ਪੰਜ ਦਰਿਆਵਾਂ ਦੀ ਧਰਤੀ ਦੀਆਂ ਇਤਿਹਾਸਕ ਸਮਾਜਕ ਅਤੇ ਸੱਭਿਆਚਾਰਕ ਨਰੋਈਆਂ ਕਦਰਾਂ-ਕੀਮਤਾਂ ਦਾ ਨਾੜੂਆ ਵੱਢਣ ਦੀ ਯੋਜਨਾਬੱਧ ਨੀਤੀ ਵਿਸ਼ਵ ਨੂੰ ਆਪਣੇ ਕਲਾਵੇ ਵਿਚ ਲੈਣ ਵਾਲੇ ਵਿਸ਼ਵ-ਸੌਦਾਗਰਾਂ ਨਾਲ ਜੁੜੀਆਂ ਹੋਈਆਂ ਹਨ। ਦੁਨੀਆਂ ਭਰ ਦੇ ਕੁਦਰਤੀ ਅਨਮੋਲ ਖਜਾਨਿਆਂ, ਧਨ, ਧਰਤੀ ਅਤੇ ਕਿਰਤ ਦੀ ਵਹਿਸ਼ੀਆਨਾ ਲੁੱਟ ਕਰਨ ਲਈ ਲੋਕਾਂ ਦੀ ਮਾਂ ਬੋਲੀ, ਸਾਹਿਤ, ਸੱਭਿਆਚਾਰ ਨੂੰ ਮਸਲਕੇ ਆਪਣਾ ਮਾਲ ਵੇਚਣ ਲਈ ਰਾਸ ਬਹਿੰਦਾ ਸਾਹਿਤ/ਸੱਭਿਆਚਾਰ ਥੋਪਣ ਲਈ ਖੋਜਾਂ ਕਰਵਾਈਆਂ, ਯੂਨੀਵਰਸਿਟੀਆਂ ਸਥਾਪਤ ਕੀਤੀਆਂ। ਉਹਨਾਂ ਕਿਹਾ ਕਿ ਡਿਜੀਟਲ ਸੰਸਾਰ, ਆਧੁਨਿਕ ਤਕਨੀਕ ਨਾਲੋਂ ਕਿਤੇ ਵਧਕੇ ਲੋਕਾਂ ਕਿਰਤ ਅਤੇ ਸੰਘਰਸ਼ ਨਾਲ ਜੁੜਿਆ ਸੱਭਿਆਚਾਰ ਕਿਤੇ ਵਿਕਸਤ ਅਤੇ ਅਰਥ ਭਰਪੂਰ ਹੈ। ਉਹਨਾਂ ਨੇ ਕਿਹਾ ਕਿ ਲੋਕ-ਪੱਖੀ ਸੱਭਿਆਚਾਰ ਦਾ ਬਦਲ ਉਭਾਰਨ ਲਈ ਜਨਤਕ ਸ਼ਮੂਲੀਅਤ ਅਤੇ ਜਨਤਕ ਲਹਿਰ ਉਸਾਰਨੀ ਜ਼ਰੂਰੀ ਹੈ। ਡਾ. ਲੀ ਨੇ ਆਪਣੇ ਭਾਸ਼ਨ ਇਹ ਕਹਿੰਦਿਆਂ ਸਮਾਪਤ ਕੀਤਾ ਕਿ 'ਨਵਾਂ ਸਮਾਜ ਸਿਰਜਣ ਲਈ ਗਾਇਨ ਕਲਾ ਦਾ ਸੂਖਮ ਸ਼ਾਸਤਰ ਜ਼ਰੂਰੀ ਹੈ।'

ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਸਮਾਗਮ ਨੂੰ ਸੰਬੋਧਨ ਕਰਦਿਆਂ ਸਮੂਹ ਮਿਹਤਨਕਸ਼ ਲੋਕਾਂ ਦੀਆਂ ਪ੍ਰਤੀਨਿਧ ਜਥੇਬੰਧੀਆਂ ਨੂੰ ਜੋਰਦਾਰ ਅਪੀਲ ਕੀਤੀ ਕਿ ਉਹ ਲੋਕ-ਪੱਖੀ ਇਨਕਲਾਬੀ ਗਾਇਕੀ ਦੀ ਬਦਲਵੀਂ ਲਹਿਰ ਖੜੀ ਕਰਨ ਲਈ ਆਪਣੇ ਤੌਰ ਤੇ ਵੀ ਅਤੇ ਪਲਸ ਮੰਚ ਨਾਲ ਭਰਾਤਰੀ ਤੌਰ ਵੀ ਅੱਗੇ ਆਉਣ।

ਉਹਨਾਂ ਪਲਸ ਮੰਚ ਵਲੋਂ ਐਲਾਨ ਕੀਤਾ ਕਿ ਲੋਕਾਂ ਦੀ ਜਿੰਦਗੀ ਨਾਲ ਜੁੜੀ ਗਾਇਕੀ ਦੀ ਪੰਜਾਬ ਭਰ ਦੇ ਵਿਸ਼ਾਲ ਲਹਿਰ ਖੜੀ ਕਰਨ ਲਈ ਪਰਿਵਾਰਕ ਮਿਲਣੀਆਂ ਅਤੇ ਸੰਗੀਤ ਅਖਾੜਿਆਂ ਦੀ ਨਿਰੰਤਰ ਲਹਿਰ ਅੱਗੇ ਤੋਰੇਗੀ। ਪ੍ਰਧਾਨ ਨੇ ਭਰਾਤਰੀ ਜਥੇਬੰਦੀਆਂ ਵਲੋਂ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ।

ਸੈਮੀਨਾਰ ਵਿਚ ਸ਼ਾਮਲ ਜਥੇਬੰਦੀਆਂ ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਤੇ (ਡਕੌਂਦਾ) ਇਨਕਲਾਬੀ ਕੇਂਦਰ ਪੰਜਾਬ, ਤਰਕਸ਼ੀਲ ਸੋਸਾਇਟੀ, ਜਮਹੂਰੀ ਅਧਿਕਾਰ ਸਭਾ, ਨੌਜਵਾਨ ਭਾਰਤ ਸਭਾ , ਇਸਤਰੀ ਜਾਗਰਤੀ ਮੰਚ, ਚੇਤਨਾ ਕਲਾ ਕੇਂਦਰ ਬਰਨਾਲ , ਅਵਾਮ ਰੰਗ ਮੰਚ (ਰਣਜੀਤ ਚੌਹਾਨ) ਲੋਕ ਸੰਗੀਤ ਮੰਡਲੀ ਭਦੌੜ ,ਲੋਕ ਮੋਰਚਾ ਪੰਜਾਬ ਦੇ ਆਗੂ ਤੇ ਵਰਕਰ ਅਤੇ ਪਲਸ ਮੰਚ ਦੇ ਵਿੱਤ ਸਕੱਤਰ ਕਸਤੂਰੀ ਲਾਲ ਨੇ ਵੀ ਸ਼ਿਰਕਤ ਕੀਤੀ।

# ਅਧਿਆਪਕ ਸਾਂਝਾ ਮੋਰਚਾ ਵੱਲੋਂ ਪੰਜਾਬ ਸਰਕਾਰ ਵਿਰੁੱਧ ਲੁਧਿਆਣਾ 'ਚ ਵਿਸ਼ਾਲ ਰੈਲੀ, ਪੁਲਿਸ ਨਾਲ ਹੋਈ ਹੱਥੋਪਾਈ



ਲੁਧਿਆਣਾ ਦੀ ਵੱਡੀ ਦਾਣਾ ਮੰਡੀ (ਜਲੰਧਰ ਬਾਈਪਾਸ) ਦੇ ਵਿੱਚ ਹਜ਼ਾਰਾਂ ਦੇ ਗਿਣਤੀ 'ਚ ਇਕੱਠੇ ਹੋਏ ਅਧਿਆਪਕ ਪੰਜਾਬ ਸਰਕਾਰ ਖਿਲਾਫ਼ ਰੋਸ ਪ੍ਰਦਰਸ਼ਨ ਕਰ ਰਹੇ ਹਨ। ਸਾਂਝੇ ਅਧਿਆਪਕ ਮੋਰਚੇ ਸਮੇਤ 18 ਅਧਿਆਪਕ ਜਥੇਬੰਦੀਆਂ ਵੱਲੋਂ ਪੰਜਾਬ ਸਰਕਾਰ ਦੇ ਖਿਲਾਫ਼ ਲੁਧਿਆਣਾ 'ਚ ਵੱਡੀ ਰੈਲੀ ਕੀਤੀ ਜਾ ਰਹੀ ਹੈ। ਅਧਿਆਪਕਾਂ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਸਰਕਾਰ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕਰਕੇ ਭੜਾਸ ਕੱਢੀ। ਸਾਂਝੇ ਅਧਿਆਪਕ ਮੋਰਚੇ ਦੇ ਆਗੂਆਂ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਵਲੋਂ ਪਿਛਲੇ ਕੁੱਝ ਮਹੀਨਿਆਂ ਦੌਰਾਨ ਲਏ ਗਏ ਅਧਿਆਪਕ ਮਾਰੂ ਫੈਸਲਿਆਂ ਵਿਰੁੱਧ ਸਮੁਚੇ ਅਧਿਆਪਕਾਂ ਨੇ ਲਾਮਬੰਦ ਹੋ ਕੇ ਸਰਕਾਰ ਦਾ ਸਿੱਖਿਆ ਵਿਰੋਧੀ ਚਿਹਰਾ ਨੰਗਾ ਕੀਤਾ ਹੈ।

ਉਹਨਾਂ ਮੰਗ ਕੀਤੀ ਕਿ ਠੇਕਾ ਅਧਾਰਿਤ ਵਿਭਾਗੀ 5178, ਐਸ.ਐਸ.ਏ, ਰਮਸਾ, ਆਦਰਸ਼ ਸਕੂਲ ਅਧਿਆਪਕਾਂ ਦੀ ਪੂਰੇ ਸਕੇਲਾਂ 'ਤੇ ਵਿਭਾਗੀ ਰੈਗੂਲਰਾਇਜੇਸ਼ਨ ਕਰਵਾਉਣ, ਪਿਕਟਸ ਸੁਸਾਇਟੀ ਅਧੀਨ ਰੈਗੂਲਰ ਕੰਪਿਊਟਰ ਫੈਕਲਟੀ ਅਧਿਆਪਕਾਂ ਦੀ ਵਿਭਾਗੀ ਮਰਜਿੰਗ ਕਰਵਾਉਣ, ਠੇਕਾ ਅਧਾਰਿਤ ਈਜੀਐਸ, ਏਆਈਈ, ਈਜੀਐਸ,ਐਸਟੀਆਰ, ਆਈਈਵੀ ਅਤੇ ਸਿੱਖਿਆ ਪਰੋਵਾਇਡਰ ਅਧਿਆਪਕਾਂ ਲਈ ਵਿਭਾਗੀ ਰੈਗੂਲਰਾਇਜੇਸ਼ਨ ਦੀ ਨੀਤੀ ਤਿਆਰ ਕਰਵਾਉਣਾ, 800 ਪਰਾਇਮਰੀ ਸਕੂਲ ਬੰਦ ਕਰਨ ਦਾ ਫੈਸਲਾ ਰੱਦ ਕਰਵਾਉਣ, ਸਿੱਖਿਆ ਵਿਰੋਧੀ 'ਬਦਲੀ ਨੀਤੀ' ਰਾਹੀ 7 ਸਾਲ ਤੋਂ ਵੱਧ ਠਹਿਰ ਵਾਲੇ ਅਤੇ ਮਿਡਲ ਸਕੂਲ 'ਚੋ ਸੀ.ਐਂਡ.ਵੀ ਅਧਿਆਪਕਾਂ ਦਾ ਉਜਾੜਾ ਕਰਨ ਦੇ ਮਾਰੂ ਫੈਸਲੇ ਨੂੰ ਪੁੱਠਾ ਗੇੜਾ ਦੇਣ।


ਘਰਾਂ ਤੋਂ ਸੈਕੜੇ ਕਿਲੋਮੀਟਰ ਦੂਰ ਬੈਠੇ ਅਧਿਆਪਕਾਂ ਨੂੰ ਬਦਲੀ ਲਈ 3 ਸਾਲ ਤੋਂ ਛੋਟ ਦਿਵਾਉਣ, ਗਲਤ ਰੈਸ਼ਨਲਾਇਜੇਸ਼ਨ ਨੀਤੀ ਰਾਹੀ ਅਸਾਮੀਆਂ ਨੂੰ ਖਤਮ ਕਰਨ ਦੀ ਸਾਜਿਸ਼ ਅਤੇ ਪਰਾਇਮਰੀ ਵਿੱਚ ਹੈੱਡ ਟੀਚਰਾਂ ਲਈ ਮੌਜੂਦਾ 30 ਬੱਚਿਆਂ ਦੀ ਥਾਂ 60 ਬੱਚਿਆਂ ਦੀ ਸ਼ਰਤ ਥੋਪਣ ਦੇ ਫੈਸਲੇ ਨੂੰ ਵਾਪਿਸ ਰੁਕਵਾਉਣਾ, ਸੰਘਰਸ਼ਾਂ ਨੂੰ ਦਬਾਉਣ ਦੀ ਕੋਸ਼ਿਸ਼ ਤਹਿਤ ਅਧਿਆਪਕ ਆਗੂਆਂ 'ਤੇ ਮੁਹਾਲੀ, ਬਠਿੰਡਾ ਅਤੇ ਜਲੰਧਰ ਵਿੱਚ ਦਰਜ ਪੁਲਿਸ ਕੇਸ ਅਤੇ 5178 ਅਧਿਆਪਕ ਆਗੂਆਂ, ਮਾਨਸਾ ਦੇ ਅਧਿਆਪਕ ਆਗੂਆਂ ਨੂੰ ਜਾਰੀ ਵਿਭਾਗੀ ਨੋਟਿਸ ਰੱਦ ਕਰਵਾਉਣ, ਪਰਖ ਸਮਾਂ 2 ਸਾਲ ਅਤੇ ਪੂਰੇ ਸਕੇਲਾਂ ਤਹਿਤ ਕਰਵਾਉਣਾ।

ਪੁਰਾਣੀ ਪੈਨਸ਼ਨ ਪਰਣਾਲੀ ਬਹਾਲ ਕਰਵਾਉਣਾ, ਮਹਿੰਗਾਈ ਭੱਤਾ ਅਤੇ ਤਨਖਾਹ ਕਮਿਸ਼ਨ ਦੀ ਰਿਪੋਰਟ ਜਾਰੀ ਕਰਵਾਉਣ, ਹਿੰਦੀ ਅਤੇ ਸਮਾਜਿਕ ਵਿਸ਼ਿਆਂ ਨੂੰ ਆਪਸ਼ਨਲ ਬਣਾਉਣ ਦੇ ਫੈਸਲੇ ਨੂੰ ਵਾਪਿਸ ਕਰਵਾਉਣ, ਪੈਂਡਿੰਗ ਪਦਉਨਤੀਆਂ ਅਤੇ ਰੁਕੀਆਂ ਤਨਖਾਹਾਂ ਜਾਰੀ ਕਰਵਾਉਣ ਤੋਂ ਇਲਾਵਾ ਮੰਗ ਪੱਤਰ ਵਿਚਲੀਆਂ ਹੋਰਨਾ ਮੰਗਾਂ ਦੀ ਪੂਰਤੀ ਨੂੰ ਲੈ ਕੇ ਸੰਘਰਸ਼ ਦੇ ਮੈਦਾਨ ਵਿੱਚ ਡੱਟਦਿਆਂ ਨਿੱਜੀਕਰਨ, ਵਿਸ਼ਵੀਕਰਨ ਅਤੇ ਉਦਾਰੀਕਰਨ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਲਾਗੂ ਕਰਨ ਦੇ ਰਾਹ ਪਈ ਪੰਜਾਬ ਸਰਕਾਰ ਅਤੇ ਉੱਚ ਅਫਸ਼ਰਸ਼ਾਹੀ ਨੂੰ ਵਡੇਰੀ ਏਕਤਾ ਅਤੇ ਤਿੱਖੇ ਸੰਘਰਸ਼ਾਂ ਰਾਹੀ ਵੰਗਾਰਿਆ ਗਿਆ। ਇਸ ਰੈਲੀ ਦੌਰਾਨ ਅਧਿਅਪਕਾਂ ਦੇ ਹਜੂਮ ਨੂੰ ਰੋਕਣ ਲਈ ਪੁਲਿਸ ਪ੍ਰਸ਼ਾਸਨ ਵੱਲੋਂ ਅਧਿਆਪਕਾਂ ਵਿਰੁੱਧ ਹਲਕਾ ਲਾਠੀਚਾਰਜ ਵੀ ਕੀਤਾ ਗਿਆ। ਪੁਲਿਸ ਬੈਰੀਕੇਡ ਤੋੜ ਕੇ ਰੋਸ ਕਰ ਰਹੇ ਅਧਿਆਪਕ ਜਲੰਧਰ ਬਾਈਪਾਸ ਚੋਕ ਪਹੁੰਚੇ ਜਿਥੇ ਓਹਨਾ ਨੇ ਰਸਤਾ ਜਾਮ ਕਰ ਕੇ ਰੋਸ ਪ੍ਰਦਰਸ਼ਨ ਕੀਤਾ। ਜਿਸਦੇ ਚਲਦਿਆਂ ਉੱਥੇ ਵੱਡਾ ਜਾਮ ਵੀ ਲਗਿਆ।










# ਲੋਕ ਤੇ ਮੁਲਾਜ਼ਮ-ਦੋਖੀ ਕਦਮਾਂ ਖਿਲਾਫ਼ ਹਰ ਸਮੇਂ ਲੋਕ ਤੇ ਮੁਲਾਜ਼ਮ-ਸੰਘਰਸ਼ ਉੱਠਦੇ ਰਹੇ ਹਨ



ਲੋਕ ਤੇ ਮੁਲਾਜ਼ਮ-ਦੋਖੀ ਕਦਮਾਂ ਖਿਲਾਫ਼ ਹਰ ਸਮੇਂ ਲੋਕ ਤੇ ਮੁਲਾਜ਼ਮ-ਸੰਘਰਸ਼ ਉੱਠਦੇ ਰਹੇ ਹਨ। ਲਗਾਤਾਰ ਚੱਲਦੇ ਰਹੇ ਲੋਕ ਤੇ ਮੁਲਾਜ਼ਮ ਸੰਘਰਸ਼ ਦਾ, ਬਿਜਲੀ ਕਾਨੂੰਨ- 2003 ਲਾਗੂ ਕਰਨ ਤੋਂ ਹਕੂਮਤ ਨੂੰ 7 ਸਾਲ ਰੋਕੀ ਰੱਖਣ ਦਾ ਰਿਕਾਰਡ ਹੈ। ਆਊਟ ਸੋਰਸਿੰਗ ਤੇ ਠੇਕਾ ਭਰਤੀ ਖਿਲਾਫ਼ ਵੀ ਸੰਘਰਸ਼ ਲੜੇ ਗਏ ਹਨ। ਰੈਗੂਲਰ ਭਰਤੀ ਲਈ ਬੇਰੁਜ਼ਗਾਰ ਲਾਈਨਮੈਨਾਂ ਦਾ ਘੋਲ ਹਾਕਮਾਂ ਦਾ ਆਰਾਮ, ਹਰਾਮ ਕਰਦਾ ਰਿਹਾ ਹੈ। ਮਹਿਕਮੇ ਦਾ ਕੰਮ ਕਰਦਿਆਂ ਹੋਈਆਂ ਦੁਰਘਟਨਾਵਾਂ ਵਿਚ ਵਿਛੜੇ ਮੁਲਾਜ਼ਮਾਂ ਦੇ ਵਾਰਿਸਾਂ ਵੱਲੋਂ ਰੈਗੂਲਰ ਭਰਤੀ ਲਈ ਸੰਘਰਸ਼ ਲੜਿਆ ਗਿਆ ਹੈ। ਰੈਗੂਲਰ ਮੁਲਾਜ਼ਮਾਂ ਦਾ ਸੇਵਾ ਸ਼ਰਤਾਂ ਵਿਚ ਤਬਦੀਲੀਆਂ ਖਿਲਾਫ਼ ਅਤੇ ਡਿਸਮਿਸਲਾਂ ਤੇ ਵਿਕਟੇਮਾਈਜੇਸ਼ਨਾਂ ਖਿਲਾਫ਼ ਮੁਲਾਜ਼ਮ ਧਰਨੇ, ਮੁਜ਼ਾਹਰੇ, ਕਾਲੇ ਝੰਡਿਆਂ ਦੇ ਵਿਖਾਵੇ ਤੇ ਹੜਤਾਲਾਂ ਦਾ ਸਿਲਸਿਲਾ ਲਗਾਤਾਰ ਚੱਲਦਾ ਰਿਹਾ ਹੈ।

ਅੱਜ ਵੀ ਇਸ ਹੱਲੇ ਖਿਲਾਫ਼ ਸੰਘਰਸ਼ਾਂ ਦੇ ਅਖਾੜੇ ਭਖੇ ਹੋਏ ਹਨ। ਸੰਘਰਸ਼ਾਂ ਦੇ ਇਸ ਪਿੜ ਅੰਦਰ ਸਰਕਾਰੀ ਥਰਮਲਾਂ ਦੇ ਠੇਕਾ ਕਾਮਿਆਂ ਦਾ ਬਠਿੰਡੇ ਲੱਗਿਆ ਪੱਕਾ ਮੋਰਚਾ, ਹਾਕਮਾਂ ਦੇ ਆਪੇ ਥੱਕ ਹਾਰ ਕੇ ਉਠ ਜਾਣਗੇ ਦੇ ਭਰਮ ਨੂੰ ਭੰਨਦਾ ਹੋਇਆ ਢਾਈ ਮਹੀਨੇ ਤੋਂ ਨਿਰੰਤਰਤਾ ਤੇ ਦ੍ਰਿੜਤਾ ਨਾਲ ਜੂਝਣ ਦੀਆਂ ਮਿਸਾਲੀ ਪਿਰਤਾਂ ਪਾ ਰਿਹਾ ਹੈ। ਬਿਜਲੀ ਮੁਲਾਜ਼ਮਾਂ ਦੀ ਹਰ ਜਥੇਬੰਦੀ ਸੰਘਰਸ਼ ਦੇ ਮੈਦਾਨ ਵਿਚ ਹੈ। ਕਈ ਕਈ ਜਥੇਬੰਦੀਆਂ ਨੇ ਰਲ ਕੇ ਸਾਂਝੇ ਥੜੇ ਵੀ ਬਣਾਏ ਹੋਏ ਹਨ। ਜਥੇਬੰਦ ਲੋਕ ਹਿੱਸਿਆਂ ਵੱਲੋਂ ਹਮਾਇਤ ਵੀ ਕੀਤੀ ਜਾ ਰਹੀ ਹੈ ਪਰ ਇਸ ਵੱਡੇ ਨੀਤੀ ਹੱਲੇ ਦੇ ਸਾਹਮਣੇ ਇਹ ਜਦੋਜਹਿਦ ਅਜੇ ਊਣੀ ਹੈ, ਇਸ ਹਮਲੇ ਨੂੰ ਠੱਲਣ ਦੇ ਮੇਚ ਦੀ ਨਹੀਂ ਹੈ। ਅਖੌਂਦੀ ਆਰਥਿਕ ਸੁਧਾਰ ਲਾਗੂ ਕਰਨ ਲਈ ਪੱਬਾਂ ਭਾਰ ਹੋਈਆਂ ਹਕੂਮਤਾਂ ਰਸਮੀ ਜਾਂ ਸੀਮਤ ਵਿਰੋਧ ਸਰਗਰਮੀ ਨੂੰ ਤਾਂ ਅਣਦੇਖਿਆਂ ਕਰਦੀਆਂ ਹਨ ਸਗੋਂ ਲੰਮੇ ਧਰਨਿਆਂ ਦਾ ਸੇਕ ਵੀ ਝੱਲ ਜਾਣ ਦਾ ਇਰਾਦਾ ਬਣਾਈ ਬੈਠੀਆਂ ਹਨ। ਇਸ ਹਾਲਤ ’ਚ ਅਜਿਹੇ ਨੀਤੀ ਫੈਸਲੇ ਵਾਪਸ ਕਰਵਾਉਣ ਲਈ ਨਾ ਸਿਰਫ਼ ਲਮਕਵੀਂ ਤੇ ਸਿਰੜੀ ਜਦੋਜਹਿਦ ਲੋੜੀਂਦੀ ਹੈ, ਵਿਸ਼ਾਲ ਜਨਤਕ ਲਾਮਬੰਦੀ ਲੋੜੀਂਦੀ ਹੈ ਸਗੋਂ ਹਕੂਮਤੀ ਰਾਜ ਮਸ਼ੀਨਰੀ ਲਈ ਵੱਡੀ ਸਿਰਦਰਦੀ ਖੜੀ ਕਰਨ ਵਾਲੇ ਤੇ ਉਹਨਾਂ ਤੋਂ ਭਾਰੀ ਸਿਆਸੀ ਕੀਮਤ ਵਸੂਲਣ ਵਾਲੇ ਵਿਸ਼ਾਲ ਖਾੜਕੂ ਘੋਲ ਲੋੜੀਂਦੇ ਹਨ। ਸਾਡੇ ਘੋਲ ਇਸ ਪੱਧਰ ਤੱਕ ਪਹੁੰਚਣੇ ਚਾਹੀਦੇ ਹਨ ਕਿ ਹਕੂਮਤ ਲਈ ਅਜਿਹੇ ਫੈਸਲੇ ਕਰਨਾ ਸਿਆਸੀ ਮਜਬੂਰੀ ਬਣ ਜਾਵੇ। ਸਾਡੀਆਂ ਜਦੋਜਹਿਦਾਂ ਨੂੰ ਹੇਸ ਪੱਧਰ ਤੱਕ ਲਿਜਾਣ ਲਈ ਹਕੂਮਤੀ ਜਬਰ ਨਾਲ ਮੱਥਾ ਲਾਉਣਾ, ਵਿਕਟੇਮਾਈਜੇਸ਼ਨਾਂ, ਕੇਸਾਂ, ਜੇਲ੍ਹਾਂ ਦਹ ਸਾਹਮਣਾ ਕਰਨ ਲਈ ਤਿਆਰ ਹੋਣ ਤੋਂ ਬਿਨਾਂ ਘੋਲ ਇਸ ਮਰਤਬੇ ਨੂੰ ਨਹੀਂ ਪਹੁੰਚਾਏ ਜਾ ਸਕਦੇ।

ਹਕੂਮਤੀ ਨੀਤੀ ਹਮਲਾ ਮੁਲਾਜ਼ਮ-ਮਜ਼ਦੂਰ ਜਨਤਾ ਦਾ ਜਿਹੋ ਜਿਹਾ ਜਵਾਬੀ ਹੁੰਗਾਰਾ ਮੰਗਦਾ ਹੈ, ਇਹ ਹੁੰਗਾਰਾ ਅਜੇ ਸੀਮਤ ਰਹਿ ਰਿਹਾ ਹੈ। ਮੁਲਾਜ਼ਮਾਂ ਦਾ ਹਰ ਤਬਕਾ ਉਦੋਂ ਹੀ ਹਰਕਤ ’ਚ ਆਉਂਦਾ ਹੈ ਜਦੋਂ ਜੇਬ ’ਚੋਂ ਕੁਝ ਖੁੱਸਦਾ ਜਾਪਦਾ ਹੈ, ਜਦ ਵੱਡੀ ਝੁਪੱਟ ਵੱਜ ਜਾਂਦੀ ਹੈ। ਜਦੋਂ ਇਹ ਝੁਪੱਟ ਮਾਰਨ ਦੀ ਤਿਆਰੀ ਕੀਤੀ ਜਾ ਰਹੀ ਹੁੰਦੀ ਹੈ, ਜਦੋਂ ਅਜਿਹੇ ਹਮਲਿਆਂ ਲਈ ਕਾਨੂੰਨ ਲਿਆਂਦੇ ਜਾ ਰਹੇ ਹੁੰਦੇ ਹਨ ਤਾਂ ਉਦੋਂ ਇਹ ਲੋਕਾਂ ਤੇ ਮੁਲਾਜ਼ਮਾਂ ਲਈ ਘੋਲ ਮੁੱਦਾ ਬਣਨੇ ਚਾਹੀਦੇ ਹਨ। ਪਰ ਜਦੋਂ ਹਮਲਾ ਹੋ ਜਾਂਦਾ ਹੈ ਉਦੋਂ ਵੀ ਉਹ ਫੌਰੀ ਕਦਮ ਹੀ ਸਾਡੇ ਰੋਹ ਦਾ ਨਿਸ਼ਾਨਾ ਬਣਦਾ ਹੈ। ਉਹਦੇ ਪਿਛਲੀ ਨੀਤੀ, ਜਿਹੜੇ ਉਸੇ ਸਮੇਂ ਹੋਰਨਾਂ ਵੰਨਗੀਆਂ/ਤਬਕਿਆਂ ਉੱਤੇ ਹਮਲੇ ਦੇ ਵੱਖ ਵੱਖ ਕਦਮਾਂ ਵਜੋਂ ਸਾਹਮਣੇ ਆ ਰਹੀ ਹੁੰਦੀ ਹੈ, ਸਾਡੇ ਰੋਹ ਦਾ ਨਿਸ਼ਾਨਾ ਨਹੀਂ ਬਣਦੀ। ਇਸ ਨੀਤੀ ਦਾ ਲੋਕ ਰੋਹ ਦਾ ਨਿਸ਼ਾਨੇ ’ਤੇ ਆਉਣਾ ਹੀ ਸਾਰੇ ਖਿੰਡੇ ਪਏ ਲੋਕ ਰੋਹ ਨੂੰ ਇੱਕਜੁੱਟ ਕਰਨ ਦਾ ਸਾਧਨ ਬਣਨਾ ਹੈ। ਇਸ ਲਈ ਨੀਤੀ-ਮੁੱਦੇ ਸਾਡੇ ਘੋਲਾਂ ਦੇ ਮੁੱਦੇ ਬਣਨ ਤੱਕ ਦਾ ਸਫ਼ਰ ਤਹਿ ਕਰਨ ਲਈ ਸਾਨੂੰ ਤਾਣ ਜੁਟਾਉਣ ਦੀ ਜਰੂਰਤ ਹੈ।

ਠੇਕਾ ਕਾਮਿਆਂ ਦੀਆਂ ਵੱਖ-ਵੱਖ ਵੰਨਗੀਆਂ ਦੇ ਇੱਕਜੁੱਟ ਹੋ ਜਾਣ ਨੇ ਪਿਛਲੇ ਵਰ੍ਹੇ ਬਾਦਲ ਹਕੂਮਤ ਨੂੰ ਵਾਹਣੀਂ ਪਾਇਆ ਸੀ। ਮੁਲਾਜ਼ਮਾਂ ਦੀਆਂ ਵਿਸ਼ਾਲ ਵੰਨਗੀਆਂ ਦੇ ਸਾਂਝੇ ਘੋਲਾਂ ਦੇ ਮਹੱਤਵ ਨੂੰ ਸਮਝਣ ਲਈ ਇਸ ਤਜਰਬੇ ਦੇ ਸਬਕ ਪੱਲੇ ਬੰਨ੍ਹਣ ਦੀ ਜਰੂਰਤ ਹੈ। ਵਿਸ਼ਾਲ ਏਕਤਾ ਉਸਾਰ ਕੇ ਕੀਤੇ ਇਸ ਸੰਘਰਸ਼ ਦਾ ਤਜਰਬਾ ਏਨਾ ਮੁੱਲਵਾਨ ਹੈ ਕਿ ਮੌਜੂਦਾ ਦੌਰ ’ਚ ਵੱਡੇ ਹਕੂਮਤੀ ਹੱਲਿਆਂ ਨੂੰ ਠੱਲਣ ਲਈ ਮੁਲਾਜ਼ਮ ਲਹਿਰ ਨੂੰ ਇਹਨਾਂ ਲੀਹਾਂ ’ਤੇ ਜਥੇਬੰਦ ਹੋਣ ਲਈ ਕੋਸ਼ਿਸ਼ਾਂ ਜੁਟਾਉਣ ਦੀ ਜਰੂਰਤ ਹੈ।

-ਵਰਗ ਚੇਤਨਾ ਮੰਚ ਵੱਲੋਂ ਜਾਰੀ ਹੱਥ ਪਰਚੇ ’ਚੋਂ

# ਫਾਂਸੀਵਾਦ ਤਾਕਤਾਂ ਲੈਨਿਨ ਦੇ ਬੁੱਤਾਂ ’ਤੇ ਹਮਲੇ ਕਰਕੇ ਇਨਕਲਾਬ ਮਿਟਾਉਣਾ ਚਾਹੁੰਦੀਆਂ : ਕਾਮਰੇਡ ਦਿਪਾਂਕਰ ਭੱਟਾਚਾਰੀਆ

## ਸੀਪੀਆਈ ਐਮਐਲ ਲਿਬਰੇਸ਼ਨ ਦਾ ਮਹਾਂਸੰਮੇਲਨ ਇਨਕਲਾਬੀ ਰੈਲੀ ਨਾਲ ਸ਼ੁਰੂ



ਮਾਨਸਾ : ਸੀਪੀਆਈ (ਐਮ ਐਲ) ਲਿਬਰੇਸ਼ਨ ਦਾ 10ਵਾਂ ਮਹਾਂਸੰਮੇਲਨ ਦੀ ਸ਼ੁਰੂਆਤ ਮੌਕੇ ਅੱਜ ਇੱਥੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਬੁੱਤ ਸਥਾਪਤ ਕੀਤੇ ਗਏ ਅਤੇ ਦੇਸ਼ ਵਿਦੇਸ਼ ਤੋਂ ਆਏ ਹਜ਼ਾਰਾਂ ਵਰਕਰਾਂ ਨੇ ਇਕ ਵੱਡੀ ਜਨਸਭਾ ਕੀਤੀ। ਕਾਂਸੀ ਦੇ ਬਣੇ ਬੁੱਤਾਂ ਨੂੰ ਸੀ ਪੀ ਆਈ (ਐਮ ਐਲ) ਲਿਬਰੇਸ਼ਨ ਦੇ ਜਨਰਲ ਸਕੱਤਰ ਕਾਮਰੇਡ ਦਿਪਾਂਕਰ ਭੱਟਾਚਾਰੀਆ, ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ. ਜਗਮੋਹਨ ਸਿੰਘ, ਨਾਟਕਕਾਰ ਸੇਮੁਅਲ ਜਾਨ, ਪ੍ਰੋ. ਬਾਵਾ ਸਿੰਘ, ਪ੍ਰੋ ਅਜੈਬ ਸਿੰਘ ਟਿਵਾਣਾ ਤੇ ਸਵਾਗਤੀ ਕਮੇਟੀ ਦੇ ਹੋਰਨਾਂ ਮੈਂਬਰਾਂ ਦੀ ਹਾਜ਼ਰੀ ’ਚ ਲੋਕ ਅਰਪਣ ਕੀਤਾ ਗਿਆ। ਬੁੱਤਾਂ ਦੀ ਸਥਾਪਤੀ ਤੋਂ ਬਾਅਦ ਇੱਥੋਂ ਦੀ ਪੁਰਾਣੀ ਦਾਣਾ ਮੰਡੀ ’ਚ ਇਨਕਲਾਬੀ ਰੈਲੀ ਕੀਤੀ ਗਈ ਜਿਸ ’ਚ ਲੋਕ ਦੇ ਇਕੱਠ ਅੱਗੇ ਰੈਲੀ ਲਈ ਤਿਆਰ ਕੀਤੀ ਥਾਂ ਵੀ ਥੋੜ੍ਹੀ ਪੈ ਗਈ।

ਇਸ ਮੌਕੇ ਹੋਏ ਇਨਕਲਾਬ ਰੈਲੀ ਨੂੰ ਸੰਬੋਧਨ ਕਰਦੇ ਹੋਏ ਕਾਮਰੇਡ ਦੀਪਾਂਕਰ ਭੱਟਾਚਾਰੀਆ ਨੇ ਕਿਹਾ ਕਿ ਅੱਜ ਜਦੋਂ ਫਾਂਸੀਵਾਦ ਤਾਕਤਾਂ ਲੈਨਿਨ ਦੇ ਬੁੱਤਾਂ ’ਤੇ ਹਮਲੇ ਕਰਕੇ ਇਨਕਲਾਬ ਨੂੰ ਮਿਟਾਉਣਾ ਚਾਹੁੰਦੀਆਂ ਹਨ ਤਾਂ ਉਸ ਦੌਰ ਵਿਚ ਪੰਜਾਬ ਵਿਚ ਮਜ਼ਦੂਰ, ਕਿਸਾਨ ਅਤੇ ਨੌਜਵਾਨ ਮਿਲਕੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀਆਂ ਮੂਰਤੀਆਂ ਲਗਾਕੇ ਉਨ੍ਹਾਂ ਦਾ ਜਵਾਬ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਅੱਜ ਦੇਸ਼ ਦੀ ਰਾਜਨੀਤੀ ਇਕ ਵੱਡੀ ਤਬਦੀਲੀ ਮੰਗ ਰਹੀ ਹੈ। ਦੇਸ਼ ਦੀ ਜਨਤਾ ਵੱਲੋਂ 2014 ਵਿਚ ਅਤੇ ਪੰਜਾਬ ਦੀ ਜਨਤਾ ਨੇ 2016 ਵਿਚ ਖੇਤੀ, ਰੁਜ਼ਗਾਰ ਅਤੇ ਜੀਵਿਕਾ ਦੇ ਸਾਧਨਾਂ ਨੂੰ ਬਚਾਉਣ ਦੇ ਜਨਾਦੇਸ਼ ਦਿੱਤੇ ਸਨ, ਪ੍ਰੰਤੂ ਉਨ੍ਹਾਂ ਜਨਾਦੇਸ਼ ਦੀ ਵਰਤੋਂ ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਉਣ ਅਤੇ ਦੇਸ਼ ਦੀ ਜਨਤਾ ਨੂੰ ਧਰਮ ਦੇ ਨਾਮ ਉਤੇ ਵੰਡਣ ਦੇ ਲਈ ਕੀਤਾ ਗਿਆ। ਉਨ੍ਹਾਂ ਕਿਹਾ ਕਿ ਜਨਤਾ ਨੂੰ ਜਿੱਥੇ ਆਪਣੇ ਹੱਕਾਂ ’ਤੇ ਹਮਲੇ ਦੇ ਖਿਲਾਫ਼ ਲੜਨਾ ਹੋਵੇਗਾ ਉਥੇ ਲੋਕ ਸਭਾ ਚੋਣਾਂ ’ਚ ਫਾਂਸੀਵਾਦ ਤਾਕਤਾਂ ਨੂੰ ਵੀ ਸੱਤਾ ਤੋਂ ਬਾਹਰ ਕਰਨਾ ਹੋਵੇਗਾ, ਉਨ੍ਹਾਂ ਜਨਤਾ ਦਾ ਭਾਰਤ ਬਣਾਉਣ ਦਾ ਨਾਅਰਾ ਦਿੱਤਾ। ਉਨ੍ਹਾਂ ਸੰਬੋਧਨ ਕਰਦੇ ਹੋਏ ਕਿਹ ਕਿ ਆਮ ਆਦਮੀ ਪਾਰਟੀ ਦੇ ਸੁਪਰੀਮ ਵੱਲੋਂ ਮਜੀਠੀਆ, ਗਡਕਰੀ ਤੋਂ ਮੁਆਫੀ ਮੰਗ ਲੈਣ ’ਤੇ ਟਿੱਪਣੀ ਕਰਦੇ ਹੋਏ ਕਿਹਾ ਕਿ ਅਸੀਂ ਨਸ਼ਿਆਂ, ਭ੍ਰਿਸ਼ਟਾਚਾਰ ਦੀ ਲੜਾਈ ਜਾਰੀ ਰੱਖਣੀ ਹੋਵੇਗੀ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਖੱਬੇ ਪੱਖੀਆਂ ਦੀ ਤਾਕਤ ਨੂੰ ਚੋਣਾਂ ਹਾਰ ਜਿੱਤ ਨਾਲ ਨਹੀਂ, ਸਗੋਂ ਹੱਥ ਵਿਚ ਲਾਲ ਝੰਡਾ ਲੈ ਕੇ ਲੱਖਾਂ ਦੀ ਗਿਣਤੀ ਵਿਚ ਅੰਦੋਲਨ ਵਿਚ ਉਤਰ ਰਹੇ ਕਿਸਾਨਾ ਅਤੇ ਮਜ਼ਦੂਰਾਂ ਦੇ ਸੰਘਰਸ਼ਾਂ ਵਿਚ ਦੇਖਣਾ ਚਾਹੀਦਾ।

ਪ੍ਰੋਫੈਸਰ ਜਗਮੋਹਨ ਸਿੰਘ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਫਾਂਸੀਵਾਦ ਤਾਕਤਾਂ ਦੇਸ਼ ਦੇ ਸੰਵਿਧਾਨ ਵਿਚੋਂ ਸਮਾਜਵਾਦ ਅਤੇ ਸੈਕੂਲਰਿਜਮ ਨੂੰ ਹਟਾਉਣਾ ਚਾਹੁੰਦੀਆਂ ਹਨ। ਉਨ੍ਹਾਂ ਸ਼ਹੀਦ ਬਾਬਾ ਜੀਵਨ ਸਿੰਘ ਪਾਰਕ ਵਿਚ ਆਜ਼ਾਦੀ ਦੇ ਸ਼ਹੀਦਾਂ ਦੀਆਂ ਮੂਰਤੀਆਂ ਨੂੰ ਮਹੱਤਵਪੂਰਨ ਦੱਸਿਆ। ਉਨ੍ਹਾਂ ਸੰਬੋਧਨ ਕਰਦੇ ਹੋਏ ਉਮੀਦ ਪ੍ਰਗਟਾਈ ਕਿ ਲਿਬਰੇਸ਼ਨ ਦਾ ਇਹ ਮਹਾਂਸੰਮੇਲਨ ਦੇਸ਼ ਦੀ ਜਨਤਾ ਦੇ ਸਾਹਮਣੇ ਨਵੀਂ ਉਮੀਦ ਅਤੇ ਨਵਾਂ ਜੋਸ ਲੈ ਕੇ ਆਵੇਗਾ।

ਇਨਕਲਾਬ ਰੈਲੀ ਨੂੰ ਹੋਰਨਾਂ ਤੋਂ ਇਲਾਵਾ ਆਲ ਇੰਡੀਆ ਕਿਸਾਨ ਮਹਾਂ ਸਭਾ ਦੇ ਜਨਰਲ ਸਕੱਤਰ ਕਾਮਰੇਡ ਰਾਜਾ ਰਾਮ ਸਿੰਘ, ਪੋਲਿਟ ਬਿਊਰੋ ਮੈਂਬਰ ਕਾਮਰੇਡ ਕਵਿਤਾ ਕ੍ਰਿਸ਼ਨਨ, ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ (ਆਇਸਾ) ਦੀ ਪ੍ਰਧਾਨ ਸੁਚੇਤਾ ਡੇ, ਮਜ਼ਦੂਰ ਮੁਕਤੀ ਮੋਰਚਾ ਦੇ ਭਗਵੰਤ ਸਿੰਘ ਸਮਾਓ, ਭਾਕਪਾ ਮਾਲੇ ਦੀ ਕੇਂਦਰੀ ਕਮੇਟੀ ਦੇ ਮੈਂਬਰ ਕਾਮਰੇਡ ਮੁਹੰਮਦ ਸਲੀਮ, ਕਾਮਰੇਡ ਰਾਜਵਿੰਦਰ ਰਾਣਾ, ਕਾਮਰੇਡ ਕੰਵਲਜੀਤ ਸਿੰਘ ਨੇ ਵੀ ਸੰਬੋਧਨ ਕੀਤਾ।













# ਰੱਬ ਦੀ ਹੋਂਦ ਬਾਰੇ ਕੀ ਸਨ ਸਟੀ.ਫਨ ਹੌਕਿੰਗ ਦੇ ਵਿਚਾਰ ?







ਭੌਤਿਕ ਵਿਗਿਆਨ ਦੇ ਸੰਸਾਰ ਪ੍ਰਸਿੱਧ ਵਿਗਿਆਨੀ ਸਟੀ.ਫਨ ਹੌਕਿੰਗ ਨੇ 76 ਸਾਲ ਦੀ ਉਮਰ ਵਿੱਚ ਅਲਵਿਦਾ ਕਹਿ ਦਿੱਤੀ ਹੈ।

ਉਨ੍ਹਾਂ ਨੇ ਵਿਗਿਆਨ ਦੇ ਖੇਤਰ ਵਿੱਚ ਆਪਣੇ ਕੰਮ ਸਦਕਾ ਕਰੋੜਾਂ ਨੌਜਵਾਨਾਂ ਨੂੰ ਵਿਗਿਆਨ ਪੜ੍ਹਨ ਲਈ ਪ੍ਰੇਰਿਤ ਕੀਤਾ।

ਹੌਕਿੰਗ ਨੇ ਵਿਗਿਆਨਕ ਨਜ਼ਰੀਏ ਤੋਂ ਹੀ ਰੱਬ, ਧਰਤੀ ਅਤੇ ਇਨਸਾਨਾਂ ਦੇ ਅੰਤ ਅਤੇ ਦੂਜੇ ਗ੍ਰਹਿ ਵਾਸੀਆਂ ਦੀ ਹੋਂਦ ਬਾਰੇ ਆਪਣੇ ਵਿਚਾਰ ਬੜੇ ਧੜੱਲੇ ਨਾਲ ਰੱਖੇ।

ਆਪਣੇ ਵਿਚਾਰਾਂ ਲਈ ਉਨ੍ਹਾਂ ਨੂੰ ਧਾਰਮਿਕ ਸੰਸਥਾਵਾਂ ਵੱਲੋਂ ਆਲੋਚਨਾ ਵੀ ਝੱਲਣੀ ਪਈ।

ਬ੍ਰਹਿਮੰਡ

ਸਟੀ.ਫਨ ਹੌਕਿੰਗ ਨੇ ਆਪਣੀ ਕਿਤਾਬ 'ਦਿ ਗ੍ਰੈਂਡ ਡਿਜ਼ਾਈਨ' ਵਿੱਚ ਰੱਬ ਦੀ ਹੋਂਦ ਨੂੰ ਸਿਰੇ ਤੋਂ ਰੱਦ ਕਰ ਦਿੱਤਾ ਸੀ।

ਰੱਬ ਬਾਰੇ ਕੀ ਸਨ ਵਿਗਿਆਨੀ ਦੇ ਵਿਚਾਰ ?

ਉਨ੍ਹਾਂ ਨੇ ਨਵੇਂ ਗ੍ਰਹਿ ਦੀ ਖੋਜ ਬਾਰੇ ਗੱਲ ਕਰਦਿਆਂ ਸਾਡੇ ਸੌਰ ਮੰਡਲ ਦੇ ਖਾਸ ਸਮੀਕਰਨ ਅਤੇ ਰੱਬ ਦੀ ਹੋਂਦ ਤੇ ਸਵਾਲ ਖੜ੍ਹੇ ਕੀਤੇ।

ਸਾਲ 1992 ਵਿੱਚ ਇੱਕ ਗ੍ਰਹਿ ਦੀ ਖੋਜ ਕੀਤੀ ਗਈ ਸੀ ਜਿਹੜਾ ਕਿਸੇ ਹੋਰ ਸੂਰਜ ਦੀ ਪਰਿਕਰਮਾਂ ਕਰ ਰਿਹਾ ਸੀ।

ਹੌਕਿੰਗ ਨੇ ਇਸੇ ਦੀ ਮਿਸਾਲ ਦਿੰਦੇ ਹੋਏ ਕਿਹਾ, ਇਹ ਖੋਜ ਦੱਸਦੀ ਹੈ ਕਿ ਸਾਡੇ ਸੌਰ ਮੰਡਲ ਦੇ ਬ੍ਰਹਿਮੰਡੀ ਸੰਯੋਗ– ਇੱਕ ਸੂਰਜ, ਧਰਤੀ ਅਤੇ ਸੂਰਜ ਦਰਮਿਆਨ ਢੁਕਵੀਂ ਦੂਰੀ ਅਤੇ ਸੋਲਰ ਮਾਸ, ਸਬੂਤ ਦੇ ਤੌਰ 'ਤੇ ਇਹ ਮੰਨਣ ਲਈ ਨਾਕਾਫ਼ੀ ਹਨ ਕਿ ਧਰਤੀ ਨੂੰ ਇੰਨੀ ਸਾਵਧਾਨੀ ਨਾਲ ਸਿਰਫ਼ ਇਨਸਾਨਾਂ ਨੂੰ ਖੁਸ਼ ਕਰਨ ਲਈ ਬਣਾਇਆ ਗਿਆ ਸੀ।"

ਸ੍ਰਿਸ਼ਟੀ ਦੇ ਨਿਰਮਾਣ ਲਈ ਉਨ੍ਹਾਂ ਗੁਰੂਤਾਕਰਸ਼ਣ ਨੂੰ ਸਿਹਰਾ ਦਿੱਤਾ।

ਹੌਕਿੰਗ ਕਹਿੰਦੇ ਹਨ, ਗੁਰੂਤਾਕਰਸ਼ਣ ਉਹ ਨਿਯਮ ਹੈ ਜਿਸ ਕਰਕੇ ਬ੍ਰਹਿਮੰਡ ਆਪਣੇ ਆਪ ਨੂੰ ਸਿਫ਼ਰ ਤੋਂ ਸ਼ੁਰੂ ਕਰ ਸਕਦਾ ਹੈ ਤੇ ਕਰੇਗਾ ਵੀ। ਇਹ ਅਚਾਨਕ ਹੋਣ ਵਾਲੀਆਂ ਘਟਨਾਵਾਂ ਹੀ ਸਾਡੀ ਹੋਂਦ ਲਈ ਜ਼ਿੰਮੇਵਾਰ ਹਨ। ਅਜਿਹੇ ਵਿੱਚ ਬ੍ਰਹਿਮੰਡ ਨੂੰ ਚਲਾਉਣ ਲਈ ਰੱਬ ਦੀ ਲੋੜ ਨਹੀਂ ਹੈ।"

ਹੌਕਿੰਗ ਨੂੰ ਇਸ ਬਿਆਨ ਲਈ ਈਸਾਈ ਧਰਮ ਗੁਰੂਆਂ ਵੱਲੋਂ ਵਿਰੋਧ ਦਾ ਸਾਹਮਣਾ ਕਰਨਾ ਪਿਆ।

ਦੂਜੇ ਗ੍ਰਹਿ ਵਾਸੀਆਂ ਬਾਰੇ ਕੀ ਵਿਚਾਰ ਸਨ ?

ਸਟੀ.ਫਨ ਹੌਕਿੰਗ ਨੇ ਦੁਨੀਆਂ ਦੇ ਸਾਹਮਣੇ ਬ੍ਰਹਿਮੰਡ ਵਿੱਚ ਦੂਜੇ ਗ੍ਰਹਿ ਵਾਸੀਆਂ ਦੀ ਹੋਂਦ ਬਾਰੇ ਸਖ਼ਤ ਚੇਤਾਵਨੀ ਦਿੱਤੀ ਸੀ।

ਹੌਕਿੰਗ ਨੇ ਆਪਣੇ ਲੈਕਚਰ ਲਾਈਫ਼ ਇਨ ਦਿ ਯੂਨੀਵਰਸ ਵਿੱਚ ਭਵਿੱਖ ਵਿੱਚ ਇਨਸਾਨਾਂ ਅਤੇ ਏਲੀਅਨਾਂ ਵਿਚਕਾਰ ਮੁਲਾਕਾਤ ਬਾਰੇ ਵੀ ਵਿਚਾਰ ਰੱਖੇ ਸਨ।

ਭੌਤਿਕ ਵਿਗਿਆਨ ਦੇ ਇਸ ਮਹਾਨ ਵਿਗਿਆਨੀ ਨੇ ਕਿਹਾ ਸੀ, "ਜੇ ਧਰਤੀ 'ਤੇ ਜੀਵਨ ਪੈਦਾ ਹੋਣ ਦਾ ਸਮਾਂ ਸਹੀ ਹੈ ਤਾਂ ਬ੍ਰਹਿਮੰਡ ਵਿੱਚ ਅਜਿਹੇ ਕਈ ਤਾਰੇ ਹੋਣੇ ਚਾਹੀਦੇ ਹਨ। ਜਿੱਥੇ ਜੀਵਨ ਹੋਵੇਗਾ। ਇਨ੍ਹਾਂ ਵਿੱਚੋਂ ਕਈ ਤਾਰਾ ਮੰਡਲ ਧਰਤੀ ਦੇ ਹੋਂਦ ਵਿੱਚ ਆਉਣ ਤੋਂ 5 ਕਰੋੜ ਸਾਲ ਪਹਿਲਾਂ ਪੈਦਾ ਹੋ ਚੁੱਕੇ ਹੋਣਗੇ।"

"ਅਜਿਹੇ ਵਿੱਚ ਗਲੈਕਸੀ ਵਿੱਚ ਮਸ਼ੀਨੀ ਅਤੇ ਜੈਵਿਕ ਜੀਵਨ ਦੇ ਸਬੂਤ ਤੈਰਦੇ ਹੋਏ ਕਿਉਂ ਨਹੀਂ ਦਿਖ ਰਹੇ ਹਨ। ਹੁਣ ਤੱਕ ਧਰਤੀ 'ਤੇ ਕੋਈ ਕਿਉਂ ਨਹੀਂ ਆਇਆ ਅਤੇ ਇਸ 'ਤੇ ਕਬਜ਼ਾ ਕਿਉਂ ਨਹੀਂ ਕੀਤਾ ਗਿਆ।

ਮੈਂ ਇਹ ਨਹੀਂ ਮੰਨਦਾ ਕਿ ਯੂਐਫਓ ਵਿੱਚ ਬਾਹਰੀ ਪੁਲਾੜ ਦੇ ਵਾਸ਼ਿੰਦੇ ਹੁੰਦੇ ਹਨ। ਮੇਰਾ ਮੰਨਣਾ ਹੈ ਕਿ ਦੂਜੇ ਗ੍ਰਹਿ ਵਾਸੀ ਧਰਤੀ 'ਤੇ ਆਉਣਗੇ ਖੁੱਲ੍ਹੇ ਰੂਪ ਵਿੱਚ ਆਉਣਗੇ ਤੇ ਇਹ ਇਨਸਾਨਾਂ ਲਈ ਵਧੀਆ ਨਹੀਂ ਹੋਵੇਗਾ।"

"ਬ੍ਰਹਿਮੰਡ ਵਿੱਚ ਜੀਵਨ ਲੱਭਣ ਲਈ ਸੇਤੀ ਨਾਮ ਦਾ ਇੱਕ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਸੀ। ਇਹ ਪ੍ਰੋਜੈਕਟ ਰੇਡੀਓ ਤਰੰਗਾਂ ਨੂੰ ਸਕੈਨ ਕਰਦਾ ਸੀ ਤਾਂ ਕਿ ਅਸੀਂ ਕਿਸੇ ਦੂਜੇ ਗ੍ਰਹਿ ਦੀ ਸਭਿਅਤਾ ਤੋਂ ਆ ਰਿਹਾ ਸੁਨੇਹਾ ਹਾਸਲ ਕਰ ਸਕੀਏ। ਮੈਨੂੰ ਲਗਦਾ ਹੈ ਕਿ ਇਸ ਪ੍ਰੋਜੈਕਟ ਨੂੰ ਅੱਗੇ ਵਧਾਇਆ ਜਾਣਾ ਚਾਹੀਦਾ ਸੀ। ਪੈਸੇ ਦੀ ਘਾਟ ਕਾਰਨ ਇਹ ਪ੍ਰੋਜੈਕਟ ਬੰਦ ਹੋ ਗਿਆ।"

"ਲੇਕਿਨ ਇਸ ਤਰਾਂ ਮਿਲੇ ਕਿਸੇ ਵੀ ਸੁਨੇਹੇ ਦਾ ਜੁਆਬ ਦਿੰਦੇ ਸਮੇਂ ਹੁਸ਼ਿਆਰ ਰਹਿਣਾ ਚਾਹੀਦਾ ਹੈ। ਸਾਨੂੰ ਥੋੜਾ ਹੋਰ ਵਿਕਸਿਤ ਹੋਣ ਦਾ ਇੰਤਿਜ਼ਾਰ ਕਰਨਾ ਚਾਹੀਦਾ ਹੈ।

ਸਾਡੇ ਵਰਤਮਾਨ ਸਰੂਪ ਵਿੱਚ ਕਿਸੇ ਆਧੁਨਿਕ ਸਭਿਅਤਾ ਨਾਲ ਸਾਡੀ ਮੁਲਾਕਾਤ ਅਮਰੀਕਾ ਦੇ ਅਸਲੀ ਬਾਸ਼ਿੰਦਿਆਂ ਰੈਡ ਇੰਡੀਅਨ ਦੀ ਕੋਲੰਬਸ ਨਾਲ ਮੁਲਾਕਾਤ ਵਰਗੀ ਹੋਵੇਗੀ।

ਮੈਨੂੰ ਨਹੀਂ ਲਗਦਾ ਕਿ ਰੈਡ ਇੰਡੀਅਨਾਂ ਨੂੰ ਕੋਲੰਬਸ ਨਾਲ ਮੁਲਾਕਾਤ ਕਰਕੇ ਕੋਈ ਲਾਭ ਹੋਇਆ ਸੀ।"

ਇਨਸਾਨਾਂ ਕੋਲ ਸਿਰਫ਼ 100 ਸਾਲ

ਸਟੀ.ਫਨ ਹੌਕਿੰਗ ਨੇ ਧਰਤੀ ਤੇ ਇਨਸਾਨੀਅਤ ਦੇ ਭਵਿੱਖ ਨੂੰ ਲੈ ਕੇ ਹੈਰਾਨੀਜਨਕ ਐਲਾਨ ਕੀਤਾ ਸੀ।

"ਸਟੀ.ਫਨ ਹੌਕਿੰਗ ਨੇ ਕਿਹਾ ਸੀ, ਮੇਰਾ ਵਿਸ਼ਵਾਸ਼ ਹੈ ਕਿ ਇਨਸਾਨਾਂ ਨੂੰ ਆਪਣੇ ਅੰਤ ਤੋਂ ਬਚਣ ਲਈ ਧਰਤੀ ਛੱਡ ਕੇ ਕੋਈ ਹੋਰ ਗ੍ਰਹਿ ਅਪਨਾਉਣਾ ਚਾਹੀਦਾ ਹੈ। ਇਨਸਾਨਾਂ ਨੂੰ ਆਪਣੀ ਹੋਂਦ ਬਚਾਉਣ ਲਈ ਅਗਲੇ 100 ਸਾਲਾਂ ਵਿੱਚ ਉਹ ਤਿਆਰੀ ਪੂਰੀ ਕਰਨੀ ਚਾਹੀਦੀ ਹੈ ਕਿ ਜਿਸ ਨਾਲ ਧਰਤੀ ਛੱਡੀ ਜਾ ਸਕੇ।"
















# ਮੈਨੂੰ ਮੌਤ ਤੋਂ ਕੋਈ ਡਰ ਨਹੀਂ ਲਗਦਾ, ਲੇਕਿਨ ਮੈਨੂੰ ਮਰਨ ਦੀ ਵੀ ਕੋਈ ਜਲਦੀ ਨਹੀਂ



"ਮੈਨੂੰ ਮੌਤ ਤੋਂ ਕੋਈ ਡਰ ਨਹੀਂ ਲਗਦਾ, ਲੇਕਿਨ ਮੈਨੂੰ ਮਰਨ ਦੀ ਵੀ ਕੋਈ ਜਲਦੀ ਨਹੀਂ। ਕਿਉਂਕਿ ਮਰਨ ਤੋਂ ਪਹਿਲਾਂ ਜ਼ਿੰਦਗੀ ਵਿੱਚ ਬਹੁਤ ਕੁਝ ਕਰਨਾ ਬਾਕੀ ਹੈ।"

ਇਹ ਕਹਿਣਾ ਸੀ ਮਹਾਨ ਵਿਗਿਆਨੀ ਸਟੀਫਿਨ ਹੋਕਿੰਗਦਾ, ਜੋ ਅੱਜ ਇਸ ਦੁਨੀਆਂ ਨੂੰ ਅਲਵਿਦਾ ਆਖ ਗਏ।

ਇਹਨਾਂ ਦੇ ਸਰੀਰ ਦਾ ਕੋਈ ਵੀ ਅੰਗ ਕੰਮ ਨਹੀਂ ਸੀ ਕਰਦਾ, ਇਹ ਚੱਲ ਨਹੀਂ ਸੀ ਸਕਦੇ, ਇਹ ਬੋਲ ਨਹੀਂ ਸੀ ਸਕਦੇ, ਇਹ ਕੁਝ ਕਰ ਨਹੀਂ ਸੀ ਸਕਦੇ। ਲੇਕਿੰਨ ਫਿਰ ਵੀ ਜਿਓਣਾ ਚਾਹੁੰਦੇ ਸੀ। ਸਟੀਫਿਨ ਦਾ ਕਹਿਣਾ ਸੀ ਕਿ ਮੌਤ ਤਾਂ ਨਿਸਚਿਤ ਹੈ, ਪਰ ਜਨਮ ਅਤੇ ਮੌਤ ਦੇ ਵਿਚਕਾਰ ਤੁਸੀਂ ਕਿਵੇਂ ਜਿਓਣਾ ਚਾਹੁੰਦੇ ਹੋ, ਉਹ ਤੁਹਾਡੇ 'ਤੇ ਨਿਰਭਰ ਕਰਦਾ ਹੈ। ਚਾਹੇ ਜ਼ਿੰਦਗੀ ਜਿੰਨੀ ਵੀ ਮਰਜ਼ੀ ਕਠਨ ਕਿਉਂ ਨਾ ਹੋਵੇ, ਤੁਸੀਂ ਕੁਝ ਨਾ ਕੁਝ ਕਰ ਸਕਦੇ ਹੋ ਅਤੇ ਸਫਲ ਹੋ ਸਕਦੇ ਹੋ।

ਸਟੀਫਿਨ ਦਾ ਜਨਮ 8 ਜਨਵਰੀ 1942 ਵਿੱਚ ਇੰਗਲੈਂਡ ਦੇ ਔਕਸਫੋਰਡ (Oxford) ਸ਼ਹਿਰ ਵਿੱਚ ਹੋਇਆ ਸੀ। ਜਦੋਂ ਸਟੀਫਿਨ ਦਾ ਜਨਮ ਹੋਇਆ ਤਾਂ ਉਸ ਸਮੇਂ ਦੂਸਰਾ ਵਿਸ਼ਵ ਯੁੱਧ ਚੱਲ ਰਿਹਾ ਸੀ। ਸਟੀਫਿਨ ਦੇ ਮਾਤਾ ਪਿਤਾ ਲੰਡਨ ਦੇ ਹਾਈਗੇਟ ਵਿੱਚ ਰਹਿੰਦੇ ਸੀ। ਜਿਥੇ ਅਕਸਰ ਬੰਬ-ਬਾਰੀ ਹੁੰਦੀ ਰਹਿੰਦੀ ਸੀ। ਜਿਸ ਕਾਰਨ ਸਟੀਫਿਨ ਦੇ ਮਾਤਾ, ਪਿਤਾ ਆਪਣੇ ਪੁੱਤਰ ਦੇ ਜਨਮ ਲਈ ਔਕਸਫੋਰਡ ਚਲੇ ਆਏ ਸੀ। ਜਿਥੇ ਸੁਰੱਖਿਅਤ ਰੂਪ ਵਿੱਚ ਸਟੀਫਿਨ ਦਾ ਜਨਮ ਹੋ ਸਕਿਆ। ਬਚਪਨ ਤੋਂ ਹੀ ਸਟੀਫਿਨ ਬਹੁਤ ਹੁਸ਼ਿਆਰ ਸੀ। ਸਟੀਫਿਨ ਦੇ ਪਿਤਾ ਡਾਕਟਰ ਅਤੇ ਮਾਂ ਘਰੇਲੂ ਔਰਤ (ਹਾਊਸ ਵਾਇਫ) ਸੀ। ਸਟੀਫਿਨ ਦੀ ਬੁੱਧੀਮਾਨਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਕਿ ਬਚਪਨ ਵਿੱਚ ਉਸ ਨੂੰ ਲੋਕ ਆਇਸਟਾਇਨ ਕਹਿ ਕਿ ਬਲਾਉਂਦੇ ਸਨ। ਸਟੀਫਿਨ ਨੂੰ ਗਣਿਤ ਵਿੱਚ ਬਹੁਤ ਦਿਲਚਸਪੀ ਸੀ। ਏਥੋਂ ਤੱਕ ਉਹਨਾਂ ਨੇ ਪੁਰਾਣੇ ਇਲੈਕਟ੍ਰੌਨਿਕ ਉਪਕਰਨਾ ਨਾਲ ਕੰਪਿਊਟਰ ਬਣਾ ਦਿੱਤਾ ਸੀ। 17 ਸਾਲ ਉਮਰ ਵਿੱਚ Oxford ਯੂਨੀ: ਵਿੱਚ ਦਾਖਲਾ ਲੈ ਲਿਆ। Oxford ਦੀ ਪੜ੍ਹਾਈ ਦੇ ਦੌਰਾਨ ਉਹਨਾਂ ਨੂੰ ਕੁਝ ਕੰਮ ਕਰਨ ਵਿੱਚ ਦਿੱਕਤ ਆਉਣ ਲੱਗੀ ਸੀ। ਇਕ ਵਾਰ ਸਟੀਫਿਨ ਛੁੱਟੀਆਂ ਮਨਾਉਣ ਲਈ ਆਪਣੇ ਘਰ ਆਏ ਹੋਏ ਸੀ ਤਾਂ ਪੌੜੀਆਂ ਤੋਂ ਡਿੱਗ ਪਏ ਅਤੇ ਬੇਹੋਸ਼ ਹੋ ਗਏ। ਸ਼ੁਰੂ ਵਿੱਚ ਤਾਂ ਸਭ ਨੇ ਕਮਜ਼ੋਰੀ ਕਾਰਨ ਡਿੱਗਿਆ ਸਮਝ ਲਿਆ ਸੀ ਤੇ ਜ਼ਿਆਦਾ ਧਿਆਨ ਨਹੀਂ ਸੀ ਦਿੱਤਾ। ਪਰ ਵਾਰ-ਵਾਰ ਇਸੇ ਤਰ੍ਹਾਂ ਅਲੱਗ-ਅੱਲਗ ਸਮੱਸਿਆਂਵਾ ਆਉਣ ਕਾਰਨ ਜਾਂਚ ਕਰਵਾਈ ਤਾਂ ਪਤਾ ਲੱਗਿਆ ਕਿ ਉਹਨਾਂ ਨੂੰ ਕਦੀ ਨਾ ਠੀਕ ਹੋਣ ਵਾਲੀ ਬਿਮਾਰੀ ਹੈ। ਜਿਸ ਦਾ ਨਾਮ "Neuron Motor Disease" ਸੀ। ਇਸ ਬਿਮਾਰੀ ਨੇ ਮਾਸਪੇਸ਼ੀਆਂ ਨੂੰ ਕੰਟਰੋਲ ਕਰਨ ਵਾਲੀਆਂ ਸਾਰੀਆਂ ਨਸਾਂ ਹੌਲੀ-ਹੌਲੀ ਬੰਦ ਦਿੰਦੀਆਂ ਹਨ, ਜਿਸ ਕਾਰਨ ਸਰੀਰ ਅਪੰਗ ਹੋ ਜਾਂਦਾ ਹੈ ਅਤੇ ਪੂਰੇ ਅੰਗ ਕੰਮ ਕਰਨਾ ਬੰਦਾ ਕਰ ਦਿੰਦੇ ਹਨ। ਡਾਕਟਰ ਦਾ ਕਹਿਣਾ ਸੀ ਕਿ ਸਟੀਫਿਨ ਹੁਣ ਸਿਰਫ 2 ਸਾਲ ਹੋਰ ਜਿਓਂ ਸਕਦਾ ਕਿਉਂਕਿ ਅਗਲੇ ਦੋ ਸਾਲਾਂ ਵਿੱਚ ਉਹਨਾਂ ਦਾ ਪੂਰਾ ਸਰੀਰ ਹੌਲੀ-ਹੌਲੀ ਕੰਮ ਕਰਨਾ ਬੰਦ ਕਰ ਦੇਵੇਗਾ। ਸਟੀਫਿਨ ਨੂੰ ਇਸ ਗੱਲ ਦਾ ਡੂੰਘਾ ਸਦਮਾ ਲੱਗਿਆ। ਉਹਨਾਂ ਨੇ ਕਿਹਾ ਮੈਂ ਏਦਾਂ ਨਹੀਂ ਮਰ ਸਕਦਾ, ਮੇਰਾ ਜੀਵਨ ਵਿੱਚ ਬਹੁਤ ਕੁਝ ਕਰਨਾ ਬਾਕੀ ਹੈ। ਸਟੀਫਿਨ ਨੇ ਆਪਣੀ ਬਿਮਾਰੀ ਨੂੰ ਭੁਲਾ ਕਿ ਤੁਰੰਤ ਆਪਣੇ ਵਿਗਿਆਨਕ ਜੀਵਨ ਦਾ ਸਫਰ ਸ਼ੁਰੂ ਕੀਤਾ 'ਤੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਵਿਗਿਆਨ ਨੂੰ ਸਮਰਪਿਤ ਕਰ ਦਿੱਤਾ। ਹੌਲੀ-ਹੌਲੀ ਉਹਨਾਂ ਦਾ ਨਾਮ ਪੂਰੀ ਦੁਨੀਆਂ ਤੇ ਫੈਲ ਗਿਆ। ਉਹਨਾਂ ਨੇ ਆਪਣੀ ਬਿਮਾਰੀ ਨੂੰ ਇਕ ਵਰਦਾਨ ਦੇ ਰੂਪ ਵਿੱਚ ਸਮਝ ਲਿਆ ਪਰ ਦੂਜੇ ਪਾਸੇ ਉਹਨਾਂ ਦਾ ਸਰੀਰ ਵੀ ਉਹਨਾਂ ਦਾ ਸਾਥ ਛੱਡਦਾ ਜਾ ਰਿਹਾ ਸੀ ਤੇ ਉਹਨਾਂ ਦਾ ਖੱਬਾ ਪਾਸਾ ਕੰਮ ਕਰਨਾ ਬੰਦ ਕਰ ਚੁੱਕਿਆ ਸੀ। ਬਿਮਾਰੀ ਵਧਣ ਕਾਰਨ ਉਹਨਾਂ ਨੂੰ ਵੀਲਚੇਅਰ ਦਾ ਸਹਾਰਾ ਲੈਣਾ ਪਿਆ। ਇਹਨਾਂ ਦਾ ਚੇਅਰ (ਕੁਰਸੀ) ਇਕ ਕੰਪਿਊਟਰ ਨਾਲ ਬਣੀ ਹੈ, ਜੋ ਉਹਨਾਂ ਦੇ ਸਿਰ, ਅੱਖਾਂ ਔਰ ਉਹਨਾਂ ਦੇ ਹੱਥਾਂ ਦੀ ਕੰਪਨ ਨਾਲ ਪਤਾ ਲਗਾ ਲੈਂਦੀ ਹੈ ਕਿ ਉਹ ਕੀ ਬੋਲਣਾ ਚਾਹੁੰਦੇ ਨੇ ਤੇ ਹੌਲੀ-ਹੌਲੀ ਸਟੀਫਿਨ ਦੇ ਪੂਰੇ ਸਰੀਰ ਨੇ ਕੰਮ ਕਰਨਾ ਬੰਦ ਕਰ ਦਿੱਤਾ ਸੀ। ਲੇਕਿਨ ਉਸ ਬਿਮਾਰੀ ਵਿੱਚ ਇਕ+ਪੁਆਇੰਟ ਵੀ ਸੀ ਕਿ ਉਸ ਬਿਮਾਰੀ ਕਾਰਨ ਸਟੀਫਿਨ ਸਿਰਫ ਸਰੀਰਕ ਰੂਪ ਵਿੱਚ ਅਪੰਗ ਹੋ ਰਹੇ ਸੀ ਨਾ ਕਿ ਮਾਨਸਿਕ ਰੂਪ ਵਿੱਚ। ਉਸ ਤੋਂ ਬਾਅਦ ਲੋਕ ਸਟੀਫਿਨ ਨੂੰ ਏਦਾਂ ਹੀ ਦੇਖ ਰਹੇ ਸੀ ਤੇ ਸਟੀਫਿਨ ਮੌਤ ਨੂੰ ਮਾਤ ਦੇ ਰਹੇ ਸਨ। ਉਹਨਾਂ ਨੇ ਬਲੈਕ ਹੋਰ ਦਾ ਕੋਨਸੈਪਟ ਅਤੇ ਸਟੀਫਿਨ ਰੇਟੀਏਸ਼ਨ ਦਾ ਮਹਾਨ ਵਿਚਾਰ ਦੁਨੀਆਂ ਨੂੰ ਦਿੱਤਾ। ਉਹਨਾਂ ਨੇ ਆਪਣੇ ਵਿਚਾਰਾਂ ਨੂੰ ਹੋਰ ਸਰਲ ਭਾਸ਼ਾ ਵਿੱਚ ਸਮਝਾਉਣ ਲਈ ਇਕ ਕਿਤਾਬ ਲਿਖੀ "A BRIEF HISTORY OF TIME" (ਸਮੇਂ ਦਾ ਸੰਖੇਪ ਇਤਿਹਾਸ)। ਇਸ ਨੇ ਦੁਨੀਆਂ ਭਰ ਦੇ ਵਿਗਿਆਨ ਵਿੱਚ ਤਹਿਲਕਾ ਮਚਾ ਦਿੱਤਾ। ਸਟੀਫਿਨ ਹਾਕਿੰਗ ਇਕ ਐਸਾ ਨਾਮ ਹੈ ਜਿਨ੍ਹਾਂ ਨੇ ਸਰੀਰਕ ਰੂਪ ਵਿੱਚ ਅਪੰਗ ਹੋਣ ਕਾਰਨ ਆਪਣੇ ਆਤਮ ਵਿਸ਼ਵਾਸ਼ ਦੇ ਬਲ 'ਤੇ ਵਿਸ਼ਵ ਦਾ ਸਭ ਤੋਂ ਅਨੋਖਾ ਵਿਗਿਆਨਕ ਬਣ ਕਿ ਦਿਖਾਇਆ ਹੈ। ਤਮਾਮ ਮਨੁੱਖਤਾ ਦੀ ਖਾਤਿਰ ਸਟੀਫਿਨ ਹੋਕਿੰਗ ਦਾ ਯੋਗਦਾਨ ਬਹੁਤ ਅਹਿਮ ਰਿਹਾ। ਦਿਲੋਂ ਸਲਾਮ ਹੈ ਇਸ ਮਹਾਂਮਾਨਵ ਨੂੰ! ਜਿੰਦਾਬਾਦ ਸਟੀਫਨ ਹਾਕਿੰਗ।

# ਲੋਕ ਚੇਤਨਾ ਮੰਚ, ਲਹਿਰਾਗਾਗਾ ਵੱਲੋਂ ਇਨਕਲਾਬੀ ਸਭਿਆਚਾਰਕ ਪ੍ਰੋਗਰਾਮ ਨਾਲ ਦਿੱਤੀ ਸ਼ਹੀਦਾਂ ਨੂੰ ਸਰਧਾਂਜਲੀ





ਲਹਿਰਾਗਾਗਾ : ਲੋਕ ਚੇਤਨਾ ਮੰਚ, ਲਹਿਰਾਗਾਗਾ ਵੱਲੋਂ ਸਥਾਨਕ ਪੁਰਾਣੀ ਦਾਨਾ ਮੰਡੀ ਵਿੱਚ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਯਾਦ ਵਿੱਚ ਇੱਕ ਵਿਸ਼ਾਲ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ। ਇਹ ਸੱਭਿਆਚਾਰਕ ਪ੍ਰੋਗਰਾਮ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀ ਇਨਕਲਾਬੀ ਵਿਚਾਰਧਾਰਾ ਨੂੰ ਬੁਲੰਦ ਕਰਨ ਅਤੇ ਦੇਸ਼ ਵਿੱਚ ਪੈਰ ਜਮਾ ਰਹੀ ਫਿਰਕੂ-ਫਾਸ਼ੀ, ਜਾਤੀਵਾਦੀ ਤੇ ਗੈਰ-ਜਮਹੂਰੀ ਵਿਚਾਰਧਾਰਾ ਤੇ ਸਿਆਸਤ ਦਾ ਪਰਦਾਫਾਸ਼ ਕਰਨ ਹਿੱਤ ਕਰਵਾਇਆ ਗਿਆ। ਪ੍ਰੋਗਰਾਮ ਜਮਹੂਰੀ ਹੱਕਾਂ ਦੀ ਲਹਿਰ ਦੇ ਨਿਧੜਕ ਜਰਨੈਲ ਮਰਹੂਮ ਹਰੀ ਸਿੰਘ ਤਰਕ ਨੂੰ ਸਮਰਪਿਤ ਕੀਤਾ ਗਿਆ ਅਤੇ ਲੋਕਾਂ ਨੂੰ ਅਪਣਾ ਸੁਨੇਹਾ ਦੇਣ ਵਿੱਚ ਬਾਖੂਬੀ ਕਾਮਯਾਬ ਰਿਹਾ। ਮਾਲਵਾ ਹੇਕ, ਲਹਿਰਾਗਾਗਾ ਵੱਲੋਂ ਡਾ. ਜਗਦੀਸ਼ ਪਾਪੜਾ ਦੀ ਰਹਿਨੁਮਾਈ ਹੇਠ ਸ਼ਹੀਦਾਂ ਦੀਆਂ ਵਾਰਾਂ ਤੇ ਇਨਕਲਾਬੀ ਗੀਤਾ ਨਾਲ ਸੱਭਿਆਚਾਰਕ ਪ੍ਰੋਗਰਾਮ ਦਾ ਆਗਾਜ਼ ਹੋਇਆ ਅਤੇ ਮੰਚ ਦੇ ਪ੍ਰਧਾਨ ਗਿਆਨ ਚੰਦ ਸ਼ਰਮਾ ਨੇ ਇਲਾਕੇ ਭਰ 'ਚੋਂ ਆਏ ਵੱਖ-ਵੱਖ ਜਥੇਬੰਦੀਆਂ ਦੇ ਵਰਕਰਾਂ ਤੇ ਲੋਕਾਂ ਨੂੰ ਜੀ ਆਇਆ ਆਖਦਿਆ ਮੰਚ ਵੱਲੋਂ ਪਿਛਲੇ ਲੰਮੇ ਅਰਸੇ ਤੋਂ ਲੋਕ ਹਿੱਤ ਲਈ ਕੀਤੀਆਂ ਸਰਗਰਮੀਆਂ ਦੀ ਚਰਚਾ ਕਰਦਿਆਂ ਲੋਕਾਂ ਤੇ ਖਾਸ ਕਰ ਨੌਜਵਾਨਾਂ ਨੂੰ ਮੰਚ ਨਾਲ ਸਹਿਯੋਗ ਕਰਨ ਦਾ ਸੱਦਾ ਦਿੱਤਾ। ਆਜ਼ਾਦ ਰੰਗਮੰਚ ਭੋਤਨਾ (ਬਰਨਾਲਾ) ਵੱਲੋਂ ਰਣਜੀਤ ਚੌਹਾਨ ਭੋਤਨਾ ਦੀ ਰਹਿਨੁਮਾਈ ਹੇਠ ਸ਼ਹੀਦ ਭਗਤ ਤੇ ਸਾਥੀਆਂ ਨੂੰ ਸਮਰਪਿਤ ਕੋਰੀਓਗ੍ਰਾਫੀ ਤੋਂ ਬਾਅਦ ਆਪਣੇ ਪ੍ਰਸਿੱਧ ਨਾਟਕ 'ਸੱਧਰਾਂ ਦੀ ਅਰਥੀ' ਪੇਸ਼ ਕਰਦਿਆਂ ਪੰਜਾਬ ਦੇ ਪਿੰਡਾਂ 'ਚ ਜਵਾਨੀ ਨਿਗਲ ਰਹੇ ਨਸ਼ਿਆਂ ਅਤੇ ਖੇਤ ਮਜ਼ਦੂਰਾਂ ਤੇ ਕਿਸਾਨਾਂ ਨੂੰ ਨਿਗਲ ਰਹੇ ਖੁਦਕਸ਼ੀਆਂ ਦੇ ਵਰਤਾਰੇ 'ਤੇ ਭਾਵਪੂਰਤ ਅੰਦਾਜ਼ ਵਿੱਚ ਭਰਵੀ ਚੋਟ ਮਾਰੀ।

ਇਸ ਮੌਕੇ ਮੰਚ ਵੱਲੋਂ ਮਰਹੂਮ ਹਰੀ ਸਿੰਘ ਤਰਕ ਯਾਦਗਾਰੀ ਸਨਮਾਨ ਨਾਲ ਸਨਮਾਨਿਤ ਕੀਤੇ ਗਏ ਤਰਕਸ਼ੀਲ ਲਹਿਰ ਦੇ ਉੱਘੇ ਮਾਸਟਰ ਰਾਜਿੰਦਰ ਭਦੌੜ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਜਿੱਥੇ ਵਹਿਮਾਂ-ਭਰਮਾਂ ਤੇ ਅੰਧ-ਵਿਸ਼ਵਾਸਾਂ ਤੋਂ ਖਹਿੜਾ ਛੁਡਾਉਣ ਦੀ ਅਪੀਲ ਕੀਤੀ, ਉਥੇ ਨਾਲ ਹੀ ਉਨ੍ਹਾਂ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਵੱਲੋਂ ਯੋਜਨਾਬੱਧ ਢੰਗ ਨਾਲ ਵਿੱਦਿਅਕ ਸੰਸਥਾਵਾਂ, ਇਤਿਹਾਸ ਖੋਜ ਸੰਸਥਾਵਾਂ ਤੇ ਸੱਭਿਆਚਾਰਕ ਸੰਸਥਾਵਾਂ ਵਿੱਚ ਆਰ. ਐਸ. ਐਸ. ਦੇ ਵਿਚਾਰਕਾਂ ਨੂੰ ਉਚਪਦਾਂ 'ਤੇ ਨਿਯੁਕਤ ਕਰਕੇ ਇਨ੍ਹਾਂ ਸੰਸਥਾਵਾਂ ਦਾ ਭਗਵਾਂਕਰਨ ਕਰਨ ਤੇ ਡੂੰਘੀ ਚਿੰਤਾ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ ਹਿਟਲਰ ਦੇ ਪ੍ਰਚਾਰ ਮੰਤਰੀ ਗੋਇਬਲਜ ਵਾਗ ਭਾਜਪਾ ਸਰਕਾਰ ਤੇ ਉਸਦੇ ਮੰਤਰੀਆਂ ਵੱਲੋਂ ਡਾਰਵਿਨ, ਨਿਊਟਨ, ਆਈਨਸਟਾਈਨ ਤੇ ਸਟੀਫਨ ਹਾਕਿੰਗ ਵਰਗੇ ਸੁਪ੍ਰਸਿੱਧ ਵਿਗਿਆਨੀਆਂ ਦੀਆਂ ਖੋਜਾਂ 'ਤੇ ਪੋਚਾ ਫੇਰ ਕੇ ਵੇਦਾਂ, ਉਪਨਿਸ਼ਦਾਂ ਤੇ ਹੋਰ ਹਿੰਦੂ ਧਰਮ ਗ੍ਰੰਥਾਂ ਦੀ ਜੈ ਜੈ ਕਾਰ ਕਰਕੇ ਦੇਸ਼ ਭਰ ਵਿੱਚ ਅੰਧਕਾਰ ਫੈਲਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਸਮੇਤ ਕੇਂਦਰੀ ਮੰਤਰੀਆਂ ਦੇ ਗੈਰ ਵਿਗਿਆਨਕ ਬਿਆਨਾਂ ਨਾਲ ਸਾਡੇ ਦੇਸ਼ ਦਾ ਨਾਂ ਦੁਨੀਆ ਭਰ ਵਿੱਚ ਬਦਨਾਮ ਹੋ ਰਿਹਾ ਹੈ । ਉਨ੍ਹਾਂ ਲੋਕਾਂ ਨੂੰ ਹਰ ਕਿਸਮ ਦੇ ਗੈਰ-ਵਿਗਿਆਨਕ, ਫਿਰਕੂ ਤੇ ਜਾਤੀਵਾਦੀ ਵਿਚਾਰਾਂ ਦਾ ਡਟਵਾਂ ਵਿਰੋਧ ਕਰਨ ਦਾ ਸੱਦਾ ਦਿੱਤਾ। ਪ੍ਰੋਗਰਾਮ ਵਿੱਚ ਸਰਕਾਰੀ ਹਾਈ ਸਕੂਲ ਚੋਟੀਆਂ ਦੀ ਤੀਰ ਅੰਦਾਜ਼ੀ ਦੇ ਏਸ਼ੀਆਈ ਮੁਕਾਬਲਿਆਂ ਲਈ ਚੁਣੀ ਗਈ ਵਿਦਿਆਰਥਣ ਬੇਅੰਤ ਕੌਰ ਨੂੰ ਵੀ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਦਾ ਮੰਚ ਸੰਭਾਲਣ ਮਾ. ਹਰਭਗਵਾਨ ਗੁਰਨੇ ਵੱਲੋਂ ਕੀਤਾ ਗਿਆ। ਇਸ ਮੌਕੇ ਨਾਮਦੇਵ ਭੁਟਾਲ ਕਲਾਂ, ਮਾ. ਰਘਬੀਰ ਭੁਟਾਲ, ਮਾ. ਜੀਵਨ ਰਾਮ ਚੋਟੀਆਂ, ਪੂਰਨ ਸਿੰਘ ਖਾਈ, ਰਾਮਚੰਦਰ ਸਿੰਘ ਖਾਈ, ਗੁਰਚਰਨ ਸਿੰਘ ਕੈਸ਼ੀਅਰ, ਰਣਜੀਤ ਲਹਿਰਾ, ਸਮਿੰਦਰ ਸਿੰਘ, ਹਰੀ ਸਿੰਘ ਅੜਕਵਾਸ, ਮਾ. ਸੁਖਦੇਵ ਸਿੰਘ, ਤਰਸੇਮ ਭੋਲੂ, ਜਗਜੀਤ ਭੁਟਾਲ, ਗੁਰਪਿਆਰ ਸਿੰਘ, ਬਲਦੇਵ ਨਿਮਰ, ਲਾਭ ਛਾਜਲਾ, ਜੋਰਾ ਸਿੰਘ ਗਾਗਾ ਰਣਦੀਪ ਸੰਗਤਪੁਰਾ ਆਦਿ ਮੰਚ ਦੇ ਮੈਂਬਰ ਤੇ ਅਹੁਦੇਦਾਰਾਂ ਤੋਂ ਇਲਾਵਾ ਭਰਾਤਰੀ ਜਥੇਬੰਦੀਆਂ ਦੇ ਬਲਵਿੰਦਰ ਜਲੂਰ, ਕਾ. ਸਤਵੰਤ ਖੰਡੇਬਾਦ, ਕਾ. ਭੀਮ ਸਿੰਘ ਆਲਮਪੁਰ, ਕਾ. ਸੋਹਣ ਸਿੰਘ ਸੁਨਾਮ, ਧਰਮਿੰਦਰ ਸਿੰਘ ਪਿਸ਼ੌਰ ਤੇ ਸ਼ੇਰ ਸਿੰਘ ਛਾਜਲੀ, ਅਮਰੀਕ ਗੁਰਨੇ ਆਦਿ ਆਗੂ ਹਾਜ਼ਰ ਰਹੇ। ਪ੍ਰੋਗਰਾਮ ਵਿੱਚ ਫਿਰੋਜ਼ਪੁਰ ਦੇ ਤੂੜੀ ਬਾਜ਼ਾਰ ਵਿੱਚ ਸਥਿੱਤ ਸ਼ਹੀਦ ਭਗਤ ਸਿੰਘ ਹੋਰਾਂ ਦੇ ਗੁਪਤ ਟਿਕਾਣੇ ਨੂੰ ਅਜਾਇਬ ਘਰ ਵਿਚ ਬਦਲ ਕੇ ਲੋਕਾਂ ਲਈ ਖੋਲਣ ਦੀ ਮੰਗ ਕਰਦਾ ਮਤਾ ਪਾਸ ਕੀਤਾ ਗਿਆ।

## ਹੈਲੋ ਬਰੈਂਪਟਨ ਵਸਨੀਕੋ ਜ਼ਰਾ ਧਿਆਨ ਦਿਉ !!

ਮੈਂ ਕਈ ਮਹੀਨਿਆਂ ਤੋਂ ਅਵਾਜ਼ ਦਿੰਦਾ ਆ ਰਿਹਾ ਹਾਂ ਕਿ ਬਰੈਂਪਟਨ ਨੂੰ ਦੋਵੇਂ ਆਉਣ-ਜਾਣ ਵਾਲੇ ਹਾਈਵੇ 427 ਅਤੇ 410 ਦੀ ਇਕ ਇਕ ਲੇਨ 'ਤੇ ਟੋਲ ਲੱਗਣ ਦਾ ਪ੍ਰੋਗਰਾਮ ਜਲਦੀ ਸ਼ੁਰੂ ਹੋਣ ਜਾ ਰਿਹਾ ਹੈ ਜਿਸ ਨਾਲ ਉਸ ਲੇਨ 'ਤੇ ਟ੍ਰੈਫਿਕ ਘੱਟ ਹੋਵੇਗਾ ਕਿਉਂਕਿ ਆਮ ਡਰਾਈਵਰਾਂ ਨੇ ਟੋਲ ਦੇਣ ਤੋਂ ਪਰਹੇਜ਼ ਕਰਨ ਕਰਕੇ ਛੇਤੀ ਜਾਣ ਵਾਲਿਆਂ ਨੂੰ ਵਾਧੂ ਖਰਚ ਨਾਲ ਜਲਦੀ ਜਾਣ ਦਾ ਮੌਕਾ ਮਿਲੇਗਾ। ਕਹਿੰਦੇ ਨੇ ਨਿਊ ਮਾਰਕੀਟ ਨੂੰ ਜਾਂਦੇ ਹਾਈਵੇ 404 'ਤੇ ਵੀ ਟੋਲ ਲੱਗਣ ਦੀ ਅਵਾਜ਼ ਉਠੀ ਸੀ ਪਰ ਇਲਾਕੇ ਦੇ ਐਮ. ਪੀ.ਪੀ. ਨੇ ਲੋਕਾਂ ਦੇ ਦਬਾਅ ਕਾਰਨ ਟੋਲ ਦੀ ਪਲੈਨਿੰਗ ਬਦਲਾ ਦਿੱਤੀ ਸੀ ਪਰ ਬਰੈਂਪਟਨ ਵਾਲੀ ਕੰਨਸਟਰਕਸ਼ਨ ਚਲ ਰਹੀ ਹੈ। ਇਥੋਂ ਦੇ ਸਾਰੇ ਸਿਆਸਤਦਾਨ ਪੰਜਾਬੀ ਹਨ ਅਤੇ ਬਹੁਗਿਣਤੀ ਵਸੋਂ ਵੀ ਪੰਜਾਬੀਆਂ ਦੀ ਹੈ। ਅਸੀਂ ਜਾਨਵਰਾਂ ਵਾਂਗ ਟੁੱਟ ਟੁੱਟ ਕੰਮ 'ਤੇ ਲੱਗੇ ਰਹਿੰਦੇ ਹਾਂ ਜਾਂ ਫਿਰ ਖਾਲਿਸਤਾਨ ਨੂੰ ਲੈ ਕੇ ਫੋਨਾਂ 'ਤੇ ਇਕ ਦੂਸਰੇ ਨੂੰ ਵੱਧ ਘੱਟ ਬੋਲੀ ਜਾਂਦੇ ਹਾਂ ਅਤੇ ਜਾਂ ਆਮ ਪਾਰਟੀ ਦੇ ਘੋੜੇ ਦੌੜਾਉਣ 'ਚ ਸਾਰੀ ਐਨਰਜੀ ਲਾਈ ਜਾ ਰਹੇ ਹਾਂ ਪਰ ਅਹਿਮ ਮਸਲਿਆਂ ਵੱਲ ਧਿਆਨ ਹੀ ਨਹੀਂ ਦਿੰਦੇ। ਮੈਂ ਸਾਡੇ ਐਮ. ਪੀ. ਮਾਨਯੋਗ ਰੂਬੀ ਸਹੋਤਾ ਨੂੰ ਪੁੱਛਿਆ ਸੀ ਕਿ ਤੁਹਾਡੀ ਫੈਡਰਲ ਸਰਕਾਰ ਨੇ ਬਿਲੀਅਨ ਡਾਲਰ ਉਨਟਾਰੀਓ ਦੇ ਟਰੈਫਿਕ ਨੂੰ ਬਿਹਤਰ ਬਣਾਉਣ ਲਈ ਦਿੱਤੇ ਹਨ ਜਿਸ ਤੋਂ ਟੋਰੰਟੋ ਵਾਲੇ ਬੜੇ ਖੁਸ਼ ਹਨ ਕਿ ਹੋਰ ਬੱਸਾਂ, ਸੜਕਾਂ, ਸਬਵੇਆਂ ਜਾਂ ਹਾਈਵੇ ਦੀ ਬੇਹਤਰੀ 'ਤੇ ਲਾਉਣਗੇ ਪਰ ਤੁਹਾਡੇ-ਸਾਡੇ ਬਰੈਂਪਟਨ ਦਾ ਹਿੱਸਾ ਕਿਥੇ ਲੱਗ ਰਿਹਾ ਹੈ ? ਕਿਉਂਕਿ ਦੋਵੇਂ ਹਾਈਵੇ ਦੀ ਇਕ-ਇਕ ਲੇਨ 'ਤੇ ਤਾਂ ਟੋਲ ਲੱਗਣ ਜਾ ਰਿਹਾ ਹੈ ਤਾਂ ਉਹ ਘਾਬਰ ਕੇ ਕਹਿਣ ਲੱਗੀ, ਤੁਹਾਨੂੰ ਕੌਣ ਕਹਿੰਦਾ ? ਤਾਂ ਮੈਂ ਹੱਸਦਿਆਂ ਕਿਹਾ ਕਿ ਹਾਈਵੇ 'ਤੇ ਲੱਗਦੇ ਬੋਰਡ ਕਹਿੰਦੇ ਹਨ। ਕੰਪਿਊਟਰ 'ਤੇ ਦੇਖ ਕੇ ਹੈਰਾਨ ਹੋ ਕੇ ਕਹਿਣ ਲੱਗੀ ਕਿ ਮੈਨੂੰ ਹੁਣ ਤੱਕ ਪਤਾ ਹੀ ਨਹੀਂ ਲੱਗਾ ਅਤੇ ਹੱਸ ਕੇ ਬੋਲੀ ਕਿ ਹੋਰ ਤਾਂ ਬਥੇਰੀਆਂ ਕਹਾਣੀਆਂ ਪਾਉਣ ਲੱਗ ਜਾਂਦੇ ਆ ਇਥੇ ਆ ਕੇ ਪਰ...। ਮੈਂ ਕਿਹਾ ਚਲ ਛੱਡ ਕੁੜੀਏ ਪਹਿਲੀਆਂ ਕਹਾਣੀਆਂ ਅਤੇ ਹੁਣ ਦੇ ਧਿਆਨ ਇੱਧਰ ਤਾਂ ਕਹਿਣ ਲੱਗੀ; ਅੰਕਲ ਮੈਨੂੰ ਪੂਰੀ ਆਸ ਹੈ ਟੋਲ ਨਹੀਂ ਲੱਗੇਗਾ। ਉਸ ਨੇ ਇਹ ਵੀ ਕਿਹਾ ਕਿ ਅਗਰ ਫੈਡਰਲ ਦੀ ਫੰਡਿੰਗ ਨਾ ਵੀ ਹੋਵੇ ਤਾਂ ਵੀ ਸਾਡੀ ਜ਼ਿੰਮੇਵਾਰੀ ਬਣਦੀ ਹੈ ਆਪਣੇ ਵੋਟਰਾਂ ਨੂੰ ਸੁਣਨਾ। ਪਰ ਬਰੈਂਪਟਨ ਦੇ ਉਹ ਵੀ ਐਮ. ਪੀ. ਪੀ. ਹਨ ਜਿਨ੍ਹਾਂ ਦੀ ਸਰਕਾਰ ਨੇ ਟੋਲ ਲਾਉਣ ਦਾ ਫੈਸਲਾ ਲਿਆ ਸੀ।

ਇਥੋਂ ਅੱਪਾਂ ਨੂੰ ਆਪੋ-ਆਪਣੇ ਫੈਡਰਲ, ਸੁਬਾਈ ਅਤੇ ਮਿਉਂਸਪਲ ਅਹੁਦੇਦਾਰਾਂ ਨੂੰ ਫੋਨ ਕਰਕੇ ਪੁੱਛਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਕੀ ਪੁਜੀਸ਼ਨ ਹੈ ਜਾਂ ਕੀ ਕਰ ਰਹੇ ਹਨ ਅਤੇ ਉਨ੍ਹਾਂ ਦੀ ਪੁਜੀਸ਼ਨ ਮੀਡੀਏ ਰਾਹੀਂ ਨਸ਼ਰ ਵੀ ਕਰਨੀ ਚਾਹੀਦੀ ਹੈ। ਇਹ ਮਸਲਾ ਕਿਸੇ ਇਕ ਐਮ. ਪੀ. ਜਾਂ ਐਮ. ਪੀ. ਪੀ. ਦਾ ਨਹੀਂ ਹੈ। ਸਾਰਿਆਂ ਨੂੰ ਕਹੋ ਕਿ ਖੁਸ਼ੀ, ਗ਼ਮੀ ਜਾਂ ਨਗਰ ਕੀਰਤਨਾਂ 'ਚ ਸ਼ਾਮਲ ਹੋਣ ਦੇ ਨਾਲ-ਨਾਲ ਇੱਧਰ ਵੀ ਦਰਸ਼ਨ ਪਾ ਦਿਉ ਜ਼ਰਾ। ਬਰੈਂਪਟਨ 'ਚੋਂ ਦੀ ਲੰਘਦਾ 407 ਤਾਂ ਪਹਿਲੋਂ ਹੀ ਮਾੜੇ ਬੰਦੇ ਦੀ ਪਹੁੰਚ ਤੋਂ ਬਾਹਰ ਹੈ। ਉਸ 'ਤੇ ਵੀ ਵਿਚਾਰ ਕਰਨ ਦੀ ਲੋੜ ਹੈ।

**ਕੁਲਦੀਪ (ਦੀਪ) ਬੋਪਾਰਾਏ**
647-571-2800



# ਇਰਾਕ 'ਚ ਕਿਵੇਂ ਹੋਈ 39 ਭਾਰਤੀਆਂ ਦੇ ਮਰਨ ਦੀ ਪੁਸ਼ਟੀ?



ਇਰਾਕ ਦੇ ਮੂਸਲ 'ਚ ਲਾਪਤਾ ਸਾਰੇ 39 ਭਾਰਤੀਆਂ ਦੇ ਮਾਰੇ ਜਾਣ ਦੀ ਪੁਸ਼ਟੀ ਹੋ ਗਈ ਹੈ। ਇਨ੍ਹਾਂ ਦੇ ਮਾਰੇ ਜਾਣ ਦੀ ਪੁਸ਼ਟੀ ਡੀ. ਐੱਨ.ਏ. ਟੈਸਟ ਤੋਂ ਬਾਅਦ ਕੀਤੀ ਗਈ ਹੈ। ਕੇਂਦਰੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਸੰਸਦ ਵਿੱਚ ਮੂਸਲ 'ਚ ਲਾਪਤਾ ਸਾਰੇ 39 ਭਾਰਤੀਆਂ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ ਹੈ।

ਮੰਗਲਵਾਰ ਨੂੰ ਰਾਜ ਸਭਾ 'ਚ ਦਿੱਤੇ ਬਿਆਨ ਵਿੱਚ ਸੁਸ਼ਮਾ ਸਵਰਾਜ ਨੇ ਕਿਹਾ ਕਿ ਪਿਛਲੇ ਤਿੰਨ ਸਾਲ ਤੋਂ ਇਨ੍ਹਾਂ ਦੀ ਤਲਾਸ਼ ਕੀਤੀ ਜਾ ਰਹੀ ਸੀ, ਪਰ ਸਰਕਾਰ ਕੋਲ ਕੋਈ ਪੱਕਾ ਸਬੂਤ ਨਾ ਹੋਣ ਕਾਰਨ ਪੁਸ਼ਟੀ ਨਹੀਂ ਕੀਤੀ ਜਾ ਰਹੀ ਸੀ।

ਸੁਸ਼ਮਾ ਸਵਰਾਜ ਨੇ ਕਿਹਾ ਕਿ 39 ਵਿੱਚੋਂ 38 ਜਣਿਆਂ ਦੀ ਪਛਾਣ ਹੋ ਚੁੱਕੀ ਹੈ। ਇਨ੍ਹਾਂ ਵਿੱਚੋਂ 31 ਪੰਜਾਬੀ, 4 ਹਿਮਾਚਲ ਪ੍ਰਦੇਸ਼ ਅਤੇ ਬਾਕੀ ਬਿਹਾਰ ਅਤੇ ਪੱਛਮੀ ਬੰਗਾਲ ਦੇ ਹਨ।

ਉਨ੍ਹਾਂ ਕਿਹਾ ਕਿ ਉਹ ਸਿਰਫ਼ ਐਲਾਨ ਤੱਕ ਹੀ ਸੀਮਤ ਨਹੀਂ ਰਹਿਣਗੇ ਬਲਕਿ ਵਿਦੇਸ਼ ਰਾਜ ਮੰਤਰੀ ਵੀਕੇ ਸਿੰਘ ਆਪ ਵਿਸ਼ੇਸ਼ ਜਹਾਜ਼ ਲੈ ਕੇ ਇਰਾਕ ਜਾਣਗੇ ਅਤੇ ਮਾਰਟੀਅਰ ਫਾਊਡੇਸ਼ਨ ਦੇ ਸਰਟੀਫਿਕੇਟ ਨਾਲ ਲਾਸ਼ਾਂ ਲੈ ਕੇ ਆਉਣਗੇ।

**ਕਿਵੇਂ ਹੋਈ ਭਾਲ ਸ਼ੁਰੂ**

ਸਾਲ 2014 ਦੇ ਜੂਨ ਮਹੀਨੇ ਵਿੱਚ ਇਰਾਕ ਵਿੱਚ 39 ਭਾਰਤੀਆਂ ਨੂੰ ਆਈ. ਐੱਸ. ਆਈ. ਐੱਸ. ਵਲੋਂ ਬੰਧਕ ਬਣਾਉਣ ਦੀ ਖ਼ਬਰ ਆਈ ਸੀ।

ਇਹ ਮੁੱਦਾ ਵਾਰ ਵਾਰ ਸੰਸਦ ਵਿੱਚ ਉੱਠਦਾ ਰਿਹਾ ਹੈ ਅਤੇ ਪੀੜਤ ਪਰਿਵਾਰਾਂ ਵੱਲੋਂ ਵੀ ਵਿਦੇਸ਼ ਮੰਤਰੀ ਕੋਲ ਚੁੱਕਿਆ ਜਾਂਦਾ ਰਿਹਾ ਹੈ।

ਆਖਰੀ ਵਾਰ 27 ਜੁਲਾਈ 2017 ਵਿੱਚ ਪ੍ਰਤਾਪ ਸਿੰਘ ਬਾਜਵਾ ਨੇ ਇਹ ਮੁੱਦਾ ਚੁੱਕਿਆ ਸੀ। ਉਦੋਂ ਸਰਕਾਰ ਨੇ ਕਿਹਾ ਸੀ ਕਿ ਜਦੋਂ ਤੱਕ ਸਬੂਤ ਨਹੀਂ ਮਿਲਦਾ ਉਦੋਂ ਤੱਕ ਮੌਤ ਦੀ ਪੁਸ਼ਟੀ ਨਹੀਂ ਹੋ ਸਕਦੀ।

**ਹਰਜੀਤ ਮਸੀਹ ਦੀ ਕਹਾਣੀ ਝੂਠੀ**

ਹਰਜੀਤ ਮਸੀਹ ਦੀ ਕਹਾਣੀ ਠੀਕ ਨਹੀਂ ਸੀ। ਵਿਦੇਸ਼ ਰਾਜ ਮੰਤਰੀ ਜਨਰਲ ਵੀ ਕੇ ਸਿੰਘ ਨੂੰ ਹਰਜੀਤ ਦੇ ਦਾਅਵੇ ਤੋਂ ਬਾਅਦ ਇਰਾਕ ਭੇਜਿਆ ਗਿਆ।

ਉਹ ਉਸ ਕੰਪਨੀ ਦੇ ਮਾਲਕ ਨੂੰ ਮਿਲੇ ਸੀ ਜਿਸ ਦੀ ਕੰਪਨੀ ਵਿੱਚ ਲਾਪਤਾ ਹੋਏ ਭਾਰਤੀ ਕੰਮ ਕਰਦੇ ਸਨ।

ਮੂਸਲ ਵਿੱਚ ਉਸ ਕੰਪਨੀ ਦੇ ਮਾਲਕ ਨੇ ਦੱਸਿਆ ਕਿ ਉਸ ਕੋਲ 40 ਭਾਰਤੀ ਅਤੇ ਕੁਝ ਬੰਗਲਾਦੇਸ਼ੀ ਕੰਮ ਕਰਦੇ ਸਨ।

ਜਦੋਂ ਆਈ.ਐੱਸ.ਆਈ.ਐੱਸ. ਨੇ ਮੂਸਲ ਉੱਤੇ ਕਬਜ਼ਾ ਕਰਨਾ ਸ਼ੁਰੂ ਕੀਤਾ ਤਾਂ ਉਨ੍ਹਾਂ ਸਾਰਿਆਂ ਨੂੰ ਸ਼ਹਿਰ ਛੱਡ ਕੇ ਜਾਣ ਲਈ ਕਿਹਾ।

ਕੰਪਨੀ ਮਾਲਕ ਮੁਤਾਬਕ ਬਾਕੀ ਸਾਰੇ ਚਲੇ ਗਏ ਪਰ ਭਾਰਤੀ ਨਹੀਂ ਗਏ। ਉਸ ਨੇ ਫਿਰ ਉਸ ਕੇਟਰਰ ਨੂੰ ਬੁਲਾਇਆ ਜੋ ਉਨ੍ਹਾਂ ਨੂੰ ਖਾਣਾ ਖੁਆ ਰਹੇ ਸੀ।

ਉਸ ਨੇ ਦੱਸਿਆ ਕਿ ਇੱਕ ਦਿਨ ਜਦੋਂ ਉਹ ਖਾਣਾ ਖਾਣ ਆ ਰਹੇ ਸਨ ਤਾਂ ਉਨ੍ਹਾਂ ਨੂੰ ਆਈ.ਐੱਸ.ਆਈ.ਐੱਸ. ਦੇ ਕਾਰਕੁੰਨਾਂ ਨੇ ਦੇਖ ਲਿਆ।

**ਕੇਟਰਰ ਨੇ ਖੋਲ੍ਹਿਆ ਭੇਤ**

ਉਨ੍ਹਾਂ ਨੇ ਪੁੱਛਿਆ ਕਿ ਉਹ ਕੌਣ ਲੋਕ ਹਨ। ਬੰਗਲਾਦੇਸ਼ੀਆਂ ਨੇ ਦੱਸਿਆ ਕਿ ਅਸੀਂ ਬੰਗਲਾਦੇਸ਼ੀ ਹਾਂ ਤੇ ਇਹ ਭਾਰਤੀ ਹਨ। ਆਈ. ਐੱਸ. ਆਈ. ਐੱਸ. ਕਾਰਕੁੰਨਾਂ ਨੇ ਕਿਹਾ ਕਿ ਇਹ ਇੱਥੇ ਨਹੀਂ ਰਹਿਣਗੇ, ਉਨ੍ਹਾਂ ਨੂੰ ਕੱਪੜਾ ਮਿੱਲ ਵਿੱਚ ਭੇਜ ਦਿੱਤਾ ਗਿਆ। ਕੱਪੜਾ ਫੈਕਟਰੀ ਵਿੱਚ ਬੰਗਲਾਦੇਸ਼ੀ ਤੇ ਭਾਰਤੀਆਂ ਨੂੰ ਅਲੱਗ-ਅਲੱਗ ਕਰ ਦਿੱਤਾ ਗਿਆ।

ਕੇਟਰਰ ਨੇ ਦੱਸਿਆ ਕਿ ਬੰਗਲਾਦੇਸ਼ੀਆਂ ਨੂੰ ਐਰਬਿਲ ਛੱਡਣ ਲਈ ਉਸ ਨੂੰ ਭੇਜਿਆ ਗਿਆ। ਉਹ ਵੈਨ ਵਿੱਚ ਬਿਠਾ ਕੇ ਬੰਗਲਾਦੇਸ਼ੀਆਂ ਨੂੰ ਐਰਬਿਲ ਲੈ ਗਿਆ। ਉਹੀ ਕੇਟਰਰ ਉਸੇ ਰਾਤ ਹਰਜੀਤ ਮਸੀਹ ਨੂੰ ਮੁਸਲਿਮ ਨਾਂ ਦੇ ਕੇ ਬੰਗਲਾਦੇਸ਼ੀਆਂ ਨਾਲ ਲੈ ਗਿਆ।

ਕੰਪਨੀ ਮਾਲਕ ਮੁਤਾਬਕ ਉਸ ਨੂੰ ਇੱਕ ਦਿਨ ਅਲੀ ਨਾਂ ਦੇ ਬੰਦੇ ਦਾ ਫੋਨ ਆਇਆ ਤੇ ਉਸਨੇ ਕਿਹਾ ਕਿ ਮੇਰੀ ਕੰਪਨੀ ਵਿੱਚ ਤਾਂ ਕੋਈ ਅਲੀ ਕੰਮ ਨਹੀਂ ਕਰਦਾ ਤਾਂ ਉਸ ਨੇ ਅੱਗੋਂ ਜਵਾਬ ਦਿੱਤਾ ਕਿ ਉਹ ਉਹੀ ਹੈ, ਜਿਸ ਨੂੰ ਬੰਗਲਾਦੇਸ਼ੀ ਮੁਸਲਮਾਨਾਂ ਨਾਲ ਉੱਥੋਂ ਕੱਢ ਲਿਆ ਗਿਆ ਹੈ।

ਕੇਟਰਰ ਦਾ ਦਾਅਵਾ ਹੈ ਕਿ ਉਹ ਹਰਜੀਤ ਨੂੰ ਅਲੀ ਬਣਾ ਕੇ ਬੰਗਲਾਦੇਸ਼ੀਆਂ ਨਾਲ ਐਰਬਿਲ ਛੱਡ ਕੇ ਆਇਆ ਸੀ।

ਸੁਸ਼ਮਾ ਸਵਰਾਜ ਮੁਤਾਬਕ, 'ਐਰਬਿਲ ਨਾਕੇ ਤੋਂ ਹੀ ਮਸੀਹ ਮੈਨੂੰ ਫੋਨ ਕੀਤਾ ਸੀ। ਮੈਂ ਪੁੱਛਿਆ ਕਿ ਉਹ ਉੱਥੋਂ ਕਿਸ ਤਰ੍ਹਾਂ ਆਇਆ। ਉਸ ਨੇ ਕਿਹਾ ਪਤਾ ਨਹੀਂ। ਬਾਅਦ ਵਿੱਚ ਉਸ ਨੇ ਫਾਇਰਿੰਗ ਵਾਲੀ ਕਹਾਣੀ ਘੜ ਲਈ।

**ਕਿਵੇਂ ਹੋਈ ਦੇਹਾਂ ਦੀ ਸ਼ਨਾਖ਼ਤ**

ਅਗਲੇ ਦਿਨ ਆਈ.ਐੱਸ.ਆਈ.ਐੱਸ. ਵਾਲਿਆਂ ਨੇ ਜਦੋਂ ਭਾਰਤੀਆਂ ਦੀ ਗਿਣਤੀ ਕੀਤੀ ਅਤੇ ਇੱਕ ਬੰਦਾ ਘੱਟ ਪਾਇਆ ਤਾਂ ਉਨ੍ਹਾਂ ਦੇ ਕਮਾਂਡਰ ਨੇ ਉਨ੍ਹਾਂ ਨੂੰ ਬਦੂਸ਼ ਲਿਜਾਉਣ ਦਾ ਹੁਕਮ ਦੇ ਦਿੱਤਾ। ਜਿੱਥੇ ਜੇਲ੍ਹ ਵੀ ਹੈ, ਕੰਪਨੀ ਮਾਲਕ ਨੂੰ ਅੱਗੇ ਦੀ ਜਾਣਕਾਰੀ ਨਹੀਂ ਸੀ।

ਇਸ ਤੋਂ ਬਾਅਦ ਵੀਕੇ ਸਿੰਘ ਭਾਰਤੀ ਰਾਜਦੂਤ ਤੇ ਇੱਕ ਇਰਾਕੀ ਅਧਿਕਾਰੀ ਨਾਲ ਬਦੂਸ਼ ਗਏ।

ਉੱਥੇ ਭਾਲ ਦੌਰਾਨ ਇੱਕ ਵਿਅਕਤੀ ਨੇ ਦੱਸਿਆ ਕਿ ਉੱਥੋਂ ਕਾਫ਼ੀ ਦੂਰ ਇੱਕ ਪਿੰਡ ਵਿੱਚ ਬਹੁਤ ਲੋਕਾਂ ਦੀ ਸਮੂਹਿਕ ਕਬਰ ਬਣਾਈ ਗਈ ਹੈ। ਉਹ ਪਹਾੜੀ ਉੱਤੇ ਗਏ ਤਾਂ ਉੱਪਰੋਂ ਕੁਝ ਦਿਖਦਾ ਨਹੀਂ ਸੀ।

**ਡੀ.ਐੱਨ.ਏ. ਟੈਸਟ ਤੋਂ ਹੋਈ ਤਸੱਲੀ**

ਵੀਕੇ ਸਿੰਘ ਨੇ ਡੂੰਘਾਈ 'ਚ ਜਾ ਕੇ ਭਾਲ ਸਕਣ ਵਾਲੇ ਰਡਾਰ ਦੀ ਮੰਗ ਕੀਤੀ। ਜਿਸ ਨਾਲ ਦੇਖਣ ਉੱਤੇ ਪਤਾ ਲੱਗਿਆ ਕਿ ਥੱਲੇ ਲਾਸ਼ਾਂ ਪਈਆਂ ਹਨ। ਉਸ ਟਿੱਬੇ ਨੂੰ ਪੁੱਟਿਆ ਗਿਆ ਅਤੇ ਦੇਹਾਂ ਕਢਵਾਈਆਂ ਗਈਆਂ। ਉੱਥੋਂ ਲੰਬੇ ਵਾਲ ਅਤੇ ਕੜਾ ਮਿਲਿਆ ਤਾਂ ਪਤਾ ਲੱਗਿਆ ਕਿ ਇਹ ਭਾਰਤੀ ਸਨ। ਇਸ ਦੇ ਨਾਲ ਕੁਝ ਆਈਡੀ ਕਾਰਡ ਅਤੇ ਗੈਰ ਇਰਾਕੀ ਜੁੱਤੀਆਂ ਵੀ ਮਿਲੀਆਂ। ਉਨ੍ਹਾਂ ਸਾਰੀਆਂ ਦੇਹਾਂ ਨੂੰ ਬਗਦਾਦ ਲਿਜਾਇਆ ਗਿਆ। ਮਾਰਟੀਅਰ ਸੰਸਥਾ ਨੇ ਉਨ੍ਹਾਂ ਦਾ ਡੀ.ਐੱਨ.ਏ. ਟੈਸਟ ਕੀਤਾ। ਸਭ ਤੋਂ ਪਹਿਲਾਂ ਡੀ.ਐੱਨ.ਏ. ਟੈਸਟ ਸੰਦੀਪ ਦਾ ਮੈਚ ਹੋਇਆ। ਇਨ੍ਹਾਂ ਵਿੱਚੋਂ 38 ਦੇ ਡੀ.ਐੱਨ.ਏ. ਮੈਚ ਕਰ ਗਏ ਹਨ। ਇੱਕ ਬੰਦੇ ਦਾ ਡੀ.ਐੱਨ.ਏ. 70 ਫੀਸਦੀ ਹੋ ਚੁੱਕਿਆ ਹੈ।

# ਦੇਸ਼ ਭਗਤਾਂ ਨੇ ਵਿਚਾਰ-ਚਰਚਾ 'ਚ ਦਿੱਤਾ ਸੱਦਾ ਲੋਕ-ਮੁਕਤੀ ਲਈ ਲੋਕ-ਸੰਗਰਾਮ ਜ਼ਰੂਰੀ ਹੈ



ਜਲੰਧਰ: 27 ਫਰਵਰੀ 1926 ਨੂੰ ਸ਼ਹੀਦ ਹੋਏ ਬੱਬਰ ਅਕਾਲੀ ਲਹਿਰ ਦੇ ਸੰਗਰਾਮੀਆਂ ਜਥੇਦਾਰ ਕਿਸ਼ਨ ਸਿੰਘ ਗੜਗੱਜ (ਵੜਿੰਗ, ਜਲੰਧਰ), ਕਰਮ ਸਿੰਘ (ਮਾਣਕੋ, ਜਲੰਧਰ), ਨੰਦ ਸਿੰਘ (ਘੁੜਿਆਲ, ਜਲੰਧਰ), ਬਾਬੂ ਸੰਤਾ ਸਿੰਘ (ਛੋਟੀ ਹਰਿਓਂ, ਲੁਧਿਆਣਾ), ਦਲੀਪ ਸਿੰਘ (ਧਾਮੀਆਂ, ਹੁਸ਼ਿਆਰਪੁਰ), ਧਰਮ ਸਿੰਘ (ਹਯਾਤਪੁਰ ਰੁੜਕੀ, ਹੁਸ਼ਿਆਰਪੁਰ), ਏਸੇ ਤਰ੍ਹਾਂ ਹੀ 27 ਫਰਵਰੀ 1927 ਨੂੰ ਫਾਂਸੀ ਲਗਾਏ ਗਏ ਬੱਬਰ ਅਕਾਲੀ ਲਹਿਰ ਦੇ ਨਿੱਕਾ ਸਿੰਘ (ਗਿੱਲ, ਲੁਧਿਆਣਾ), ਬੱਬਰ ਮੁਕੰਦ ਸਿੰਘ (ਜਵੱਦੀ), ਬੱਬਰ ਬੰਤਾ ਸਿੰਘ (ਗੁਰੂਸਰ), ਬੱਬਰ ਸੁੰਦਰ ਸਿੰਘ (ਲੋਹਕੇ), ਬੱਬਰ ਗੁੱਜਰ ਸਿੰਘ ਗਰੇਵਾਲ (ਢੈਪਈ), ਨਿੱਕਾ ਸਿੰਘ (ਆਲੋਵਾਲ) ਅਤੇ 27 ਫਰਵਰੀ 1931 ਨੂੰ ਅਲਾਹਾਬਾਦ ਵਿਖੇ ਪੁਲਸ ਮੁਕਾਬਲੇ 'ਚ ਸ਼ਹੀਦ ਹੋਏ ਚੰਦਰ ਸ਼ੇਖਰ ਆਜ਼ਾਦ ਦੀ ਯਾਦ 'ਚ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ 'ਅਜੋਕੇ ਪ੍ਰਸੰਗ 'ਚ ਬੱਬਰ ਅਕਾਲੀ ਲਹਿਰ' ਵਿਸ਼ੇ ਉਪਰ ਗੰਭੀਰ ਵਿਚਾਰ-ਚਰਚਾ ਕੀਤੀ ਗਈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ, ਮੀਤ ਪ੍ਰਧਾਨ ਅਜਮੇਰ ਸਿੰਘ ਅਤੇ ਕਮੇਟੀ ਮੈਂਬਰ ਸੁਰਿੰਦਰ ਸਿੰਘ ਜਲਾਲਦੀਵਾਲ ਦੀ ਪ੍ਰਧਾਨਗੀ ਹੇਠ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਅੰਦਰ ਬਣੇ ਸ਼ਹੀਦ ਵਿਸ਼ਨੂੰ ਗਣੇਸ ਪਿੰਗਲੇ ਹਾਲ 'ਚ ਹੋਈ ਵਿਚਾਰ-ਚਰਚਾ ਦਾ ਆਗਾਜ਼ ਪੂਰੇ ਪੰਡਾਲ ਵੱਲੋਂ ਖੜ੍ਹੇ ਹੋ ਕੇ ਅਮਰ ਸ਼ਹੀਦਾਂ ਨੂੰ ਨਤਮਸਤਕ ਹੋਣ ਨਾਲ ਹੋਇਆ।

ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਦੱਸਿਆ ਕਿ ਵਿਚਾਰ-ਚਰਚਾ ਦਾ ਮਕਸਦ ਅਜੋਕੇ ਸਮੇਂ ਆਰਥਕ, ਰਾਜਨੀਤਕ ਸਮਾਜਕ ਅਤੇ ਸਭਿਆਚਾਰਕ ਮੰਚ ਤੇ ਭਖ਼ੇ ਸੁਆਲਾਂ ਸਮੇਂ ਬੱਬਰ ਗਾਥਾ ਦੇ ਇਤਿਹਾਸ ਦੇ ਮਹੱਤਵ ਬਾਰੇ ਰੌਸ਼ਨੀ ਪਾਉਣਾ ਹੈ।

ਸਮਾਗਮ ਦੇ ਪਹਿਲੇ ਬੁਲਾਰੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਚਰੰਜੀ ਲਾਲ ਕੰਗਣੀਵਾਲ ਨੇ ਬੱਬਰ ਸ਼ਹੀਦਾਂ ਵੱਲੋਂ ਤਨ, ਮਨ, ਧਨ ਕੁਰਬਾਨ ਕਰਨ ਦੀਆਂ ਅਮਿੱਟ ਮਿਸਾਲਾਂ ਪੇਸ਼ ਕਰਨ ਦੇ ਗੌਰਵਮਈ ਇਤਿਹਾਸ ਦੇ ਅਣਛੋਹੇ ਵਰਕੇ ਸਾਹਮਣੇ ਲਿਆਂਦੇ। ਉਹਨਾਂ ਨੇ ਇਤਿਹਾਸ ਦੇ ਅਮੁੱਲੇ ਸਬਕਾਂ ਨੂੰ ਅਪਨਾਉਣ 'ਤੇ ਜ਼ੋਰ ਦਿੱਤਾ।

ਉਹਨਾਂ ਨੇ ਸ਼ਹੀਦ ਭਗਤ ਸਿੰਘ ਦੇ ਲੇਖਾਂ 'ਹੋਲੀ ਵਾਲੇ ਦਿਨ ਖ਼ੂਨ ਦੇ ਛਿੱਟੇ' ਅਤੇ 'ਅਛੂਤ ਦਾ ਸੁਆਲ' ਨਾਲ ਜੋੜਕੇ, ਜੀਵਨ ਸਫ਼ਰ 'ਚ ਹੰਢਾਏ ਤਜ਼ੱਰਬੇ ਸਾਂਝੇ ਕਰਦਿਆਂ ਕੰਗਣੀਵਾਲ ਨੇ ਵਿਸ਼ੇਸ਼ ਧਿਆਨ ਖਿੱਚਿਆ ਕਿ ਅਜੋਕੀ ਇਨਕਲਾਬੀ ਲਹਿਰ, ਫੈਸਲਾਕੁੰਨ ਪੁਲਾਂਘਾਂ ਫੇਰ ਹੀ ਪੁੱਟੇਗੀ, ਜੇ ਇਹ ਸਮਾਜ ਨੂੰ ਡੰਗ ਮਾਰ ਰਹੇ ਜਾਤ-ਪਾਤੀ ਨਾਗ ਦੇ ਖਿਲਾਫ਼ ਧੜੱਲੇ ਨਾਲ ਮੈਦਾਨ 'ਚ ਆਏਗੀ।

ਸਮਾਗਮ ਦੇ ਦੂਜੇ ਬੁਲਾਰੇ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਜੋਆਇੰਟ ਸਕੱਤਰ ਡਾ. ਪਰਮਿੰਦਰ ਸਿੰਘ ਨੇ ਕਿਹਾ ਕਿ ਬੱਬਰ ਅਕਾਲੀ ਦੇਸ਼ ਭਗਤਾਂ ਨੇ ਜਿਸ ਆਜ਼ਾਦੀ, ਸਾਂਝੀਵਾਲਤਾ ਅਤੇ ਜਮਹੂਰੀਅਤ ਦਾ ਨਿਜ਼ਾਮ ਸਿਰਜਣਾ ਸੀ, ਉਹ ਕਾਰਜ਼ ਪੂਰਾ ਫੇਰ ਹੀ ਹੋਣਾ ਸੀ ਜੇ ਜਾਗੀਰੂ ਪ੍ਰਬੰਧ ਨੂੰ ਮੂਲੋਂ ਬਦਲਕੇ ਨਵੇਂ ਰਿਸ਼ਤਿਆਂ ਤੇ ਅਧਾਰਤ ਧਨ ਅਤੇ ਧਰਤੀ ਦੀ ਸਮਾਜ ਅੰਦਰ ਨਵੇਂ ਸਮਾਜ ਦੀ ਸਿਰਜਣਾ ਲਈ ਇਨਕਲਾਬੀ ਤਬਦੀਲੀ ਕੀਤੀ ਜਾਂਦੀ। ਉਹਨਾਂ ਕਿਹਾ ਕਿ ਖੇਤੀ ਨਿਰਭਰ ਸਾਡਾ ਮੁਲਕ ਨਵੀਂ ਆਜ਼ਾਦੀ ਅਤੇ ਨਵੀਂ ਕਰਾਂਤੀ ਦੇ ਮਾਰਗ ਵੱਲ ਤੁਰਨ ਲਈ ਸੈਨਤਾਂ ਕਰ ਰਿਹਾ ਹੈ, ਇਹੋ ਹੀ ਲੋਕ-ਮੁਕਤੀ ਵੱਲ ਜਾਂਦਾ ਮਾਰਗ ਹੈ।

ਉਹਨਾਂ ਕਿਹਾ ਕਿ ਬੁਨਿਆਦੀ ਤਬਦੀਲੀ ਨਾ ਆਉਣ ਕਾਰਨ ਹੀ ਕਿਰਤੀ-ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ। ਉਹਨਾਂ ਕਿਹਾ ਕਿ ਸਮੇਂ ਦੀ ਸਭ ਤੋਂ ਵੱਧ ਮਹੱਤਵਪੂਰਨ ਅਤੇ ਤਿੱਖੀ ਮੰਗ ਇਹ ਹੈ ਕਿ ਮਜ਼ਦੂਰ, ਕਿਸਾਨ, ਮੁਲਾਜ਼ਮ, ਵਿਦਿਆਰਥੀ ਨੌਜਵਾਨ, ਜਮਹੂਰੀਅਤ ਪਸੰਦ ਅਤੇ ਬੁੱਧੀਜੀਵੀ ਵਰਗ ਨੂੰ ਇਕਜੁੱਟ ਹੋ ਕੇ ਇਸ ਵਿਵਸਥਾ ਨੂੰ ਬਦਲਣ ਲਈ ਬੱਬਰਾਂ ਦੀ ਕ੍ਰਾਂਤੀਕਾਰੀ ਵਿਰਾਸਤ ਤੋਂ ਅੱਗੇ ਵਧਣ ਲਈ ਆਪਣੇ ਨਵੇਂ ਰਾਹ ਆਪ ਘੜਨ ਲਈ ਅੱਗੇ ਆਉਣਾ ਹੈ। ਉਹਨਾਂ ਸੁਝਾਅ ਦਿੱਤਾ ਕਿ ਫਾਸ਼ੀਵਾਦੀ ਮਾਹੌਲ ਨੂੰ ਭਾਂਜ ਦੇਣ ਲਈ ਜਮਾਤੀ ਸੰਗਰਾਮ ਹੀ ਕਾਰਗਰ ਹਥਿਆਰ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਤੇ ਸਮਾਗਮ ਦੇ ਮੰਚ ਸੰਚਾਲਕ ਅਮੋਲਕ ਸਿੰਘ ਨੇ ਦੇਸ਼ ਭਗਤ ਯਾਦਗਾਰ ਕਮੇਟੀ ਤਰਫ਼ੋਂ ਪੇਸ਼ ਮਤੇ ਨੂੰ ਪੰਡਾਲ ਨੇ ਹੱਥ ਖੜ੍ਹੇ ਕਰਕੇ ਪਾਸ ਕਰਦਿਆਂ ਮੰਗ ਕੀਤੀ ਕਿ ਸੀਰੀਆ ਦੇ ਲੋਕਾਂ ਦਾ ਨਸਲਘਾਤ ਕਰਨ ਅਤੇ ਕੁਦਰਤੀ ਖਜ਼ਾਨਿਆਂ ਉਪਰ ਜੱਫ਼ਾ ਮਾਰਨ ਲਈ ਸਾਮਰਾਜੀ ਜੰਗਬਾਜ਼ਾਂ ਵੱਲੋਂ ਕੀਤੀ ਜਾ ਰਹੀ ਬਾਰੂਦੀ ਵਰਖਾ ਬੰਦ ਕੀਤੀ ਜਾਵੇ।

ਮਤੇ 'ਚ ਸੀਰੀਆ ਦੇ 5000 ਲੋਕਾਂ ਜਿਨ੍ਹਾਂ 'ਚ 1500 ਬੱਚੇ ਸ਼ਾਮਲ ਹਨ ਦੇ ਕਤਲੇਆਮ ਖਿਲਾਫ਼ ਜ਼ੋਰਦਾਰ ਜਨਤਕ ਲਹਿਰ ਉਸਾਰਨ ਦਾ ਸੱਦਾ ਦਿੱਤਾ ਗਿਆ।

ਸੀਨੀਅਰ ਟਰੱਸਟੀ ਕਾਮਰੇਡ ਗੰਧਰਵ ਸੈਨ ਕੋਛੜ ਅਤੇ ਕਮਟੀਮੈਂਬਰ ਸੁਰਿੰਦਰ ਕੁਮਾਰੀ ਕੋਛੜ ਨੇ ਜ਼ੋਰ ਦੇ ਕੇ ਕਿਹਾ ਕਿ ਸਭਿਆ ਸਮਾਜ ਦੇ ਨਿਰਮਾਣ ਲਈ ਜਾਤੀ ਸੂਚਕ ਸ਼ਬਦਾਂ ਅਤੇ ਜਾਤੀ ਨਿਰਾਦਰ ਭਰੇ ਵਿਹਾਰ ਖਿਲਾਫ਼ ਜ਼ਬਰਦਸਤ ਲੋਕ ਆਵਾਜ਼ ਉਠਾਉਣ ਦਾ ਅਹਿਦ ਕਰਨ ਦੀ ਲੋੜ ਹੈ।

ਪ੍ਰਧਾਨਗੀ ਮੰਡਲ ਦੀ ਤਰਫ਼ੋਂ ਸਮੇਟਵੀਂ ਟਿੱਪਣੀ ਕਰਦਿਆਂ ਮੀਤ ਪ੍ਰਧਾਨ ਅਜਮੇਰ ਸਿੰਘ ਨੇ ਕਿਹਾ ਕਿ ਅੱਜ ਹੋਈ ਮੁੱਲਵਾਨ ਵਿਚਾਰ-ਚਰਚਾ ਸਾਡਾ ਵਿਸ਼ੇਸ਼ ਧਿਆਨ ਖਿੱਚਦੀ ਹੈ ਕਿ ਸਮਾਜ ਵਿੱਚ ਮੂੰਹ ਅੱਡੀਂ ਖੜ੍ਹੇ ਪੇਚੀਦਾ ਮਸਲੇ ਸੁਲਝਾਉਣ ਲਈ ਸਾਨੂੰ ਹੋਰ ਅਧਿਐਨ ਅਤੇ ਸੰਗਰਾਮ ਦੀ ਲੋੜ ਹੈ। ਸਮਾਗਮ 'ਚ ਸੀਨੀਅਰ ਟਰੱਸਟੀ ਕਾਮਰੇਡ ਨੌਨਿਹਾਲ ਸਿੰਘ, ਖਜ਼ਾਨਚੀ ਰਣਜੀਤ ਸਿੰਘ ਔਲਖ, ਕਮੇਟੀ ਮੈਂਬਰ ਸੀਤਲ ਸਿੰਘ ਸੰਘਾ, ਦੇਵਰਾਜ ਨਯੀਅਰ ਵੀ ਹਾਜ਼ਰ ਸਨ।




# ਕੀ ਹਰੀਸ਼ ਖਰੇ ਦਾ ਅਸਤੀਫ਼ਾ ਸਰਕਾਰੀ ਦਬਾਅ ਹੇਠ ਲਿਆ ਗਿਆ?



'ਦ ਟ੍ਰਿਬਿਊਨ' ਮੁੱਖ ਸੰਪਾਦਕ ਹਰੀਸ਼ ਖਰੇ ਦੇ ਅਸਤੀਫੇ ਨਾਲ ਕਈ ਤਰ੍ਹਾਂ ਦੀ ਚਰਚਾ ਦਾ ਬਾਜ਼ਾਰ ਗਰਮ ਹੈ। ਕੁਝ ਦਿਨ ਪਹਿਲਾਂ ਅਖ਼ਬਾਰ ਨੇ ਆਧਾਰ ਡੇਟਾ ਬੇਸ 'ਚ ਸੁਰੱਖਿਆ ਨੂੰ ਸੰਨ੍ਹ ਲੱਗਣ ਨਾਲ ਜੁੜੀ ਖ਼ਬਰ ਛਪੀ ਸੀ, ਜਿਸਨੂੰ ਵਿਦੇਸ਼ੀ ਮੀਡੀਆ ਨੇ ਵੀ ਪ੍ਰਮੁੱਖਤਾ ਦਿੱਤੀ ਸੀ। ਇਸ ਖ਼ਬਰ ਨਾਲ ਖਰੇ ਤੇ ਰਿਪੋਰਟਰ ਰਚਨਾ ਖਹਿਰਾ ਦੀ ਸਭ ਪਾਸੇ ਸਰਾਹਨਾ ਹੋਈ ਸੀ ਪਰ ਯੂ. ਆਈ. ਡੀ. ਏ. ਆਈ. ਨੇ ਰਚਨਾ ਖਹਿਰਾ ਖਿਲਾਫ ਐਫ਼. ਆਈ. ਆਰ. ਦਰਜ ਕਰਾਈ ਸੀ। ਹਰੀਸ਼ ਖਰੇ ਦਾ ਜਾਣਾ ਵੀ ਇਸੇ ਖ਼ਬਰ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਨਾਮਵਰ ਵੈਬਸਾਈਟ ਦ ਵਾਇਰ ਮੁਤਾਬਕ ਅਧਾਰ ਵਾਲੀ ਸਟੋਰੀ ਛਪਣ ਤੋਂ ਬਾਅਦ ਸਰਕਾਰ ਨੇ ਆਪਣੀ ਨਾਰਾਜ਼ਗੀ ਅਖ਼ਬਾਰ ਨੂੰ ਚਲਾਉਣ ਵਾਲੀ ਟਰੱਸਟ ਕੋਲ ਜ਼ਾਹਿਰ ਕਰ ਦਿੱਤੀ ਸੀ। 'ਦ ਟ੍ਰਿਬਿਊਨ' ਅਖ਼ਬਾਰ ਨੂੰ ਜੋ ਟਰੱਸਟ ਚਲਾਉਂਦੀ ਹੈ ਉਸਦਾ ਮੁਖੀ ਐਨ.ਐਨ. ਵੋਹਰਾ ਨੇ (ਜੰਮੂ-ਕਸ਼ਮੀਰ ਦੇ ਰਾਜਪਾਲ) ਵੋਹਰਾ ਤੋਂ ਪਹਿਲਾਂ ਟਰੱਸਟ ਦੇ ਮੁਖੀ ਐੱਸ.ਐੱਸ. ਸੋਢੀ ਸਨ ਜਿਨ੍ਹਾਂ ਨੂੰ ਟਰੱਸਟ ਦੇ ਅੰਦਰੂਨੀ ਮੱਤਭੇਦਾਂ ਦੇ ਚਲਦੇ ਇਹ ਅਹੁਦਾ ਛੱਡਣਾ ਪਿਆ ਸੀ।

ਹਰੀਸ਼ ਖਰੇ ਨੇ ਆਪਣਾ ਅਹੁਦਾ ਜੂਨ 2015 'ਚ ਸੰਭਾਲਿਆ ਸੀ ਉਹਨਾਂ ਦਾ ਕਨਟਰੈਕਟ ਤਿੰਨ ਸਾਲ ਦਾ ਸੀ, ਜੋ ਜੂਨ 2018 'ਚ ਸਮਾਪਤ ਹੋਣਾ ਸੀ। ਪਰ ਉਹਨਾਂ ਆਪਣਾ ਅਸਤੀਫਾ ਪਹਿਲਾਂ ਹੀ ਦੇ ਦਿੱਤਾ ਅਸਤੀਫੇ 'ਚ ਕੋਈ ਖਾਸ ਕਾਰਨ ਦਾ ਜ਼ਿਕਰ ਵੀ ਨਹੀਂ ਕੀਤਾ ਗਿਆ।

ਹਰੀਸ਼ ਖਰੇ ਦੇ ਅਸਤੀਫੇ ਬਾਰੇ ਵਾਸ਼ਿੰਗਟਨ ਪੋਸਟ ਦੀ ਭਾਰਤ ਬਿਊਰੋ ਐਨੀ ਗੋਵੇਨ ਨੇ ਸੋਸ਼ਲ ਮੀਡੀਆ ਤੇ ਲਿਖਿਆ ਹੈ, 'ਅਸੀਂ ਮੋਦੀ ਹਕੂਮਤ ਨੂੰ ਚੁਣੌਤੀ ਦੇਣ ਵਾਲੇ ਅਖ਼ਬਾਰ ਬਾਰੇ ਲਿਖਿਆ ਸੀ। ਹੁਣ ਉਸਦੇ ਸੰਪਾਦਕ ਨੂੰ ਦਬਾਅ 'ਚ ਅਸਤੀਫ਼ਾ ਦੇਣਾ ਪਿਆ। ਇਸ ਤੋਂ ਬਿਨਾਂ ਕਈ ਨਾਮਵਰ ਪੱਤਰਕਾਰਾਂ ਤੇ ਹਸਤੀਆਂ ਨੇ ਇਸ ਘਟਨਾ 'ਤੇ ਰੋਸ ਪ੍ਰਗਟ ਕੀਤਾ ਹੈ ਜਿਨ੍ਹਾਂ 'ਚ ਜੋਗਿੰਦਰ ਯਾਦਵ, ਹਰਤੋਸ਼ ਬੱਲ, ਸਿਧਾਰਥ ਵਰਧਰਾਜਨ ਦੇ ਨਾਮ ਸ਼ਾਮਲ ਹਨ।

# ਨਵੇਂ ਸਮੀਕਰਨ, ਨਵੇਂ ਪੈਂਤੜੇ



ਸੁਕੀਰਤ

ਸਿਆਸਤ ਵਿੱਚ ਇੱਕ ਹਫ਼ਤਾ ਵੀ ਬੜਾ ਲੰਮਾ ਸਮਾਂ ਹੋ ਨਿੱਬੜਦਾ ਹੈ। ਅਜੇ ਪਿਛਲੇ ਹਫ਼ਤੇ ਤ੍ਰਿਪੁਰਾ ਜਿੱਤਣ ਅਤੇ ਉਤਰ-ਪੂਰਬੀ ਭਾਰਤ ਵਿੱਚ ਸਿਆਸੀ ਸੰਨ੍ਹ ਲਾ ਲੈਣ ਕਾਰਨ ਭਾਜਪਾ ਦੀ ਚੜ੍ਹਤ ਅਤੇ ਪੱਕੇ-ਪੈਰੀਂ ਚੜ੍ਹਾਈ ਦਾ ਰੌਲਾ ਸੁਰਖੀਆਂ ਵਿੱਚ ਸੀ, ਪਰ ਦਸਾਂ ਦਿਨਾਂ ਦੇ ਅੰਦਰ ਅੰਦਰ ਉਤਰ-ਪ੍ਰਦੇਸ਼ ਅਤੇ ਬਿਹਾਰ ਵਿੱਚ ਤਿੰਨ ਥਾਂ ਤੋਂ ਪਾਰਲੀਮੈਂਟ ਲਈ ਹੋਈਆਂ ਜ਼ਿਮਨੀ ਚੋਣਾਂ ਵਿੱਚ ਹਾਰ ਜਾਣ ਨਾਲ ਉਸਦੇ ਬਾਦਬਾਨਾਂ ਵਿਚੋਂ ਹਵਾ ਨਿਕਲ ਜਾਣ ਦੇ ਚਰਚੇ ਭਾਰੂ ਹਨ। ਤ੍ਰਿਪੁਰਾ ਵਿੱਚ ਭਾਜਪਾ ਦੀ ਜਿੱਤ ਦਾ ਵਿਸ਼ਲੇਸ਼ਣ ਪਿਛਲੇ ਹਫਤੇ ਕੀਤਾ ਸੀ, ਹੁਣ ਇਸ ਹਫਤੇ ਉਤਰ-ਪ੍ਰਦੇਸ਼ ਅਤੇ ਬਿਹਾਰ ਵਿੱਚ ਉਸਦੀ ਹਾਰ ਨੂੰ ਪੜਚੋਲਣਾ ਵੀ ਜ਼ਰੂਰੀ ਹੋ ਗਿਆ ਹੈ।

ਭਾਜਪਾ ਇਸ ਸਮੇਂ ਕੇਂਦਰ ਵਿੱਚ ਪੂਰਨ ਬਹੁਮਤ ਵਿੱਚ ਹੈ, ਦੋ ਸੀਟਾਂ ਦੇ ਘਟਣ ਨਾਲ (ਬਿਹਾਰ ਵਾਲੀ ਤੀਜੀ ਸੀਟ ਪਹਿਲਾਂ ਹੀ ਰਾਸ਼ਟਰੀ ਜਨਤਾ ਦੀ ਝੋਲੀ ਵਿੱਚ ਸੀ) ਉਸਦੀ ਤਾਕਤ ਵਿੱਚ ਤਰੇੜ ਨਹੀਂ ਪੈਣੀ, ਪਰ ਇਸ ਹਾਰ ਨਾਲ ਉਸਦਾ ਵਕਾਰ ਚੋਖਾ ਤਿੜਕਿਆ ਹੈ। 2019 ਦੀਆਂ ਆਮ ਚੋਣਾਂ ਤੋਂ ਸਿਰਫ਼ ਇੱਕ ਸਾਲ ਪਹਿਲਾਂ ਹੋਈਆਂ ਇਨ੍ਹਾਂ ਜ਼ਿਮਨੀ ਚੋਣਾਂ ਦੇ ਨਤੀਜੇ ਇਸ ਗੱਲ ਦੇ ਸੂਚਕ ਵੀ ਹਨ ਕਿ 2014 ਵਿੱਚ ਖੁਦ ਭਾਜਪਾ ਲਈ ਜਿਹੜੇ 'ਅੱਛੇ ਦਿਨਾਂ' ਦਾ ਮਾਹੌਲ ਬਣਿਆ ਹੋਇਆ ਸੀ, ਉਹ ਹੁਣ ਤਕਰੀਬਨ ਉਡ-ਪੁਡ ਗਿਆ ਹੈ। ਰਾਜਸਥਾਨ ਦੀਆਂ ਜ਼ਿਮਨੀ ਚੋਣਾਂ ਤੋਂ ਬਾਦ ਹੋਈ ਇਹ ਉਤੋ-ੜਿਤੀ ਹਾਰ ਭਾਜਪਾ ਲਈ ਚੋਖੇ ਖਤਰੇ ਦੀ ਸੂਚਕ ਹੈ।

2014 ਵਿੱਚ ਇਕੱਲੀ ਭਾਜਪਾ ਦੇ ਪੱਲੇ 282 ਸੀਟਾਂ ਪਈਆਂ ਸਨ, ਜਿਨ੍ਹਾਂ ਵਿਚੋਂ 93 (ਯਾਨੀ ਇੱਕ ਤਿਹਾਈ) ਸੀਟਾਂ ਸਿਰਫ਼ ਉਤਰ ਪ੍ਰਦੇਸ਼ ਅਤੇ ਬਿਹਾਰ ਵਿਚੋਂ ਆਈਆਂ। ਇਨ੍ਹਾਂ 93 ਵਿਚੋਂ ਵੀ ਇਕੱਲੇ ਉਤਰ ਪ੍ਰਦੇਸ਼ ਨੇ ਭਾਜਪਾ ਦੀ ਝੋਲੀ 71 ਸੀਟਾਂ ਪਾਈਆਂ, ਯਾਨੀ ਭਾਜਪਾ ਦਾ ਹਰ ਚੌਥਾ ਪਾਰਲੀਮੈਂਟ ਮੈਂਬਰ ਏਸੇ ਸੂਬੇ ਤੋਂ ਹੈ। 2014 ਵਿੱਚ ਉਤਰ ਪ੍ਰਦੇਸ਼ ਦੀਆਂ 80 ਵਿਚੋਂ 71 ਸੀਟਾਂ ਖੜਨ ਵਾਲੀ ਭਾਜਪਾ ਲਈ ਆਪਣੇ ਪਿਛਲੇ ਮਾਅਰਕੇ ਨੂੰ ਦੋਹਰਾ ਸਕਣਾ ਪਹਿਲਾਂ ਹੀ ਔਖਾ ਜਾਪਦਾ ਸੀ, ਹੁਣ ਹਾਲੀਆ ਨਤੀਜਿਆਂ ਤੋਂ ਦੇਖਦਿਆਂ ਇਸਨੂੰ ਅਸੰਭਵ ਕਿਹਾ ਜਾ ਸਕਦਾ ਹ।

ਗੋਰਖਪੁਰ ਤੋਂ ਭਾਜਪਾ ਉਹ ਸੀਟ ਹਾਰ ਗਈ ਹੈ ਜੋ 1960 ਤੋਂ ਲਗਾਤਾਰ ਉਸੇ ਦੀ ਵਿਚਾਰਧਾਰਾ (ਹਿੰਦੂ ਮਹਾਂਸਭਾ, ਜਨਸੰਘ) ਵਾਲਿਆਂ ਦੀ ਝੋਲੀ ਪੈਂਦੀ ਆਈ ਹੈ।ਸਿਰਫ਼ 1984 ਵਿੱਚ, ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਹੋਈਆਂ ਚੋਣਾਂ ਵਿੱਚ ਜਦੋਂ ਭਾਜਪਾ ਕੇਵਲ 2 ਸੀਟਾਂ ਤਕ ਸੁੰਗੜ ਕੇ ਰਹਿ ਗਈ ਸੀ, ਇਹ ਸੀਟ ਇਕੇਰਾਂ ਉਸਦੇ ਹੱਥੋਂ ਕਿਰੀ, ਪਰ 1989 ਤੋਂ ਮਗਰੋਂ ਇਹ ਹਮੇਸ਼ਾ ਫੇਰ ਉਸੇ ਦੇ ਕਬਜ਼ੇ ਵਿੱਚ ਰਹੀ ਹੈ। ਯੋਗੀ ਆਦਿਤਿਆਨਾਥ ਤਾਂ ਲਗਾਤਾਰ ਪੰਜ ਵਾਰ ਏਸੇ ਸੀਟ ਤੋਂ ਜੇਤੂ ਤੁਰਿਆ ਆ ਰਿਹਾ ਸੀ। ਅੱਧੀ ਸਦੀ ਤੋਂ ਵਧ ਇਕੋ ਵਿਚਾਰਧਾਰਾ ਵਾਲੇ ਦਲਾਂ ਦੇ ਕਬਜ਼ੇ ਰਹੀ ਹੇਠ ਇਸ ਸੀਟ ਦਾ ਖੁਸ ਜਾਣਾ ਵੱਡੀ ਮਾਰ ਨਹੀਂ ਤਾਂ ਹੋਰ ਕੀ ਹੋ ਸਕਦੀ ਹੈ! ਆਪਣੇ ਪੱਕੇ ਸਾਂਸਦ (ਜੋ ਅਜੇ ਸਾਲ ਪਹਿਲਾਂ ਹੀ ਉਨ੍ਹਾਂ ਦੇ ਸੂਬੇ ਦਾ ਮੁਖ ਮੰਤਰੀ ਥਾਪਿਆ ਗਿਆ ਸੀ) ਵਾਲੀ ਸੀਟ ਵਿਰੋਧੀ ਧਿਰਾਂ ਦੀ ਝੋਲੀ ਪਾਕੇ ਗੋਰਖਪੁਰ ਦੀ ਜਨਤਾ ਨੇ ਆਪਣੀ ਸੂਬਾਈ ਸਰਕਾਰ ਨਾਲ ਮੋਹ-ਭੰਗ ਦਾ ਸਾਫ਼ ਪ੍ਰਗਟਾਵਾ ਵੀ ਕੀਤਾ ਹੈ। ਤਕਰੀਬਨ ਇੰਨ ਬਿੰਨ ਇਨ੍ਹਾਂ ਹੀ ਹਾਲਤਾਂ ਵਿੱਚ ਕੈਪਟਨ ਅਮਰਿੰਦਰ ਸਿੰਘ ਦੇ ਹਲਕੇ ਅਮ੍ਰਿਤਸਰ ਵਿੱਚ ਜ਼ਿਮਨੀ ਚੋਣ ਹੋਈ ਸੀ, ਪਰ ਓਥੋਂ ਇੱਕ ਅਣਜਾਣੇ ਕਾਂਗਰਸੀ ਉਮੀਦਵਾਰ ਨੂੰ ਖੜਾ ਕਰਕੇ ਵੀ ਕਾਂਗਰਸ ਨੇ ਭਾਰੀ ਬਹੁਮਤ ਲੈ ਲਿਆ ਸੀ ਅਤੇ ਸਾਬਤ ਕਰ ਦਿਤਾ ਸੀ ਕਿ ਲੋਕ ਅਜੇ ਵੀ ਸੂਬਾਈ ਸਰਕਾਰ ਦੇ ਨਾਲ ਖੜੇ ਹਨ। ਯੋਗੀ ਆਦਿਤਿਆਨਾਥ-ਅਤੇ ਭਾਜਪਾ- ਲਈ ਏਦੂੰ ਵਡੀ ਸਿਆਸੀ ਚਪੇੜ ਕੀ ਹੋ ਸਕਦੀ ਹੈ ? ਅਤੇ ਇਹੋ ਹਾਲ ਫੂਲਪੁਰ ਦਾ ਹੋਇਆ ਹੈ, ਜਿਥੋਂ ਦੇ ਸਾਂਸਦ ਸ੍ਰੀ ਮੌਰਿਆ ਨੂੰ ਉਪ ਮੁਖ ਮੰਤਰੀ ਥਾਪਿਆ ਗਿਆ ਸੀ। ਨਾ ਸੂਬੇ ਦਾ ਮੁਖ ਮੰਤਰੀ, ਤੇ ਨਾ ਹੀ ਉਪ ਮੁਖ ਮੰਤਰੀ ਆਪਣੇ ਹਲਕੇ ਦੇ ਵੋਟਰਾਂ ਵਿੱਚ ਕਿਸੇ ਕਿਸਮ ਦਾ ਵਿਸ਼ਵਾਸ ਜਗਾ ਸਕੇ।

ਆਪਣੇ ਉਤੇ ਆਣ ਪਈ ਇਸ ਬਿੱਜ ਲਈ ਭਾਜਪਾ 'ਸਪਾ ਅਤੇ ਬਸਪਾ' ਦੇ 'ਗੈਰ-ਅਸੂਲੀ' ਗਠਜੋੜ ਨੂੰ ਕਸੂਰਵਾਰ ਠਹਿਰਾ ਰਹੀ ਹੈ। ਭਾਜਪਾ ਦੇ ਆਪਣੇ ਗਠਜੋੜ ਕਿੰਨੇ ਕੁ ਅਸੂਲੀ ਹਨ, ਉਹ ਇੱਕ ਹਾਸੋਹੀਣੀ ਅਤੇ ਵਖਰੀ ਬਹਿਸ ਦਾ ਵਿਸ਼ਾ ਹੋ ਸਕਦੇ ਹਨ। ਪਰ ਹਾਲ ਦੀ ਘੜੀ ਏਸ ਗੱਲ ਵਲ ਨਾ ਜਾਂਦੇ ਹੋਏ, ਧਿਆਨਯੋਗ ਗਲ ਇਹ ਹੈ ਕਿ ਇਨ੍ਹਾਂ ਚੋਣਾਂ ਵਿੱਚ ਸਪਾ ਨੂੰ ਜਿੰਨੀਆਂ ਵੋਟਾਂ ਪਈਆਂ ਉਹ 2014 ਵਿੱਚ ਬਸਪਾ ਅਤੇ ਸਪਾ ਨੂੰ ਪਈਆਂ ਕੁਲ ਵੋਟਾਂ ਨਾਲੋਂ 10 ਪ੍ਰਤੀਸ਼ਤ ਵਧ ਹਨ। ਐਤਕੀ ਜੇਤੂ ਰਹੀ ਸਪਾ ਨੂੰ ਗੋਰਖਪੁਰ ਤੋਂ 49% ਅਤੇ ਫੂਲਪੁਰ ਤੋਂ 47% ਵੋਟਾਂ ਪਈਆਂ ਹਨ, ਜਦਕਿ ਪਿਛਲੀਆਂ ਚੋਣਾਂ ਵਿੱਚ ਸਪਾ ਅਤੇ ਬਸਪਾ ਦੇ ਉਮੀਦਵਾਰਾਂ ਦੀਆਂ ਰਲਵੀਆਂ ਵੋਟਾਂ ਵੀ 38% ਤਕ ਨਹੀਂ ਸਨ ਪਹੁੰਚ ਸਕੀਆਂ। ਯਾਨੀ ਇਸ ਗਠਜੋੜ ਨੇ 10 % ਵੋਟਾਂ ਉਹ ਖਿਚੀਆਂ ਜੋ ਪਿਛਲੀ ਵਾਰ ਭਾਜਪਾ ਦੇ ਖਾਤੇ ਪਈਆਂ ਸਨ।

ਉਤਰ ਪ੍ਰਦੇਸ਼ ਵਾਲੀਆਂ ਵਕਾਰੀ ਚੋਣਾਂ ਵਿੱਚ ਗੂੰਜਵੀਂ ਹਾਰ ਕਾਰਨ ਬਿਹਾਰ ਦੀ ਜ਼ਿਮਨੀ ਚੋਣ ਦੀ ਗਲ ਘਟ ਹੋਈ ਹੈ, ਪਰ ਮਹਤਵ ਉਸਦਾ ਵੀ ਘਟ ਨਹੀਂ। ਅਰਰੀਆ ਹਲਕੇ ਦੀ ਇਹ ਸੀਟ ਰਾਸ਼ਟਰੀ ਜਨਤਾ ਦਲ ਦੇ ਸਾਂਸਦ ਦੀ ਮੌਤ ਕਾਰਨ ਖਾਲੀ ਹੋਈ ਸੀ। ਪਿਛਲੀ ਵਾਰ ਏਥੋਂ ਤਿਕੋਨਾ ਮੁਕਾਬਲਾ ਸੀ (ਰਾਜਦ, ਭਾਜਪਾ ਅਤੇ ਜਦ (ਯੁ) ਵਿਚਕਾਰ) ਜਿਸ ਵਿੱਚ 41.8 % ਵੋਟਾਂ ਲੈ ਕੇ ਲਾਲੂ ਦੀ ਪਾਰਟੀ ਜੇਤੂ ਰਹੀ, ਪਰ ਉਸ ਵੇਲੇ ਰਾਜਦ ਅਤੇ ਭਾਜਪਾ ਦੀਆਂ ਰਲਵੀਆਂ ਵੋਟਾਂ 50 % ਤਕ ਪਹੁੰਚ ਗਈਆਂ ਸਨ। ਇਸ ਵਾਰ ਪਾਰਟੀ ਦਾ ਆਗੂ ਲਾਲੂ ਪ੍ਰਸਾਦ ਜੇਲ੍ਹ ਵਿੱਚ ਹੈ, ਰਾਜਦ ਦਾ ਨਿਤੀਸ਼ ਕੁਮਾਰ ਸੂਬੇ ਦਾ ਮੁੱਖ ਮੰਤਰੀ ਹੈ ਅਤੇ ਹੁਣ ਭਾਜਪਾ ਦੇ ਨਾਲ ਜੁੜ ਚੁਕਾ ਹੈ, ਸੋ ਉਸ ਨੇ ਮੈਦਾਨ ਰਾਜਦ ਅਤੇ ਭਾਜਪਾ ਵਿਚਕਾਰ ਦੁਵੱਲੇ ਮੁਕਾਬਲੇ ਲਈ ਤਿਆਰ ਕਰ ਦਿਤਾ। ਪਰ ਵੋਟਾਂ ਤਾਂ ਵੀ ਲਾਲੂ ਦੀ ਪਾਰਟੀ ਨੂੰ ਵਧ ਪਈਆਂ ਅਤੇ ਉਹ 50% ਦੇ ਗੇੜ ਵਿੱਚ ਪਹੁੰਚ ਕੇ ਮੁੜ ਜੇਤੂ ਰਹੀ। ਰਾਜਦ ਦੀਆਂ ਵੋਟਾਂ ਵਿੱਚ 8% ਦਾ ਇਜ਼ਾਫ਼ਾ ਨਾ ਸਿਰਫ਼ ਨਿਤੀਸ਼ ਕੁਮਾਰ ਦੀ ਸੂਬਾਈ ਸਰਕਾਰ ਵਿੱਚ ਬੇਭਰੋਸਗੀ ਦਰਸਾਉਂਦਾ ਹੈ, ਸਗੋਂ ਲਾਲੂ ਯਾਦਵ ਦੀ ਲੋਕਪ੍ਰਿਅਤਾ ਵਲ ਵੀ ਇਸ਼ਾਰਾ ਕਰਦਾ ਹੈ।

ਪਰ ਇਹੋ ਜਿਹੀ ਗਿਣਤੀ-ਮਿਣਤੀ ਤੋਂ ਪਰ੍ਹਾਂ ਜਾ ਕੇ ਇਨ੍ਹਾਂ ਜ਼ਿਮਨੀ ਚੋਣਾਂ ਨੂੰ ਦੇਖੀਏ ਤਾਂ ਦੋ ਗੱਲਾਂ ਸਪਸ਼ਟ ਤੌਰ ਤੇ ਉਭਰਦੀਆਂ ਹਨ। ਪਹਿਲੀ ਇਹ ਕਿ 2019 ਦੀਆਂ ਚੋਣਾਂ ਵਿੱਚ ਭਾਜਪਾ ਦੀ ਜਿੱਤ ਹੁਣ ਓਨੀ ਯਕੀਨੀ ਨਹੀਂ ਕਹੀ ਜਾ ਸਕਦੀ ਕਿਉਂਕਿ ਮੋਦੀ-ਸ਼ਾਹ ਦੀ ਅਗਵਾਈ ਹੇਠ ਘੜੇ ਗਏ ਉਸਦੇ ਜਾਤ-ਅਧਾਰਤ ਸਮੀਕਰਣ ਅਤੇ ਪੈਂਤੜੇ ਹੁਣ ਖੁੰਢੇ ਪੈਂਦੇ ਦਿਸਣ ਲਗ ਪਏ ਹਨ। ਅਤੇ ਦੂਜੀ ਗਲ ਇਹ ਕਿ ਸਪਾ-ਬਸਪਾ ਵਰਗੇ ਵਿਰੋਧੀਆਂ (ਵਿਚਾਰਧਾਰਕ ਪੱਖੋਂ ਨਹੀਂ, ਜਾਤ-ਹਿਤਾਂ ਦੀ ਨੁਮਾਇੰਦਗੀ ਪੱਖੋਂ ਵਰੋਧੀ ਪਾਰਟੀਆਂ) ਦਾ ਆਪਣੀ ਹੋਂਦ ਨੂੰ ਬਚਾਉਣ ਲਈ ਇੱਕਮੁਠ ਹੋ ਕੇ ਚੋਣਾਂ ਲੜਨਾ ਅਤੇ ਜਿੱਤਣਾ ਇਸ ਗਲ ਦਾ ਸੂਚਕ ਹੈ ਕਿ ਭਾਜਪਾ ਨੂੰ ਭਾਂਜ ਦੇਣ ਲਈ ਦੇਸ ਦੀ ਸਿਆਸੀ ਫਿਜ਼ਾ ਵਿੱਚ ਨਵੀਂ ਕਿਸਮ ਦੀ ਹਲਚਲ ਦਾ ਮੁਢ ਬਝ ਰਿਹਾ ਹੈ।

ਪਰ, ਸਿਆਸਤ ਵਿੱਚ ਤਾਂ ਇੱਕ ਹਫ਼ਤਾ ਵੀ ਬੜਾ ਲੰਮਾ ਸਮਾਂ ਹੋ ਨਿੱਬੜਦਾ ਹੈ। ਦੇਸ ਅਤੇ ਦੇਸ ਦੇ ਦਲਾਂ ਦੀ ਸਿਆਸਤ 2019 ਤਕ ਕਈ ਨਵੇਂ ਮੋੜ ਕਟ ਸਕਦੀ ਹੈ। ਇਸਲਈ ਇਨ੍ਹਾਂ ਜਿੱਤਾਂ ਦੇ ਖੁਮਾਰ ਕਾਰਨ ਅਵੇਸਲੇ ਹੋ ਕੇ ਬਹਿ ਸਕਣ ਦੀ ਕੋਈ ਗੁੰਜਾਇਸ਼ ਨਹੀਂ ਹੋਣੀ ਚਾਹੀਦੀ।

ਟ੍ਰਿਬਿਊਨ ਅਖਬਾਰ ਦੇ ਸੰਪਾਦਕ ਹਰੀਸ਼ ਖਰੇ ਦੇ ਅਚਾਨਕ ਅਸਤੀਫ਼ੇ ਕਾਰਨ ਜਾਗਰੂਕ ਪਾਠਕਾਂ ਅਤੇ ਪੱਤਰਕਾਰਾਂ ਨੂੰ ਬਹੁਤ ਧੱਕਾ ਲਗਾ ਹੈ। ਜੂਨ 2015 ਵਿੱਚ ਅਖਬਾਰ ਦੇ ਸੰਪਾਦਕ ਥਾਪੇ ਗਏ ਸ੍ਰੀ ਖਰੇ ਨੇ ਆਮ ਤੌਰ 'ਤੇ ਬੇਧਾਰ ਰਹਿਣ ਵਾਲੇ ਇਸ ਅਖਬਾਰ ਦੀ ਇੱਕ ਤੇਜ਼ਧਾਰ ਸੇਧ ਅਤੇ ਦਿਖ ਬਣਾਈ। ਉਨ੍ਹਾਂ ਦੇ ਆਪਣੇ ਹਫ਼ਤਾਵਾਰੀ ਲੇਖ ਇਨ੍ਹਾਂ ਬੇਕਿਰਕ ਸਮਿਆਂ ਵਿੱਚ ਸੰਪਾਦਕੀ ਜੁਰੱਅਤ ਅਤੇ ਸਪਸ਼ਟਬਿਆਨੀ ਦਾ ਮਿਆਰੀ ਨਮੂਨਾ ਬਣ ਕੇ ਸਾਹਮਣੇ ਆਂਦੇ ਰਹੇ। ਕਿਸੇ ਵੀ ਕਿਸਮ ਦੇ ਸੰਭਾਵਤ ਦਬਾਅ ਜਾਂ ਡਰਾਅ ਅੱਗੇ ਝੁਕੇ ਬਿਨਾ ਉਨ੍ਹਾਂ ਨੇ ਪੰਜਾਬ ਵਿੱਚ ਰੇਤ ਮਾਫ਼ੀਏ ਅਤੇ ਆਧਾਰ ਕਾਰਡਾਂ ਵਿੱਚ ਵਿੱਚ ਸੁਰੱਖਿਆ-ਮੋਰੀਆਂ ਦੇ ਵੱਡੇ ਸਕੈਂਡਲਾਂ ਨੂੰ ਅਖਬਾਰ ਰਾਹੀਂ ਉਭਾਰਿਆ ਅਤੇ ਡਟ ਕੇ ਆਪਣੇ ਪੱਤਰਕਾਰਾਂ ਦੇ ਨਾਲ ਖੜੇ ਰਹੇ। ਆਧਾਰ ਕਾਰਡ ਵਾਲਾ ਮਾਮਲਾ ਇਸ ਸਮੇਂ ਉਚਤਮ ਨਿਆਂਆਲੇ ਦੇ ਵਿਚਾਰਅਧੀਨ ਹੋਣ ਕਾਰਨ ਕੇਂਦਰੀ ਸਰਕਾਰ ਨੂੰ ਹੋਰ ਵੀ ਵਧ ਚੁਭਿਆ ਹੈ ਕਿਉਂਕਿ ਟ੍ਰਿਬਿਊਨ ਦੇ ਇਸ 'ਸਟਿੰਗ' ਨੇ ਇਕੋ ਵਾਰ ਨਾਲ ਸਰਕਾਰ ਦੇ ਸਾਰੇ ਸੁਰਖਿਆ ਦਾਅਵੇ ਢਹਿ-ਢੇਰੀ ਕਰ ਦਿਤੇ।

ਪਿਛਲੇ ਕੁਝ ਮਹੀਨਿਆਂ ਤੋਂ, ਸਰਕਾਰੀ ਦਬਾਅ ਜਾਂ ਧਮਕੀਆਂ ਕਾਰਨ ਬਹੁਤ ਸਾਰੇ ਮੋਦੀ-ਸਰਕਾਰ ਵਿਰੋਧੀ ਰਿਸਾਲਿਆਂ, ਅਖਬਾਰਾਂ ਜਾਂ ਟੀ.ਵੀ. ਪ੍ਰੋਗਰਾਮਾਂ ਦੇ ਸੰਪਾਦਕਾਂ ਦੇ ਇਸਤੀਫ਼ੇ (ਜਾਂ ਦਰੋਂ ਬਾਹਰ ਕਰਨ ਦੇ ਕਿੱਸੇ) ਸਾਹਮਣੇ ਆਏ ਹਨ। ਇੱਕਨੌਮਿਕ ਐਂਡ ਪੋਲਿਟਿਕਲ ਵੀਕਲੀ ਦੇ ਪਰੌਂਜੌਇ ਗੁਹਾ ਠਾਕੁਰਤਾ, ਆਊਟਲੁਕ ਦੇ ਨੀਲਾਭ ਮਿਸ਼ਰਾ, ਹਿੰਦੁਸਤਾਨ ਟਾਈਮਜ਼ ਦੇ ਬੌਬੀ ਘੋਸ਼ ਨੂੰ ਇਸਤੀਫ਼ੇ ਦੇਣੇ ਪਏ। ਦ ਵਾਇਰ ਉਤੇ ਅਮਿਤ ਸ਼ਾਹ ਦੇ ਬੇਟੇ ਨੇ ਮੁਕਦਮਾ ਦਾਇਰ ਕੀਤਾ ਹੋਇਆ ਹੈ, ਜਸਟਿਸ ਲੋਇਆ ਦਾ ਕੇਸ ਖੋਲ੍ਹਣ ਕਾਰਨ ਦ ਕੈਰੇਵੈਨ ਸ਼ਿਕੰਜੇ ਵਿੱਚ ਹੈ। ਇਹੋ ਜਿਹੀਆਂ ਰੋਜ਼ ਨਵੀਆਂ ਮਿਸਾਲਾਂ ਸਾਹਮਣੇ ਆ ਰਹੀਆਂ ਹਨ।

ਵੱਡੇ ਪ੍ਰਿੰਟ ਮੀਡੀਆ ਵਿੱਚ ਅਜੇ ਤੀਕ ਟ੍ਰਿਬਿਊਨ ਹੀ ਇਸ ਦਬਾਅ ਤੋਂ ਬਚਿਆ ਦਿਸਦਾ ਸੀ। ਇਸਦਾ ਇੱਕ ਕਾਰਨ ਇਹ ਵੀ ਹੈ ਕਿ ਹੋਰਨਾਂ ਅਖਬਾਰਾਂ ਤੋਂ ਉਲਟ ਇਹ ਪਰਚਾ ਵਪਾਰਕ ਘਰਾਣਿਆਂ ਜਾਂ ਹਿਤਾਂ ਨਾਲ ਨਹੀਂ ਜੁੜਿਆ ਹੋਇਆ ਅਤੇ ਇਸਨੂੰ ਇੱਕ ਟਰਸਟ ਚਲਾਉਂਦਾ ਹੈ ਜਿਸਦੇ ਮੈਂਬਰ ਵੀ ਬਦਲਦੇ ਰਹਿੰਦੇ ਹਨ। ਇਸ ਘੜੀ ਇਹ ਕਹਿਣਾ ਔਖਾ ਹੈ ਕਿ ਹਰੀਸ਼ ਖਰੇ ਦੇ ਇਸ ਅਸਤੀਫ਼ੇ ਪਿਛੇ ਕੋਈ ਸਰਕਾਰੀ ਦਬਾਅ ਹੈ ਜਾਂ ਇਸਨੂੰ ਚਲਾਉਣ ਵਾਲੇ ਟਰਸਟੀਆਂ ਵਿੱਚ ਕੋਈ ਅੰਦਰੂਨੀ ਖਿਚੋ ਤਾਣ।ਸਮੇਂ ਨਾਲ ਇਹ ਸਭ ਸਪਸ਼ਟ ਹੋ ਜਾਵੇਗਾ, ਪਰ ਅਜੋਕੇ ਸਮਿਆਂ ਵਿੱਚ, ਜਦੋਂ ਬੇਖੌਫ਼ ਹੋ ਕੇ ਸਰਕਾਰਾਂ ਨੂੰ ਆਰਸੀ ਦਿਖਾਉਣ ਵਾਲੇ ਸੰਪਾਦਕਾਂ ਦੀ ਹੋਰ ਵੀ ਵਧੇਰੇ ਲੋੜ ਹੈ, ਹਰੀਸ਼ ਖਰੇ ਦਾ ਇਸਤੀਫ਼ਾ ਬਹੁਤ ਮੰਦਭਾਗੀ ਘਟਨਾ ਹੈ।

ਪਾਠਕਾਂ ਨੂੰ ਮੁਖਾਤਬ ਹੁੰਦੇ ਹੋਏ ਹਰੀਸ਼ ਖਰੇ ਨੇ ਲਿਖਿਆ ਹੈ, "ਪਿਛਲੇ ਤਿੰਨ ਸਾਲ ਸਾਡੇ ਰਾਸ਼ਟਰ ਦੀ ਹੋਣੀ ਲਈ ਬਹੁਤ ਔਖੇ ਰਹੇ ਹਨ। ਹਰ ਅਖਬਾਰ ਅਤੇ ਹਰ ਪੱਤਰਕਾਰ ਉਤੇ ਦੇਸ ਦੀਆਂ ਸੰਵਿਧਾਨਕ ਰਵਾਇਤਾਂ ਅਤੇ ਜਮਹੂਰੀ ਸੰਸਥਾਵਾਂ ਨੂੰ ਬਚਾਉਣ ਦੀ ਜ਼ਿੰਮੇਵਾਰੀ ਰਹੀ ਹੈ।


ਸਾਨੂੰ, ਦ ਟ੍ਰਿਬਿਊਨ ਨੂੰ ਵਾਜਬ ਮਾਣ ਹੈ ਕਿ ਅਸੀ ਆਪਣੇ ਪਾਠਕਾਂ ਵਾਸਤੇ ਇਸ ਭੂਮਿਕਾ ਨੂੰ ਪੂਰੀ ਤਰ੍ਹਾਂ ਨਿਭਾਇਆ"।

ਆਸ ਕਰਦੇ ਹਾਂ ਕਿ ਹਰੀਸ਼ ਖਰੇ ਦੇ ਜਾਣ ਤੋਂ ਬਾਅਦ ਵੀ ਅਦਾਰਾ ਟ੍ਰਿਬਿਊਨ ਇਸ ਭੂਮਿਕਾ ਨੂੰ ਓਸੇ ਦ੍ਰਿੜ੍ਹਤਾ ਅਤੇ ਸੁਹਰਿਦਤਾ ਨਾਲ ਨਿਭਾਉਂਦਾ ਰਹੇਗਾ।

# ਕੇਜਰੀਵਾਲ ਦੀ ਮਾਫੀ ਤੇ ਵਿਸ਼ੇਸ਼

ਪੰਜਾਬੀ 'ਮਾਫੀਨਾਮਾ' ਲਿਖਣ ਵਾਲਿਆਂ ਦੇ ਨਹੀਂ,
'ਜਫਰਨਾਮਾ' ਲਿਖਣ ਵਾਲਿਆਂ ਦੇ ਆ
ਇਨਕਲਾਬ-ਇਨਕਲਾਬ ਦਾ ਰੌਲਾ
ਪਾਉਣ ਵਾਲੇ ਝਾੜੂ ਮਾਰਕਾ ਕਹਿੰਦੇ ਸੀ
ਇਨਾਂ ਨਸ਼ਾ ਸਮਗਲਰਾਂ ਨੂੰ ਜੇਲ ਚ ਸੁੱਟਾਂਗੇ।
ਚੋਣਾਂ ਮੌਕੇ ਵਾਹ ਵਾਹ ਖੱਟਣ ਲਈ ਸ਼ੋਸ਼ੇਬਾਜ਼ੀ ਛੱਡੀ ਗਏ।
ਨਸ਼ਿਆਂ ਖਿਲਾਫ "ਨੌਜਵਾਨ ਭਾਰਤ ਸਭਾ" ਨੇ ਵੀ ਲੰਮਾ ਸ਼ੰਘਰਸ਼ ਲੜਿਆਂ।
ਸਮਗਲਿੰਗ ਦੇ ਦੋਸ਼ੀ ਅਕਾਲੀਆਂ ਦੇ ਸਾਬਕਾ ਜੇਲ੍ਹ ਮੰਤਰੀ "ਸਰਵਨ ਫਿਲੌਰ" ਦਾ ਘਰ ਘੇਰ ਕੇ ਅਸਤੀਫਾ ਲਿਆ।
ਜਦੋ ਜਗਦੀਸ਼ ਭੋਲੇ ਨੇ ਮਜੀਠੀਏ ਦਾ ਨਾਂ ਨਸ਼ਾ ਸਮਗਲਰਾਂ ਦੀ ਹਿੱਟ ਲਿਸਟ 'ਚ ਲਿਆ "ਨੌਜਵਾਨ ਭਾਰਤ ਸਭਾ" ਨੇ ਮਜੀਠੀਏ ਨੂੰ ਘੇਰਨ ਦਾ ਐਲਾਨ ਕੀਤਾ
ਲੋਹੜੀ ਵਾਲੇ ਦਿਨ 2014 ਨੂੰ
ਕਾਂਗਰਸੀ ਅਵਤਾਰ ਬਰਾੜ ਵੱਲੋਂ ਅਕਾਲੀਆਂ 'ਚ ਸ਼ਾਮਲ ਹੋਣ ਲਈ ਰੱਖੀ ਰੈਲੀ ਸਮੇ "ਮਜੀਠੀਏ ਨੂੰ ਕਾਲੀਆ ਝੰਡੀਆਂ ਦਿਖਾਈਆ"
45 ਨੌਜਵਾਨ ਫੜੇ ਗਏ
ਪੁਲਿਸ ਨੇ ਥਾਣੇ ਲਿਜਾਕੇ ਛਿੱਲ ਉਤਾਰ ਦਿੱਤੀ
ਪਰ ਉਨਾਂ ਮਾਫੀ ਨਹੀ ਮੰਗੀ
ਕਪੂਰਥਲਾ,
ਤਲਵੰਡੀ ਚੌਧਰੀਆਂ ਇਲਾਕੇ ਚ
ਮਜੀਠੀਏ ਦੀ ਰੈਲੀ ਰੱਖੀ ਸੀ
"ਨੌਜਵਾਨ ਭਾਰਤ ਸਭਾ"
ਦੇ ਨੌਜਵਾਨ "ਬਿਕਰਮ ਮਜੀਠੀਏ" ਦੀ ਗੱਡੀ ਦੇ ਬੋਅਰਨਟ ਤੇ ਚੜ ਗਏ
ਮਜੀਠੀਆ ਗੋ ਬੈਕ ਦੇ ਨਾਅਰੇ ਵੱਜੇ ਗੱਡੀ ਘੇਰ ਲਈ, ਗਿਰਫਤਾਰੀਆਂ ਹੋਈਆ
307 ਪਰਚੇ ਪਾਏ ,
ਥਾਣੇ ਲਿਜਾ ਕੇ ਮਾਸ ਉਧੇੜ ਤਾ
ਪਰ ਮਾਫੀ ਨਹੀ ਮੰਗੀ
ਹਾਲੇ ਵੀ ਕਪੂਰਥਲੇ ਅਦਾਲਤ ਚ ਕੇਸ ਚਲਦਾ ਪਿਆ।
"ਬਾਦਲਾਂ ਦੀ ਔਰਬਿੱਟ ਬੱਸ"
'ਚੋਂ ਸਿੱਟ ਕੇ ਮਾਰੀ ਬਾਲੜੀ ਅਰਸ਼ਦੀਪ ਨੂੰ ਨਿਆਂ ਦਿਵਾਉਣ ਲਈ ਨੌਜਵਾਨ ਭਾਰਤ ਸਭਾ, "ਪੰਜਾਬ ਸਟੂਡੈਂਟਸ ਯੂਨੀਅਨ" ਨੇ ਲੰਮੀ ਲੜਾਈ ਲੜੀ। ਫਰੀਦਕੋਟ ਹੀ ਬਾਦਲਾਂ ਦੇ ਚਹੇਤੇ "ਡਿੰਪੀ ਢਿਲੋਂ" ਦੀ ਨਿਊ ਦੀਪ ਬੱਸ ਮੁਜਾਹਰਾਕਾਰੀਆਂ ਤੇ ਚੜ੍ਹਾਉਣ ਦੀ ਕੋਸ਼ਿਸ਼ ਹੋਈ।
ਉਸ ਤੋਂ ਬਾਅਦ ਬੱਸ ਦਾ ਜੋ ਹਸ਼ਰ ਹੋਇਆ ਉਹ ਸਾਰਿਆ ਦੇ ਸਾਹਮਣੇ ਸੀ,
ਜਥੇਬੰਦੀ ਦੇ 14 ਸਾਥੀਆ ਨੂੰ ਗਿਰਫਤਾਰ ਕਰ ਲਿਆ।
"ਪੰਜ ਘੰਟੇ ਸੀ:ਆਈ ਸਟਾਫ 'ਚ ਪੁਲਿਸ ਤਸ਼ੱਦਦ ਝੱਲਿਆਂ" ਸਾਡੇ ਇੱਕ ਸਾਥੀ ਨੂੰ ਐਸ. ਐਸ. ਪੀ. ਨੇ ਕਿਹਾ ਕਿ ਡਿੰਪੀ ਢਿੱਲੋਂ ਨੂੰ ਮਿਲ ਕੇ ਮਾਫੀ ਮੰਗ ਲੈਣ ਪਰਚਾ ਵਾਪਸ ਹੋ ਜਾਊ।
ਸਿਦਕ ਦੇਖੋ 307 'ਚ 92 ਦਿਨ ਜੇਲ ਕੱਟੀ ਹੁਣ ਵੀ ਅਦਾਲਤ ਚ ਕੇਸ ਚਲਦੈ ਮਾਫੀ ਨਹੀ ਮੰਗੀ...
ਅਣਖੀ ਨੌਜਵਾਨੋ !
ਨਿਰਾਸ਼ਾ 'ਚੋਂ ਬਾਹਰ ਨਿਕਲੋ ਇਨ੍ਹਾਂ ਸ਼ੋਸ਼ੇਬਾਜ਼ਾਂ ਦਾ ਖਹਿੜਾ ਛੱਡੋ! ਦਸਾਂ ਗੁਰੂਆ,
ਗਦਰੀ ਬਾਬਿਆਂ, ਕਰਤਾਰ ਸਰਾਭੇ,
ਸਹੀਦ ਭਗਤ ਸਿੰਘ ਦਾ ਇਨਕਲਾਬ ਦਾ,
ਮਿਹਨਤਕਸ਼ਾਂ ਦੀ ਮੁਕਤੀ ਦਾ,
ਤੇ, ਜਫਰਨਾਮਾ ਲਿਖਣ ਵਾਲਿਆਂ ਦਾ ਰਾਹ ਅਪਣਾਓ!
ਨਾ ਕੇ, ਮਾਫੀਆਂ ਮੰਗਣ ਵਾਲਿਆਂ ਦਾ!!
ਨੌਜਵਾਨ ਭਾਰਤ ਸਭਾ ਜਿੰਦਾਬਾਦ

# ਅਜੋਕੀ ਗਾਇਕੀ ਸਭਿਆਚਾਰ ਜਾਂ ਨਿਘਾਰ



ਪਰਮਿੰਦਰ ਕੌਰ ਸਵੈਚ
604 760 4794




ਸਾਹਿਤ ਸਾਡੀ ਸੱਭਿਅਤਾ ਦੀ ਪ੍ਰਤੀਨਿੱਧਤਾ ਕਰਦਾ ਹੈ। ਇਹ ਉਹ ਸ਼ੀਸ਼ਾ ਹੈ, ਜਿਸ ਵਿਚੋਂ ਦੀ ਤੱਕਿਆਂ ਸਾਡਾ ਜੀਵਨ ਤੇ ਇਸਦੇ ਸਾਰੇ ਪੱਖਾਂ ਦਾ ਹੂ-ਬਹੂ ਝਲਕਾਰਾ ਪੈਂਦਾ ਹੈ। ਸਾਹਿਤ ਵਿੱਚ ਕਵਿਤਾ ਜਾਂ ਗੀਤ ਦੀ ਵਿਸ਼ੇਸ਼ ਥਾਂ ਇਸ ਲਈ ਹੈ ਕਿ ਸਾਹਿਤ ਦੇ ਰੂਪਾਂ ਵਿਚੋਂ ਸਭ ਤੋਂ ਪਹਿਲਾਂ ਕਵਿਤਾ ਦਾ ਜਨਮ ਹੋਇਆ। ਜਦੋਂ ਅਜੇ ਆਦਿ ਮਨੁੱਖ ਦੀ ਦਿਮਾਗੀ ਸੂਝ ਦਾ ਵਿਕਾਸ ਨਹੀਂ ਸੀ ਹੋਇਆ ਤਾਂ ਉਸਨੇ ਦਿਲ ਦੇ ਹਾਵਾਂ-ਭਾਵਾਂ ਨੂੰ ਪ੍ਰਗਟਾਉਣ ਦੇ ਲਈ ਕਵਿਤਾ ਦੇ ਰੂਪ ਨੂੰ ਹੋਂਦ ਵਿੱਚ ਲਿਆਂਦਾ। ਇਸ ਲਈ ਮੁੱਢੋਂ-ਸੁੱਢੋਂ ਹੀ ਕਵਿਤਾ ਅਤੇ ਲੋਕਾਈ ਦਾ ਆਪਸ ਵਿੱਚ ਗੂੜ੍ਹਾ ਸਬੰਧ ਹੈ। ਕਵਿਤਾ ਲੋਕਾਂ ਦੇ ਭਾਵਾਂ ਵਿੱਚੋਂ ਹੀ ਉਪਜਦੀ ਹੈ। ਕਵਿਤਾ ਜਾਂ ਗੀਤ ਦਾ ਅਕਾਰ ਛੋਟਾ ਹੋਣ ਕਰਕੇ ਇਹ ਲੋਕਾਂ ਦੇ ਬਹੁਤ ਨੇੜੇ ਹੈ। ਜਨ-ਸਾਧਾਰਣ ਵੀ ਇਹਦੇ ਨੇੜੇ ਰਹਿ ਕੇ ਸੁਣ ਤੇ ਗਾ ਸਕਦੇ ਹਨ।

ਕਿਸੇ ਵੀ ਵਸਤੂ ਦਾ ਕੋਈ ਵੀ ਰੂਪ ਦੋ ਤਰ੍ਹਾਂ ਲੋਕਾਂ ਸਾਹਵੇਂ ਪੇਸ਼ ਹੁੰਦਾ ਹੈ। ਇੱਕ ਚੰਗਾ ਪੱਖ ਤੇ ਦੂਸਰਾ ਮਾੜਾ। ਸੋ ਲੋਕਾਂ ਵਿੱਚ ਆਉਣ ਵਾਲਾ ਸਾਹਿਤ ਵੀ ਦੋ ਤਰ੍ਹਾਂ ਦਾ ਹੁੰਦਾ ਹੈ-ਲੋਕ ਪੱਖੀ ਸਾਹਿਤ ਤੇ ਲੋਕ ਵਿਰੋਧੀ ਸਾਹਿਤ। ਇਸੇ ਤਰ੍ਹਾਂ ਕਵਿਤਾ ਜਾਂ ਗੀਤ ਦੇ ਵੀ ਦੋ ਰੂਪ ਹੁੰਦੇ ਹਨ- ਲੋਕ ਪੱਖੀ ਗੀਤ ਤੇ ਲੱਚਰ ਗੀਤ।ਲੋਕ ਪੱਖੀ ਗੀਤ, ਉਹ ਗੀਤ ਹਨ ਜਿਨ੍ਹਾਂ ਵਿੱਚ ਕਵੀ ਆਪਣੀਆਂ ਕਿਰਤਾਂ ਦੁਆਰਾ ਲੋਕਾਂ ਦੀ ਸੋਚ ਨੂੰ ਸਮਾਜਕ, ਆਰਥਕ, ਸਭਿਆਚਾਰਕ ਅਤੇ ਕਿਰਿਆਤਮਕ ਵਿਕਾਸ ਦੀ ਦਿਸ਼ਾ ਵਿੱਚ ਸੇਧਤ ਕਰਨ ਲਈ ਕਰਮਸ਼ੀਲ ਹੁੰਦਾ ਹੈ।

ਦੂਸਰਾ ਪੱਖ ਉਹਨਾਂ ਗੀਤਾਂ ਦਾ ਹੈ ਜੋ ਅਸੀਂ ਵਿਆਹ ਆਦਿ ਦੇ ਮੌਕੇ ਤੇ ਪਾਰਟੀਆਂ ਵਿੱਚ, ਹਾਲਾਂ ਵਿੱਚ ਟੀ. ਵੀ., ਕੰਮਪਿਊਟਰਾਂ ਤੇ ਘਰਾਂ ਵਿੱਚ ਆਮ ਸੁਣਦੇ ਹਾਂ।ਇਹ ਸਮਾਜ ਵਿੱਚ ਅਜ਼ਾਦ ਟਪੂਸੀਆਂ ਮਾਰਨ ਵਾਲੇ ਸਾਹਿਤਕਾਰ ਘਟੀਆ ਤੇ ਲੱਚਰ ਸਾਹਿਤ ਦੇ ਪਹਿਲੇ ਲੇਖਕ ਹਨ ਜਿਹੜੇ ਕਿ ਜਮਾਤੀ ਪੱਖੋਂ ਸਮਾਜ ਦੀਆਂ ਲਹੂ ਪੀਣੀਆਂ ਜੋਕਾਂ ਦੀ ਸੇਵਾ ਵਿੱਚ ਲਿਖਦੇ ਹਨ ਤੇ ਇਹ ਲੁਟੇਰੀਆਂ ਜਮਾਤਾਂ ਦੀ ਪੁਰਾਤਨ ਵਿਚਾਰਧਾਰਾ ਨੂੰ ਕਾਇਮ ਰੱਖਦੇ ਹਨ। ਇਹ ਗੀਤ ਲੋਕਾਂ ਦੇ ਯਥਾਰਥ ਨੂੰ ਛੱਡ ਕੇ ਕਾਮ ਉਕਸਾਊ ਜਜ਼ਬਿਆਂ ਨੂੰ ਉਤਸ਼ਾਹਤ ਕਰਦੇ ਹਨ ਅਤੇ ਪੂਰਣ ਰੂਪ ਵਿੱਚ ਸਮਾਜ ਦੇ ਉਲਟ ਭੁਗਤਦੇ ਹਨ।ਕਾਵਿ ਟੋਟੇ ਵਿੱਚ ਦੇਖੋ, ਕਵੀ ਕਹਿੰਦਾ ਹੈ:-

**ਫੁੱਲਾਂ ਦੇ ਗੁਲਦਸਤੇ ਵਰਗੀ**
**ਨਾਰ ਤੇਰੀ ਦਾ ਚਾਅ ਵੇ,**
**ਤੈਨੂੰ ਬੁੱਕਦਾ ਵੇਖਣਾ ਹੋ ਕੇ ਸ਼ਰਾਬੀ ਆ ਵੇ।**
**ਜਾਂ ਜੇ ਮੈਨੂੰ ਮੇਰਾ ਯਾਰ ਬੁਲਾਵੇ**
**ਅੱਧੀ ਰਾਤ ਨਹਿਰੋਂ ਪਾਰ ਬੁਲਾਵੇ**

-----------------

**ਪੈਰ ਜੁੱਤੀ ਨਾ ਪਾਵਾਂ।ਜਾਂ**
**ਆ ਨੀ ਬਹਾਨਾ ਲਾ ਕੇ ਸੈਰ ਦਾ ਘਰੋਂ**
**ਮਿੱਤਰਾਂ ਨੂੰ ਮੁੱਖੜਾ ਦਿਖਾਉਣ ਦੇ ਲਈ।**

ਉਪਰੋਕਤ ਕਾਵਿ ਟੋਟੇ ਦੱਸਦੇ ਹਨ ਕਿ ਔਰਤਾਂ ਦੀ ਮਾਨਸਿਕਤਾ ਇੰਨੀ ਗਿਰ ਗਈ ਹੈ ਕਿ ਉਹ ਝੂਠ ਬੋਲ ਕੇ, ਚੋਰੀ ਬਹਾਨੇ ਲਾ ਕੇ, ਆਪਣੇ ਮਾਪਿਆਂ ਦੀ ਇੱਜ਼ਤ ਦਾਓ ਤੇ ਲਾ ਕੇ ਘਟੀਆ ਤੋਂ ਘਟੀਆ ਕੰਮ ਕਰਨ ਲਈ ਰਾਜ਼ੀ ਹਨ ਅਤੇ ਉਹ ਨਸ਼ਈ ਪਤੀ ਜਾਂ ਪ੍ਰੇਮੀ ਨੂੰ ਨਸ਼ੇ ਦੀਆਂ ਹਾਲਤਾਂ ਵਿੱਚ ਦੇਖਣ ਲਈ ਉਤਸੁਕ ਹਨ। ਜਦਕਿ ਇਹੋ ਜਿਹੀਆਂ ਕੁੱਝ ਕੁ ਉਂਗਲਾਂ ਤੇ ਗਿਣੀਆਂ ਜਾਣ ਵਾਲੀਆਂ ਲਵੀ ਉਮਰ ਦੀਆਂ, ਅਨਪੜ੍ਹ, ਗੁੰਮਰਾਹ, ਨਾਬਾਲਗ ਕੁੜੀਆਂ ਤਾਂ ਹੋ ਸਕਦਾ ਹੈ ਕਿ ਆਪਣੇ ਰਾਹੋਂ ਕੁੱਝ ਸਮੇਂ ਲਈ ਭਟਕ ਜਾਣ ਜਾਂ ਭਟਕਾਈਆਂ ਜਾਣ ਪਰ ਅਸਲੀਅਤ ਵਿੱਚ ਕੋਈ ਵੀ ਕੁੜੀ ਅਜਿਹਾ ਕਰਨ ਲਈ ਜਾਂ ਸ਼ਰਾਬੀ ਪਤੀ ਦੀਆਂ ਜਿਆਦਤੀਆਂ ਸਹਿਣ ਲਈ ਤਿਆਰ ਨਹੀਂ ਹੁੰਦੀ। ਉਂਝ ਹਕੀਕਤ ਵਿੱਚ ਦੇਖਿਆ ਜਾਂਦੈ ਕਿ ਜਦੋਂ ਬੇਚੈਨ ਪਤੀ ਘਰ ਦੀਆਂ ਜ਼ਿੰਮੇਵਾਰੀਆਂ ਨੂੰ ਭੁਲਾਉਣ ਲਈ ਸ਼ਰਾਬ ਪੀ ਲੈਂਦਾ ਹੈ ਅਤੇ ਅੱਕ ਕੇ ਕਈ ਵਾਰ ਪਤਨੀ ਤੇ ਕੁੱਟ ਮਾਰ ਕਰਦਾ ਹੈ ਇਸ ਲਈ ਪਤਨੀ ਦੀ ਹਮੇਸ਼ਾਂ ਦੁਆ ਹੁੰਦੀ ਹੈ ਕਿ ਅਜਿਹੀ ਘੜੀ ਕਦੀ ਨਾ ਆਵੇ।

**ਵੇਖ ਹਾਣਦੀ ਘਰ ਵਿੱਚ ਫਿਰਦੀ ਆਪਾਂ ਲਈ ਬੁਸ਼ਕਾਰ,**
**ਕਹਿੰਦੀ ਸੀ ਜਿਹੜੀ ਜੀਜਾ ਗਈ ਬਣ ਜੀਜੇ ਦੀ ਨਾਰ।**

ਇਹਨਾਂ ਗੀਤਾਂ ਵਿੱਚ ਜੀਜੇ-ਸਾਲੀ, ਦਿਉਰ-ਭਰਜਾਈ, ਜੇਠ-ਭਰਜਾਈ ਆਦਿ ਦੇ ਰਿਸ਼ਤਿਆਂ ਨੂੰ ਕਿੰਨਾ ਗਲਤ ਰੂਪ ਦਿੱਤਾ ਜਾਂਦਾ ਹੈ। ਜਦੋਂ ਕਿ ਇਹ ਸਾਰੇ ਰਿਸ਼ਤਿਆਂ ਵਿੱਚ ਕਿੰਨੀ ਨੇੜਲੀ ਸਾਂਝ ਹੁੰਦੀ ਹੈ ਪਰ ਇਸ ਲੱਚਰ ਸਾਹਿਤ ਦੇ ਰਾਹੀਂ ਆਮ ਆਦਮੀ ਤੇ ਇਨ੍ਹਾਂ ਬੋਲਾਂ ਦਾ ਕੀ ਅਸਰ ਹੁੰਦਾ ਹੋਵੇਗਾ।ਉਹ ਔਰਤ ਜਿਹੜੀ ਅਜੇ ਤੱਕ ਗੁਲਾਮੀ ਦੀਆਂ ਬਰੂਹਾਂ ਪਾਰ ਨਹੀਂ ਕਰ ਸਕੀ ਗੀਤਾਂ ਵਿੱਚ ਸ਼ਰੇਆਮ ਲਲਕਾਰਦੀ ਨਜ਼ਰ ਆਉਂਦੀ ਹੈ।ਆਲ਼ੇ ਦੁਆਲੇ ਨਜ਼ਰ ਜਰੂਰ ਮਾਰੋ ਕਿ ਇਹ ਔਰਤ ਕਿੱਥੇ ਵਸਦੀ ਹੈ? ਜਾਂ ਫਿਰ ਇੱਥੇ ਅਸੀਂ ਕਿੰਨੀਆਂ ਕੁ ਅਜਿਹੀਆਂ ਔਰਤਾਂ ਦੇਖਦੇ ਹਾਂ ਕਿ ਜੋ ਆਪਣੇ ਪਤੀ ਦੀਆਂ ਅਜਿਹੀਆਂ ਹਰਕਤਾਂ ਨੂੰ ਚੰਗਾ ਸਮਝਦੀਆਂ ਹਨ।

**ਇੱਕ ਛੜਾ ਲੈ ਗਿਆ ਫੜਕੇ**
**ਦੱਸਾਂ ਕੀ ਗੱਲਾਂ ਗੂਹੜੀਆਂ।**

ਇਹੋ ਜਿਹੀਆਂ ਕਿੰਨੀਆਂ ਕੁ ਕੁੜੀਆਂ ਹਨ ਜਿਹਨਾਂ ਨੂੰ ਛੜੇ ਫੜ੍ਹ ਕੇ ਲੈ ਜਾਂਦੇ ਹਨ ਅਤੇ ਉਹ ਸਟੇਜ ਤੋਂ ਐਲਾਨ ਕਰਦੀਆਂ ਹਨ। ਇਸਤਰੀ ਜਾਤੀ ਲਈ ਕਿੰਨੀ ਸ਼ਰਮਨਾਕ ਗੱਲ ਹੈ ਜਦ ਕਿ ਭਾਰਤ ਵਰਗੇ ਦੇਸ਼ ਵਿੱਚ ਇਸਤਰੀ ਨੂੰ ਚਾਰ ਦਿਵਾਰੀ ਵਿੱਚ ਕੈਦ ਰੱਖਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਹ ਗੱਲ ਇਹੀ ਦਸ ਵੀਹ ਸਟੇਜ ਤੋਂ ਕਹਿਣ ਵਾਲੀਆਂ ਕੁੜੀਆਂ ਤਾਂ ਹੋ ਸਕਦੀਆਂ ਹਨ ਪਰ ਆਮ ਸਾਧਾਰਣ ਕੁੜੀਆਂ ਨਹੀਂ।

**ਨਸ਼ੇ ਦੀਏ ਬੰਦ ਬੋਤਲੇ,**
**ਤੇਰੇ ਝੂਲ਼ਦੇ ਕੰਨਾਂ ਦੇ ਬਾਲ਼ੇ**
**ਤੈਨੂੰ ਪੀਣਗੇ ਨਸੀਬਾਂ ਵਾਲੇ ਜਾਂ**
**ਮੈਂ ਸ਼ਰਬਤ ਦੀ ਬੋਤਲ**
**ਮੈਨੂੰ ਗੱਟ ਗੱਟ ਕਰਕੇ ਪੀ ਮਿੱਤਰਾ। ਜਾਂ**
**ਨੀ ਇੱਕੋ ਪੈੱਗ ਲਾ ਲੈਣਦੇ**
**ਸੌਖੀ ਜਾਨ ਨਿਕਲੂ ਮੁਟਿਆਰੇ।**

ਅੱਜ ਦੇ ਜ਼ਮਾਨੇ ਵਿੱਚ ਜਿੱਥੇ ਔਰਤ ਮਰਦ ਦੇ ਬਰਾਬਰ ਕੰਮ ਕਰ ਰਹੀ ਹੈ।ਇਸਤੋਂ ਇਲਾਵਾ ਘਰੇਲੂ ਕੰਮ ਤੇ ਬੱਚੇ ਪਾਲਣਾ ਵੀ ਉਸਦੀ ਜ਼ੁੰਮੇਵਾਰੀ ਹੈ ਉਸ ਸਮੇਂ ਔਰਤ ਨੂੰ ਸਿਰਫ ਬੇਜਾਨ ਸ਼ਰਾਬ ਦੀ ਬੋਤਲ ਵਰਗੇ ਅਲੰਕਾਰ ਵਰਤਣੇ ਯੋਗ ਹਨ? ਜੇ ਉਹ ਇੱਕ ਸ਼ਰਾਬ ਦੀ ਬੋਤਲ ਹੈ ਤਾਂ ਫਿਰ ਗ੍ਰਹਿਸਤ ਦੀ ਗੱਡੀ ਦੇ ਇੱਕ ਪਹੀਏ ਦੀ ਕੀਮਤ ਸਿਰਫ ਤੇ ਸਿਰਫ 25 ਤੋਂ 100 ਡਾਲਰ ਹੀ ਤਾਂ ਹੈ? ਚਾਹੁੰਦੇ ਅਸੀਂ ਇਹ ਹਾਂ ਕਿ ਔਰਤ ਨੂੰ ਮਰਦ ਦੇ ਬਰਾਬਰ ਹੱਕ ਮਿਲਣ ਪਰ ਇੱਥੇ ਇਸਨੂੰ ਮਰਦ ਨਾਲੋਂ ਨਿਖੇੜ ਕੇ ਪਹਿਲੇ ਰੀਤੀ-ਰਿਵਾਜਾਂ ਅਨੁਸਾਰ ਮਰਦ ਦੀ ਜੁੱਤੀ, ਬੱਚੇ ਜੰਮਣ ਦੀ ਮਸ਼ੀਨ ਜਾਂ ਮਨੋਰੰਜਨ ਦਾ ਸਾਧਨ ਦੱਸਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

**ਦੋਨੋਂ ਪਾਸੇ ਮੈਂ ਫਸ ਗਈ**
**ਤੈਨੂੰ ਕੀ ਕਹਿ ਕੇ ਛੁੱਟ ਜਾਵਾਂ। ਜਾਂ**
**ਆਟੇ ਵਾਂਗੂੰ ਗੁੰਨਤੀ**
**ਬਿਗਾਨੇ ਪੁੱਤ ਨੇ। ਜਾਂ**
**ਵੇਖੀ ਕੁੜੀ ਸਾਹਮਣੇ ਖੜੋਤੀ ਹਾਣ ਦੀ**
**ਸਿੱਖਦੀ ਸੀ ਜਾਚ ਅੱਖੀਆਂ ਲੜਾਣ ਦੀ**
**ਸਾਡੇ ਭਾ ਦੀ ਟਿੱਬਿਆਂ ਤੇ ਘਟਾ ਵਰ੍ਹ ਗਈ**
**ਅੱਖ ਦੇ ਇਸ਼ਾਰੇ ਉੱਤੇ ਹਾਂ ਕਰ ਗਈ--। ਜਾਂ**
**ਕਦੇ ਕੋਲ ਬੁਲਾਵੇ, ਮੈਨੂੰ ਸੀਨੇ ਲਾਵੇ**
**ਕਰਦਾ ਸੀ ਮੈਂ ਵੇਟ ਕੁੜੀ ਦਾ**
**ਲੱਕ ਟਵੰਟੀ ਏਟ ਕੁੜੀ ਦਾ**
**ਫੋਰਟੀ ਸੈਵਨ ਵੇਟ ਕੁੜੀ ਦਾ**

ਕਿੰਨੀਆਂ ਅਸ਼ਲੀਲ ਗੱਲਾਂ ਹਨ। ਜਦੋਂ ਗਾਣੇ ਟੀਵੀ, ਵੀਡਿਓ ਤੇ ਚਲਦੇ ਹਨ ਤਾਂ ਪਰਿਵਾਰ ਇਕੱਠੇ ਬੈਠ ਕੇ ਨਹੀਂ ਦੇਖ ਸਕਦੇ। ਕੁੜੀਆਂ ਨੂੰ ਇੱਕ ਬਾਰਬੀ ਡੌਲ਼ ਬਣਾ ਕੇ ਪੇਸ਼ ਕੀਤਾ ਜਾਂਦਾ ਹੈ, ਗੀਤਾਂ ਵਿੱਚ ਉਹ ਦੇਖਣ ਨੂੰ ਕਿਹੋ ਜਿਹੀ ਲਗਦੀ ਹੈ ਨਾ ਕਿ ਉਸਦੇ ਗੁਣ ਤੇ ਸਮਾਜ ਪ੍ਰਤੀ ਸੂਝ ਕੀ ਹੈ। ਇੰਨਾ ਕਾਮ ਉਕਸਾਊ ਗੱਲਾਂ ਨਾਲ ਲੋਕਾਂ ਨੂੰ ਅਤਿਅੰਤ ਗੁੰਮਰਾਹ ਕੀਤਾ ਜਾਂਦਾ ਹੈ। ਚੜ੍ਹਦੀਆਂ ਜਵਾਨੀਆਂ ਨੂੰ ਵਰਗਲਾਉਣ ਦੇ ਲਈ ਇਹ ਸੋਹਣਾ ਰੂਪ ਪੇਸ਼ ਕਰਦੇ ਹਨ ਕਿ ਜਿਹੜੇ ਜਵਾਨ ਦਿਲਾਂ ਵਿੱਚ ਕੁੱਝ ਕਰਨ ਦੀ ਸਮਰੱਥਾ ਹੈ ਉਹ ਇਨ੍ਹਾਂ ਲੱਚਰ ਗੀਤਾਂ ਵਿੱਚ ਉਲਝ ਕੇ ਰਹਿ ਜਾਣ ਅਰਥਾਤ ਉਹ ਆਪਣੀ ਮੰਜ਼ਲ ਬਾਰੇ ਤੇ ਲੋਕਾਂ ਬਾਰੇ ਬਿਲਕੁਲ ਵੀ ਨਾ ਸੋਚ ਸਕਣ।

**ਤੇਰੇ ਭਾਈਆਂ ਨਾਲ ਪੈ ਗਿਆ ਏ ਵੈਰ ਨੀ**
**ਮੈਨੂੰ ਲੱਗਦੈ ਹੁਣ ਸਾਲ਼ਿਆਂ ਦੀ ਖੈਰ ਨੀ**
**ਉਹ ਵੀ ਜੇ ਗੰਡਾਸੇ ਬਿੱਲੋ ਚੰਡੀ ਫਿਰਦੇ**
**ਗੱਡੀ ਮੇਰੀ ਵਿੱਚ ਗੰਨ ਵੀ ਪੁਰਾਣੀ ਰਹਿੰਦੀ ਆ**
**ਊਂ ਮਿੱਤਰਾਂ ਦੀ ਬੰਬੀ ਉੱਤੇ ਹਰ ਵੇਲੇ**
**ਵੈਲੀਆਂ ਦੀ ਢਾਹਣੀ ਰਹਿੰਦੀ ਆ।**

ਗੀਤ ਸਪੱਸ਼ਟ ਕਰਦਾ ਹੈ ਕਿ ਮੁੰਡੇ ਹੱਥਾਂ ਵਿੱਚ ਹਥਿਆਰ ਲੈ ਕੇ ਸਿਰਫ ਸ਼ੁਦਾਈ ਜਾਂ ਹਿੰਸਕ ਹੋਏ ਫਿਰਦੇ ਹਨ, ਉਹਨਾਂ ਨੂੰ ਕਿਸੇ ਰਿਸ਼ਤੇ ਨਾਤਿਆਂ ਦੀ ਕੋਈ ਪ੍ਰਵਾਹ ਨਹੀਂ।

**ਮਾਪੇ ਸੋਚਦੇ ਕਿ ਸਾਡਾ ਮੁੰਡਾ ਕਰਦਾ ਪੜ੍ਹਾਈਆਂ**
**ਮੁੰਡਾ ਐਤਕੀਂ ਵੀ ਬੀ. ਏ. ਵਿੱਚੋਂ ਫੇਲ੍ਹ ਹੋ ਗਿਆ। ਜਾਂ**
**ਦਸਵੀਂ ਦੇ ਵਿੱਚ ਬਦਮਾਸ਼ੀ ਸ਼ੁਰੂ ਕਰ ਲਈ**
**ਮੈਥ ਵਾਲੀ ਮੈਡਮ ਸੀ ਯਾਰੋ ਬਾਹੋਂ ਫੜ ਲਈ**
**ਕਹਿੰਦੀ ਕਾਕਾ ਤੈਨੂੰ ਕੁਸ਼ ਪੜ੍ਹਨਾ ਨੀ ਆਉਂਦਾ**
**ਤੇਰੇ ਹੱਥਾਂ 'ਚੋਂ ਪੜ੍ਹਾਈ ਦੀ ਲਕੀਰ ਮਰਗੀ**
**ਜੱਟਾਂ ਨੂੰ ਪੜ੍ਹਾਈ ਹੁੰਦੀ ਜ਼ਹਿਰ ਵਰਗੀ।**

ਅੱਜ ਦੀ ਪੀੜ੍ਹੀ ਨੂੰ ਸਾਇੰਸ ਦੇ ਇਸ ਯੁੱਗ ਵਿੱਚ ਨਵੀਆਂ ਤੋਂ ਨਵੀਆਂ ਕਾਢਾਂ ਕੱਢ ਕੇ ਮਨੁੱਖੀ ਜੀਵਨ ਨੂੰ ਉਚੇਰਾ ਤੇ ਸੁਹਿਰਦ ਬਣਾਉਣ ਲਈ ਉਪਰਾਲਿਆਂ ਦੀ ਲੋੜ ਹੈ ਉੱਥੇ ਇਹਨਾਂ ਗੀਤਾਂ ਵਿੱਚ ਮੁੰਡੇ ਆਪਣਾ ਸਮਾਂ ਕੁੜੀਆਂ ਦੇ ਮਗਰ ਫਿਰਕੇ, ਜਾਂ ਬਦਮਾਸ਼ੀਆਂ ਕਰਕੇ ਜਾਇਆ ਕਰਨ ਲਈ ਪ੍ਰੇਰਿਤ ਕੀਤਾ ਜਾਂਦਾ ਹੈ ਅਤੇ ਦਕਿਆਨੂਸੀ ਗੱਲਾਂ ਨੂੰ ਨਕਾਰਨ ਦੀ ਬਜਾਇ ਉਹਨਾਂ ਦੀ ਪੜ੍ਹਾਈ ਦੀਆਂ ਲਕੀਰਾਂ ਹੱਥਾਂ ਵਿੱਚ ਲਿਖੀਆਂ ਹਨ ਦੱਸਿਆਂ ਜਾਂਦਾ ਹੈ ਮਿਹਨਤ ਜਾਂ ਜੀਵਨ ਦੇ ਅਸਲੀ ਅਦਰਸ਼ਾਂ ਨੂੰ ਅੱਖੋਂ ਪਰੋਖੇ ਕਰਨ ਦੀ ਇਜ਼ਾਜਤ ਹੈ।'ਜੱਟਾਂ ਨੂੰ ਪੜ੍ਹਾਈ ਹੁੰਦੀ ਜ਼ਹਿਰ ਵਰਗੀ' ਗੀਤਕਾਰ ਕੀ ਕਹਿਣਾ ਚਾਹੁੰਦਾ ਹੈ, ਸਮਝ ਤੋਂ ਬਾਹਰ ਹੈ।

**ਗੇੜਾ ਪਿੰਡ ਤੋਂ ਵੱਡੇ ਵੈਲੀ ਲਾ ਗਏ**
**ਗੈਰਹਾਜ਼ਰੀ ਦਾ ਫਾਇਦਾ ਹੀ ਉਠਾ ਗਏ**
**ਬਈ ਚੌਂਕ 'ਚ ਕਰਾਂਗੇ ਡੱਕਰੇ।**
**ਜਦੋਂ ਜਿੱਥੇ ਟੱਕਰੇ। ਬਈ ਟੱਕਰੇ। ਜਾਂ**
**ਡੱਬ 'ਚ ਰਿਵਾਲਵਰ ਰੱਖਦਾ**
**ਹਾਏ ਨੀ ਮੁੰਡਾ ਭਰ ਕੇ,**
**ਹਾਏ ਨੀ ਮੁੰਡਾ ਭਰਕੇ। ਜਾਂ**
**ਕੋਈ ਖੜ੍ਹਾ ਦੁਨਾਲੀ ਲੈ ਕੇ,**
**ਕੋਈ ਜਿਪਸੀ ਕਾਲੀ ਲੈ ਕੇ**
**ਗੰਨ ਗੋਲ਼ੀਆਂ ਦੇ ਨਾਲ ਫੁੱਲ,**
**ਮੇਰੇ ਹੱਥਾਂ ਦੇ ਵਿੱਚ ਫੁੱਲ**
**ਉਹਨਾਂ ਕੋਲ ਹਥਿਆਰ ਬੜੇ ਨੇ,**
**ਫੱਤੋ ਦੇ ਯਾਰ ਬੜੇ ਨੇ।**

ਇਹੋ ਜਿਹੇ ਅਨੇਕਾਂ ਹੀ ਗੀਤ ਜਿਹਨਾਂ ਵਿੱਚ ਵੈਲੀ ਹੋਣਾ, ਬੱਕਰੇ ਬੁਲਾਉਣਾ ਡਾਲਰਾਂ ਨਾਲ ਜੇਬਾਂ ਭਰ ਕੇ ਦਿਖਾਵਾ ਕਰਨਾ, ਰਿਵਾਲਵਰ, ਦੁਨਾਲੀਆਂ ਲੈ ਕੇ ਗੁੰਡਿਆਂ ਦੀ ਦਿੱਖ ਬਣਾ ਕੇ, ਕਾਲੀਆਂ ਜਿਪਸੀਆਂ ਉੱਤੇ, ਕੁੰਢੀਆਂ ਮੁੱਛਾਂ ਨੂੰ ਵੱਟ ਦਿੰਦੇ ਹੋਏ, ਕੇਸ ਕਚਹਿਰੀਆਂ ਕੁੜੀਆਂ ਪਿੱਛੇ ਸ਼ੁਦਾਈ ਉਹਨਾਂ ਨੂੰ ਘਰੋਂ ਕੱਢਣ ਦੀ ਜੁਗਤ ਹੀ ਦੱਸਦੇ ਹਨ। ਉਂਜ ਤਾਂ ਕਈ ਵਾਰ ਮਾੜਚੂ ਜਿਹਾ ਮੁੰਡਾ ਸਟੇਜ ਤੋਂ ਇਹੋ ਜਿਹੇ ਗੀਤ ਗਾ ਰਿਹਾ ਹੁੰਦਾ ਹੈ ਪਰ ਇਹ ਭਾਰੇ ਭਾਰੇ ਸ਼ਬਦ ਬੋਲ ਕੇ ਲਵੀ ਉਮਰੇ ਨੌਜਵਾਨ ਮੁੰਡੇ ਆਪਣੇ ਆਪ ਨੂੰ ਵੈਲੀ ਸਮਝਣ ਲਗਦੇ ਹਨ। ਕਿਉਂਕਿ ਮਨੁੱਖੀ ਫਿਤਰਤ ਇਹੋ ਜਿਹੀ ਹੈ ਕਿ ਅਸੀਂ ਜੋ ਕੁੱਝ ਦੇਖਦੇ ਤੇ ਸੁਣਦੇ ਹਾਂ ਉਹ ਸਾਰਾ ਕੁਝ ਅਸੀਂ ਆਪਣੇ ਤੇ ਲਾਗੂ ਕਰਦੇ ਹੋਏ ਆਪਣੇ ਹਲਾਤਾਂ ਮੁਤਾਬਕ ਆਪਣੇ ਆਪ ਨੂੰ ਉਸ ਵਿੱਚ ਗਹਿਗੱਚ ਕਰ ਲੈਣਾ ਚਾਹੁੰਦੇ ਹਾਂ।

**ਕਾਲੀ ਨਾਗਣੀ, ਕਾਲੀ ਨਾਗਣੀ**
**ਜੇ ਮਿਲੇ ਭੋਰਾ ਜੱਟ ਨੂੰ**
**ਦੁਨੀਆਂ ਈ ਮੋਢੇ ਉੱਤੇ ਚੱਕ ਲਈਦੀ। ਜਾਂ**
**ਅਜ਼ਮਾ ਕੇ ਦੇਖ ਲੈ ਨਸ਼ੇ ਸਾਰੇ**
**ਐਨਾ ਵੀ ਨਾ ਡੋਪ ਸ਼ੋਪ ਮਾਰਿਆ ਕਰੋ। ਜਾਂ**

**ਜੱਟ ਪੀ ਕੇ ਪੀ ਪੀ ਹੋ ਗਿਆ। ਜਾਂ**
**ਜਦੋਂ ਮੂੰਹ ਨੂੰ ਘੁੱਟ ਲਾਈ ਹੋਵੇ ਜੱਟ ਦੀ**
**ਉਸ ਵੇਲੇ ਹੁੰਦੀਆ ਚੜ੍ਹਾਈ ਜੱਟ ਦੀ।**

ਜਦੋਂ ਅਸੀਂ ਉੱਪਰ ਦਿੱਤੀ ਵੰਨਗੀ ਨੂੰ ਸੁਣਦੇ ਹਾਂ ਜਾਂ ਟੀ. ਵੀ., ਇੰਟਰਨੈੱਟ, ਯੂ ਟਿਊਬ ਆਦਿ ਤੇ ਦੇਖਦੇ ਹਾਂ ਕਿ ਕੁੜੀਆਂ ਜਾਂ ਮੁੰਡੇ ਕਿਵੇਂ ਨਸ਼ਿਆਂ ਦੇ ਵਿੱਚ ਗੜੁੱਚ, ਅੱਧਨੰਗੇ ਕਿੰਨਾ ਭੱਦਾ ਨਾਚ ਨੱਚਦੇ ਹਨ ਤੇ ਇਨ੍ਹਾਂ ਗਾਣਿਆ ਵਿੱਚ ਕੋਈ ਵੀ ਅਜਿਹਾ ਨਸ਼ਾ ਨਹੀਂ ਜਿਸਦਾ ਵਰਨਣ ਨਾ ਕੀਤਾ ਜਾਂਦਾ ਹੋਵੇ। ਜਿਨ੍ਹਾਂ ਲੋਕਾਂ ਨੂੰ ਇਹਨਾਂ ਬਾਰੇ ਪਤਾ ਵੀ ਨਹੀਂ, ਉਹਨਾਂ ਨੂੰ ਵੀ ਇਹਨਾਂ ਦੀ ਭਰਭੂਰ ਜਾਣਕਾਰੀ ਇਸ ਅਸ਼ਲੀਲ ਸਾਹਿਤ ਤੋਂ ਮਿਲ ਸਕਦੀ ਹੈ।

**ਤੈਨੂੰ ਘੇਰ ਕੇ ਗਲ਼ੀ ਦੇ ਵਿੱਚ ਵੱਢਣਾ**
**ਕਹਿੰਦੇ ਮੇਰੇ ਵੀਰ ਮਿੱਤਰਾ**

--------------

**ਤੇਰੇ ਵੀਰਾਂ ਦਾ ਜਲੂਸ ਜੇ ਨਾ ਕੱਢਿਆ**
**ਮਜ਼ਬੀ ਦਾ ਪੁੱਤ ਨਾ ਕਹੀਂ। ਜਾਂ**
**ਅੱਜ ਨੱਚਣਾ ਚਮਾਰਾਂ ਨੇ ਐ ਨੱਚਣਾ ਜਾਂ**
**ਹੱਥ ਲੈ ਕੇ ਹਥਿਆਰ, ਜਦ ਨਿਕਲੇ ਚਮਾਰ**
**ਫਿਰ ਦੇਖਿਓ ਪਟਾਕਾ ਕਿਵੇਂ ਪਊ ਮਿੱਤਰੋ**
**ਅੱਜ ਵੇਖਦੇ ਆਂ ਪੰਗਾ ਕੌਣ ਲਊ ਮਿੱਤਰੋ**

ਇਹੋ ਜਿਹਾ ਸਾਹਿਤ ਅੱਤ ਦਰਜੇ ਦਾ ਘਟੀਆ ਸਾਬਤ ਹੁੰਦਾ ਹੈ ਜੋ ਜੱਟਵਾਦ, ਚਮਾਰ ਜਾਂ ਹੋਰ ਜਾਤਾਂ ਦੀਆਂ ਗੱਲਾਂ ਕਰਦਾ ਹੈ। ਉਹ ਲੋਕਾਂ ਨੂੰ ਜਾਤਾਂ-ਗੋਤਾਂ ਵਿੱਚ ਵੰਡ ਕੇ, ਪਾੜ ਕੇ ਉਹਨਾਂ ਨੂੰ ਆਪਸ ਵਿੱਚ ਲੜਾਉਂਦਾ ਹੈ ਅਤੇ ਲੋਕਾਂ ਦੇ ਅਸਲੀ ਮਕਸਦ ਤੋਂ ਦੂਰ ਲਿਜਾਣਾ ਚਾਹੁੰਦਾ ਹੈ।ਐਹੋ ਜਿਹੇ ਲੇ਼ਖਕ ਲੋਕਾਂ ਨੂੰ ਇਹ ਦੱਸਣ ਦੀ ਬਜਾਇ ਕਿ ਜਾਤ ਗੋਤ ਕੁਝ ਨਹੀਂ ਹੁੰਦੇ ਸਗੋਂ ਜਾਤਾਂ ਤਾਂ ਦੋ ਹਨ ਇੱਕ ਅਮੀਰ ਜਾਤ ਤੇ ਦੂਸਰੀ ਗ਼ਰੀਬ ਜਾਤ ਜਾਂ ਕਹਿ ਲਉ ਇੱਕ ਅਮੀਰ ਜਮਾਤ ਤੇ ਦੂਜੀ ਗ਼ਰੀਬ ਜਮਾਤ। ਲੜਾਈ ਤਾਂ ਗ਼ਰੀਬ ਜਮਾਤ ਨੂੰ ਅਮੀਰ ਜਮਾਤ ਨਾਲ ਵਿੱਢਣੀ ਚਾਹੀਦੀ ਹੈ ਜਿਹੜੇ ਉਸਦੀ ਕਿਰਤ ਕਮਾਈ ਨੂੰ ਆਪਣੀ ਐਸ਼ੋਇਸ਼ਰਤ ਰਾਹੀਂ ਉਸਦੀ ਜ਼ਿੰਦਗੀ ਨੂੰ ਹਾਲੋਂ ਬੇਹਾਲ ਕਰ ਰਹੇ ਹਨ। ਇਹੋ ਜਿਹੇ ਸਾਹਿਤਕਾਰ ਗਾਹੇ ਵਗਾਹੇ ਪੂੰਜੀਵਾਦ ਦੀ ਸੇਵਾ ਵਿੱਚ ਲੱਗੇ ਹੋਏ ਹਨ।

**ਸੁਣ ਨੀ ਚੁੜੇਲੇ ਰੱਤ ਪੀਣ ਵਾਲੀਏ**
**ਨਰਕਾਂ ਨੂੰ ਜਾਵੇਂ ਜਮਾਂ ਦੀਏ ਸਾਲੀਏ**
**ਨੀ ਤੂੰ ਲੈਲਾ ਵਾਂਗੂੰ ਮਾਸ ਸਾਡਾ ਨੋਚਿਆ**
**ਭੋਰਾ ਨਾ ਕਸਰ ਛੱਡ ਗਈ**
**ਕੀੜੇ ਪੈਣਗੇ ਮਰੇਗੀਂ ਸੱਪ ਲੜ ਕੇ**
**ਜੇ ਮਿੱਤਰਾਂ ਦੀ ਹਾ ਲੱਗ ਗਈ। ਜਾਂ**
**ਰੰਨ ਮਿੱਤ ਕਿਸੇ ਦੀ ਨਾ**
**ਭਾਵੇਂ ਵੇਖ ਲਉ ਅਜ਼ਮਾ ਕੇ।**

ਪਤਾ ਨਹੀਂ ਗੀਤਕਾਰ ਨੇ ਇਹ ਲਿਖਣ ਲੱਗਿਆਂ ਆਪਣੀ ਮਾਂ, ਭੈਣ, ਧੀ ਜਾਂ ਪਤਨੀ ਬਾਰੇ ਬਿਲਕੁਲ ਨਹੀਂ ਸੋਚਿਆ ਹੋਵੇਗਾ? ਕੀ ਇੱਕ ਔਰਤ ਰੱਤ ਪੀਣੀ ਚੁੜੇਲ ਹੈ? ਜਾਂ ਜਮਾਂ ਦੀ ਸਾਲੀ ਹੈ? ਜਾਂ ਉਹ ਮਰਦ ਦਾ ਮਾਸ ਨੋਚਦੀ ਹੈ? ਉਸਦੇ ਕੀੜੇ ਪੈਣੇ ਚਾਹੀਦੇ ਹਨ? ਜਾਂ ਸੱਪ ਲੜ ਜਾਣੇ ਚਾਹੀਦੇ ਹਨ? ਕੀ ਉਸਨੇ ਔਰਤ ਦੀ ਸੰਵੇਦਨਸ਼ੀਲਤਾ, ਸਹਿਣਸ਼ੀਲਤਾ, ਪਿਆਰ ਦੀ ਰੂਹਾਨੀਅਤ ਬਾਰੇ ਕਦੇ ਵੀ ਨਹੀਂ ਸੋਚਿਆ? ਕੀ ਉਸਨੇ ਔਰਤ ਦੇ ਹਲਾਤਾਂ, ਸਮਾਜਕ ਬੰਧਨਾਂ, ਮਜ਼ਬੂਰੀਆਂ ਬਾਰੇ ਸੋਚ ਕੇ ਇਹ ਸਭ ਲਿਖਿਆ ਹੈ? ਜਾਂ ਔਰਤ ਨੂੰ ਸਦੀਆਂ ਤੋਂ ਦੱਬੀ ਕੁਚਲੀ ਸਮਝ ਕੇ ਉਸਤੇ ਇਸ ਤਰ੍ਹਾਂ ਦੀ ਚਿੱਕੜ ਉਛਾਲੀ ਕੀਤੀ ਹੈ? ਕੀ ਇਹ ਸਹੀ ਹੈ ? ਕੀ ਬਿਲਕੁਲ ਇਹੋ ਜਿਹੀਆਂ ਔਰਤਾਂ ਹੁੰਦੀਆਂ ਹਨ? ਇਹ ਲੇਖਕ ਅਸਲੀਅਤ ਤੋਂ ਲਾਂਭੇ ਹਨ। ਕੀ ਜੰਗ ਵਿੱਚ ਲੜਨ ਵਾਲੀ ਰਾਣੀ ਝਾਂਸੀ ਲਕਸ਼ਮੀ ਬਾਈ, ਮਾਤਾ ਸਾਹਿਬ ਕੌਰ, ਮਾਈ ਭਾਗੋ, ਭਗਵਤੀ ਚਰਨ ਦੀ ਪਤਨੀ ਦੁਰਗਾ ਦੇਵੀ ਜਿਸਨੇ ਭਗਤ ਸਿੰਘ ਦਾ ਸਾਥ ਦਿੱਤਾ ਸੀ, ਕੀ ਉਹ ਔਰਤਾਂ ਨਹੀਂ ਸਨ ? ਕੀ ਇਹ ਲੇਖਕ ਉਹਨਾਂ ਬਹਾਦਰ ਔਰਤਾਂ ਨੂੰ ਅੱਖੋਂ ਪਰੋਖੇ ਕਰਕੇ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਨਹੀਂ ਪਾ ਰਹੇ? ਕੀ ਉਹ ਔਰਤਾਂ ਨਹੀਂ ਸਨ ਜੋ ਆਪਣੇ ਪ੍ਰੇਮੀਆਂ ਲਈ (ਹੀਰ, ਸੋਹਣੀ, ਸੱਸੀ ਆਦਿ) ਆਪਣੇ ਪਿਆਰ ਤੋਂ ਜਾਨ ਕੁਰਬਾਨ ਕਰ ਗਈਆਂ? ਇਹਨਾਂ ਔਰਤਾਂ ਨੂੰ ਭੁਲਾਉਣਾ ਸਾਡੀ ਇੱਕ ਵੱਡੀ ਭੁੱਲ ਹੈ।

ਸਵਾਲ ਇਹ ਉਠਦਾ ਹੈ ਕਿ ਇਹੋ ਜਿਹਾ ਸਾਹਿਤ ਲਿਖਿਆ ਕਿਉਂ ਜਾਂਦਾ ਹੈ? ਇਸਦਾ ਕਾਰਣ ਇਹ ਹੈ ਕਿ ਜਿਹੜੀ ਧਿਰ ਸਮਾਜਕ ਪ੍ਰਬੰਧ ਤੇ ਕਾਬਜ਼ ਹੁੰਦੀ ਹੈ ਉਹ ਜਿਹੋ ਜਿਹਾ ਸਭਿਆਚਾਰ ਚਾਹੁੰਦੀ ਹੈ, ਉਸ ਨੂੰ ਪੈਦਾ ਕਰਕੇ ਆਪਣੇ ਪੱਖ ਵਿੱਚ ਖੜ੍ਹਾ ਕਰਨ ਲਈ ਹਰ ਤਰ੍ਹਾਂ ਦੇ ਸਾਧਨਾਂ ਨਾਲ ਪ੍ਰਚਾਰ ਕਰਕੇ ਪੈਸੇ ਦੇ ਜ਼ੋਰ ਤੇ ਉਹ ਉਹਨਾਂ ਲੇਖਕਾਂ ਨੂੰ ਸਿੱਧੇ ਜਾਂ ਅਸਿੱਧੇ ਢੰਗ ਨਾਲ ਮੱਦਦ ਕਰਦੀ ਰਹਿੰਦੀ ਹੈ।ਬਾਹਰਲੇ ਦੇਸ਼ਾਂ ਵਿੱਚ ਵੀ ਹਜ਼ਾਰਾਂ ਹੀ ਸਭਿਆਚਾਰ ਦੇ ਨਾਂ ਤੇ ਨੱਚਣ ਗਾਉਣ ਦੇ ਸਕੂਲ ਖੋਲ੍ਹੇ ਜਾ ਰਹੇ ਹਨ ਜਦਕਿ ਬੱਚਿਆਂ ਨੂੰ ਪਤਾ ਹੀ ਨਹੀਂ ਹੁੰਦਾ ਕਿ ਉਹ ਕਿਹੋ ਜਿਹੇ ਸ਼ਬਦਾਂ ਤੇ ਨੱਚ ਰਹੇ ਹਨ, ਉਹ ਤਾਂ ਸਿਰਫ ਤਾਲ ਤੇ ਨੱਚ ਰਹੇ ਹਨ।

ਸ਼ਹੀਦ ਭਗਤ ਸਿੰਘ ਨੇ ਆਪਣੇ ਲੇਖ "ਸਾਹਿਤ ਤੇ ਲੋਕ ਚੇਤੰਨਤਾ" ਵਿੱਚ ਕਿਹਾ ਹੈ ਕਿ, ਉਜਿਸ ਦੇਸ਼ ਦੇ ਸਾਹਿਤ ਦਾ ਵਹਾਅ ਜਿਸ ਪਾਸੇ ਵਗਦਾ ਹੈ, ਠੀਕ ਉਸੇ ਪਾਸੇ ਉਹ ਦੇਸ਼ ਵੀ ਵੱਧ ਰਿਹਾ ਹੁੰਦਾ ਹੈ।ਕਿਸੇ ਵੀ ਜਾਤੀ ਦੀ ਉੱਨਤੀ ਲਈ, ਉੱਚ ਕੋਟੀ ਦੇ ਸਾਹਿਤ ਦੀ ਲੋੜ ਹੁੰਦੀ ਹੈ। ਜਿਉਂ ਜਿਉਂ ਦੇਸ਼ ਦਾ ਸਾਹਿਤ

ਉੱਚਾ ਉਠਦਾ ਹੈ, ਤਿਉਂ ਤਿਉਂ ਦੇਸ਼ ਤਰੱਕੀ ਕਰਦਾ ਜਾਂਦਾ ਹੈ।"

ਇਸਤੋਂ ਸਪੱਸ਼ਟ ਹੁੰਦਾ ਹੈ ਕਿ ਪੰਜਾਬ ਦੇ ਸਾਹਿਤ ਦਾ ਵਹਾਅ ਨਸ਼ਿਆਂ, ਹਥਿਆਰਾਂ, ਅਸ਼ਲੀਲਤਾ, ਜਾਤੀਵਾਦ, ਕਾਮ ਉਕਸਾਊ ਜਜ਼ਬਿਆਂ, ਰਿਸ਼ਤਿਆਂ ਪ੍ਰਤੀ ਜਾਲ੍ਹਸਾਜ਼ੀ, ਬੇਹੁਰਮਤੀ, ਅੰਧਵਿਸ਼ਵਾਸੀ, ਲੋਕ ਵਿਰੋਧੀ, ਬਿਮਾਰ ਮਾਨਸਿਕਤਾ, ਨੰਗੇਜ਼ ਤੇ ਵਿਸ਼ਵਮੰਡੀ ਦੀ ਦੌੜ ਵਿੱਚ ਰੁੜਿਆ ਜਾ ਰਿਹਾ ਹੈ।ਇਹ ਨਹੀਂ ਹੈ ਕਿ ਵਧੀਆ ਗੀਤ ਲਿਖੇ ਨਹੀਂ ਗਏ ਜਾਂ ਜਾ ਰਹੇ। ਇਹ ਤਾਂ ਇਤਿਹਾਸ ਗਵਾਹ ਹੈ ਕਿ ਪੰਜਾਬੀ ਸਾਹਿਤਕਾਰਾਂ ਨੇ ਹਮੇਸ਼ਾਂ ਗਰੀਬ ਤੇ ਮਜ਼ਲੂਮ ਮਨੁੱਖਤਾ ਦਾ ਸਾਥ ਦਿੱਤਾ ਹੈ ਚਾਹੇ ਉਹ ਭਗਤੀ ਲਹਿਰ ਦੇ ਕਵੀ ਕਬੀਰ, ਰਵੀਦਾਸ, ਗੁਰੁ ਨਾਨਕ ਜਾਂ ਗੁਰੁ ਗੋਬਿੰਦ ਸਿੰਘ ਜਿਨ੍ਹਾਂ ਨੇ ਹਮੇਸ਼ਾਂ ਭਾਈ ਲਾਲੋਆਂ ਦਾ ਸਾਥ ਦਿੱਤਾ ਤੇ ਮਲਕ ਭਾਗੋਆਂ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਹੈ। ਉਸਤੋਂ ਬਾਅਦ ਗਦਰ ਲਹਿਰ ਦੇ ਗਦਰੀ ਬਾਬਿਆਂ ਵਲੋਂ ਦੇਸ਼ ਨੂੰ ਅਜ਼ਾਦ ਕਰਾਉਣ ਲਈ ਬਹੁਤ ਹੀ ਜੋਸ਼ੀਲੇ ਤੇ ਅਰਥ ਭਰਭੂਰ ਗੀਤ ਜੋ ਲੋਕਾਂ ਦੀ ਅਜ਼ਾਦੀ ਤੇ ਅਗਾਂਹਵਧੂ ਜ਼ਜਬਿਆਂ ਨੂੰ ਉਤਸਾਹਤ ਕਰਦੇ ਸਨ ਲਿਖੇ ਗਏ। ਉਸ ਵੇਲੇ ਲੋਕਾਂ ਦਾ ਵਹਾਅ ਅਜ਼ਾਦੀ ਦਾ ਸੁਫਨਾ ਸੀ, ਅੱਜ ਵੀ ਇਹ ਸਤਰਾਂ ਭੁੱਲਣੀਆਂ ਮੁਸ਼ਕਲ ਹਨ:-

**ਹਿੰਦ ਵਾਸੀਓ ਰੱਖਣਾ ਯਾਦ ਸਾਨੂੰ**
**ਕਿਤੇ ਦਿਲੋਂ ਨਾ ਕਦੇ ਭੁਲਾ ਦੇਣਾ।** ਜਾਂ
**ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ,**
**ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ**
**ਜਿੰਨ੍ਹਾਂ ਦੇਸ਼ ਸੇਵਾ ਵਿੱਚ ਪੈਰ ਪਾਇਆ,**
**ਉਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ।**

ਉਸਤੋਂ ਬਾਅਦ ਪ੍ਰੋ. ਮੋਹਣ ਸਿੰਘ, ਬਾਵਾ ਬਲਵੰਤ, ਧਨੀ ਰਾਮ ਚਾਤ੍ਰਿਕ ਆਦਿ ਵਰਗੇ ਕਵੀਆਂ ਨੇ ਲੋਕ ਪੱਖੀ ਸਾਹਿਤ ਲਿਖ ਕੇ ਰਹਿੰਦੀ ਦੁਨੀਆਂ ਤੱਕ ਆਪਣੀ ਜਗ੍ਹਾ ਬਣਾਈ ਹੈ। 60-80ਵਿਆਂ ਦੇ ਦੌਰ ਵਿੱਚ ਨਕਸਲਵਾੜੀ ਲਹਿਰ ਦੇ ਪ੍ਰਭਾਵ ਹੇਠ ਬਹੁਤ ਸਾਰਾ ਸਾਹਿਤ ਰਚਿਆ ਗਿਆ। ਉਹਨਾਂ ਵਿੱਚੋਂ ਵਰਨਣਯੋਗ ਸੰਤ ਰਾਮ ਉਦਾਸੀ ਦੇ ਲਿਖੇ ਬੋਲ ਅੱਜ ਵੀ ਲੋਕਾਂ ਦੀਆਂ ਜ਼ੁਬਾਨਾਂ ਤੇ ਉਵੇਂ ਦੇ ਉਵੇਂ ਉਕਰੇ ਪਏ ਹਨ। ਜਿਵੇਂ:-

**ਗਲ਼ ਲੱਗ ਕੇ ਸੀਰੀ ਦੇ ਜੱਟ ਰੋਵੇ**
**ਬੋਹਲਾਂ ਵਿੱਚੋਂ ਨੀਰ ਵਗਿਆ।**
**ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ**
**ਤੂੜੀ ਵਿੱਚੋਂ ਪੁੱਤ ਜੱਗਿਆ।**

ਇਸ ਗੀਤ ਵਿੱਚ ਜੱਟ ਤੇ ਸੀਰੀ ਦੇ ਦੁੱਖਾਂ ਸੁੱਖਾਂ ਦੀ ਸਾਂਝ ਨੂੰ ਦਰਸਾਇਆ ਗਿਆ ਹੈ ਅੱਜ ਦੇ ਵਿਪਰੀਤ ਆਹਮੋ ਸਾਹਮਣੇ ਚਮਾਰ ਜਾਂ ਜੱਟ ਦੁਨਾਲੀਆਂ ਲੈ ਕੇ ਨਹੀਂ ਖੜ੍ਹੇ।

**ਦਬਾ ਦਬ ਚੱਲ ਮੇਰੇ ਬੈਲਾਂ ਦੀਏ ਜੋੜੀਏ ਨੀ**
**ਬੀਜਣੇ ਨੇ ਅਸੀਂ ਹਥਿਆਰ**
**ਮੁੜ੍ਹਕੇ ਦਾ ਵੱਤਰ ਮੈਂ ਮਸਾਂ ਹੈ ਸੰਭਾਲਿਆ ਨੀ**
**ਪਵੇ ਨਾ ਚੁਮਾਸਿਆ ਦੀ ਮਾਰ।** ਜਾਂ
**ਅਸੀਂ ਤੋੜੀਆਂ ਗੁਲਾਮੀ ਦੀਆਂ ਕੜੀਆਂ,**
**ਬੜੇ ਹੀ ਅਸੀਂ ਦੁੱਖੜੇ ਜਰੇ।**
**ਆਖਣਾ ਸਮੇਂ ਦੀ ਸਰਕਾਰ ਨੂੰ,**
**ਉਹ ਗਹਿਣੇ ਸਾਡਾ ਦੇਸ਼ ਨਾ ਧਰੇ।**

ਗੱਲ ਤਾਂ ਇੱਥੇ ਵੀ ਹਥਿਆਰਾਂ ਦੀ ਕੀਤੀ ਗਈ ਹੈ ਪਰ ਇਹ ਹਥਿਆਰ ਲੋਕਾਂ ਨੂੰ ਵੱਢਣ ਟੁੱਕਣ ਲਈ ਨਹੀਂ ਸਗੋਂ ਮਾੜੇ ਪ੍ਰਬੰਧ ਦੇ ਖਿਲਾਫ ਲਾਮਬੰਦੀ ਦਾ ਸੁਨੇਹਾ ਹੈ ਅਤੇ ਸਮੇਂ ਦੀ ਸਰਕਾਰ ਨੂੰ ਘੁਰਕੀ ਵੀ ਹੈ।

**ਹੱਸ ਹੱਸ ਤੋਰਦੇ ਤੂੰ ਡੋਲੀ ਮੇਰੀ ਬਾਬਲਾ ਵੇ**
**ਕਿਹੜੀ ਗੱਲੋਂ ਰਿਹਾ ਏਂ ਤੂੰ ਝੂਰ।**
**ਧਰਤੀ ਤਿਹਾਈ ਜਿਉਂ ਪਸੀਨਾ ਮੰਗੇ ਕਾਮਿਆਂ ਦਾ**
**ਮਾਂਗ ਮੇਰੀ ਮੰਗਦੀ ਸੰਧੂਰ।** ਜਾਂ
**ਜੰਮੀਂ ਨਾ ਨੀ ਮਾਏ ਸਾਨੂੰ ਇਹੋ ਜਿਹੇ ਪਿੰਡ,**
**ਜਿੱਥੇ ਸੱਧਰਾਂ ਤੇ ਸੰਗਲ ਰਵੇ।**
**ਜਿੱਥੇ ਮੇਰੇ ਵੀਰ ਦੀਆਂ ਕੱਚੀਆਂ ਤਰੇਲ੍ਹੀਆਂ ਦਾ**
**ਚੱਪਾ ਟੁੱਕ ਮੁੱਲ ਨਾ ਪਵੇ।** ਜਾਂ
**ਪੁੱਤ ਬਣਕੇ ਕਮਾਊਂ ਘਰ ਤੇਰੇ,**
**ਚਿੱਤ ਨਾ ਡੁਲਾਈਂ ਬਾਬਲਾ**
**ਮੇਰੇ ਬੰਦਿਆਂ ਤੋਂ ਵੱਧ ਵੇਖੀਂ ਜੇਰੇ**
**ਚਿੱਤ ਨਾ ਡੁਲਾਈਂ ਬਾਬਲਾ।**

ਇਨ੍ਹਾਂ ਗੀਤਾਂ ਵਿੱਚ ਜਿੱਥੇ ਆਮ ਮਨੁੱਖ ਦੀਆਂ ਜ਼ਿੰਦਗੀ ਦਾ ਲੋੜਾਂ ਥੋੜਾਂ ਅਤੇ ਅਮੀਰ ਜਮਾਤ ਦੀਆਂ ਵਧੀਕੀਆਂ ਰਾਹੀਂ ਕੀਤੀ ਜਾਂਦੀ ਲੁੱਟ ਚੋਂਘ ਨੂੰ ਦਰਸਾਇਆ ਹੈ ਉੱਥੇ ਪਰਿਵਾਰਕ ਰਿਸ਼ਤਿਆਂ ਵਿੱਚ ਇੱਕ ਦੂਜੇ ਦਾ ਸਾਥ ਤੇ ਪਿਆਰ ਦੀ ਭਾਵਨਾ ਇੱਕ ਮੂੰਹ ਬੋਲਦੀ ਤਸਵੀਰ ਹੈ। ਇਸੇ ਹੀ ਦੌਰ ਦੇ ਕਵੀ ਪਾਸ਼ ਨੇ ਕੁਝ ਕੁ ਗੀਤ ਹੀ ਲਿਖੇ ਪਰ ਉਹ ਕਦੇ ਵੀ ਲੋਕਾਂ ਨੂੰ ਭੁੱਲੇ ਨਹੀਂ ਹਨ।

**ਪੈਰਾਂ ਦੀਏ ਮਿੱਟੀਏ, ਪਹਾੜ ਬਣ ਜਾਈਂ**
**ਕੱਖਾਂ ਦੀਏ ਕੁੱਲੀਏ, ਮਿਨਾਰ ਬਣ ਜਾਈਂ**
**ਆਪਣੀ ਕਮਾਈ ਸਾਂਭ ਰੱਖ ਨੀ**
**ਕਿਰਤੀ ਦੀਏ ਕੁੱਲੀਏ**
**ਲੱਖ ਲੱਖ ਦਾ ਏ ਤੇਰਾ ਕੱਖ ਨੀ**
**ਕਿਰਤੀ ਦੀਏ ਕੁੱਲੀਏ। ਜਾਂ**
**ਸੋਨੇ ਦੀ ਸਵੇਰ ਜਦੋਂ ਆਊ ਹਾਣੀਆ,**
**ਨੱਚੇਗਾ ਅੰਬਰ ਭੂਮੀ ਗਾਊ ਹਾਣੀਆ।**

ਪਰ ਇਹ ਗੀਤਕਾਰਾਂ ਨੂੰ ਜਿਨ੍ਹਾਂ ਨੇ ਲੋਕਪੱਖੀ ਸਾਹਿਤ ਲਿਖਿਆ ਉਹਨਾਂ ਦੀ ਕਲਮ ਰੂਪੀ ਅਵਾਜ਼ ਨੂੰ ਖਤਮ ਕਰਨ ਲਈ ਸਮੇਂ ਦੀਆਂ ਸਰਕਾਰਾਂ ਵਲੋਂ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਤੰਗ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ ਅਰਥਾਤ ਉਹਨਾਂ ਦੇ ਸਾਹਿਤਕ ਪਿੜ ਵਿੱਚ ਅਨੇਕ ਤਰ੍ਹਾਂ ਦੀਆਂ ਰੁਕਾਵਟਾਂ ਖੜ੍ਹੀਆਂ ਕੀਤੀਆਂ ਜਾਂਦੀਆਂ ਹਨ, ਜਿਵੇਂ ਜੇਲ੍ਹਾਂ ਵਿੱਚ ਡੱਕਿਆ ਜਾਣਾ, ਜ਼ਿੰਦਗੀ ਤੋਂ ਵਾਂਝੇ ਕੀਤਾ ਜਾਣਾ ਜਾਂ ਫਿਰਕੂ ਤਾਕਤਾਂ ਤੋਂ ਕਤਲ ਕਰਵਾਉਣਾ(ਜਿਵੇਂ ਪਾਸ਼ ਅਤੇ ਜੈਮਲ ਪੱਡਾ ਆਦਿ ਨੂੰ)। ਅੱਖਾਂ ਵਿੱਚ ਤੇਜ਼ ਰੌਸ਼ਨੀ ਪਾ ਕੇ ਅੱਖਾਂ ਦੀ ਜੋਤ ਗਵਾ ਦੇਣਾ।(ਜਿਵੇਂ ਸੰਤ ਰਾਮ ਉਦਾਸੀ ਦੀ) ਉਹਨਾਂ ਦੇ ਦਿਮਾਗ ਤੇ ਸੱਟਾਂ ਮਾਰੀਆਂ ਜਾਂਦੀਆਂ ਹਨ ਕਿ ਉਹ ਲੋਕ ਪੱਖੀ ਸਾਹਿਤ ਲਿਖਣ ਦੀ ਜ਼ੁਅਰਤ ਨਾ ਕਰਨ।ਪਰ ਫਿਰ ਵੀ ਬਹੁਤ ਵਧੀਆ ਸਾਹਿਤ ਲਿਖਿਆ ਵੀ ਜਾ ਰਿਹਾ ਹੈ ਪਰ ਸਾਡੇ ਲੋਕਾਂ ਦੇ ਹੱਥ ਹੈ ਕਿ ਅਸੀਂ ਉਸ ਨੂੰ ਸਮਾਜ ਦੇ ਰੂ ਬਰੂ ਕਿਵੇਂ ਕਰਨਾ ਹੈ।

ਅਸੀਂ ਦੋਨੋਂ ਤਰ੍ਹਾਂ ਦੇ ਗੀਤਾਂ ਨੂੰ ਸਾਹਮਣੇ ਰੱਖ ਕੇ ਸੋਚਣਾ ਹੈ ਕਿ ਸਾਨੂੰ ਜ਼ਿੰਦਗੀ 'ਚ ਅੱਗੇ ਵਧਣ ਲਈ ਕਿਹੋ ਜਿਹੇ ਗੀਤਾਂ ਦੀ ਲੋੜ ਹੋਣੀ ਚਾਹੀਦੀ ਹੈ। ਜਦੋਂ ਇਹੋ ਜਿਹੇ ਗਾਉਣ ਵਾਲੇ ਗਾਉਣਾ ਸ਼ੁਰੂ ਕਰਦੇ ਹਨ ਤਾਂ ਰੱਬ ਦੇ ਨਾਂ ਤੇ ਇੱਕ ਗੀਤ ਗਾ ਕੇ ਉਸਤੋਂ ਖੁਲਦਿਲੀ ਨਾਲ ਲੱਚਰ ਗੀਤ ਗਾਉਣ ਦੀ ਆਗਿਆ ਲੈ ਲੈਂਦੇ ਹਨ।ਜਦੋਂ ਰੱਬ ਨੇ ਪ੍ਰਵਾਨਗੀ ਦੇ ਦਿੱਤੀ ਤਾਂ ਆਪਾਂ ਉਸਦਾ ਵਿਰੋਧ ਕਿਵੇਂ ਕਰ ਸਕਦੇ ਹਾਂ? ਬੇਸ਼ੱਕ ਇਹ ਗੀਤ ਘਟੀਆ ਹਨ ਪਰ ਇਹਨਾਂ ਨੂੰ ਸੁਣਨ ਵੇਲੇ ਲੋਕਾਂ ਦੀ ਗਿਣਤੀ ਦੁੱਗਣੀ ਤਿੱਗਣੀ ਹੁੰਦੀ ਹੈ ਤੇ ਲੋਕ ਹਜ਼ਾਰਾਂ ਰੁਪਿਆ ਇਹਨਾਂ ਗਾਉਣ ਵਾਲਿਆਂ ਦੇ ਉੱਤੋਂ ਵਾਰ ਸੁੱਟਦੇ ਹਨ। ਇਹ ਕਿਉਂ ? ਤੇ ਇਸਦੇ ਪਿੱਛੇ ਕੀ ਹੈ ? ਇਹ ਕੁਝ ਜਮਾਤਾਂ ਦੀ ਗਿਣੀ ਮਿੱਥੀ ਸਾਜ਼ਸ਼ ਜਾਪਦੀ ਹੈ ਜਿਨ੍ਹਾਂ ਵਲੋਂ ਲੋਕਾਂ ਨੂੰ ਸਿੱਧੇ ਜਾਂ ਅਸਿੱਧੇ ਢੰਗ ਨਾਲ ਲੁੱਟਣ ਲਈ ਕਈ ਤਰ੍ਹਾਂ ਦੇ ਹੱਥਕੰਡੇ ਵਰਤੇ ਜਾਂਦੇ ਹਨ ਜਿਵੇਂ ਜਵਾਨ ਦਿਲਾਂ ਦੀ ਸੋਚ ਨੂੰ ਦਬਾਉਣ ਲਈ ਇਹ ਲੱਚਰਪੁਣੇ ਦਾ ਸ਼ਿਕਾਰ ਬਣਾਉਣਾ ਕਿਉਂਕਿ ਨੌਜਵਾਨ ਪੀੜ੍ਹੀ ਉਹਨਾਂ ਦੀਆਂ ਹਰਕਤਾਂ ਵੱਲ ਉਂਗਲ ਨਾ ਕਰ ਸਕਣ। ਸਮਾਜ ਦੀਆਂ ਲੁਟੇਰੀਆਂ ਜਮਾਤਾਂ ਦੀ ਜਕੜ ਨੂੰ ਹੋਰ ਮਜ਼ਬੂਤ ਕਰਨ ਲਈ ਲੋਕਾਂ ਨੂੰ ਜ਼ਿੱਲਤ ਭਰੇ ਭਰਿਸ਼ਟ ਲੱਚਰ ਸਾਹਿਤ ਰਾਹੀਂ ਖੱਸੀ ਤੇ ਨਿਰਾਸ਼ਾ ਭਰੇ ਮਾਹੌਲ ਵਿੱਚ ਧੱਕਣ ਦਾ ਜੋਰ ਲਾਇਆ ਜਾ ਰਿਹਾ ਹੈ।ਕੈਸਟ ਕਲਚਰ ਪੈਦਾ ਕੀਤਾ ਜਾ ਰਿਹਾ ਹੈ। ਇਹੀ ਕਾਰਣ ਹੈ ਕਿ ਲੁਟੇਰੀਆਂ ਜਮਾਤਾਂ ਵਲੋਂ ਗੀਤਾਂ ਦੇ ਅਜਿਹੇ ਲੇਖਕਾਂ ਨੂੰ ਵਿਸ਼ੇਸ਼ ਸਰਟੀਫਿਕੇਟਾਂ ਅਤੇ ਇਨਾਮਾਂ ਰਾਹੀਂ ਇਨ੍ਹਾਂ ਦੀਆਂ ਝੋਲ਼ੀਆਂ ਭਰੀਆਂ ਜਾਂਦੀਆਂ ਹਨ। ਇਹਨਾਂ ਦੇ ਘਟੀਆ ਤੋਂ ਘਟੀਆ ਗੀਤਾਂ ਨੂੰ ਰਿਕਾਰਡ ਕਰਵਾਇਆ ਜਾਂਦਾ ਹੈ। ਇਹਨਾਂ ਨੂੰ ਧੰਨ ਦੇ ਨਾਲ ਮਾਲੋਮਾਲ ਕੀਤਾ ਜਾਂਦਾ ਹੈ, ਹਰ ਪਾਸਿਉਂ ਮਾਨਤਾ ਦਿੱਤੀ ਜਾਂਦੀ ਹੈ।ਅੱਜ ਕੱਲ ਸਰਕਾਰਾਂ ਨੇ ਅਗਰ ਕੋਈ ਰਾਜਨੀਤਿਕ ਇਕੱਠ ਕਰਨਾ ਹੈ ਜਾਂ ਕੋਈ ਟੂਰਨਾਮੈਂਟ ਕਰਵਾਉਣਾ ਹੈ ਤਾਂ ਸਰਕਾਰਾਂ ਆਪਣੇ ਇਕੱਠ ਨੂੰ ਵਧਾਉਣ ਲਈ ਇਹਨਾਂ ਲੱਚਰ ਗੀਤਾਂ ਦੇ ਗਾਇਕਾਂ ਨੂੰ ਸਟੇਜ ਤੋਂ ਲੋਕਾਂ ਦੀ ਸੋਚ ਨੂੰ ਖੁੰਢਾ ਕਰਨ ਦੇ ਹੱਥਕੰਡੇ ਵਰਤ ਦੀਆਂ ਹੈ। ਅਸੀਂ ਲੋਕ ਇਹਨਾਂ ਨੂੰ ਮਨੋਰੰਜਨ ਦਾ ਸਾਧਨ ਸਮਝ ਕੇ ਚੁੱਪ ਬੈਠੇ ਰਹਿੰਦੇ ਹਾਂ ਇਹ ਨਹੀਂ ਸੋਚਦੇ ਕਿ ਇਸਦਾ ਸਾਡੀ ਨੌਜਵਾਨ ਪੀੜ੍ਹੀ ਤੇ ਕਿੰਨਾ ਗਲਤ ਅਸਰ ਪੈ ਰਿਹਾ ਹੈ। ਕਈ ਵਾਰ ਤਾਂ ਇਹ ਲੱਗਦਾ ਹੈ ਭਾਰਤ ਤਾਂ ਸਿਰਫ ਨੱਚਣ ਗਾਉਣ ਦੇ ਰਾਹ ਹੀ ਤੁਰ ਪਿਆ ਹੈ, ਇੱਕ ਇੱਕ ਪਿੰਡ ਵਿੱਚ ਪਤਾ ਨਹੀਂ ਕਿੰਨੇ ਗਾਉਣ ਵਾਲੇ ਤੁਰੇ ਫਿਰਦੇ ਹਨ ਅਤੇ ਨਾਲ ਥੋੜ੍ਹੇ ਥੋੜ੍ਹੇ ਪੈਸਿਆਂ ਤੇ ਅਨੇਕਾਂ ਹੀ ਕੁੜੀਆਂ ਬਕਿਨੀਆਂ ਪਾ ਕੇ ਨੱਚਣ ਲਈ ਤਿਆਰ ਹਨ।ਪਿੰਡਾਂ ਵਿੱਚ ਬਹੁਤੇ ਮੁੰਡੇ ਜ਼ਮੀਨਾਂ ਵੇਚ ਕੇ ਕੈਸਟ ਰਿਕਾਰਡ ਕਰਾਉਣ ਦੇ ਚੱਕਰ ਵਿੱਚ ਸਾਰੀ ਜ਼ਮੀਨ ਗਿਰਵੀ ਰੱਖ ਕੇ ਘਰਾਂ ਦੇ ਘਰ ਉਜਾੜ ਰਹੇ ਹਨ।

ਅੱਜ ਦੇ ਲੇਖਕ ਕੋਲ ਸਿਰਫ ਦੋ ਹੀ ਰਸਤੇ ਹਨ ਜਾਂ ਤਾਂ ਉਹ ਆਮ ਜਨਤਾ ਨਾਲ ਮਿਲ ਕੇ ਸਮਾਜ ਦੀ ਪ੍ਰਗਤੀ ਦਾ ਦੂਤ ਬਣ ਸਕਦਾ ਹੈ ਅਤੇ ਆਪਣੇ ਗੌਰਵਮਈ ਇਤਿਹਾਸ ਦੀ ਪ੍ਰੰਪਰਾ ਨੂੰ ਕਾਇਮ ਰੱਖ ਸਕਦਾ ਹੈ ਜਾਂ ਫਿਰ ਪੂੰਜੀਵਾਦੀ ਵਿਚਾਰਧਾਰਾ ਨਾਲ ਮਿਲ ਕੇ, ਨਿੱਜਵਾਦ ਦੀ ਪੌੜੀ ਤੇ ਖੜ੍ਹ ਕੇ ਮਨੁੱਖਤਾ ਦੇ ਸਰਬਨਾਸ਼ ਦਾ ਪੈਗੰਬਰ ਵੀ ਬਣ ਸਕਦਾ ਹੈ।ਇਹ ਤਾਂ ਲੇਖਕ ਨੇ ਆਪ ਚੁਣਨਾ ਹੈ ਕਿ ਉਸ ਨੇ ਕਿਹੜਾ ਰਾਹ ਅਪਣਾਉਣਾ ਹੈ ਕਿਉਂਕਿ ਲੇਖਕ ਵੀ ਸਮਾਜ ਦਾ ਹਿੱਸਾ ਹੈ ਉਹ ਆਪਣੇ ਆਪ ਨੂੰ ਇਸ ਤੋਂ ਅਲੱਗ ਕਰਕੇ ਨਹੀਂ ਰੱਖ ਸਕਦਾ ਸੋ ਉਸਨੂੰ ਕਿਸੇ ਇੱਕ ਧਿਰ ਨਾਲ ਤਾਂ ਖੜ੍ਹਨਾ ਹੀ ਪਵੇਗਾ।

ਅੰਤ ਇਸ ਵਿਆਖਿਆ ਤੋਂ ਸਾਡਾ ਇੱਥੇ ਸਮੁੱਚਾ ਫਰਜ਼ ਬਣਦਾ ਹੈ ਕਿ ਜੇ ਅਸੀਂ ਆਪਣੀ ਨੌਜਵਾਨ ਪੀੜ੍ਹੀ, ਸਾਡੇ ਭਵਿੱਖ ਦੇ ਵਾਰਸਾਂ ਨੂੰ ਇਨ੍ਹਾਂ ਘਟੀਆ ਅਲਾਮਤਾਂ ਤੋਂ ਦੂਰ ਰੱਖਣਾ ਹੈ ਤਾਂ ਅਸੀਂ ਲੱਚਰ ਸਾਹਿਤ ਜੋ ਸਾਨੂੰ ਜ਼ਲੀਲ ਕਰ ਰਿਹਾ ਹੈ, ਉਸਦਾ ਵਿਰੋਧ ਕਰੀਏ ਅਤੇ ਸਾਡੇ ਲੋਕ ਗੀਤਾਂ ਅਤੇ ਲੋਕ ਪੱਖੀ ਕਵੀਆਂ ਜਾਂ ਗੀਤਕਾਰਾਂ ਦੇ ਗੀਤਾਂ ਨੂੰ ਸਟੇਜਾਂ ਤੇ ਬਹੁਤਾਤ ਵਿੱਚ ਲਿਆਈਏ ਅਤੇ ਉਹਨਾਂ ਨੂੰ ਸਾਰੇ ਪੱਖਾਂ ਤੋਂ ਉਤਸਾਹਤ ਕਰੀਏ। ਅਸਲੀਅਤ ਵਿੱਚ ਲੋਕਾਂ ਨਾਲ ਜੁੜਿਆ ਸਾਹਿਤਕਾਰ ਉਹ ਹੈ ਜੋ ਕਿ ਆਪਣੀ ਧਰਤੀ ਦੀ ਗੱਲ ਕਰਦੈ, ਆਪਣੇ ਲੋਕਾਂ ਦੀ ਮੁਕਤੀ ਦੀ ਗੱਲ ਕਰਦੈ, ਲੋਕਾਂ ਦੀ ਮੰਦਹਾਲੀ, ਸਮਾਜ ਵਿੱਚ ਫੈਲਾਈ ਜਾ ਰਹੀ ਅੰਧਵਿਸ਼ਵਾਸੀ ਅਤੇ ਪਿੱਛੇ ਖਿੱਚੂ ਗੀਤੀ ਰਿਵਾਜਾਂ ਦਾ ਪਰਦਾ ਫਾਸ਼ ਕਰਦੈ, ਜਗੀਰੂ ਤੇ ਭਰਿਸ਼ਟ ਲੱਚਰ ਸਾਹਿਤ ਵਿਰੁੱਧ ਅਵਾਜ਼ ਉੱਚੀ ਕਰਦੈ।ਆਉ ਅਜਿਹੇ ਲੇਖਕਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਸਾਥ ਦੇਈਏ ਅਤੇ ਲੱਚਰ ਸਾਹਿਤ ਦੇ ਲੇਖਕਾਂ ਦਾ ਹੁੱਕਾ ਪਾਣੀ ਬੰਦ ਕਰੀਏ ਤੇ ਆਪਣੀ ਗੁੰਮਰਾਹ ਹੋਈ ਨੌਜਵਾਨ ਪੀੜ੍ਹੀ ਨੂੰ ਆਪਣਾ ਅਮੀਰ ਵਿਰਸਾ ਸੰਭਾਲਣ ਲਈ ਆਪਣਾ ਬਣਦਾ ਹਿੱਸਾ ਪਾਈਏ ਤਾਂ ਕਿ ਉਹ ਅਣਖ ਤੇ ਗੈਰਤ ਦੀ ਜ਼ਿੰਦਗੀ ਨੂੰ ਅਪਣਾਉਣ ਨਾਕਿ ਸਿਰਫ ਇਨ੍ਹਾਂ ਦੀ ਅਸ਼ਲੀਲਤਾ ਤੇ ਅੱਖਾਂ ਤੇ ਕੰਨ ਬੰਦ ਕਰਕੇ ਨੱਚੀ ਜਾਣ।

# ਆਓ ! ਲੱਚਰ, ਹਿੰਸਕ, ਨਸਲਵਾਦੀ, ਅਸ਼ਲੀਲ, ਨਸ਼ਿਆਂ ਤੇ ਔਰਤ ਵਿਰੋਧੀ ਗਾਇਕੀ ਵਿਰੁੱਧ ਲਾਮਬੰਦ ਹੋਈਏ



ਹਰਚਰਨ ਸਿੰਘ ਪਰਹਾਰ
(ਸੰਪਾਦਕ-ਸਿੱਖ ਵਿਰਸਾ, ਮੈਗਜ਼ੀਨ)
403-681-8689
hp8689@gmail.com

ਗੀਤ-ਸੰਗੀਤ ਨੂੰ ਰੂਹ ਦੀ ਖੁਰਾਕ ਕਿਹਾ ਜਾਂਦਾ ਹੈ। ਸ਼ਾਇਦ ਹੀ ਕੋਈ ਇਨਸਾਨ ਅਜਿਹਾ ਹੋਵੇ, ਜਿਸਨੂੰ ਗੀਤ-ਸੰਗੀਤ ਚੰਗਾ ਨਾ ਲਗਦਾ ਹੋਵੇ ਜਾਂ ਜਿਸ ਤੇ ਸੰਗੀਤ ਦਾ ਅਸਰ ਨਾ ਹੁੰਦਾ ਹੋਵੇ। ਸੰਗੀਤ ਸਾਡੇ ਜੀਵਨ ਦੇ ਹਰ ਪੜ੍ਹਾਅ ਤੇ, ਸਾਡੇ ਸਭਿਅਚਾਰ ਦਾ ਇੱਕ ਅਹਿਮ ਅੰਗ ਹੈ। ਜਨਮ ਤੋਂ ਮੌਤ ਤੱਕ ਰੋਜ਼ਾਨਾ ਕਿਸੇ ਨਾ ਕਿਸੇ ਢੰਗ ਨਾਲ ਅਸੀਂ ਸੰਗੀਤ ਨਾਲ ਜੁੜਦੇ ਹਾਂ। ਬੇਸ਼ਕ ਕਈ ਧਾਰਮਿਕ ਫਿਰਕਿਆਂ ਵਿੱਚ ਸੰਗੀਤ ਨੂੰ ਸਿਰਫ ਰਾਜਿਆਂ ਮਹਾਰਾਜਿਆਂ ਦੀਆਂ ਮਹਿਫਲਾਂ ਦਾ ਸ਼ਿੰਗਾਰ ਤੇ ਵਿਹਲਿਆਂ ਦਾ ਸ਼ੁਗਲ ਸਮਝ ਕੇ ਇਸਨੂੰ ਆਪਣੇ ਸਮਾਜ ਵਿਚੋਂ ਨਿਕਾਰਿਆ ਗਿਆ ਤੇ ਗੀਤ-ਸੰਗੀਤ ਨੂੰ ਸਭਿਅਕ ਸਮਾਜ ਦੇ ਉਲਟ ਵੀ ਮੰਨਿਆ ਗਿਆ। ਪਰ ਸਿੱਖ ਧਰਮ ਨੇ ਸੰਗੀਤ ਨੂੰ ਰੱਬੀ ਬੰਦਗੀ ਦਾ ਸਾਧਨ ਬਣਾ ਕੇ ਇਸਨੂੰ ਬੜਾ ਉਚਾ ਸਥਾਨ ਦਿੱਤਾ, ਜਿਸ ਨਾਲ ਸਾਡੇ ਸਿੱਖ ਤੇ ਪੰਜਾਬੀ ਸਮਾਜ ਵਿੱਚ ਕੋਈ ਵੀ ਧਾਰਮਿਕ, ਰਾਜਸੀ, ਸਭਿਅਚਾਰਕ, ਪਰਿਵਾਰਕ ਸਮਾਗਮ ਸੰਗੀਤ ਤੋਂ ਬਿਨਾਂ ਅਧੂਰਾ ਲਗਦਾ ਹੈ। ਜਿਸਦੇ ਨਤੀਜੇ ਵਜੋਂ ਸੰਗੀਤ ਸਾਡੇ ਨਿੱਜੀ ਜ਼ਿੰਦਗੀ ਜੀਵਨ ਦੇ ਹਰ ਪੜ੍ਹਾਅ ਤੇ ਅਹਿਮ ਸਥਾਨ ਰੱਖਦਾ ਹੈ। ਗੁਰੂ ਸਾਹਿਬ ਨੇ ਵੀਰ ਰਸੀ ਢਾਡੀ ਵਾਰਾਂ ਦੀ ਪ੍ਰੰਪਰਾ ਸ਼ੁਰੂ ਕਰਕੇ ਪੰਜਾਬੀ ਸੰਗੀਤ ਨੂੰ ਲੋਕਾਂ ਵਿੱਚ ਆਪਣੇ ਤੇ ਮਨੁੱਖਤਾ ਦੇ ਭਲੇ ਹਿੱਤ ਹੱਕਾਂ ਲਈ ਜੂਝਣ ਦਾ ਸਾਧਨ ਬਣਾਇਆ। ਜਿਸਨੇ ਇਤਿਹਾਸ ਵਿੱਚ ਅਜਿਹੇ ਸੂਰਮੇ ਪੈਦਾ ਕੀਤੇ ਕਿ ਸਦੀਆਂ ਤੋਂ ਗੁਲਾਮੀ ਭੋਗ ਰਹੇ ਲੋਕ ਜ਼ਾਲਮ ਵਿਰੁੱਧ ਖੜੇ ਹੋ ਗਏ ਤੇ ਸਿੱਖ ਇਨਕਲਾਬ ਲਿਆਂਦਾ। ਪੰਜਾਬੀ ਸਭਿਅਚਾਰ, ਭਾਸ਼ਾ, ਬੋਲੀ ਤੇ ਸੰਗੀਤ ਨੂੰ ਅਮੀਰ ਕਰਨ ਲਈ ਬਾਬਾ ਫਰੀਦ, ਕਬੀਰ, ਗੁਰੂ ਸਾਹਿਬਾਨ, ਬੁੱਲੇ ਸ਼ਾਹ, ਵਾਰਿਸ ਸ਼ਾਹ, ਭਾਈ ਵੀਰ ਸਿੰਘ, ਪ੍ਰੋ: ਪੂਰਨ ਸਿੰਘ, ਪ੍ਰੋ: ਮੋਹਨ ਸਿੰਘ, ਸ਼ਿਵ ਕੁਮਾਰ ਬਟਾਲਵੀ ਆਦਿ ਹਜ਼ਾਰਾਂ ਵਿਅਕਤੀਆਂ ਨੇ ਆਪਣਾ ਯੋਗਦਾਨ ਪਾਇਆ।ਸੰਗੀਤ ਨੇ ਨਾ ਸਿਰਫ ਸਾਡੀਆਂ ਧਾਰਮਿਕ, ਸਮਾਜਿਕ, ਸਭਿਆਚਾਰਕ ਰੀਤਾਂ ਰਸਮਾਂ ਨਿਭਾਉਣ ਵਿੱਚ ਹੀ ਯੋਗਦਾਨ ਪਾਇਆ, ਸਗੋਂ ਸਿੱਖ ਇਨਕਲਾਬ ਸਮੇਤ ਬਸਤੀਵਾਦੀ ਅੰਗਰੇਜ਼ਾਂ ਖਿਲਾਫ ਚੱਲੀਆਂ ਵੱਖ-ਵੱਖ ਲਹਿਰਾਂ ਬੱਬਰ ਅਕਾਲੀ ਲਹਿਰ, ਗਦਰ ਪਾਰਟੀ ਲਹਿਰ, ਗੁਰਦੁਆਰਾ ਸੁਧਾਰ ਲਹਿਰ ਆਦਿ ਵਿੱਚ ਵੀ ਸਾਡੇ ਕਵੀਆਂ, ਲੇਖਕਾਂ ਤੇ ਗੀਤਕਾਰਾਂ ਦਾ ਅਹਿਮ ਰੋਲ ਰਿਹਾ ਹੈ। ਢਾਡੀ ਤੇ ਕਵੀਸ਼ਰ ਲੋਕਾਂ ਵਿੱਚ ਆਪਣੇ ਹੱਕਾਂ ਵਾਸਤੇ ਲੜਨ ਲਈ ਜੋਸ਼ ਭਰਨ ਦਾ ਕੰਮ ਕਰਦੇ ਰਹੇ ਹਨ।ਅਸੀਂ ਇਤਿਹਾਸ ਵਿੱਚ ਸ਼ਹੀਦਾਂ, ਯੋਧਿਆਂ ਨੂੰ ਧਰਮ, ਦੇਸ਼, ਸਮਾਜ ਤੇ ਮਨੁੱਖਤਾ ਲਈ ਹੱਸਦੇ ਗਾਉਂਦੇ ਹੋਏ ਸ਼ਹੀਦ ਹੁੰਦੇ ਦੇਖਦੇ ਹਾਂ। ਸੰਗੀਤ ਸਿਰਫ ਮਨੋਰੰਜਨ ਦਾ ਹੀ ਸਾਧਨ ਨਾ ਹੋ ਕੇ ਸਾਡੇ ਜੀਵਨ ਨੂੰ ਹੋਰ ਅਨੇਕਾਂ ਪੱਖਾਂ ਤੋਂ ਪ੍ਰਭਾਵਤ ਕਰਦਾ ਰਿਹਾ ਹੈ ਤੇ ਕਰ ਰਿਹਾ ਹੈ।

ਅੱਜ ਜਦੋਂ ਅਸੀਂ ਦੇਖਦੇ ਹਾਂ ਕਿ ਸਾਡਾ ਸਮਾਜ ਨਸ਼ਿਆਂ, ਹਿੰਸਾ, ਗੈਂਗਵਾਰ, ਹਥਿਆਰਾਂ ਦੀ ਪ੍ਰਦਰਸ਼ਨੀ, ਬਲਾਤਕਾਰ, ਔਰਤਾਂ ਤੇ ਹਿੰਸਾ, ਸਿਆਸੀ ਗੁੰਡਾਗਰਦੀ, ਫੁਕਰਾਪਨ, ਖੁਦਕੁਸ਼ੀਆਂ, ਜੱਟਵਾਦ, ਨਸਲਵਾਦ ਆਦਿ ਅਨੇਕਾਂ ਸਮੱਸਿਆਵਾਂ ਨਾਲ ਜੂਝ ਰਿਹਾ ਹੈ ਤਾਂ ਇਸ ਵਿੱਚ ਸਾਡੇ ਮੌਜੂਦਾ ਗੀਤ ਸੰਗੀਤ ਦਾ ਅਹਿਮ ਰੋਲ ਹੈ। ਜਿਥੇ ਪਿਛਲ਼ੇ ਸਮੇਂ ਵਿੱਚ ਗੀਤ ਸੰਗੀਤ ਦੀ ਪਹੁੰਚ ਆਮ ਲੋਕਾਂ ਤੱਕ ਬਹੁਤ ਘੱਟ ਸੀ, ਉਥੇ ਅੱਜ ਦੇ ਇਲੈਟਰੌਨਿਕ ਯੁੱਗ ਵਿੱਚ ਹਰ ਤਰ੍ਹਾਂ ਦਾ ਸਮਾਨ ਅਸੀਂ ਮੋਬਾਈਲ ਰਾਹੀਂ ਆਪਣੇ ਹੱਥਾਂ ਵਿੱਚ ਚੁੱਕੀ ਫਿਰਦੇ ਹਾਂ। ਜਿਸ ਤਰ੍ਹਾਂ ਆਮ ਇਹ ਮੰਨਿਆ ਹੋਇਆ ਵਿਗਿਆਨਕ ਤੱਥ ਹੈ ਕਿ ਸੁਣਨ ਨਾਲੋਂ ਦੇਖਣ ਦਾ ਸਾਡੇ ਦਿਮਾਗ ਤੇ ਵੱਧ ਅਸਰ ਪੈਂਦਾ ਹੈ, ਖਾਸਕਰ ਜਦੋਂ ਕੋਈ ਵਿਅਕਤੀ ਚੜ੍ਹਦੀ ਉਮਰੇ ਹੁੰਦਾ ਹੈ।ਬੇਸ਼ਕ ਸਾਡੀ ਪੰਜਾਬੀ ਗਾਇਕੀ ਵਿੱਚ ਲੱਚਰਤਾ ਜਾਂ ਅਸ਼ਲੀਲ਼ਤਾ ਕਿਸੇ ਹੱਦ ਤੱਕ ਜਰੂਰ ਹੁੰਦੀ ਸੀ, ਪਰ ਉਸਦਾ ਪ੍ਰਭਾਵ ਤੇ ਉਸ ਤੱਕ ਪਹੁੰਚ ਬਹੁਤ ਘੱਟ ਲੋਕਾਂ ਦੀ ਹੁੰਦੀ ਸੀ, ਜਿਸ ਨਾਲ ਉਸਦਾ ਆਮ ਲੋਕਾਈ ਤੇ ਬਹੁਤਾ ਅਸਰ ਨਹੀਂ ਹੁੰਦਾ ਸੀ। ਪਰ ਸੰਗੀਤ ਸੁਣਨ ਤੋਂ ਦੇਖਣ ਵਾਲੀ ਚੀਜ਼ ਬਣਨ ਤੇ ਘਰ-ਘਰ ਟੀਵੀ ਤੋਂ ਹੁਣ ਹੱਥਾਂ ਵਿੱਚ ਆਏ ਮੋਬਾਈਲ ਨਾਲ ਇੱਕ ਦੋ ਸਾਲ ਦੇ ਬੱਚੇ ਦੇ ਹੱਥ ਵਿੱਚ ਚੰਗਾ ਮਾੜਾ ਸਭ ਕੁਝ ਪਹੁੰਚ ਗਿਆ ਹੈ। ਜਿਸਦੇ ਪ੍ਰਭਾਵ ਤੋਂ ਕੋਈ ਬਚ ਨਹੀਂ ਸਕਦਾ। ਪਿਛਲੇ ਸਮੇਂ ਵਿੱਚ ਜਦੋਂ ਤੋਂ ਰੈਪ ਗਾਇਕੀ ਦਾ ਦੌਰ ਸ਼ੁਰੂ ਹੋਇਆ ਹੈ, ਉਸ ਨਾਲ ਵੀਡੀਉਗਰਾਫੀ ਰਾਹੀਂ ਨਸ਼ਿਆਂ, ਹਿੰਸਾ, ਜੱਟਵਾਦ, ਨਸਲਵਾਦ, ਔਰਤਾਂ ਵਿਰੁੱਧ ਭੱਦੀ ਸ਼ਬਦਾਵਲੀ, ਔਰਤਾਂ ਵਿਰੁੱਧ ਹਿੰਸਾ, ਗੰਨ ਕਲਚਰ, ਗੈਂਗਵਾਰ, ਫੁਕਰਾਪਨ, ਲੱਚਰਤਾ, ਅਸ਼ਲੀਲਤਾ ਆਦਿ ਨੂੰ ਬੜਾ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਜਿਸ ਨਾਲ ਸਿਰਫ ਆਪਣੇ ਹੱਕਾਂ ਲਈ ਹੀ ਨਹੀਂ, ਸਗੋਂ ਦੂਜਿਆਂ ਲਈ ਵੀ ਸਭ ਤੋਂ ਮੂਹਰੇ ਹੋ ਕੇ ਲੜਨ ਵਾਲੇ ਪੰਜਾਬੀ ਜਾਂ ਸਿੱਖ, ਅੱਜ ਨਸ਼ਿਆਂ, ਬੇਲੋੜੀ ਹਿੰਸਾ, ਗੈਂਗਵਾਰ, ਬਲਾਤਕਾਰ, ਔਰਤਾਂ ਵਿਰੁੱਧ ਹਿੰਸਾ, ਫੁਕਰਾਪਨ, ਜੱਟਵਾਦ, ਖੁਦਕੁਸ਼ੀਆਂ ਆਦਿ ਵੱਲ ਉਲਾਰ ਹਨ।ਜਿਸ ਲਈ ਬੇਸ਼ਕ ਅਨੇਕਾਂ ਧਾਰਮਿਕ, ਸਮਾਜਿਕ, ਆਰਥਿਕ, ਸਭਿਆਚਾਰਕ ਕਾਰਨ ਵੀ ਹਨ, ਪਰ ਵੀਡੀਉਗਰਾਫੀ ਰਾਹੀਂ ਪੇਸ਼ ਕੀਤੀ ਜਾ ਰਹੀ ਗਾਇਕੀ ਦਾ ਵੀ ਅਹਿਮ ਰੋਲ ਹੈ।

ਸਾਡੇ ਧਾਰਮਿਕ ਤੇ ਸਿਆਸੀ ਆਗੂ, ਆਪਣੇ ਨਿੱਜੀ ਹਿੱਤਾਂ ਲਈ ਨੌਜਵਾਨਾਂ ਨੂੰ ਵਰਤ ਰਹੇ ਹਨ ਤੇ ਅਜਿਹੇ ਕਲਚਰ ਨੂੰ ਪ੍ਰਮੋਟ ਕਰ ਰਹੇ ਹਨ। ਸਾਡੀਆਂ ਧਾਰਮਿਕ, ਸਮਾਜਿਕ, ਸਭਿਆਚਾਰਕ, ਰਾਜਨੀਤਕ ਆਦਿ ਪਾਰਟੀਆਂ ਜਾਂ ਸੰਸਥਾਵਾਂ ਸੁੱਤੀਆਂ ਪਈਆਂ ਹਨ।ਕਈਆਂ ਲਈ ਅਜਿਹਾ ਵਰਤਾਰਾ, ਉਨ੍ਹਾਂ ਦੇ ਹਿਤਾਂ ਨੂੰ ਪੂਰ ਰਿਹਾ ਹੈ। ਸਰਕਾਰਾਂ ਵੀ ਨਹੀਂ ਚਾਹੁੰਦੀਆਂ ਕਿ ਲੋਕ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋ ਕੇ ਸੰਘਰਸ਼ ਕਰਨ, ਉਨ੍ਹਾਂ ਨੂੰ ਇਸ ਵਿੱਚ ਹੀ ਭਲਾ ਲਗਦਾ ਹੈ ਕਿ ਨੌਜਵਾਨੀ ਗੀਤ ਸੰਗੀਤ, ਨਸ਼ਿਆਂ, ਫੁਕਰਪੁਣੇ ਆਦਿ ਵਿੱਚ ਹੀ ਮਸਤ ਰਹੇ। ਇਸਦਾ ਮਾੜਾ ਪ੍ਰਭਾਵ ਸਿਰਫ ਪੰਜਾਬ ਵਿੱਚ ਹੀ ਨਹੀਂ ਵਿਦੇਸ਼ਾਂ ਵਿੱਚ ਵੀ ਪੈ ਰਿਹਾ ਹੈ। ਵਿਦੇਸ਼ਾਂ ਵਿੱਚ ਅਜਿਹੇ ਗਾਇਕ ਪੈਸੇ ਦੀ ਲਾਲਸਾ ਅਧੀਨ ਆਉਂਦੇ ਹਨ ਤੇ ਜੋ ਸਾਨੂੰ ਪ੍ਰੋਸ ਰਹੇ ਹਨ, ਉਸ ਨਾਲ ਸਾਡੀਆਂ ਅਗਲੀਆਂ ਪੀੜ੍ਹੀਆਂ ਨੂੰ ਗਲਤ ਰਾਹੇ ਪਾਉਣ ਵਿੱਚ ਸਹਾਈ ਹੋ ਰਹੇ ਹਨ।ਹੁਣ ਸਮਾਂ ਇਹੀ ਮੰਗ ਕਰਦਾ ਹੈ ਕਿ ਅਸੀਂ ਜਾਗੀਏ ਤੇ ਅਜਿਹੇ ਗਾਇਕਾਂ ਤੇ ਸੰਗੀਤ ਦਾ ਵਿਰੋਧ ਕਰੀਏ।ਅਸੀਂ ਦੇਖਦੇ ਹਾਂ ਕਿ ਅਪਰੈਲ ਤੋਂ ਅਕਤੂਬਰ ਤੱਕ ਅਨੇਕਾਂ ਗਾਇਕ ਵਿਦੇਸ਼ਾਂ ਵਿੱਚ ਸ਼ੋਅ ਕਰਨ ਆਉਂਦੇ ਹਨ।ਅਸੀਂ ਅਜਿਹੇ ਮੌਕਿਆਂ ਤੇ ਸਿਰਫ ਮੂਕ ਦਰਸ਼ਕ ਬਣ ਕੇ ਨਾ ਬੈਠੀਏ, ਸਗੋਂ ਕੁਝ ਕਰਨ ਲਈ ਯਤਨ ਕਰੀਏ। ਪਿਛਲੇ ਸਮੇਂ ਤੋਂ ਅਦਾਰਾ ਸਿੱਖ ਵਿਰਸਾ ਤੇ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਲੱਚਰਤਾ, ਹਿੰਸਾ, ਨਸ਼ਿਆਂ, ਜੱਟਵਾਦ, ਨਸਲਵਾਦ, ਗੈਂਗਵਾਰ, ਹਥਿਆਰਾਂ ਦੀ ਪ੍ਰਦਰਸ਼ਨੀ, ਔਰਤਾਂ ਵਿਰੁੱਧ ਹਿੰਸਾ ਤੇ ਭੱਦੀ ਸ਼ਬਦਾਵਲੀ ਵਾਲੀ ਗਾਇਕੀ ਤੇ ਗਾਇਕਾਂ ਵਿਰੁੱਧ ਇੱਕ ਮੁਹਿੰਮ ਚਲਾਈ ਜਾ ਰਹੀ ਹੈ। ਤੁਸੀਂ ਵੀ ਇਸ ਮੁਹਿੰਮ ਦਾ ਹਿੱਸਾ ਬਣ ਸਕਦੇ ਹੋ। ਅਸੀਂ ਇਸ ਮੁਹਿੰਮ ਰਾਹੀਂ ਜਿਥੇ ਅਜਿਹੀ ਗਾਇਕੀ ਨੂੰ ਪ੍ਰਮੋਟ ਕਰ ਰਹੇ ਗਾਇਕਾਂ ਦਾ ਵਿਰੋਧ ਕਰਨ ਲਈ ਲੋਕਾਂ ਨੂੰ ਵੱਖ-ਵੱਖ ਪਲੈਟਫਾਰਮਾਂ ਰਾਹੀਂ ਜਾਗਰੂਕ ਕਰ ਰਹੇ ਹਾਂ, ਉਥੇ ਸ਼ੋਅ ਪ੍ਰਮੋਟਰਾਂ ਤੇ ਸ਼ੋਅ ਸਪੌਂਸਰਾਂ ਨੂੰ ਵੀ ਇਹ ਕਹਿਣਾ ਚਾਹੁੰਦੇ ਹਾਂ ਕਿ ਉਹ ਅਜਿਹੇ ਗਾਇਕਾਂ ਨੂੰ ਵਿਦੇਸ਼ਾਂ ਵਿੱਚ ਲੈ ਕੇ ਨਾ ਆਉਣ।ਲੋਕਾਂ ਨੂੰ ਚਾਹੀਦਾ ਹੈ ਕਿ ਅਜਿਹੇ ਗਾਇਕਾਂ ਦੇ ਸ਼ੋਆਂ ਤੇ ਜਾਣਾ ਬੰਦ ਕਰੀਏ। ਜੇ ਗਾਇਕ ਅਜਿਹੇ ਸ਼ੋਅ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਚਾਹੀਦਾ ਹੈ ਕਿ ਸ਼ੋਆਂ ਦੀ ਪ੍ਰਮੋਸ਼ਨ ਤੇ ਇਸ਼ਤਿਹਾਰਬਾਜੀ ਵਿੱਚ ਇਨ੍ਹਾਂ ਨੂੰ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨ ਵਾਲੇ ਪਰਿਵਾਰਕ ਤੇ ਸਭਿਆਚਾਰਕ ਸ਼ੋਅ ਨਾ ਕਹਿਣ, ਸਗੋਂ ਲਿਖਣ ਕਿ ਇਹ ਸ਼ੋਅ ਸਿਰਫ ਬਾਲਗਾਂ (ਅਡੱਲਟਜ਼) ਲਈ ਹੀ ਹਨ, ਇਥੇ ਨਸ਼ਿਆਂ, ਹਿੰਸਾ, ਭੱਦੀ ਤੇ ਅਸ਼ਲੀਲ ਸ਼ਬਾਦਾਵਲੀ, ਜੱਟਵਾਦ ਜਾਂ ਨਸਲਵਾਦ ਨੂੰ ਪ੍ਰਮੋਟ ਕੀਤਾ ਜਾਵੇਗਾ, ਇਸ ਲਈ ਬੱਚਿਆਂ ਤੇ ਪਰਿਵਾਰ ਨੂੰ ਨਾ ਲਿਆਉ। ਜੇ ਸਾਨੂੰ ਅਜਿਹੇ ਗਾਇਕਾਂ ਦੇ ਸ਼ੋਅ ਬੰਦ ਕਰਾਉਣ ਲਈ ਲੋਕਤੰਤਰੀ ਢੰਗ ਨਾਲ ਪ੍ਰਦਰਸ਼ਨ ਜਾਂ ਕਿਸੇ ਹੋਰ ਢੰਗ ਨਾਲ ਵਿਰੋਧ ਕਰਨਾ ਪੈਂਦਾ ਹੈ ਤਾਂ ਇਸ ਲਈ ਵੀ ਤਿਆਰ ਰਹੀਏ। ਅਸੀਂ ਸਰਕਾਰਾਂ ਤੱਕ ਵੀ ਪਹੁੰਚ ਕਰ ਰਹੇ ਹਾਂ ਕਿ ਵਿਜ਼ਟਰ ਵੀਜੇ ਤੇ ਆ ਕੇ ਲੱਖਾਂ ਡਾਲਰ ਕਮਾ ਕੇ ਲਿਜਾ ਰਹੇ ਗਾਇਕਾਂ ਨੂੰ ਕਨੂੰਨ ਤੇ ਟੈਕਸ ਦੇ ਅਧੀਨ ਵੀ ਲਿਆਂਦਾ ਜਾਵੇ ਤਾਂ ਕਿ ਇਹ ਸਮਾਜ ਤੇ ਸਰਕਾਰ ਨੂੰ ਜਵਾਬਦੇਹ ਬਣ ਸਕਣ।ਪੁਲਿਸ ਤੇ ਪ੍ਰਸ਼ਾਸਨ ਨੂੰ ਵੀ ਅਜਿਹੇ ਗਾਇਕਾਂ ਤੇ ਨਿਗ੍ਹਾ ਰੱਖਣ ਦੀ ਲੋੜ ਹੈ, ਜੋ ਹਿੰਸਾ, ਨਸ਼ਿਆਂ, ਗੈਂਗਵਾਰ, ਨਸਲਵਾਦ ਨੂੰ ਉਤਸ਼ਾਹਿਤ ਕਰਦੇ ਹਨ। ਆਓ, ਸਾਰੇ ਰਲ਼ ਕੇ ਚੰਗਾ ਸਮਾਜ ਸਿਰਜਣ ਲਈ ਮਿਆਰੀ ਗਾਇਕੀ ਨੂੰ ਸੁਣੀਏ ਤੇ ਪ੍ਰਮੋਟ ਕਰੀਏ।ਮੈਂ ਚਾਹਾਂਗਾ ਕਿ ਸਾਰੇ ਸ਼ਹਿਰਾਂ ਵਿੱਚ ਸਮਾਜ ਦਾ ਭਲਾ ਸੋਚਣ ਵਾਲੇ ਲੋਕ ਇਸ ਮੁਹਿੰਮ ਵਿੱਚ ਯੋਗਦਾਨ ਪਾਉਣ, ਆਪਣੇ ਵਿੱਤ ਤੇ ਸਮਝ ਅਨੁਸਾਰ ਇਸ ਗਾਇਕੀ ਨੂੰ ਠੱਲ ਪਾਉਣ ਤੇ ਮਿਆਰੀ ਗਾਇਕੀ ਨੂੰ ਪ੍ਰਮੋਟ ਕਰਨ ਲਈ ਯਤਨ ਕਰਨ।

# 192 ਝੂਠੇ ਪੁਲਿਸ ਮੁਕਾਬਲਿਆਂ ਦੌਰਾਨ 444 ਬੰਦੇ ਮਾਰਨ ਵਾਲਾ 'ਬਰੇਵ ਬੁਆਏ'


## ਸਾਢੇ 6 ਸਾਲ, 192 ਪੁਲਿਸ ਮੁਕਾਬਲੇ ਤੇ 444 ਕਤਲ: ਪਾਕਿਸਤਾਨ ਦਾ 'ਅਜੀਤ ਸਿੰਘ ਸੰਧੂ' ਹੈ ਰਾਓ ਅਨਵਾਰ ?



ਕਰਾਚੀ ਵਿੱਚ 'ਪੁਲਿਸ ਮੁਕਾਬਲਿਆਂ' ਦੀ ਲੜੀ ਲਗਾਉਣ ਵਾਲੇ ਪੁਲਿਸ ਅਫ਼ਸਰ ਰਾਓ ਅਨਵਾਰ ਕਈ ਮਾਮਲਿਆਂ ਵਿੱਚ ਗੈਰ ਮਾਮੂਲੀ ਹਨ।

ਇਸ ਸਾਲ 17 ਜਨਵਰੀ ਤੱਕ ਕਰਾਚੀ ਦੇ ਮਲੀਰ ਇਲਾਕੇ ਦੇ ਐੱਸਐੱਸਪੀ ਰਾਓ ਅਨਵਾਰ ਦੇ ਮੁਕਾਬਲੇ, ਮਹਾਰਾਸ਼ਟਰ ਦੇ ਐਨਕਾਊਂਟਰ ਸਪੈਸ਼ਲਿਸਟ ਦਯਾ ਨਾਇਕ ਬਹੁਤ ਛੋਟੇ ਜਾਪਦੇ ਹਨ।

35 ਸਾਲਾਂ ਦੇ ਕਰੀਅਰ ਵਿੱਚ ਰਾਓ ਅਨਵਾਰ ਨੇ ਕਿੰਨੇ ਲੋਕਾਂ ਨੂੰ ਮਾਰਿਆ ਹੈ, ਇਹ ਕਹਿਣਾ ਔਖਾ ਹੈ। ਅਨਵਾਰ ਬਾਰੇ ਚੱਲ ਰਹੀ ਭਾਰਤੀ ਪੰਜਾਬ ਦੇ ਸਾਬਕਾ ਪੁਲਿਸ ਅਫਸਰ ਅਜੀਤ ਸਿੰਘ ਸੰਧੂ ਵਰਗੀ ਹੈ।



- ਪਾਕਿਸਤਾਨ: ਪੈਡਮੈਨ ਪਾਬੰਦੀ ਦਾ ਜ਼ਬਰਦਸਤ ਵਿਰੋਧ
- ਕਿਸ ਹਾਲ ਵਿੱਚ ਹਨ ਇਸਲਾਮਿਕ ਸਟੇਟ ਦੇ ਲੜਾਕੇ ?


ਪਾਕਿਸਤਾਨ ਦੇ ਸੁਪਰੀਮ ਕੋਰਟ ਵਿੱਚ ਦਾਖਲ ਕੀਤੇ ਗਏ ਦੋ ਦਸਤਾਵੇਜ਼ਾਂ ਮੁਤਾਬਕ ਜੁਲਾਈ 2011 ਤੋਂ ਜਨਵਰੀ 2018 ਦੌਰਾਨ ਅਨਵਾਰ ਦੀ ਨਿਗਰਾਨੀ ਹੇਠਾਂ 192 'ਪੁਲਿਸ ਮੁਕਾਬਲਿਆਂ''ਚ 444 ਲੋਕ ਮਾਰੇ ਗਏ ਹਨ।

ਕਈ ਵਾਰ ਤਾਂ 100 ਵਿੱਚੋਂ 80 ਲੋਕ ਮਾਰੇ ਗਏ ਅਤੇ ਸਿਰਫ਼ 20 ਹੀ ਗ੍ਰਿਫ਼ਤਾਰ ਹੋਏ।

ਪਾਕਿਸਤਾਨ ਦੀ ਅਖਬਾਰ 'ਡਾਅਨ' ਵਿੱਚ ਲਿਖਿਆ ਹੈ ਕਿ ਰਾਓ ਅਨਵਾਰ ਨੂੰ ਕਿਸੇ ਵੀ ਐਂਗਲ ਤੋਂ ਵੇਖੋ, ਉਹ ਕਸਾਈ ਹੀ ਲੱਗੇਗਾ।

**ਸਾਰਿਆਂ ਦੇ ਵਿਲੇਨ ਨਹੀਂ ਅਨਵਾਰ**


ਸਾਰੇ ਲੋਕ ਅਨਵਾਰ ਨੂੰ ਵਿਲੇਨ ਨਹੀਂ ਮੰਨਦੇ। ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਆਸਿਫ ਜ਼ਰਦਾਰੀ ਨੇ ਇੱਕ ਟੀਵੀ ਚੈਨਲ 'ਤੇ ਉਨ੍ਹਾਂ ਨੂੰ 'ਬਰੇਵ ਬੁਆਏ' ਕਿਹਾ ਸੀ। ਜਿਸ ਤੋਂ ਬਾਅਦ ਖ਼ੂਬ ਹੰਗਾਮਾ ਹੋਇਆ ਅਤੇ ਉਨ੍ਹਾਂ ਨੂੰ ਆਪਣੇ ਸ਼ਬਦ ਵਾਪਸ ਲੈਣੇ ਪਏ।



ਪਾਕਿਸਤਾਨ ਦੇ ਪੱਤਰਕਾਰ ਦੱਸਦੇ ਹਨ ਕਿ ਅਨਵਾਰ ਨਾ ਹੀ ਸਿਰਫ ਜ਼ਰਦਾਰੀ ਬਲਕਿ ਨਵਾਜ਼ ਸ਼ਰੀਫ ਅਤੇ ਪਾਕਿਸਤਾਨ ਪੀਪਲਜ਼ ਪਾਰਟੀ ਦੇ ਵੱਡੇ ਨੇਤਾਵਾਂ ਦੇ ਵੀ ਕਰੀਬੀ ਰਹੇ ਹਨ।

ਪਾਕਿਸਤਾਨ ਦੇ ਵੱਡੇ ਨੇਤਾਵਾਂ ਅਤੇ ਫੌਜੀ ਜਨਰਲਾਂ ਦੇ ਸਾਰੇ ਗੰਦੇ ਕੰਮ ਅਨਵਾਰ ਖੁਸ਼ੀ ਖੁਸ਼ੀ ਕਰਦੇ ਰਹੇ ਹਨ।

ਇਹੀ ਵਜ੍ਹਾ ਹੈ ਕਿ 'ਪੁਲਿਸ ਮੁਕਾਬਲੇ' ਕਰਨ ਤੋਂ ਬਾਅਦ ਵੀ ਉਨ੍ਹਾਂ ਦਾ ਕੁਝ ਨਹੀਂ ਵਿਗੜਿਆ। ਕਦੇ ਕਦੇ ਜਾਂਚ ਦਾ ਸਾਹਮਣਾ ਕਰਨਾ ਪਿਆ ਪਰ ਹਰ ਵਾਰ ਉਨ੍ਹਾਂ ਨੂੰ ਕਲੀਨ ਚਿੱਟ ਮਿਲ ਗਈ।



ਦਿਲਚਸਪ ਗੱਲ ਇਹ ਹੈ ਕਿ ਰਾਓ ਅਨਵਾਰ ਦੀ ਨਿਗਰਾਨੀ ਵਿੱਚ ਮਾਰੇ ਗਏ ਘਿਨਾਉਣੇ ਕਥਿਤ ਅਪਰਾਧੀਆਂ ਅਤੇ ਖ਼ੂੰਖਾਰ ਦਹਿਸ਼ਤਗਰਦਾਂ ਨੇ ਪੁਲਿਸਵਾਲਿਆਂ ਨੂੰ ਕਦੇ ਨੁਕਸਾਨ ਨਹੀਂ ਪਹੁੰਚਾਇਆ।

ਅਖਬਾਰ 'ਡਾਅਨ' ਵਿੱਚ ਲਿਖਿਆ ਹੈ ਕਿ ਇਨ੍ਹਾਂ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਕੋਈ ਪੁਲਿਸਵਾਲਾ ਜ਼ਖ਼ਮੀ ਤੱਕ ਨਹੀਂ ਹੁੰਦਾ ਸੀ। ਜੋ ਦਰਸਾਉਂਦਾ ਹੈ ਕਿ ਅਨਵਾਰ ਨੂੰ ਕਦੇ ਨਾਟਕ ਕਰਨ ਦੀ ਲੋੜ ਵੀ ਮਹਿਸੂਸ ਨਹੀਂ ਹੋਈ ਕਿਉਂਕਿ ਉਨ੍ਹਾਂ ਨੂੰ ਭਰੋਸਾ ਸੀ ਕਿ ਉਨ੍ਹਾਂ ਤੋਂ ਕੋਈ ਸਵਾਲ ਨਹੀਂ ਪੁੱਛੇ ਜਾਣਗੇ।

ਪਰ ਨਕੀਬੁੱਲਾ ਮਹਿਸੂਦ ਨਾਂ ਦੇ ਇੱਕ ਖ਼ੂਬਸੂਰਤ ਯੁਵਾ ਪਠਾਨ ਨੂੰ ਮਾਰਨ ਤੋਂ ਬਾਅਦ ਮਾਮਲਾ ਵਿਗੜ ਗਿਆ।

ਵਜ਼ੀਰਿਸਤਾਨ ਤੋਂ ਕਰਾਚੀ ਆਏ 27 ਸਾਲ ਦੇ ਮਹਿਸੂਦ ਕਿਸੇ ਫਿਲਮੀ ਹੀਰੋ ਵਾਂਗ ਲੱਗਦੇ ਸਨ। ਉਹ ਇੱਕ ਦੁਕਾਨ ਚਲਾਉਂਦੇ ਅਤੇ ਮਾਡਲ ਬਣਨ ਦੇ ਸੁਫ਼ਨੇ ਵੇਖਦੇ ਸੀ।

ਉਨ੍ਹਾਂ ਨੂੰ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਦਾ 'ਅੱਤਵਾਦੀ' ਕਹਿ ਕੇ ਗੋਲੀ ਮਾਰ ਦਿੱਤੀ ਗਈ। ਪਰ ਪਾਕਿਸਤਾਨੀ ਤਾਲੀਬਾਨ ਨੇ ਸਾਫ਼ ਕਹਿ ਦਿੱਤਾ ਕਿ ਉਸਦਾ ਮਹਿਸੂਦ ਨਾਲ ਕੋਈ ਸਬੰਧ ਨਹੀਂ ਸੀ।

ਅਨਵਾਰ ਤਿੰਨ ਮਹੀਨੇ ਲਈ ਫਰਾਰ ਰਹੇ। ਉਸ ਤੋਂ ਬਾਅਦ ਸੁਪਰੀਮ ਕੋਰਟ ਵਿੱਚ ਹਾਜ਼ਿਰ ਹੋਏ। ਇੱਕ ਵੱਡੀ ਗੱਡੀ ਵਿੱਚ ਸ਼ਾਨ ਨਾਲ ਸੁਪਰੀਮ ਕੋਰਟ ਵਿੱਚ ਉੱਥੇ ਤਕ ਪਹੁੰਚ ਗਏ ਜਿੱਥੇ ਸਿਰਫ ਚੀਫ ਜਸਟਿਸ ਦੀ ਗੱਡੀ ਜਾਂਦੀ ਹੈ।

ਸੁਪਰੀਮ ਕੋਰਟ ਨੇ ਉਨ੍ਹਾਂ ਨੂੰ ਹਿਰਾਸਤ ਵਿੱਚ ਭੇਜ ਦਿੱਤਾ, ਸਖ਼ਤ ਸੁਰੱਖਿਆ ਵਿੱਚ ਉਨ੍ਹਾਂ ਨੂੰ ਇਸਲਾਮਾਬਾਦ ਤੋਂ ਕਰਾਚੀ ਲੈ ਗਏ।

ਪਾਕਿਸਤਾਨੀ ਮੀਡੀਆ ਰਿਪੋਰਟਾਂ ਮੁਤਾਬਕ ਸੁਪਰੀਮ ਕੋਰਟ ਦੇ ਜੱਜ ਨੇ ਉਨ੍ਹਾਂ ਤੋਂ ਪੁੱਛਿਆ, "ਤੁਹਾਨੂੰ ਤਾਂ ਲੋਕ ਬਹੁਤ ਬਹਾਦਰ ਦੱਸਦੇ ਹਨ, ਫਿਰ ਤੁਸੀਂ ਕਾਇਰਾਂ ਵਾਂਗ ਫ਼ਰਾਰ ਕਿਉਂ ਸੀ ?"

ਇਸਦੇ ਜਵਾਬ ਵਿੱਚ ਰਾਓ ਅਨਵਾਰ ਨੇ ਕਿਹਾ ਕਿ ਉਨ੍ਹਾਂ ਨੂੰ ਫਸਾਇਆ ਜਾ ਰਿਹਾ ਹੈ। ਅਦਾਲਤ ਨੇ ਅਨਵਾਰ ਦੀ ਪੱਕੀ ਸੁਰੱਖਿਆ ਦਾ ਬੰਦੋਬਸਤ ਕਰਨ, ਤਨਖ਼ਾਹ ਜਾਰੀ ਰੱਖਣ ਅਤੇ ਬੈਂਕ ਖਾਤੇ ਤੋਂ ਰੋਕ ਹਟਾਉਣ ਦੇ ਨਿਰਦੇਸ਼ ਦਿੱਤੇ।

ਅਨਵਾਰ ਦੀ ਨਿੱਜੀ ਜ਼ਿੰਦਗੀ ਬਾਰੇ ਪਾਕਿਸਤਾਨ ਦੇ ਪੱਤਰਕਾਰ ਵੀ ਜ਼ਿਆਦਾ ਨਹੀਂ ਜਾਣਦੇ।

ਬੀਬੀਸੀ ਉਰਦੂ ਦੇ ਰਿਆਜ਼ ਸੁਹੈਲ ਨੇ ਦੱਸਿਆ, "ਪੁਲਿਸ ਵਿੱਚ ਅਨਵਾਰ ਆਪਣੇ ਸਾਥੀਆਂ ਨਾਲ ਘੱਟ ਮਿਲਦੇ-ਜੁਲਦੇ ਸਨ, ਜਿਸ ਕਰਕੇ ਉਨ੍ਹਾਂ ਬਾਰੇ ਜ਼ਿਆਦਾ ਜਾਣਕਾਰੀ ਨਹੀਂ ਹੈ। ਉਹ ਇਕੱਲੇ ਰਹਿਣਾ ਪਸੰਦ ਕਰਦੇ ਸਨ, ਕਈ ਪੁਲਿਸ ਅਧਿਕਾਰੀ ਵੀ ਉਨ੍ਹਾਂ ਦੀ ਵਿਵਾਦਤ ਦਿੱਖ ਕਰਕੇ ਦੂਰੀ ਬਣਾਏ ਰੱਖਦੇ ਸਨ।"

ਰਿਆਜ਼ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਦੇ ਪਰਿਵਾਰ ਬਾਰੇ ਵੀ ਕੋਈ ਜਾਣਕਾਰੀ ਨਹੀਂ ਸੀ। ਉਨ੍ਹਾਂ ਕਿਹਾ, "ਕਰਾਚੀ ਦੇ ਵੱਡੇ ਪੁਲਿਸ ਅਧਿਕਾਰੀ ਆਪਣੇ ਪਰਿਵਾਰ ਨੂੰ ਸਾਵਧਾਨੀ ਵਜੋਂ ਕੁਝ ਮਹੀਨਿਆਂ ਬਾਅਦ ਇੱਕ ਤੋਂ ਦੂਜੇ ਥਾਂ ਭੇਜ ਦਿੰਦੇ ਸਨ।"



**ਅਨਵਾਰ ਦੇ ਹੁਣ ਤੱਕ ਦੇ ਕਾਰਨਾਮੇ**

58 ਸਾਲ ਦੇ ਅਨਵਾਰ ਦੀ ਹਰ ਤਸਵੀਰ ਪੁਲਿਸ ਦੀ ਵਰਦੀ ਵਿੱਚ ਹੈ। ਸਾਂਵਲਾ ਰੰਗ, ਔਸਤ ਕੱਦ, ਹਲਕੀਆਂ ਮੁੱਛਾਂ ਵਾਲੇ ਅਨਵਾਰ ਕਿਸੇ ਮਾਮੂਲੀ ਮੁਲਾਜ਼ਮ ਵਾਂਗ ਹੀ ਦਿੱਸਦੇ ਹਨ।

ਇਸ ਦੇ ਕਈ ਕਾਰਨ ਹਨ। ਅਨਵਾਰ ਅਸਿਸਟੈਂਟ ਸਬ-ਇੰਸਪੈਕਟਰ ਤੋਂ ਐੱਸਐੱਸਪੀ ਬਣਨ ਵਾਲੇ ਪਾਕਿਸਤਾਨ ਦੇ ਇਕਲੌਤੇ ਪੁਲਿਸ ਅਧਿਕਾਰੀ ਹਨ।

ਉਹ ਫੈਡਰਲ ਸਰਵਿਸ ਦੇ ਅਧਿਕਾਰੀ ਨਹੀਂ ਹਨ, ਉੱਚ ਅਫਸਰਾਂ ਵਾਂਗ ਅੰਗਰੇਜ਼ੀ ਨਹੀਂ ਬੋਲਦੇ, ਉਰਦੂ ਵਿੱਚ ਗੱਲਾਂ ਕਰਦੇ ਹਨ।

ਬੀਬੀਸੀ ਉਰਦੂ ਦੇ ਪੱਤਰਕਾਰ ਅਸਦ ਚੌਧਰੀ ਕਹਿੰਦੇ ਹਨ ਕਿ ਪਾਕਿਸਤਾਨ ਵਿੱਚ ਪੁਲਿਸ ਦੀ ਵਰਦੀ ਦੀ ਫੌਜੀ ਵਰਦੀ ਅੱਗੇ ਕੋਈ ਇੱਜ਼ਤ ਨਹੀਂ ਹੈ।



ਪਰ ਅਨਵਾਰ ਦਾ ਰੁਤਬਾ ਵੱਖਰਾ ਸੀ। ਉਹ ਕਾਨੂੰਨ ਤੋਂ ਉੱਪਰ ਉੱਠ ਚੁੱਕੇ ਸੀ।

ਐੱਸਐੱਸਪੀ ਬਣਨ ਤੋਂ ਬਾਅਦ ਉਹ 74 ਵਾਰ ਦੁਬਈ ਗਏ ਪਰ ਇਸ ਲਈ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੇ ਡਿਪਾਰਟਮੈਂਟਲ ਪੇਪਰਵਰਕ ਦੀ ਲੋੜ ਨਹੀਂ ਪਈ।

ਇੱਕ ਸਮੇਂ 'ਤੇ ਕਰਾਚੀ ਦੀਆਂ ਗਲੀਆਂ ਵਿੱਚ ਮੁਤਾਹਿਦਾ ਕੌਮੀ ਮੂਵਮੈਂਟ ਦੀ ਤੂਤੀ ਬੋਲਦੀ ਸੀ। ਅਲਤਾਫ਼ ਹੁਸੈਨ ਨੇ ਬਿਰਾਹੀ ਜਾਂ ਮੁਹਾਜਿਰ ਕਹੇ ਜਾਣ ਵਾਲੇ ਉਰਦੂਭਾਸ਼ੀ ਨੌਜਵਾਨਾਂ ਦਾ ਸੰਗਠਨ ਕੀਤਾ ਸੀ ਜੋ ਪਠਾਣਾਂ ਨਾਲ ਹਿੰਸਕ ਝੜਪਾਂ ਕਰਦੇ ਸਨ।

ਕਰਾਚੀ ਦੀਆਂ ਸੜਕਾਂ 'ਤੇ ਹਰ ਰੋਜ਼ ਬੋਰੀਆਂ ਵਿੱਚ ਬੰਦ ਲਾਸ਼ਾਂ ਮਿਲਦੀਆਂ ਸਨ। ਕਈ ਇਲਾਕਿਆਂ ਵਿੱਚ ਪੁਲਿਸ ਵੀ ਜਾਣ ਤੋਂ ਡਰਦੀ ਸੀ।

1990 ਵਿੱਚ ਇੱਕ ਪੁਲਿਸ ਦੇ ਨੌਜਵਾਨ ਅਧਿਕਾਰੀ ਨੇ ਝੂਠੇ ਪੁਲਿਸ ਮੁਕਾਬਲਿਆਂ ਦਾ ਸਿਲਸਿਲਾ ਸ਼ੁਰੂ ਕੀਤਾ। ਉਸਦਾ ਨਾਂ ਰਾਓ ਅਨਵਾਰ ਸੀ।

ਜਦ ਮੁਸ਼ੱਰਫ ਸੱਤਾ ਵਿੱਚ ਆਏ ਤਾਂ ਉਨ੍ਹਾਂ ਐਮਕਿਊਐਮ ਨੂੰ ਸੱਤਾ ਵਿੱਚ ਸ਼ਾਮਲ ਕਰ ਲਿਆ। ਹੁਣ ਅਨਵਾਰ ਲਈ ਕਰਾਚੀ ਵਿੱਚ ਰਹਿਣਾ ਔਖਾ ਹੋ ਗਿਆ ਕਿਉਂਕਿ ਉਨ੍ਹਾਂ ਨੇ ਐਮਕਿਊਐਮ ਦੇ ਕਈ ਲੋਕਾਂ ਨੂੰ ਮਾਰਿਆ ਸੀ। ਮੁਸ਼ੱਰਫ ਨੇ ਅਨਵਾਰ ਨੂੰ ਕੁਝ ਸਮੇਂ ਲਈ ਦੁਬਈ ਭੇਜ ਦਿੱਤਾ।

ਜਦ ਮਾਹੌਲ ਬਦਲਿਆ ਤਾਂ ਉਹ ਬਲੋਚਿਸਤਾਨ ਵਿੱਚ ਪੁਲਿਸ ਦੀ ਨੌਕਰੀ ਵਿੱਚ ਆਏ। ਉਨ੍ਹਾਂ ਨੂੰ ਕਰਾਚੀ ਜਾਂ ਸਿੰਧ ਦੇ ਦੂਜੇ ਇਲਾਕਿਆਂ ਵਿੱਚ ਤਾਇਨਾਤ ਕਰਨਾ ਅਸੁਰੱਖਿਅਤ ਮੰਨਿਆ ਗਿਆ।

2008 ਵਿੱਚ ਪਾਕਿਸਤਾਨ ਪੀਪਲਜ਼ ਪਾਰਟੀ ਉਨ੍ਹਾਂ ਨੂੰ ਫਿਰ ਕਰਾਚੀ ਲੈ ਆਈ ਅਤੇ ਮਲੀਰ ਇਲਾਕੇ ਦਾ ਐਸਪੀ ਬਣਾ ਦਿੱਤਾ। 2008 ਤੋਂ ਲੈ ਕੇ 2018 ਵਿਚਾਲੇ ਅਨਵਾਰ ਦਾ ਕੱਦ ਤੇ ਰੋਅਬ ਖ਼ੂਬ ਵਧਿਆ।

**ਰੀਅਲ ਐਸਟੇਟ ਦੇ ਧੰਦੇ ਵਿੱਚ ਦਖਲ ਦੇਣ ਵਾਲਿਆਂ ਨੂੰ ਠਿਕਾਣੇ ਲਗਾਇਆ**

ਸੀਨੀਅਰ ਪੱਤਰਕਾਰ ਅਸਧ ਚੌਧਰੀ ਨੇ ਦੱਸਿਆ, "ਮਲੀਰ ਇੱਕ ਨਦੀ ਹੈ, ਉਸਦੇ ਕੋਲ ਬਹੁਤ ਖਾਲੀ ਜ਼ਮੀਨ ਸੀ। ਉੱਥੇ ਐਕਸਪ੍ਰੈਸਵੇਅ ਬਣਾਇਆ ਗਿਆ, ਜ਼ਮੀਨ ਬਣੀ ਅਤੇ ਵੇਖਦੇ ਵੇਖਦੇ ਬਹਿਰੀਆ ਟਾਊਨ ਵਿੱਚ ਅਰਬਾਂ ਰੁਪਏ ਦਾ ਰੀਅਲ ਐਸਟੇਟ ਤਿਆਰ ਹੋ ਗਿਆ।

ਕੰਸਟ੍ਰਕਸ਼ਨ ਹੋਣ ਲੱਗੀ, ਨਦੀ 'ਚੋ ਰੇਤ ਕੱਢੀ ਜਾਣ ਲੱਗੀ, 'ਮਾਫ਼ੀਆ ਬਣੇ ਅਤੇ ਮਲੀਰ ਦੇ ਐਸਪੀ ਨੇ ਆਪਣਾ ਜਲਵਾ ਵਿਖਾਉਣਾ ਸ਼ੁਰੂ ਕਰ ਦਿੱਤਾ।"

ਕੁਝ ਸਾਲ ਪਹਿਲਾਂ ਉਨ੍ਹਾਂ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਸੀ, "ਮੈਂ ਪਿਛਲੇ ਕੁਝ ਸਮੇਂ ਵਿੱਚ ਮਲੀਰ ਵਿੱਚ 150 ਤੋਂ ਵੱਧ ਪੁਲਿਸ ਮੁਕਾਬਲੇ ਕੀਤੇ ਹਨ ਅਤੇ ਇਹ ਨੰਬਰ ਵਧੇਗਾ।"

ਇਸ ਕਾਨਫਰੰਸ ਵਿੱਚ ਉਨ੍ਹਾਂ ਨੇ ਆਪਣੀ ਬਹਾਦਰੀ ਦੇ ਕਿੱਸੇ ਸੁਣਾਏ ਸਨ।


**ਪੁਲਿਸ ਨੇ ਭੁਗਤਿਆ ਖਮਿਆਜ਼ਾ**

ਇੱਕ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਸੀ, "ਅਨਵਾਰ ਦੇ ਹੱਥਾਂ ਜਾਂ ਉਨ੍ਹਾਂ ਦੀ ਨਿਗਰਾਨੀ ਵਿੱਚ ਕਈ ਲੋਕ ਮਾਰੇ ਗਏ, ਇਸਦਾ ਖਮਿਆਜ਼ਾ ਪੁਸਿਲ ਵਾਲਿਆਂ ਨੂੰ ਭੁਗਤਣਾ ਪੈਂਦਾ ਹੈ। ਵੱਡੀ ਗਿਣਤੀ ਵਿੱਚ ਪੁਲਿਸ ਵਾਲੇ ਬਦਲੇ ਦੀ ਕਾਰਵਾਈ ਵਿੱਚ ਮਾਰੇ ਗਏ ਹਨ।"

ਅਸਧ ਚੌਧਰੀ ਨੇ ਦੱਸਿਆ ਕਿ ਕਈ ਵਾਰ ਮਾਰੇ ਗਏ ਪੁਲਿਸ ਵਾਲਿਆਂ ਦੀਆਂ ਲਾਸ਼ਾਂ ਕੋਲ ਪਰਚੀਆਂ ਮਿਲਿਆਂ ਜਿਸ ਵਿੱਚ ਲਿਖਿਆ ਹੁੰਦਾ ਸੀ ਕਿ ਇਹ ਉਨ੍ਹਾਂ ਦੇ ਰਿਸ਼ਤੇਦਾਰ ਦੇ ਝੂਠੇ ਪੁਲਿਸ ਮੁਕਾਬਲੇ ਵਿੱਚ ਹੋਈ ਮੌਤ ਦਾ ਬਦਲਾ ਹੈ।

ਹੁਣ ਅਦਾਲਤ ਨੇ ਕਿਹਾ ਹੈ ਕਿ ਅਨਵਾਰ ਦੇ ਮਾਮਲੇ ਵਿੱਚ ਪੂਰੀ ਪਾਰਦਰਸ਼ਿਤਾ ਅਤੇ ਨਿਰਪੱਖਤਾ ਨਾਲ ਕੰਮ ਹੋਵੇਗਾ। ਪਰ ਪਾਕਿਸਤਾਨੀ ਪ੍ਰੈਸ ਇਹ ਸਵਾਲ ਪੁੱਛ ਰਿਹਾ ਹੈ ਕਿ ਇੰਨੇ ਦਿਨਾਂ ਤੋਂ ਇਹ ਨਿਯਮ ਅਤੇ ਕਾਨੂੰਨ ਕਿੱਥੇ ਸਨ ਅਤੇ ਕੀ ਕਰ ਰਹੇ ਸਨ।





ਮਨਦੀਪ

# ਅਰਵਿੰਦ ਕੇਜਰੀਵਾਲ ਦੀ ਮੁਆਫੀ ਦੇ ਮਾਇਨੇ



*ਮੁਆਫੀ ਦੇ ਤਾਜਾ ਘਟਨਾਕ੍ਰਮ ਵਾਪਰਨ ਨਾਲ ਕੇਜਰੀਵਾਲ ਦੇ ਟੁੱਟਦੇ ਦਬੰਗੀ ਬਿੰਬ ਦੀ ਕਿਰਕਿਰੀ ਨਾਲ ਉਸ ਦੇ ਮੁਰੀਦਾਂ ਦੇ ਸਨਮਾਨ ਨੂੰ ਵੀ ਸੱਟ ਵੱਜੀ ਹੈ। ਆਪ ਆਦਮੀ ਪਾਰਟੀ ਆਗੂਆਂ ਵਿਰੁੱਧ ਲੱਗੇ ਗੰਭੀਰ ਦੋਸ਼ਾਂ ਅਤੇ ਫੁੱਟਾਂ ਟੁੱਟਾਂ ਨਾਲ ਪਹਿਲਾਂ ਹੀ ਜਰਜਰਾ ਹੋ ਚੁੱਕੀ ਸੀ ਪਰ ਉਸ ਦੀ ਮੁਆਫੀ ਸਿੰਘਾਂ ਦੇ ਬੇਦਾਵੇ ਨਾਲੋਂ ਵੀ ਬੱਜਰ ਬੇਵਫ਼ਾਈ ਹੈ ਜਿਸ ਨੂੰ ਹਿੱਕ 'ਤੇ ਪੱਥਰ ਰੱਖ ਕੇ ਵੀ ਉਸ ਦੇ ਅਨੁਯਾਈ ਉਸ ਨੂੰ ਪਾਪ ਤੋਂ ਮੁਕਤ ਨਹੀਂ ਕਰਨਗੇ।*

ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਮਾਣਹਾਨੀ ਦੇ ਇਕ ਕੇਸ ਵਿੱਚ ਅਕਾਲੀ ਦਲ ਦੇ ਬਿਕਰਮ ਸਿੰਘ ਮਜੀਠੀਆ ਤੋਂ ਮੁਆਫੀ ਮੰਗਣ ਦੇ ਫੈਸਲੇ ਕਾਰਨ ਪੰਜਾਬ ਦੀ ਸਿਆਸਤ ਗਰਮ ਹੈ। ਪੰਜਾਬ ਵਿਧਾਨ ਸਭਾ ਚੋਣਾਂ 'ਚ ਆਪ ਪਾਰਟੀ ਦੀ ਹਾਰ ਮਗਰੋਂ ਅਰਵਿੰਦ ਕੇਜਰੀਵਾਲ ਵੱਲੋਂ ਪੰਜਾਬ ਨੂੰ ਲੈ ਕੇ ਧਾਰੀ ਚੁੱਪ ਪਿੱਛੋਂ ਅਚਾਨਕ, ਚੁੱਪਚਪੀਤੇ ਅਤੇ ਪੰਜਾਬ ਦੇ ਆਪ ਪਾਰਟੀ ਆਗੂਆਂ ਨਾਲ ਬਿਨਾਂ ਸਲਾਹ ਮਸ਼ਵਰਾ ਕੀਤਿਆਂ ਇਕੱਲਿਆਂ ਹੀ ਲਿਖਤੀ ਮਾਫੀਨਾਮਾ ਪੇਸ਼ ਕਰ ਦੇਣਾ ਕਈ ਸਵਾਲ ਅਤੇ ਸ਼ੰਕੇ ਖੜ੍ਹੇ ਕਰ ਰਿਹਾ ਹੈ। ਆਮ ਲੋਕਾਂ ਤੋਂ ਲੈ ਕੇ ਸਿਆਸੀ ਪਾਰਟੀਆਂ ਅਤੇ ਖੁਦ ਆਪ ਪਾਰਟੀ ਦੇ ਨੇਤਾ ਅਤੇ ਵਰਕਰ ਭੰਬਲਭੂਸੇ ਵਿੱਚ ਹਨ। ਆਲੋਚਕ ਕੇਜਰੀਵਾਲ ਦੇ ਆਪਹੁਦਰੇ ਤੇ ਤਾਨਾਸ਼ਾਹ ਰਵੱਈਏ, ਸਸਤੀ ਸਿਆਸਤ, ਕੱਚਘਰੜ ਸਿਆਸੀ ਸੂਝ ਆਦਿ ਵਿਅਕਤੀਗਤ ਕਮਜ਼ੋਰੀਆਂ ਤੇ ਵੀ ਤਬਸਰਾ ਕਰ ਰਹੇ ਹਨ। ਆਮ ਲੋਕ ਜਿੰਨਾ ਨੇ ਅਕਾਲੀ ਸਰਕਾਰ ਦੇ ਹੁੰਦਿਆਂ ਸੱਤਾ ਦੀ ਸੀਨਾਜ਼ੋਰੀ ਅਤੇ ਨਸ਼ਿਆਂ ਦਾ ਸੰਤਾਪ ਹੱਡੀ ਹੰਢਾਇਆਂ ਉਹ ਕੇਜਰੀਵਾਲ ਦੇ ਇਸ ਫੈਸਲੇ ਨੂੰ ਗੋਡੇਟੇਕੂ ਫੈਸਲੇ ਵਜੋਂ ਵੇਖ ਰਹੇ ਹਨ। ਕੇਜਰੀਵਾਲ ਦੇ ਕਈ ਖੈਰਖੁਆਹ ਇਸ ਮੁਆਫੀ ਦੀ ਵਾਜਬੀਅਤ ਦਿੱਲੀ ਦੇ ਲੋਕਾਂ ਨੂੰ ਚੰਗਾ ਪ੍ਰਸ਼ਾਸ਼ਨ ਦੇਣ ਲਈ ਬੇਲੋੜੇ ਕੇਸਾਂ ਦੇ ਝੰਜਟ ਤੋਂ ਮੁਕਤ ਹੋਣ ਵਜੋਂ ਦੇ ਰਹੇ ਹਨ। ਕਈ ਲੋਕ ਮੁਆਫੀ ਨੂੰ ਵਡੱਪਣ ਵਜੋਂ ਵੀ ਦਰਸਾ ਰਹੇ ਹਨ। ਮੁਆਫੀ ਸਬੰਧੀ ਵੱਖਰੀਆਂ ਪਰਿਭਸ਼ਾਵਾਂ ਤੇ ਧਾਰਨਾਵਾਂ ਹੋ ਸਕਦੀਆਂ ਹਨ ਪਰ ਭਾਰਤੀ ਇਤਿਹਾਸ ਵਿਚ ਸਿਆਸੀ ਸਖਸ਼ੀਅਤਾਂ ਦੀਆਂ ਮੁਆਫੀਆਂ ਦੀ ਖਾਸ ਥਾਂ ਹੈ। ਕੁਝ ਵੀ ਹੋਵੇ ਅਰਵਿੰਦ ਕੇਜਰੀਵਾਲ ਦੀ ਮੁਆਫੀ ਭਾਰਤੀ ਇਤਿਹਾਸ ਵਿਚ ਵੀਰ ਸਾਵਰਕਰ ਦੀ ਮੁਆਫੀ ਤੋਂ ਸ਼ੁਰੂ ਹੋਏ ਮੁਆਫੀ ਦੇ ਸਿਆਸੀ ਤੇ ਨੈਤਿਕ ਇਤਿਹਾਸ ਦਾ ਇਕ ਅਹਿਮ ਪੰਨਾ ਬਣ ਗਈ ਹੈ ਅਤੇ ਇਹ ਇਤਿਹਾਸਕ ਪੰਨੇ ਭਵਿੱਖ 'ਚ ਕਈ ਵਾਰ ਪਲਟੇ ਜਾਂਦੇ ਰਹਿਣਗੇ। ਅਰਵਿੰਦ ਕੇਜਰੀਵਾਲ ਦੀ ਮੁਆਫੀ ਦੇ ਮਾਇਨੇ ਅਸਲ ਵਿੱਚ ਆਮ ਆਦਮੀ ਪਾਰਟੀ ਦੇ ਉਭਾਰ ਅਤੇ ਇਸਦੇ ਵਿਚਾਰਧਾਰਕ ਸਿਆਸੀ ਪ੍ਰੋਗਰਾਮ ਅੰਦਰ ਛੁਪੇ ਹੋਏ ਹਨ।

ਆਪ ਪਾਰਟੀ ਅੰਨਾ ਹਜਾਰੇ ਦੇ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਦੁਆਲੇ ਲਾਮਬੰਦ ਹੋਏ ਲੋਕ ਉਭਾਰ ਵਿਚੋਂ ਉਭਰਕੇ ਸਾਹਮਣੇ ਆਈ ਸੀ। ਜਿਸਦਾ ਨਾਅਰਾ ਭਾਰਤੀ ਲੋਕਾਂ ਨੂੰ ਰਿਵਾਇਤੀ ਵੋਟ ਪਾਰਟੀਆਂ ਦੀ ਮਾੜੀ ਰਾਜਨੀਤੀ ਅਤੇ ਭ੍ਰਿਸ਼ਟ ਪ੍ਰਸ਼ਾਸ਼ਨ ਨਾਲੋਂ ਬਦਲਵੀਂ ਸਾਫ ਸੁਥਰੀ ਤੇ ਈਮਾਨਦਾਰ ਰਾਜਨੀਤੀ ਤੇ ਪ੍ਰਸ਼ਾਸ਼ਨ ਦੇਣਾ ਸੀ। ਉਸ ਸਮੇਂ ਤੱਕ ਭਾਵੇਂ ਆਪ ਪਾਰਟੀ ਦਾ ਵਿਚਾਰਧਾਰਕ ਸਿਆਸੀ ਪ੍ਰੋਗਰਾਮ ਵੀ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਸੀ। ਫਿਰ ਵੀ ਇਸਨੇ ਆਪਣੀਆਂ ਸਿਆਸੀ ਸਰਗਰਮੀਆਂ ਲੋਕਾਂ ਦੇ ਚਲੰਤ ਮੁੱਦਿਆਂ ਨੂੰ ਲੈ ਕੇ ਲਗਾਤਾਰ ਜਾਰੀ ਰੱਖੀਆਂ। ਸ਼ੋਸ਼ਲ ਮੀਡੀਆਂ ਨੇ ਆਪ ਪਾਰਟੀ ਦੇ ਏਜੰਡੇ ਨੂੰ ਲੋਕਾਂ 'ਚ ਲਿਜਾਣ ਲਈ ਉਸ ਸਮੇਂ ਸਭ ਤੋਂ ਵੱਡਾ ਰੋਲ ਅਦਾ ਕੀਤਾ ਸੀ। ਅੰਨਾ ਹਜ਼ਾਰੇ ਦੇ ਅੰਦੋਲਨ ਤੋਂ ਫੌਰੀ ਬਾਅਦ ਭਾਰਤ ਦੇ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਮੌਕੇ ਆਪ ਪਾਰਟੀ ਨੇ ਦਿੱਲੀ ਵਿਧਾਨ ਸਭਾ ਚੋਣਾਂ 'ਚ ਆਪਣੇ ਪਰ ਤੋਲੇ ਅਤੇ ਹੈਰਾਨੀਜਨਕ ਨਤੀਜੇ ਹਾਸਲ ਕੀਤੇ। ਇਸਦੇ ਨੀਤੀਘਾੜਿਆਂ ਨੇ ਪਾਰਟੀ ਦੇ ਪ੍ਰੋਗਰਾਮ ਅਤੇ ਇਸਦੇ ਜਥੇਬੰਧਕ ਢਾਂਚੇ ਨੂੰ ਮਜਬੂਤ ਕਰਨ ਲਈ ਦਿਨ ਰਾਤ ਮਿਹਨਤ ਕੀਤੀ। ਭ੍ਰਿਸ਼ਟਾਚਾਰ, ਮਹਿੰਗਾਈ, ਭੁੱਖਮਰੀ, ਬੇਰੁਜਗਾਰੀ ਆਦਿ ਦੀ ਮਾਰ ਚੱਲ ਰਹੇ ਦੇਸ਼ ਭਰ ਦੇ ਲੋਕ ਇਸ ਲਹਿਰ ਦੇ ਵਹਾ ਵਿੱਚ ਵਹਿਕੇ ਆਪਣਾ ਭਵਿੱਖ ਤਲਾਸ਼ਣ ਲੱਗੇ। ਅਪਰਾਧਿਕ ਸਿਆਸਤ ਤੋਂ ਬਦਲਵੀਂ ਸਿਆਸਤ ਦਾ ਪਲੇਟਫਾਰਮ ਉਸਾਰਨ ਦੇ ਦਾਅਵੇ ਨਾਲ ਆਪ ਪਾਰਟੀ ਨੇ ਸਮਾਜਿਕ ਨਿਆਂ ਤੇ ਸੁਰੱਖਿਆ, ਬਿਜਲੀ, ਪਾਣੀ, ਸਿੱਖਿਆ, ਸਿਹਤ, ਰੁਜਗਾਰ ਆਦਿ ਵਰਗੇ ਲੋਕਾਂ ਦੇ ਮੁੱਦੇ ਪੂਰੇ ਜ਼ੋਰ ਸ਼ੋਰ ਨਾਲ ਉਭਾਰੇ। ਆਪ ਪਾਰਟੀ ਦੇ ਦਿੱਲੀ ਮਾਡਲ ਨੇ ਪੰਜਾਬ ਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ। ਪੰਜਾਬ ਦੇ ਲੋਕ ਅਕਾਲੀ-ਕਾਂਗਰਸ ਵਰਗੀਆਂ ਰਵਾਇਤੀ ਪਾਰਟੀਆਂ ਤੋਂ ਨਿਜਾਤ ਪਾਉਣਾ ਚਾਹੁੰਦੇ ਸਨ। ਆਪ ਪਾਰਟੀ ਉਨ੍ਹਾਂ ਲਈ ਆਸ ਦੀ ਕਿਰਨ ਬਣਕੇ ਸਾਹਮਣੇ ਆਈ। ਇਥੋਂ ਦੇ ਬੁੱਧੀਜੀਵੀ, ਕਲਮਕਾਰ, ਸਮਾਜ ਸੇਵੀ, ਸੱਜੇ-ਖੱਬੇ, ਖਰੇ-ਖੋਟੇ, ਅਮੀਰ-ਗਰੀਬ ਸਭ ਕਿਸਮ ਦੇ ਲੋਕ ਆਪ ਪਾਰਟੀ ਵੱਲ ਝੁੱਕ ਗਏ। ਉੱਧਰ ਕੇਂਦਰ 'ਚ ਜਿੱਥੇ ਅਰਵਿੰਦ ਕੇਜਰੀਵਾਲ ਸਮੇਤ ਮਨੀਸ਼ ਸ਼ਸ਼ੋਦੀਆਂ ਉਪਰ ਕਬੀਰ, ਪ੍ਰੀਵਰਤਨ, ਸਮਾਜਸੇਵੀ ਨਾਮਕ ਆਦਿ ਗੈਰ ਸਰਕਾਰੀ ਸੰਸਥਾਵਾਂ ਲਈ ਫੋਰਡ ਫਾਊਡੇਸ਼ਨ ਤੇ ਰੌਕਫੈਲਰ ਜਿਹੀਆਂ ਬਹੁਰਾਸ਼ਟਰੀ ਕੰਪਨੀਆਂ ਤੋਂ ਫੰਡ ਲੈਣ ਦੇ ਦੋਸ਼ ਲੱਗਣੇ ਸ਼ੁਰੂ ਹੋ ਗਏ। ਉੱਥੇ ਇਹਨਾਂ ਦਾ ਹਿਸਾਬ ਕਿਤਾਬ ਜਨਤਕ ਕਰਨ ਅਤੇ ਆਪ ਦੀਆਂ ਨੀਤੀਆਂ ਸਬੰਧੀ ਵਿਚਾਰ-ਵਟਾਂਦਰੇ ਦੇ ਕਈ ਸਵਾਲਾਂ ਨੂੰ ਲੈ ਕੇ ਇਸਦੇ ਕਈ ਅਹਿਮ ਆਗੂਆਂ ਤੇ ਨੀਤੀਘਾੜਿਆਂ ਅਤੇ ਕੇਜਰੀਵਾਲ ਤੇ ਉਸਦੇ ਧੜੇ ਦੇ ਆਗੂਆਂ ਵਿਚਕਾਰ ਪਾਰਟੀ ਅੰਦਰ ਗੁੱਟਬੰਦੀ ਸ਼ੁਰੂ ਹੋ ਗਈ ਅਤੇ ਪੰਜਾਬ ਵੀ ਇਸਤੋਂ ਅਛੂਤਾ ਨਹੀਂ ਰਿਹਾ। ਕੇਂਦਰ ਅਤੇ ਪੰਜਾਬ ਅੰਦਰ ਬਣੀ ਇਸ ਗੁੱਟਬੰਦੀ ਨਾਲ ਹੀ ਇਸਦੀਆਂ ਤੀਲਾਂ ਖਿੰਡਣੀਆਂ ਸ਼ੁਰੂ ਹੋ ਗਈਆਂ ਸਨ। ਪਾਰਟੀ ਅੰਦਰ ਜਮਹੂਰੀਅਤ ਅਤੇ ਘੱਟਸੰਮਤੀ ਬਹੁਸੰਮਤੀ ਨਾਲ ਫੈਸਲੇ ਲੈਣ ਦੀ ਬਜਾਏ ਇਹ ਇਕ ਵਿਅਕਤੀ ਦੁਆਲੇ ਕੇਂਦਰਿਤ ਹੋਣ ਲੱਗੀ। ਇਸੇ ਤਰਜ ਦਾ ਮਾਡਲ ਪੰਜਾਬ ਅੰਦਰ ਤਿਆਰ ਕੀਤਾ ਜਾਣ ਲੱਗਾ ਭਾਵੇਂ ਇਸਦੀ ਵਾਗਡੋਰ ਹਮੇਸ਼ਾਂ ਕੇਂਦਰ ਨੇ ਆਪਣੇ ਹੱਥ ਰੱਖੀ। ਪੰਜਾਬ ਵਿਧਾਨ ਸਭਾ ਚੋਣਾਂ ਸਿਰ ਤੇ ਹੋਣ ਕਰਕੇ ਇੱਥੇ ਵੀ ਜਲਦਬਾਜ਼ੀ 'ਚ ਪਾਰਟੀ ਦਾ ਗੈਰਅਸੂਲੀ ਜੱਥੇਬੰਧਕ ਢਾਂਚਾ ਅਤੇ ਅਸਪੱਸ਼ਟ ਪਾਰਟੀ ਪ੍ਰੋਗਰਾਮ ਤਿਆਰ ਕੀਤਾ ਗਿਆ। ਜਿਸਦੇ ਸਿੱਟੇ ਵਜੋਂ ਬਾਅਦ 'ਚ ਪਾਰਟੀ ਟੁੱਟ-ਫੁੱਟ ਦਾ ਸ਼ਿਕਾਰ ਹੋਈ ਅਤੇ ਜੰਮੂ ਕਸ਼ਮੀਰ ਦੀ ਖੁਦਮੁਖਤਿਆਰੀ, ਪੰਜਾਬ ਦੇ ਪਾਣੀਆਂ ਆਦਿ ਅਨੇਕਾਂ ਮੁੱਦਿਆਂ ਤੇ ਪਾਰਟੀ ਦੇ ਸਟੈਂਡ ਦੀ ਅਸਪਸ਼ਟਤਾ ਸਾਹਮਣੇ ਆਉਣ ਲੱਗੀ। ਆਪ ਪਾਰਟੀ ਦੀ ਪੰਜਾਬ ਅੰਦਰ ਖੁਦਮੁਖਤਿਆਰੀ ਦਾ ਸਵਾਲ ਵੀ ਸਦਾ ਭਖਵਾਂ ਮੁੱਦਾ ਬਣਿਆ ਚੱਲਿਆ ਆ ਰਿਹਾ ਹੈ। ਆਪ ਪਾਰਟੀ ਦੇ ਪੰਜਾਬ ਦੇ ਨੇਤਾਵਾਂ ਦੀ ਆਪਮੁਹਾਰਤਾ, ਗੁੱਟਬੰਦੀ ਅਤੇ ਅਨੇਕਾਂ ਮੁੱਦਿਆਂ ਉੱਤੇ ਅਸਹਿਮਤੀ ਅਤੇ ਅਸਪੱਸ਼ਟਤਾ ਪਿੱਛੇ ਆਪ ਪਾਰਟੀ ਦੇ ਗੈਰਅਸੂਲੀ ਜੱਥੇਬੰਧਕ ਢਾਂਚੇ ਅਤੇ ਇਸਦੇ ਵਿਚਾਰਧਾਰਕ ਸਿਆਸੀ ਪ੍ਰੋਗਰਾਮ ਦੀ ਅਸਪੱਸ਼ਟਤਾ ਅਤੇ ਕਮਜ਼ੋਰੀ ਕੰਮ ਕਰਦੀ ਹੈ। ਆਪ ਪਾਰਟੀ ਦਾ ਵਿਚਾਰਧਾਰਕ ਸਿਆਸੀ ਪ੍ਰੋਗਰਾਮ ਆਦਰਸ਼ਕ ਸ਼ਬਦਾਵਲੀ ਨੂੰ ਛੱਡਕੇ ਬੁਨਿਆਦੀ ਤੌਰ 'ਤੇ ਰਵਾਇਤੀ ਪਾਰਟੀਆਂ ਨਾਲੋਂ ਕੋਈ ਭਿੰਨਤਾ ਨਹੀਂ ਰੱਖਦਾ। ਇਹ ਪ੍ਰੋਗਰਾਮ ਪੂੰਜੀਪਤੀਆਂ ਅਤੇ ਗਰੀਬ ਕਿਸਾਨ ਮਜਦੂਰਾਂ ਨੂੰ 'ਆਮ ਆਦਮੀ' (ਪ੍ਰੋਗਰਾਮ 'ਚ ਆਮ ਆਦਮੀ ਦੀ ਪਰੀਭਾਸ਼ਾ ਅਨੁਸਾਰ) ਦੇ ਸਾਂਚੇ ਵਿਚ ਫਿੱਟ ਕਰਦਾ ਹੈ।

ਆਪਣੀਆਂ ਜਮਾਂਦਰੂ ਤੇ ਬੁਨਿਆਦੀ ਕਮਜੋਰੀਆਂ ਕਾਰਨ ਆਪ ਪਾਰਟੀ ਜਲਦਬਾਜ਼ੀ 'ਚ ਰਵਾਇਤੀ ਪਾਰਟੀਆਂ ਵਾਲੀ ਰਵਾਇਤੀ ਤੇ ਸਸਤੀ ਸਿਆਸਤ ਵਾਲੀ ਲੀਹ ਤੇ ਚੜ੍ਹ ਗਈ। ਇਸਦੇ ਕੇਂਦਰੀ ਅਤੇ ਸੂਬਾਈ ਆਗੂਆਂ ਨੇ ਲੰਘੀਆਂ ਪੰਜਾਬ ਵਿਧਾਨ ਸਭਾ ਚੋਣਾਂ 'ਚ ਜਿੱਤ ਪ੍ਰਾਪਤ ਕਰਨ ਲਈ ਰਵਾਇਤੀ ਪਾਰਟੀਆਂ ਵਾਂਗ ਜੁਮਲਿਆਂ ਦਾ ਰੱਜ ਕੇ ਆਸਰਾ ਲਿਆ। ਅਰਵਿੰਦ ਕੇਜਰੀਵਾਲ ਨੇ ਤਾਂ ਚੋਣਾਂ ਦੇ ਨੇੜੇ ਜਾ ਕੇ ਅਕਾਲੀ ਸਰਕਾਰ ਅਤੇ ਨਸ਼ਾਂ ਤਸ਼ਕਰੀ ਦੇ ਮਾਮਲੇ 'ਚ ਮਜੀਠੀਆਂ ਵਿਰੁੱਧ ਬਣੇ ਲੋਕ ਰੋਹ ਨੂੰ ਕੈਸ਼ ਕਰਦਿਆਂ ਆਪਣੀ ਸਰਕਾਰ ਬਣਨ ਦਾ ਐਲਾਨ ਕਰਦਿਆਂ ਨਿਸ਼ਚਿਤ ਤਰੀਕ ਨੂੰ ਮਜੀਠੀਆ ਨੂੰ ਜੇਲ੍ਹ ਅੰਦਰ ਬੰਦ ਕਰਨ ਦੇ ਖਿਆਲੀ ਅਤੇ ਗੈਰਹਕੀਕੀ ਦਾਅਵੇ ਵੀ ਕਰ ਦਿੱਤੇ ਸਨ। ਉਸਦੇ ਪਿੱਛੇ ਹੀ ਪੰਜਾਬ ਦੀ ਲੀਡਰਸ਼ਿਪ ਨੇ ਕੇਜਰੀਵਾਲ ਤੋਂ ਮਜੀਠੀਆਂ ਖਿਲਾਫ ਸਬੂਤ ਮੰਗਣ ਦੀ ਖੇਚਲ ਕਰਨ ਦੀ ਬਜਾਏ ਮਜੀਠੀਆਂ ਖਿਲਾਫ ਹੇਠਲੇ ਪੱਧਰ ਤੋਂ ਮੁਹਿੰਮ ਚਲਾਉਣ ਲਈ ਪੂਰਾ ਤਾਣ ਲਾ ਦਿੱਤਾ। ਕੀ ਕੇਜਰੀਵਾਲ ਕੋਲ ਨਸ਼ਾ ਤਸ਼ਕਰੀ ਦੇ ਮਾਮਲੇ 'ਚ ਮਜੀਠੀਆਂ ਖਿਲਾਫ ਠੋਸ ਸਬੂਤ ਹਨ? ਜੇਕਰ ਹਨ ਤਾਂ ਮੁਆਫੀ ਕਿਉਂ? ਜੇਕਰ ਨਹੀਂ ਤਾਂ ਚੋਣਾਂ ਤੋਂ ਪਹਿਲਾਂ ਮਜੀਠੀਆ ਨੂੰ ਜੇਲ੍ਹ 'ਚ ਬੰਦ ਕਰਨ ਦਾ ਦਾਅਵਾ ਕਰਨ ਦਾ ਅਧਾਰ ਕੀ ਸੀ? ਕੀ ਪੰਜਾਬ ਦੇ ਲੋਕਾਂ ਨੂੰ ਚੋਣਾਂ ਤੋਂ ਪਹਿਲਾਂ ਕੀਤੇ ਦਾਅਵਿਆਂ ਕਾਰਨ ਗੁੰਮਰਾਹ ਕੀਤਾ ਜਾ ਰਿਹਾ ਸੀ ਜਾਂ ਹੁਣ? ਕੇਜਰੀਵਾਲ ਦੁਆਰਾ ਮੁਆਫੀ ਮੰਗਣ ਦੇ ਮੌਜੂਦਾ ਘਟਨਾਕ੍ਰਮ 'ਚ ਕੇਜਰੀਵਾਲ ਦੇ ਨਾਲ-ਨਾਲ ਅੱਜ ਕੱਲ ਉਸਤੋਂ ਨਿਰਾਸ਼ ਹੋਏ ਪੰਜਾਬ ਆਪ ਪਾਰਟੀ ਦੇ ਵਿਧਾਇਕਾਂ ਤੇ ਵੀ ਇਹ ਸਵਾਲੀਆ ਚਿੰਨ੍ਹ ਲੱਗਦਾ ਹੈ ਕਿ ਜਦੋਂ ਉਹ ਮਜੀਠੀਆ ਖਿਲਾਫ ਕੇਜਰੀਵਾਲ ਦੇ ਦਾਅਵਿਆਂ ਦੀ ਹਮਾਇਤ ਕਰਦੇ ਸਨ ਤਾਂ ਉਹ ਕਿਸ ਅਧਾਰ ਤੇ ਕਰਦੇ ਸਨ? ਜੇਕਰ ਉਹ ਠੋਸ ਸਬੂਤ ਦੇ ਅਧਾਰ ਤੇ ਵਜਾਹਤ ਕਰਦੇ ਸਨ ਤਾਂ ਉਹ ਸਬੂਤ ਹੁਣ ਪੇਸ਼ ਕਰਨ। ਜੇਕਰ ਅੰਨੀ ਭਗਤੀ ਕਾਰਨ ਕਰਦੇ ਸਨ ਤਾਂ ਹੁਣ ਅਰਵਿੰਦ ਕੇਜਰੀਵਾਲ ਖਿਲਾਫ ਰੋਸ ਕਿਉਂ?

ਪੰਜਾਬ ਵਿਧਾਨ ਸਭਾ ਚੋਣਾਂ ਵੇਲੇ ਕੇਜਰੀਵਾਲ ਦੁਆਰਾ ਨਸ਼ਾ ਤਸ਼ਕਰੀ ਦੇ ਮਾਮਲੇ 'ਚ ਬਿਕਰਮ ਮਜੀਠੀਆ ਨੂੰ ਮਾਰੀ ਬੜਕ ਨੂੰ ਪੰਜਾਬੀਆਂ ਨੇ ਬਾਦਲ ਹਕੂਮਤ ਨੂੰ ਲਲਕਾਰਨ ਵਜੋਂ ਲਿਆ ਸੀ ਹਕੂਮਤ ਨੂੰ ਵੰਗਾਰਨਾ ਪੰਜਾਬੀਆਂ ਦੇ ਸੂਰਬੀਰ ਇਤਿਹਾਸ ਦੇ ਸਭਿਆਚਾਰ ਦਾ ਵਿਰਸਾ ਹੈ। ਦੁੱਲਾ ਭੱਟੀ, ਊਧਮ ਸਿੰਘ, ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ ਪੰਜਾਬ ਦੀਆਂ ਸੱਥਾਂ ਦੇ ਹੀਰੋ ਹਨ। ਕੇਜਰੀਵਾਲ ਨੂੰ ਵੀ ਪੰਜਾਬੀਆਂ ਨੇ ਆਪਣੀ ਰਵਾਇਤ ਦੇ ਤੌਰ 'ਤੇ ਸਿਰ ਅੱਖਾਂ ਤੇ ਬਿਠਾ ਲਿਆ ਸੀ। ਮੁਆਫੀ ਦੇ ਤਾਜਾ ਘਟਨਾਕ੍ਰਮ ਵਾਪਰਨ ਨਾਲ ਕੇਜਰੀਵਾਲ ਦੇ ਟੁੱਟਦੇ ਦਬੰਗੀ ਬਿੰਬ ਦੀ ਕਿਰਕਿਰੀ ਨਾਲ ਉਸ ਦੇ ਮੁਰੀਦਾਂ ਦੇ ਸਨਮਾਨ ਨੂੰ ਵੀ ਸੱਟ ਵੱਜੀ ਹੈ। ਆਪ ਆਦਮੀ ਪਾਰਟੀ ਆਗੂਆਂ ਵਿਰੁੱਧ ਲੱਗੇ ਗੰਭੀਰ ਦੋਸ਼ਾਂ ਅਤੇ ਫੁੱਟਾਂ ਟੁੱਟਾਂ ਨਾਲ ਪਹਿਲਾਂ ਹੀ ਜਰਜਰਾ ਹੋ ਚੁੱਕੀ ਸੀ ਪਰ ਉਸ ਦੀ ਮੁਆਫੀ ਸਿੰਘਾਂ ਦੇ ਬੇਦਾਵੇ ਨਾਲੋਂ ਵੀ ਬੱਜਰ ਬੇਵਫ਼ਾਈ ਹੈ ਜਿਸ ਨੂੰ ਹਿੱਕ 'ਤੇ ਪੱਥਰ ਰੱਖ ਕੇ ਵੀ ਉਸ ਦੇ ਅਨੁਯਾਈ ਉਸ ਨੂੰ ਪਾਪ ਤੋਂ ਮੁਕਤ ਨਹੀਂ ਕਰਨਗੇ।

ਆਪ ਪਾਰਟੀ ਨੇ ਪੰਜਾਬ 'ਚ ਆਪਣੇ ਉਭਾਰ ਵੇਲੇ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਦੀ ਸ਼ਕਲ ਵਿਗਾੜ ਕੇ ਉਸਦੀ ਬਸੰਤੀ ਪੱਗ ਪਹਿਣ ਲਈ ਸੀ ਅਤੇ ਉਸਦੇ ਸਾਮਰਾਜਵਾਦ ਮੁਰਦਾਵਾਦ ਦੇ ਨਾਅਰੇ ਦੇ ਤੱਤ ਨੂੰ ਇਨਕਲਾਬ ਜਿੰਦਾਬਾਦ ਤੱਕ ਸੀਮਿਤ ਕਰ ਦਿੱਤਾ ਸੀ। ਪੰਜਾਬ ਦੇ ਲੋਕ ਆਪ ਪਾਰਟੀ ਆਗੂਆਂ ਦੀਆਂ ਬਸੰਤੀ ਪੱਗਾਂ ਵਿੱਚੋਂ ਸ਼ਹੀਦ ਭਗਤ ਸਿੰਘ ਦਾ ਅਕਸ ਦੇਖਦੇ ਸਨ ਅਤੇ ਇਨਕਲਾਬ ਜਿੰਦਾਬਾਦ ਦੇ ਨਾਅਰੇ 'ਚੋਂ ਆਪਣੀ ਮੁਕਤੀ ਦਾ ਰਾਹ ਦੇਖਦੇ ਸਨ। ਪਰੰਤੂ ਬੁਨਿਆਦੀ ਤੌਰ 'ਤੇ ਆਪ ਪਾਰਟੀ ਸ਼ਹੀਦ ਭਗਤ ਸਿੰਘ ਦੀ ਰੂਹ ਨੂੰ ਸੰਧ ਲਾ ਚੁੱਕੀ ਸੀ। ਸ਼ਹੀਦ ਭਗਤ ਸਿੰਘ ਦੇ ਇਨਕਲਾਬੀ ਮਿਸ਼ਨ ਦੇ ਦਿਸ਼ਹੱਦੇ 'ਚ ਹਨੇਰਿਆਂ ਨੂੰ ਚੀਰ ਕੇ ਸਮੇਂ ਦੀ ਸਵੇਰ ਦੇ ਸੁਪਨੇ ਸਨ ਪਰ ਇਸ ਦੇ ਉਲਟ ਕੇਜਰੀਵਾਲ ਦਾ ਸੁਪਨਾ ਸੀ ਯਥਾਸਥਿਤੀ 'ਤੇ ਸ਼ਾਹਸਵਾਰੀ ਕਰਨਾ। ਤਾਜਾ ਮੁਆਫੀ ਮਾਮਲੇ 'ਚ ਵੀ ਇਹ ਸਾਫ-ਸਾਫ ਦੇਖਿਆ ਜਾ ਸਕਦਾ ਹੈ ਕਿ ਆਪ ਪਾਰਟੀ ਦੇ ਨੇਤਾਵਾਂ ਦੀ ਸ਼ਹੀਦ ਭਗਤ ਸਿੰਘ ਨਾਲ ਤੁਲਨਾ ਬੇਮੇਚੀ ਹੈ। ਜਿਸ ਸ਼ਹੀਦ ਭਗਤ ਸਿੰਘ ਨੂੰ ਕਿਸੇ ਵੇਲੇ ਆਪ ਪਾਰਟੀ ਆਪਣਾ ਆਦਰਸ਼ ਕਹਿੰਦੀ ਸੀ, ਉਹ ਭਗਤ ਸਿੰਘ, ਉਹ ਸੀ ਜਿਸ ਨੇ ਬਰਤਾਨਵੀਂ ਹਕੂਮਤ ਅੱਗੇ ਗੋਡੇ ਟੇਕਣ ਦੀ ਬਜਾਏ ਮੌਤ ਨੂੰ ਗਲੇ ਲਗਾਉਣਾ ਬਿਹਤਰ ਸਮਝਿਆ। ਉਹਨਾਂ ਨੇ ਆਪਣੀ ਜਿੰਦਗੀ ਦੇ ਆਖਰੀ ਸਮੇਂ ਲਾਹੌਰ ਸਾਜਿਸ਼ ਕੇਸ ਸਬੰਧੀ ਬਰਤਾਨਵੀਂ ਸਰਕਾਰ ਤੋਂ ਮੁਆਫ ਤਾਂ ਦੂਰ ਦੀ ਗੱਲ ਸਜਾ ਘੱਟ ਕਰਨ ਦੀ ਬੇਨਤੀ ਵੀ ਨਹੀਂ ਕੀਤੀ। ਬਲਕਿ ਇਸਦੇ ਉਲਟ ਜਦੋਂ ਸ਼ਹੀਦ ਭਗਤ ਸਿੰਘ ਦੇ ਪਿਤਾ ਨੇ ਬੰਬ ਸੁੱਟਣ ਦੇ ਕੇਸ ਵਿੱਚ ਭਗਤ ਸਿੰਘ ਤੇ ਉਸਦੇ ਸਾਥੀਆਂ ਬਾਰੇ ਸਫਾਈ ਦੇਣੀ ਚਾਹੀ ਤਾਂ ਭਗਤ ਸਿੰਘ ਨੇ 'ਅਸੂਲ ਜ਼ਿੰਦਗੀ ਤੋਂ ਅਮੁੱਲੇ ਹਨ' ਸਿਰਲੇਖ ਹੇਠ ਪਿਤਾ ਦੇ ਨਾਮ ਖਤ ਲਿਖਕੇ ਇਸਦਾ ਸਖਤ ਵਿਰੋਧ ਕੀਤਾ। ਉਸਨੇ ਇਥੋਂ ਤੱਕ ਕਿਹਾ '...ਤੁਹਾਡਾ ਪੁੱਤਰ ਹੋਣ ਦੇ ਨਾਤੇ ਮੈਂ ਤੁਹਾਡੇ ਵਾਲਦਾਨਾ ਜਜਬਿਆਂ ਦਾ ਪੂਰਾ ਇਹਤਰਾਮ ਕਰਦਾ ਹਾਂ। ਪਰ ਇਸਦੇ ਬਾਵਜੂਦ ਮੈਂ ਸਮਝਦਾ ਹਾਂ ਕਿ ਤੁਹਾਨੂੰ ਮੇਰੇ ਨਾਲ ਸਲਾਹ ਮਸ਼ਵਰਾ ਕੀਤੇ ਬਿਨਾਂ ਅਜਿਹੀ ਦਰਖਾਸਤ ਦੇਣ ਦਾ ਕੋਈ ਹੱਕ ਨਹੀਂ...ਪਿਤਾ ਜੀ ਮੈਂ ਬਹੁਤ ਦੁੱਖ ਮਹਿਸੂਸ ਕਰ ਰਿਹਾ ਹਾਂ। ਮੈਨੂੰ ਡਰ ਹੈ ਕਿ ਕਿਤੇ ਤੁਹਾਡੇ ਤੇ ਇਹ ਨੁਕਤਾਚੀਨੀ ਕਰਦੇ ਹੋਏ ਜਾਂ ਇਸ ਤੋਂ ਵੱਧ ਕੇ ਤੁਹਾਡੇ ਇਸ ਕਦਮ ਦੀ ਨਿਖੇਧੀ ਕਰਦੇ ਹੋਏ ਮੈਂ ਤਹਿਜੀਬ ਦੇ ਦਾਇਰੇ ਤੋਂ ਬਾਹਰ ਨਿਕਲ ਜਾਵਾਂ ਅਤੇ ਮੇਰੇ ਲਫਜ ਜ਼ਿਆਦਾ ਸਖਤ ਹੋ ਜਾਣ। ਪਰ ਮੈਂ ਸਾਫ ਲਫਜਾਂ ਵਿਚ ਆਪਣੀ ਗੱਲ ਕਹਾਂਗਾ। ਜੇ ਕੋਈ ਹੋਰ ਸ਼ਖਸ਼ ਮੇਰੇ ਨਾਲ ਅਜਿਹਾ ਸਲੂਕ ਕਰਦਾ ਤਾਂ ਮੈਂ ਇਸਨੂੰ ਗੱਦਾਰੀ ਤੋਂ ਘੱਟ ਖਿਆਲ ਨਾ ਕਰਦਾ। ਪਰ ਤੁਹਾਡੀ ਹਾਲਤ ਵਿੱਚ ਏਨਾ ਹੀ ਕਹਾਂਗਾ ਕਿ ਇਹ ਇਕ ਕਮਜ਼ੋਰੀ ਹੈ, ਬਦਤਰੀਨ ਕਿਸਮ ਦੀ ਕਮਜ਼ੋਰੀ' ਇਕ ਥਾਂ ਹੋਰ 'ਫਤਹਿ ਜਾਂ ਮੌਤ' ਦੇ ਸਿਰਲੇਖ ਹੇਠ ਭਗਤ ਸਿੰਘ ਲ਼ਿਖਦਾ ਹੈ 'ਅਜਿਹਾ ਕੋਈ ਕੁਕਰਮ ਨਹੀਂ ਜਿਹੜਾ ਅੰਗਰੇਜ਼ਾਂ ਨੇ ਭਾਰਤ ਵਿੱਚ ਨਾ ਕੀਤਾ ਹੋਵੇ, ਮਿੱਥ ਕੇ ਕੀਤੇ ਗਏ ਅਨਿਆਂ ਨੇ ਸਾਨੂੰ ਕੰਗਾਲ ਬਣਾ ਦਿੱਤਾ ਹੈ। ਇਕ ਕੌਮ ਅਤੇ ਜਾਤੀ ਦੇ ਤੌਰ 'ਤੇ ਸਾਡੀ ਇੱਜ਼ਤ ਮਿੱਟੀ ਵਿੱਚ ਮਿਲਾ ਦਿੱਤੀ ਗਈ ਹੈ। ਕੀ ਸਾਥੋਂ ਖਿਮਾ ਦੀ ਆਸ ਰੱਖੀ ਜਾਵੇ? ਅਸਾਂ ਕੌਮੀ ਅਪਮਾਨ ਦਾ ਹੱਕੀ ਨਿਆਂ ਭਰਿਆ ਬਦਲਾ ਲੈਣਾ ਹੈ। ਬੁਜਦਿਲਾਂ ਨੂੰ ਸਮਝੌਤੇ ਅਤੇ ਅਮਨ ਦੇ ਸੁਪਨੇ ਲੈਣ ਦਿਓ। ਅਸੀਂ ਤਰਸ ਦੀ ਮੰਗ ਨਹੀਂ ਕਰਦੇ ਨਾ ਹੀ ਕਰਨਾ ਜਾਣਦੇ ਹਾਂ। ਸਾਡੀ ਜ਼ਿੰਦਗੀ ਮੌਤ ਦੀ ਲੜਾਈ ਹੈ-ਮੌਤ ਜਾਂ ਫਤਹਿ' ਇਹੀ ਨਹੀਂ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀ ਸਜਾ ਨੂੰ ਘੱਟ ਕਰਨ ਲਈ 'ਭਗਤ ਸਿੰਘ ਅਪੀਲ ਕਮੇਟੀਆਂ' ਵੀ ਬਣਾਈਆਂ ਗਈਆਂ ਪਰ ਇਸਦੇ ਉਲਟ ਸ਼ਹੀਦ ਭਗਤ ਸਿੰਘ ਨੇ ਬਰਤਾਨਵੀਂ ਹਕੂਮਤ ਕੋਲੋਂ ਰਹਿਮ ਜਾਂ ਮੁਆਫੀ ਮੰਗਣ ਦੀ ਬਜਾਏ ਫਾਂਸੀ ਦੀ ਥਾਂ ਗੋਲੀ ਨਾਲ ਉਡਾਉਣ ਦੀ ਮੰਗ ਕੀਤੀ ਅਤੇ ਕਿਤੇ ਵੀ ਉਸਦੇ ਸਾਥੀਆਂ ਨੇ ਇਹ ਤਰਕ ਨਹੀਂ ਦਿੱਤਾ ਕਿ ਸ਼ਹੀਦ ਭਗਤ ਸਿੰਘ ਲਈ ਮੁਆਫੀ ਜਰੂਰੀ ਹੈ ਕਿਉਂਕਿ ਉਹ 'ਹਿੰਦੋਸਤਾਨ ਸਮਾਜਵਾਦੀ ਪਰਜਾਤੰਤਰ ਐਸੋਸੀਏਸ਼ਨ' ਦਾ ਅਹਿਮ ਆਗੂ ਹੈ ਅਤੇ ਉਸਦੇ ਸਿਰ ਹਿੰਦੋਸਤਾਨੀ ਲੋਕਾਂ ਦੀ ਮੁਕਤੀ ਦੀਆਂ, ਅਜ਼ਾਦੀ ਲਹਿਰ ਦੀਆਂ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਹਨ। ਜਿਵੇਂ ਕਿ ਕੇਜਰੀਵਾਲ ਦੀ ਮੁਆਫੀ ਸਬੰਧੀ ਪੰਜਾਬ ਦੇ ਆਪ ਪਾਰਟੀ ਆਗੂ ਤਰਕ ਦੇ ਰਹੇ ਹਨ। ਇਸਦੇ ਉਲਟ ਆਪਣੇ ਆਪ ਨੂੰ ਭਗਤ ਸਿੰਘ ਦੇ ਵਾਰਿਸ ਕਹਾਉਣ ਵਾਲੇ ਪੰਜਾਬ ਆਪ ਪਾਰਟੀ ਦੇ ਆਗੂ ਕੇਜਰੀਵਾਲ ਤੋਂ ਅੱਗੇ ਹੋ ਕੇ ਉਸਦੀ ਮੁਆਫੀ ਦੀ ਵਜਾਹਤ ਇਹ ਕਹਿਕੇ ਕਰ ਰਹੇ ਹਨ ਕਿ ਕੇਜਰੀਵਾਲ ਦੇਸ਼ ਦਾ ਇੱਕੋ-ਇਕ ਈਮਾਨਦਾਰ ਨੇਤਾ ਹੈ ਅਤੇ ਦੇਸ਼ ਤੇ ਦਿੱਲੀ ਨੂੰ ਉਸਦੀਆਂ ਸੇਵਾਵਾਂ ਦੀ ਲੋੜ ਹੈ ਇਸ ਲਈ ਉਹਨਾਂ ਦਾ ਮੁਆਫੀ ਦੇ ਇਹਨਾਂ ਕੇਸਾਂ 'ਚੋਂ ਬਾਹਰ ਨਿਕਲਣਾ ਜਰੂਰੀ ਹੈ।

ਆਪ ਪਾਰਟੀ ਦੇ ਜਨਮ ਅਤੇ ਉਭਾਰ ਤੋਂ ਹੁਣ ਤੱਕ ਵਾਪਰੀਆਂ ਘਟਨਾਵਾਂ ਤੋਂ ਸਪੱਸ਼ਟ ਹੈ ਕਿ ਆਪਣੀ ਵਿਚਾਰਧਾਰਕ ਸਿਆਸੀ ਕਮਜ਼ੋਰੀ ਕਰਕੇ ਆਪ ਪਾਰਟੀ ਸਥਾਈ ਤੇ ਪ੍ਰਪੱਕ ਪਾਰਟੀ ਵਾਲੀ ਛਵੀ ਕਾਇਮ ਨਹੀਂ ਕਰ ਸਕੀ। ਆਪਣੀ ਇਸ ਕਮਜ਼ੋਰੀ ਨੂੰ ਦੂਰ ਕੀਤੇ ਬਣੇ ਆਪ ਪਾਰਟੀ ਪੰਜਾਬ ਦੀ ਸਿਆਸਤ ਵਿਚਲੇ ਖਲਾਅ ਨੂੰ ਭਰਨ 'ਚ ਕਾਮਯਾਬ ਨਹੀਂ ਹੋ ਸਕਦੀ।



Sheila Block

# $15 minimum wage or a tax cut: what are the trade-offs?

In the lead up to the June 7th election in Ontario, the minimum wage continues to be a hot button issue.

Both the provincial Liberals and the NDP have committed to increase the minimum wage from $14 this year to $15 an hour on January 1, 2019.

But the new leader of the Ontario PC party, Doug Ford, is now saying that he would freeze the minimum wage at $14 an hour and remove everyone earning less than $30,000 a year from the income tax rolls.

Two different scenarios with very different implications for low-wage workers in Ontario.

We looked at the most recent Canada Revenue Agency (CRA) data from 2015 and we found that 4.9 million Ontarians who had a total income of less than $30,000 per year filed taxes.

Two-thirds of those (3.2 million people) paid no income tax, due to a combination of existing tax deductions and tax credits. For those low-income Ontarians, the promise of no taxes offers nothing new.

The 34 per cent of Ontarians with incomes less than $30,000 who paid tax had an average provincial income tax bill of $485 in 2015.

The average Ontario tax rate for those with incomes below $30,000 a year was 0.9 per cent of their total income.

So is a $485 tax cut better than increasing the minimum wage from $14 to $15 an hour? The simple answer is: no.

Assuming Ontario minimum wage earners work 37.5 hours per week, a one dollar an hour increase in their wages would be worth $1,950 a year, before taxes.

These workers would be further ahead with an increase in wages rather than having their wages frozen and getting a tax cut.

But it doesn't stop there.

We know that low-income people rely on public services. They can't send their kids to private school, they rely on subsidized child care in order to work, they are more likely to take public transit.



Freezing the minimum wage and offering a tax cut in its place would not only reduce low-wage workers' direct income, it would also reduce the amount of revenue that the province has to pay for the public services that they need to rely on: like public education, subsidized child care, and public transit.

This is simply a bad trade off for low-income Ontarians. And it's an approach that would create a host of other problems.

Eliminating Ontario income tax on the first $30,000 of income for all Ontarians would be prohibitively expensive.

Removing anyone with less than $30,000 of income from the income tax rolls would mean that only half of the population (53 per cent) would be paying income taxes in Ontario.

Those who are paying income taxes could feel that they are carrying too much of the burden, further eroding our trust in government and public services. As public economist Armine Yalnizyan tweeted: "Can you spell tax revolt?"

This tax reduction could be targeted to low-income workers through a tax credit as Lindsey Tedds pointed out. However, economists also worry about the impact on the incentive to work when you face a sharp increase in the taxes you pay on the next dollar of income. This was widely debated and called the "welfare wall" in the 1990s. As economist Mike Moffatt tweeted: "Anyone making $30,001 would face one hell of a marginal tax bill."

Tax policy is complex and can have unintended consequences.

That's why we need to know what the impact of such a proposal would be on low-income Ontarians, the public coffers, tax fairness, and incentives. Canning the minimum wage increase in favour of a tax cut would either be expensive or have a number of negative unintended consequences, and ultimately leaves low-wage workers no farther ahead.

Sheila Block is a senior economist with the Canadian Centre for Policy Alternatives' Ontario office. Follow Sheila on Twitter: @Sheila_M_Block

ਸ਼ਰਧਾਂਜਲੀ ਸਮਾਗਮ 'ਤੇ ਵਿਸ਼ੇਸ਼

ਜੋ ਸਦਾ ਸਫ਼ਰ 'ਤੇ ਰਿਹਾ....

# ਸੌ ਵਰ੍ਹਿਆਂ ਦਾ ਨੌਜਵਾਨ ਮਸ਼ਾਲਚੀ ਗੰਧਰਵ ਸੈਨ ਕੋਛੜ

ਅਮੋਲਕ ਸਿੰਘ

"ਦੁਨੀਆਂ ਬਦਲੀ ਜਾ ਸਕਦੀ ਹੈ। ਕਿਰਤ ਦੀ ਕਦਰ, ਮਾਨਵ ਦੇ ਸਵੈਮਾਣ, ਆਜ਼ਾਦੀ, ਜਮਹੂਰੀਅਤ, ਸਾਂਝੀਵਾਲਤਾ ਅਤੇ ਨਿਆਂ ਭਰੇ ਖੁਸ਼ਹਾਲ ਅਤੇ ਤਰੱਕੀ ਪਸੰਦ ਨਵੇਂ ਸਮਾਜ ਦੀ ਸਿਰਜਣਾ ਸੰਭਵ ਹੈ। ਅਜਿਹਾ ਫੇਰ ਹੀ ਸੰਭਵ ਹੈ ਜੇ ਵਿਗਿਆਨਕ ਜਮਾਤੀ ਸੂਝ-ਬੂਝ ਅਤੇ ਜਮਾਤੀ ਸੰਗਰਾਮ ਨੂ ਪਰਨਾਈ ਲੋਕ ਲਹਿਰ ਉਸਾਰੀ ਜਾਵੇ"।

ਇਹ ਆਖਰੀ ਬੋਲ ਸਨ 100 ਵਰ੍ਹਿਆਂ ਦੇ ਜੀਵਨ ਸਫ਼ਰ ਵਿਚੋਂ 90 ਵਰ੍ਹੇ ਇਨਕਲਾਬੀ ਜੱਦੋ ਜਹਿਦ ਲਈ ਸਮਰਪਤ ਕਰਨ ਵਾਲੇ ਗੰਧਰਵ ਸੈਨ ਕੋਛੜ ਦੇ। ਜਦੋਂ ਉਹ ਅਧਰੰਗ ਦਾ ਜਾਨ-ਲੇਵਾ ਦੌਰਾ ਪੈਣ ਤੋਂ ਪਹਿਲਾਂ ਆਪਣੀ ਅੰਤਿਮ ਮੁਲਾਕਾਤ 'ਚ ਲੇਖਕ ਅਤੇ ਆਪਣੇ ਰਾਹ ਨੂੰ ਪਰਨਾਈ ਇਨਕਲਾਬੀ ਧੀ ਸੁਰਿੰਦਰ ਕੁਮਾਰੀ ਕੋਛੜ ਵਲੋਂ ਕਲਮਬੱਧ ਕੀਤੇ ਕਾ ਰਹੇ ਸੁਆਲਾਂ ਦੇ ਜੁਆਬ ਦੇ ਰਹੇ ਸਨ।

ਹਫ਼ਤਾ ਭਰ ਜ਼ਿੰਦਗੀ - ਮੌਤ ਦੀ ਜੱਦੋ ਜਹਿਦ ਉਪਰੰਤ ਭਾਵੇਂ ਉਹ ਲੋਕ ਮੁਕਤੀ ਦੇ ਸਰਵੋਤਮ ਕਾਜ ਨੂੰ ਅਗੇਰੇ ਤੋਰਨ ਦਾ ਪੈਗ਼ਾਮ ਦਿੰਦੇ ਹੋਏ ਜਿਸਮਾਨੀ ਤੌਰ 'ਤੇ ਵਿਛੜ ਗਏ ਪਰ ਉਹਨਾਂ ਦੇ ਖਿਆਲਾਂ ਦੀ ਰੌਸ਼ਨੀ, ਸਦਾ ਹਨੇਰੇ ਨਾਲ ਮੱਥਾ ਲਾਉਂਦੀ ਆਰੁਕ ਸਫ਼ਰ 'ਤੇ ਰਹੇਗੀ।


ਅੱਜ ਜਦੋਂ ਪੂਰੀ ਦੁਨੀਆਂ, ਮਜ਼ਦੂਰ ਜਮਾਤ ਦੇ ਮਹਾਨ ਦਾਰਸ਼ਨਿਕ ਕਾਰਲ ਮਾਰਕਸ ਦੇ 200 ਸਾਲਾ ਜਨਮ ਵਰ੍ਹੇ ਗੰਢ (1818-2018) ਮਨਾਉਂਦੀ ਹੋਈ ਗੰਭੀਰ ਮੰਥਨ ਕਰ ਰਹੀ ਹੈ ਉਸ ਮੌਕੇ ਮਾਰਕਸੀ ਦ੍ਰਿਸ਼ਟੀ ਨੂੰ ਪ੍ਰਤੀਬੱਧਤ ਸਖਸ਼ੀਅਤ ਗੰਧਰਵ ਸੈਨ ਕੌਛੜ ਦਾ ਇਹ ਦਾਅਵਾ ਕਿ "ਇਹ ਦੁਨੀਆਂ ਬਦਲੀ ਜਾ ਸਕਦੀ ਹੈ"।"ਖੂਬਸੂਰਤ ਬਣਾਈ ਜਾ ਸਕਦੀ ਹੈ"। "ਨਿਹੱਕੀਆਂ ਜੰਗਾਂ, ਹਿੰਸਾ, ਲੁੱਟ-ਜਬਰ, ਫਾਸ਼ੀਪੁਣੇ, ਜਾਤ-ਪਾਤ, ਫਿਰਕਾਪ੍ਰਸਤੀ ਅਤੇ ਅਨਿਆਂ ਤੋਂ ਮੁਕਤ ਕੀਤੀ ਜਾ ਸਕਦੀ ਹੈ" ਆਪਣੇ ਆਪ ਵਿਚ ਇਤਿਹਾਸਕ ਮਹੱਤਵ ਰੱਖਦੀ ਹੈ।

ਇਹ ਵੀ ਵਕਤ ਦਾ ਸੁਮੇਲ ਹੀ ਹੈ ਕਿ ਗੰਧਰਵ ਸੈਨ ਕੋਛੜ ਮਾਰਚ ਮਹੀਨੇ ਵਿਛੜੇ ਹਨ ਜਦੋਂ 23 ਮਾਰਚ ਦੇ ਸ਼ਹੀਦਾਂ ਨੂੰ ਯਾਦ ਕੀਤਾ ਜਾ ਰਿਹਾ ਹੈ। 23 ਮਾਰਚ, 1931 ਨੂੰ ਜਦੋਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਦਿੱਤੀ ਗਈ ਉਸ ਵੇਲੇ ਗੰਧਰਵ ਸੈਨ 12 ਵਰ੍ਹਿਆਂ ਦੇ ਸਨ। ਉਹਨਾਂ ਨੇ ਬਰਤਾਨਵੀ ਸਾਮਰਾਜ ਦੇ ਇਸ ਕਾਰੇ ਖਿਲਾਫ਼ ਦਿਨ ਰਾਤ ਨੂਰਮਹਿਲ ਵਿਚ ਰੋਸ ਮਾਰਚ ਕੀਤਾ ਸੀ। ਅਜੋਕੀ ਭਟਕੀ, ਕੁਰਾਹੇ ਪਾਈ ਜਾ ਰਹੀ ਨੌਜਵਾਨ ਪੀੜ੍ਹੀ ਲਈ ਆਪਣੇ ਆਪ 'ਚ ਜਗਦੀ ਮਸ਼ਾਲ ਹੈ, ਗੰਧਰਵ ਸੈਨ ਦਾ ਮਾਣਮੱਤਾ ਜੀਵਨ ਸਫ਼ਰ। ਜਿਸ ਵਿਚ ਉਹਨਾਂ ਨੇ ਸਭ ਤੋਂ ਵੱਧ ਨੌਜਵਾਨ ਵਰਗ ਨੂੰ ਚੇਤਨ ਕਰਨ ਲਈ ਹਰ ਸੰਭਵ ਯਤਨ ਕੀਤਾ।

ਗੰਧਰਵ ਸੈਨ ਕੋਛੜ ਅਤੇ ਉਹਨਾਂ ਦੀ ਧੀ ਸੁਰਿੰਦਰ ਕੁਮਾਰੀ ਕੋਛੜ ਨੇ ਇਕ ਸਾਲ ਦੇ ਅੰਦਰ ਹੀ ਦਰਸ਼ਨ, ਇਤਿਹਾਸ, ਰਾਜਨੀਤਕ, ਆਰਥਕ, ਸਮਾਜ ਵਿਗਿਆਨ, ਮਨੁੱਖੀ ਇਤਿਹਾਸ ਦਾ ਸਫ਼ਰ, ਤਰਕਸ਼ੀਲਤਾ, ਸਾਹਿਤ ਅਤੇ ਸਭਿਆਚਾਰਕ ਮੁੱਦਿਆਂ ਉਪਰ ਦੋ ਦਰਜਣ ਪੁਸਤਕਾਂ ਭੇਟਾ ਰਹਿਤ ਛਪਵਾ ਕੇ ਕਿਰਤੀ, ਕਿਸਾਨਾਂ, ਵਿਦਿਆਰਥੀਆਂ, ਨੌਜਵਾਨਾਂ, ਔਰਤਾਂ, ਬੇਰੁਜ਼ਗਾਰਾਂ ਤੱਕ ਵਿਸ਼ੇਸ਼ ਉਦਮ ਜੁਟਾ ਕੇ ਪਹੁੰਚਾਈਆਂ ਹਨ।

ਉਹਨਾਂ ਦੀਆਂ ਜੀਵਨ ਪੈੜਾਂ ਉਹਨਾਂ ਦੀ ਕਹਿਣੀ ਅਤੇ ਕਰਨੀ 'ਚ ਇਕਸੁਰਤਾ ਹੋਣ ਦਾ ਮੂੰਹ ਬੋਲਦਾ ਪ੍ਰਮਾਣ ਹੈ।

23 ਜਨਵਰੀ, 1919 ਨੂੰ ਮਾਂ ਅਮਰ ਕੌਰ, ਪਿਤਾ ਹਰਭਗਵਾਨ ਦਾਸ ਕੌਛੜ ਦੇ ਘਰ ਜਨਮੇ ਨੂਰਮਹਿਲ ਵਾਸੀ ਗੰਧਰਵ ਸੈਨ ਕੋਛੜ ਦੇ ਪੁਰਖੇ, ਐਮਨਾਬਾਦ (ਹੁਣ ਪਾਕਿਸਤਾਨ 'ਚ) ਦੇ



ਪਿਛੋਕੜ ਨਾਲ ਜੁੜੇ ਹੋਏ ਸਨ।

ਛੇ ਭਰਾਵਾਂ ਅਤੇ ਤਿੰਨ ਭੈਣਾਂ ਵਾਲੇ ਇਸ ਪਰਿਵਾਰ ਨੇ ਇੰਜਨੀਅਰਿੰਗ, ਮੈਡੀਕਲ ਅਤੇ ਖੇਤੀ ਆਦਿ ਖੇਤਰਾਂ ਵਿਚ ਮਿਸਾਲੀ ਕੰਮ ਵੀ ਕੀਤੇ, ਵਿਚਾਰਾਂ ਦਾ ਸੰਵਾਦ ਰਚਾਇਆ ਅਤੇ ਗੰਧਰਵ ਸੈਨ ਕੌਛੜ ਦੇ ਇਨਕਲਾਬੀ ਮਾਰਗ ਵਿਚ ਸਹਿਯੋਗੀ ਭੂਮਿਕਾ ਅਦਾ ਕੀਤੀ।

1929 ਵਿਚ 10 ਵਰ੍ਹਿਆਂ ਦਾ ਗੰਧਰਵ ਸੈਨ ਕੋਛੜ, ਮਹਾਨ ਆਜ਼ਾਦੀ ਸੰਗਰਾਮੀਏ ਬਾਬਾ ਕਰਮ ਸਿੰਘ ਚੀਮਾ (ਨੇੜੇ ਨੂਰਮਹਿਲ) ਕੋਲ ਗਿਆ ਕਿ ਮੈਂ ਆਜ਼ਾਦੀ ਦੀ ਇਨਕਲਾਬੀ ਲਹਿਰ ਲਈ ਆਪਣੇ ਆਪ ਨੂੰ ਸਮਰਪਤ ਕਰਦਾ ਹਾਂ। ਉਹਨਾਂ ਨੇ ਬਾਬਾ ਭਗਤ ਸਿੰਘ ਬਿਲਗਾ ਪਾਸ ਭੇਜ ਦਿੱਤਾ। ਬੱਸ ਫੇਰ ਚੱਲ ਸੋ ਚੱਲ। ਉਹਨਾਂ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ।

ਗ਼ਦਰ ਪਾਰਟੀ ਦੀ ਅਗਲੀ ਕੜੀ, ਕਿਰਤੀ ਪਾਰਟੀ ਦਾ ਸੂਹਾ ਪਰਚਮ ਉਠਾਕੇ ਆਜ਼ਾਦੀ ਅਤੇ ਇਨਕਲਾਬ ਲਈ ਸਦਾ ਸਫ਼ਰ 'ਤੇ ਰਹੇ। ਕਿਰਤੀ ਪਾਰਟੀ, ਲਾਲ ਪਾਰਟੀ, ਸੀ. ਪੀ .ਆਈ, ਸੀ .ਪੀ. ਆਈ. ਐਮ, ਕਮਿਊਨਿਸਟ ਇਨਕਲਾਬੀ (ਨਕਸਲਬਾੜੀ), ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ, ਅਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ (ਸਹਿਯੋਗੀ) ਵਿਚ ਸ਼ਾਨਦਾਰ ਭੂਮਿਕਾ ਅਦਾ ਕਰਦੇ ਰਹੇ।

ਸਮੇਂ ਸਮੇਂ ਉਹਨਾਂ ਨੇ ਰਿਐਤ ਦਿੱਲੀ ਵਿਰੁੱਧ ਡਟਕੇ ਟੱਕਰ ਲਈ। ਮਾਰਕਸੀ-ਲੈਨਿਨੀ ਅਸੂਲਾਂ ਅਤੇ ਮਾਓ ਵਿਚਾਰਧਾਰਾ, ਵਿਸ਼ੇਸ਼ ਕਰਕੇ ਨਵ ਜਮਹੂਰੀ ਇਨਕਲਾਬ ਦਾ ਪਰਚਮ ਬੁਲੰਦ ਰੱਖਿਆ। ਜਦੋਂ ਵੀ ਉਹਨਾਂ ਨੂੰ ਕਿਸੇ ਵੀ ਜਥੇਬੰਦੀ ਦੀ ਲੀਡਰਸ਼ਿਪ, ਸੱਜੇ ਜਾਂ ਖੱਬੇ ਕੁਰਾਹੇ ਦਾ ਸ਼ਿਕਾਰ ਹੋਈ ਜਾਪੀ ਤਾਂ ਉਹਨਾਂ ਨੇ ਮਾਰਕਸੀ ਨਜ਼ਰੀਏ ਤੋਂ ਬੇਕਿਰਕੀ ਨਾਲ ਉਸ ਵਿਰੁੱਧ ਅੰਡਰ ਜਥੇਬੰਦੀ ਵੀ ਅਤੇ ਲੋੜ ਪੈਣ 'ਤੇ ਜਨਤਕ ਪੱਧਰ 'ਤੇ ਵੀ ਤਿੱਖਾ ਵਿਚਾਰਧਾਰਕ ਘੋਲ ਕੀਤਾ।

ਉਹਨਾਂ ਦੀ ਨਕਸਲਬਾੜੀ ਦੌਰ ਦੀ ਭੂਮਿਕਾ ਨੂੰ ਉਚੇਚੇ ਸਨਮਾਨਤ ਦਰਜੇ ਨਾਲ ਵੇਖਿਆ ਜਾਂਦਾ ਹੈ। ਉਹ ਗੁਪਤ ਪਰਚੇ 'ਲੋਕ ਯੁੱਧ' ਦੇ ਸੰਪਾਦਕ ਰਹੇ। ਨੂਰਮਹਿਲ ਉਹਨਾਂ ਨੇ ਆਪਣੇ ਬਾਗ਼ ਦੇ ਅੰਦਰ ਭੋਰਾ ਪੁੱਟ ਕੇ ਪ੍ਰਿੰਟਿੰਗ ਪ੍ਰੈਸ ਚਾਲਈ। ਜਿਥੋਂ ਇਨਕਲਾਬੀ ਸਾਹਿਤ ਛਪ ਕੇ ਦੂਰ ਦੁਰਾਡੈ ਖੇਤਰਾਂ ਤੱਕ ਜਾਂਦਾ। ਜਦੋਂ ਨਕਸਲਬਾੜੀ ਲਹਿਰ ਨਾਲ ਸਬੰਧਤ ਸੰਗਰਾਮੀਆਂ ਨੂੰ ਵੰਨ-ਸੁਵੰਨੇ ਹਾਕਮਾਂ ਵਲੋਂ ਝੂਠੇ ਮੁਕਾਬਲਿਆਂ ਵਿਚ ਮਾਰ, ਘਰ ਬਾਰ ਉਜਾੜਨ, ਵਹਿਸ਼ੀ ਕਹਿਰ ਦੇ ਝੱਖੜ ਝੁਲਾਉਣ ਦਾ ਚੱਕਰ ਚੱਲਿਆ ਤਾਂ ਪਿਉ-ਧੀ ਵਰ੍ਹਿਆਂ ਬੱਧੀ ਗੁਪਤਵਾਸ ਰਹੇ।

ਵਰੰਟ ਮਨਸੂਖ ਹੋਣ ਤੇ 1972 ਤੋਂ ਉਹ ਦੇਸ਼ ਭਗ ਯਾਦਗਾਰ ਹਾਲ ਦੀ ਅਗਵਾਈ ਵਾਲੀ ਭੂਮਿਕਾ ਅਦਾ ਕਰਨ ਲੱਗੇ ਭਾਵੇਂ ਕਿ ਜੁੜੇ ਤਾਂ ਉਹ ਦੇਸ਼ ਭਗਤ ਪਰਿਵਾਰ ਸਹਾਇਤਾ ਕਮੇਟੀ ਨਾਲ 50ਵਿਆਂ ਦੇ ਦੌਰ ਤੋਂ ਸੀ।


ਦੇਸ਼ ਭਗਤ ਯਾਦਗਾਰ ਹਾਲ 'ਚ ਗ਼ਦਰੀ ਬਾਬਾ ਜਵਾਲਾ ਸਿੰਘ ਹਾਲ, ਗ਼ਦਰੀ ਬਾਬਾ ਗੁਰਮੁਖ ਸਿੰਘ ਹਾਲ, ਵਿਸ਼ਣੂ ਗਣੇਸ਼ ਪਿੰਗਲੇ ਹਾਲ, ਬੀਬੀ ਗੁਲਾਬ ਕੌਰ ਹਾਲ, ਸ਼ਹੀਦ ਭਗਤ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ ਮੰਚ ਅਤੇ ਪ੍ਰੋ. ਬਰਕਤ ਉੱਲ੍ਹਾ ਹਾਲ ਉਸਾਰਨ ਵਿਚ ਅਹਿਮ ਭੂਮਿਕਾ ਅਦਾ ਕੀਤੀ।

ਦੇਸ਼ ਭਗਤ ਯਾਦਗਾਰ ਹਾਲ ਦੀ ਲਾਇਬਰੇਰੀ ਅਤੇ ਮਿਊਜ਼ੀਅਮ ਨੂੰ ਉਹਨਾਂ ਨੇ ਇਤਿਹਾਸਕ ਮੁਹਾਂਦਰਾ ਦੇਣ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਯਾਦਗਾਰ ਹਾਲ ਦੇ ਵਿਸ਼ਾਲ ਵਿਹੜੇ 'ਚ ਫੁੱਲਾਂ ਅਤੇ ਦਰੱਖਤਾਂ ਦੀ ਵਿਸ਼ੇਸ਼ ਸੇਵਾ ਸਦਾ ਯਾਦ ਰੱਖਣ ਯੋਗ ਹੈ।

ਉਹਨਾਂ ਦਾ ਵਾਰ ਵਾਰ ਕਹਿਣਾ ਸੀ ਕਿ ਪੜ੍ਹੋ, ਵਿਚਾਰੋ, ਸੁਆਲ ਕਰੋ, ਅਧਿਐਨ ਕਰੋ, ਸਵੈ-ਚਿੰਤਨ ਕਰੋ, ਕਾਨਾਫੂਸੀ ਦੀ ਬਜਾਏ ਸਪੱਸ਼ਟ ਕਹੋ ਅਤੇ ਮੂੰਹ 'ਤੇ ਕਹੋ। ਉਹਨਾਂ ਨੇ ਰੂਸੀ ਸਮਾਜਵਾਦੀ ਕ੍ਰਾਂਤੀ, ਗ਼ਦਰ ਪਾਰਟੀ ਦਾ ਸਥਾਪਨਾ, ਸ਼ਤਾਬਦੀ ਅਤੇ ਆਪਣੀ 100ਵੇਂ ਜਨਮ ਵਰ੍ਹੇ ਦੀ ਸਰਦਲ 'ਤੇ ਹੋਏ ਸਮਾਗਮਾਂ ਵਿਚ ਉਚੇਚਾ ਜ਼ੋਰ ਦਿੱਤਾ ਕਿ ਸਿਧਾਂਤ ਤੇ ਅਮਲ ਦੇ ਸੁਮੇਲ 'ਤੇ ਜੋਰ ਦੇਣ ਦੀ ਲੋੜ ਹੈ। ਦਲਿਤ ਵਰਗ, ਲੁੱਟੀ ਪੁੱਟੀ ਕਿਸਾਨੀ, ਹੱਥੀ ਧੰਦਾ ਕਰਕੇ ਬਹੁ-ਵੰਨਗੀ ਕਾਮਿਆਂ, ਵਿਸ਼ੇਸ਼ ਕਰਕੇ ਨੌਜਵਾਨਾਂ ਅਤੇ ਬੁੱਧੀਜੀਵੀਆਂ ਨੂੰ ਗਲਵੱਕੜੀ ਪਾ ਕੇ ਅੱਗੇ ਵੱਧਣ ਦੀ ਲੋੜ ਹੈ ਇਹ ਇਤਿਹਾਸਕ ਸੁਨੇਹਾ ਜੋ ਉਹਨਾਂ ਨੇ ਸ਼ਰੋਮਣੀ ਨਾਟਕਕਾਰ ਗੁਰਸ਼ਰਨ ਸਿੰਘ ਦੇ ਕੁੱਸਾ (ਮੋਗਾ) ਸਮਾਗਮ ਵਿਚ ਦਿੱਤਾ ਸੀ ਇਹ ਭਵਿੱਖ ਵਿਚ ਵੀ ਆਉਣ ਵਾਲੀਆਂ ਪੀੜ੍ਹੀਆਂ ਦਾ ਮਾਰਗ ਦਰਸ਼ਨ ਕਰੇਗਾ। ਨਵੇਂ ਸਮਾਜ ਦੇ ਨਵੇਂ ਸੂਰਜ ਵਰਗੇ ਗੰਧਰਵ ਸੈਨ ਕੋਛੜ ਦੇ ਜੀਵਨ ਸੰਗਰਾਮ 'ਤੇ ਅੱਜ ਨੂਰਮਹਿਲ ਵਿਖੇ ਹੋ ਰਹੇ ਸ਼ਰਧਾਂਜ਼ਲੀ ਸਮਾਗਮ 'ਤੇ ਗੰਭੀਰ ਵਿਚਾਰਾਂ ਹੋਣਗੀਆਂ।

9417076735

# Care and change: The messages driving Ontario's 2018 election



Trish Hennessy

That's how many times the Government of Ontario drew upon the word "care" in a throne speech designed to claim its stake in a pre-election period that has so far seen its share of ups and downs.

The Liberals aren't the only ones focused on improving care. With the PC leadership drama ostensibly behind us, NDP Leader Andrea Horwath stepped into the spotlight over the weekend, promising pharmacare coverage for everyone (with access to 125 drugs to start with) and a new dental care program. These are two ideas that could galvanize her base.

While the NDP shares the Liberals' emphasis on health care programs, when it comes to topline messaging, they join the PC party in calling for change. Both opposition parties are campaigning on a change ticket, trying to take advantage of polls indicating Ontarians may be growing weary after 15 years of Liberal governance. The PC People's Guarantee platform, released under former leader Patrick Brown—and now very much in question—focused on the slogan Change That Works For You. The NDP's slogan? Change For The Better.

Of course, Premier Kathleen Wynne is the one candidate who can't run on a change ticket. Enter the care theme, its 62 mentions, and the topline message from the Liberal government: A Time For Care And Opportunity. And with the deliverance of the throne speech, the policy contours of Ontario's election platforms are coming into clearer focus.

The throne speech pointed to a number of new commitments that will be detailed in the upcoming budget, and can be expected to carry over to the party's election platform, including:



**Health care:** The throne speech commits to significant investments in the operation of hospitals and reduced health care wait times. It's a clear counter to the NDP's platform promise to "end hallway medicine" following a spate of provincial headlines about hospital overcrowding and overwhelmed emergency rooms, while also countering the PC's promise to lower hospital wait times.

**Home care and Long-term care:** The throne speech promises major new investments to support aging at home through access to home care and financial support for families caring for aging loved ones. The speech made mention of the previous commitment to 5,000 new long-term care beds. Overall, the Liberal plan for home care stops short of the NDP's call for a full "find and fix" public inquiry into the state of long-term care in Ontario.

**Pharmacare:** The governing Liberals have already rolled out the first provincial pharmacare program in Canada, providing more than 4,400 free medications for everyone 24 years of age or younger. The throne speech indicates the party would expand pharmacare to include other segments of the population. Meanwhile, the NDP is promising universal pharmacare (though it would start with access to only 125 drugs).

**Dental care:** The throne speech says more people will have access to dental care under the Liberals. Currently, the government offers its Healthy Smiles free dental coverage to anyone aged 17 and under. But the NDP's big announcement this weekend goes a step further. Under the NDP plan, dental exams, cleanings, fillings, X-rays, preventative and minor restorative dental work and necessary denture fittings would be covered.

**Mental health care:** The throne speech committed to expand access to mental health care and addictions care. In contrast, the NDP is promising to create a new ministry focused solely on mental health issues. Under Brown, the People's Guarantee promised funding for mental health initiatives, but it's unclear whether the party will keep this item in its new platform.

**Child care:** The Liberals are promising to address the cost of child care in Ontario, which has some of the highest child care fees in the country. At this point, the Liberals are the only party to address this issue, though the NDP vision document does mention a commitment to affordable child care.

**Free tuition:** The throne speech commits to growing the existing free tuition program for modest-income families whose youth are attending college or university. Ontario is home to some of the most expensive tuition fees in the country and student debt is a crushing burden for graduates. The throne speech also says "middle-class families will not have to shoulder onerous debt to give their children the opportunities every student in Ontario deserves." This latter issue may be a nod to the NDP's promise to "convert the provincial portion of student loans into grants that don't have to be repaid."

**Poverty:** The throne speech lacked specifics, but promises "the burdens of poverty will ease." It's unclear whether that means the government will improve the income security of those who qualify for Ontario Works and the Ontario Disability Support Program. Government-appointed working groups have recommended improved income adequacy for low-income Ontarians.

**Questions remain:**

The throne speech was silent about the monkey that continues to be on this government's back: hydro. The NDP has distinguished itself as the only party committed to bringing hydro back into public hands, which has created a wedge between that party and its competitors.

So the lines in the electoral sand are starting to get drawn, with both the Liberals and the NDP competing on "care" issues by promising significant new investments in essential public services and health care supports.

In order to fund this vision, the Liberal government has already said it will carry a deficit of less than one per cent of GDP (around $8 billion), tabling a plan in the upcoming budget to pay that down. Given the scope of the NDP promises, it looks to me that the party would run deficits in the first few years if it were elected the next government, unless it leverages more revenue-raising options.

On the fiscal front, the NDP is trying to distinguish itself by promising to raise the corporate tax rate and to raise taxes on the wealthy. It's not clear how much an NDP government would raise corporate taxes, but there is room to return to pre-recession corporate income tax levels. Economist Hugh Mackenzie estimates a one-percentage point increase in the corporate income tax would yield about $1.17 billion in additional revenue.

It also remains to be seen what the NDP plans are for taxing the well-off. Under pressure from the NDP in 2012, former Premier Dalton McGuinty raised the tax rate on those earning $500,000 or more. In 2014, the Wynne government lowered that tax threshold to $220,000 and created another tax bracket for those earning $150,000 to $220,000. There's room to go lower, but it's not clear that any party will go there.

Both the Liberals and the NDP are committed to the current cap-and-trade program, which both pays for investments in a greener economy and can reduce carbon emissions. For his part, Ford has already denounced both cap-and-trade and the carbon tax. Eliminating the carbon tax leaves a $10 billion revenue hole in the PC People's Promise over a three-year period. Once he unveils his five-point platform, we will see which People's Promise platform items he dials back on in order to get his numbers to add up.

Ford claims he can find "efficiencies" to support his goals, but any premier would be hard-pressed to do that without major public service cuts. As economist Jim Stanford writes: "Cuts of this magnitude would significantly damage government services (all the more so given continual inflation and population growth)."

Election campaigns are always unpredictable and Ontario's 2018 election is clearly no exception. While many questions remain about the party platforms, one thing is for sure: our office calculators are already fully charged and ready to crunch the numbers as they are revealed.

Trish Hennessy is director of the Canadian Centre for Policy Alternatives' Ontario office.

# Nothing screws up the heads of these illiterate buggers like the 20-somethings from JNU!

**Sheena Thakur**

I am reactivating my Facebook profile to get this message across to you all. Yesterday we witnessed how the Delhi police handles peaceful protesters shouting slogans against a sexual harasshole on the loose in our campus. I was in the crowd trying to help some one who was being beaten up by the police when 8-10 policewomen grabbed hold of me and showered me with punches. When they failed to bring me down one of them said 'kapde phado iske' and all these women went ahead to ri...p off my clothes. At this point I pushed them away and climbed up to the bus stop where four lovely women came to help me. For a split second I felt tears rise up in my eyes but the next instant it turned to rage when I realised that these women continued to attack not me but my clothes in the wildest way imaginable. Before we



could realise what happened we were pushed through the barricades where BTW they tried to clothe me. I refused to do so and made sure they saw what they had just done - stripped a woman for shouting slogans against sexual harassment. I do not have to explain in detail how we were groped my male police, that we know happens every time. It just broke my heart to see how nasty it can get in a matter of seconds, that you participate in such a cruel act just because these are orders from one's senior officials. I feel its very violent for the police as well that they have to beat up people, strip women as a part of their job. In the police station they had a variety of clothes for us to choose from- a pile of clean white decathlon tshirts and bright festive kurtas. Clearly this is something they do very often that they are so well prepared for it.



# ਗਾਂਧੀ ਦੇ ਹੁਕਮਾਂ ਦੇ ਉਲਟ ਦਲਿਤਾਂ ਦੇ ਹੱਕ 'ਚ ਬੋਲਣ ਵਾਲੇ ਪੇਰੀਯਾਰ

**ਏ ਡੀ ਬਾਲਾ ਸੁਬਰਾਮਨੀਅਨ**

ਪੇਰੀਯਾਰ ਕੌਣ ਹਨ ? ਉਹ ਇੱਕ ਅਜਿਹੀ ਸ਼ਖਸ਼ੀਅਤ ਸਨ ਜਿਨ੍ਹਾਂ ਨੇ ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਵਾਲੇ ਤਾਮਿਲਨਾਡੂ ਦੇ ਇਤਿਹਾਸ ਉੱਤੇ ਗਹਿਰਾ ਅਸਰ ਪਾਇਆ। ਉਨ੍ਹਾਂ ਨੇ ਆਪਣਾ ਪੂਰਾ ਜੀਵਨ ਲੋਕਾਂ ਨੂੰ ਸਵੈਮਾਣ ਨਾਲ ਜ਼ਿੰਦਗੀ ਗੁਜਾਰਨ ਦਾ ਸਬਕ ਸਿਖਾਉਣ ਵਿੱਚ ਬਤੀਤ ਕੀਤਾ।

ਸਵਾਲ ਇਹ ਹੈ ਕਿ ਕਮਿਊਨਿਸਟ ਪਾਰਟੀ ਦੇ ਤ੍ਰਿਪੁਰਾ ਵਿੱਚ 25 ਸਾਲ ਦੀ ਸੱਤਾ ਗੁਆਉਣ ਤੋਂ ਬਾਅਦ ਲੈਨਿਨ ਦੇ ਬੁੱਤ ਵਾਂਗ ਹੀ ਪੇਰੀਯਾਰ ਦੇ ਬੁੱਤ ਦੀ ਭੰਨ-ਤੋੜ ਕਿਉਂ ਕੀਤੀ ਗਈ ਹੈ?

ਈ ਵੀ ਰਾਮਾਸਵਾਮੀ ਨੂੰ ਪੇਰੀਯਾਰ ਦੇ ਨਾਂ ਨਾਲ ਹੀ ਵੱਧ ਜਾਣਿਆ ਜਾਂਦਾ ਹੈ। ਉਨ੍ਹਾਂ ਦਾ ਤਾਮਿਲਨਾਡੂ ਦੀ ਸਮਾਜਿਕ ਅਤੇ ਸਿਆਸੀ ਜੀਵਨ 'ਤੇ ਵੱਡਾ ਪ੍ਰਭਾਵ ਰਿਹਾ ਹੈ।

ਕਮਿਊਨਿਸਟ ਪਾਰਟੀ ਹੋਵੇ ਭਾਵੇਂ ਦਲਿਤਾਂ ਦਾ ਪੱਖ ਰੱਖਣ ਵਾਲੀਆਂ ਪਾਰਟੀਆਂ ਹਰ ਇੱਕ ਨੇ ਪੇਰੀਯਾਰ ਨੂੰ ਹਮੇਸ਼ਾ ਸਤਿਕਾਰ ਦਿੱਤਾ ਹੈ।

ਉਹ ਤਰਕਸ਼ੀਲਤਾ ਨੂੰ ਪ੍ਰਣਾਏ ਹੋਏ ਵਿਅਕਤੀ ਸਨ। ਉਨ੍ਹਾਂ ਦੇ ਸਮਾਜਿਕ ਅਤੇ ਸਿਆਸੀ ਜੀਵਨ ਵਿੱਚ ਕਈ ਉਤਰਾ-ਚੜਾਅ ਆਏ ਪਰ ਉਹ ਤਰਕਸ਼ੀਲਤਾ ਦੇ ਰਾਹ 'ਤੇ ਤੁਰਦੇ ਰਹੇ।

ਪੇਰੀਯਾਰ ਨੇ ਆਪਣਾ ਸਿਆਸੀ ਜੀਵਨ 1919 ਵਿੱਚ ਇੱਕ ਪੱਕੇ ਗਾਂਧੀਵਾਦੀ ਅਤੇ ਕਾਂਗਰਸੀ ਆਗੂ ਵਜੋਂ ਸ਼ੁਰੂ ਕੀਤਾ।

ਸ਼ੁਰੂ ਵਿੱਚ ਉਹ ਮਹਾਤਮਾ ਗਾਂਧੀ ਦੀਆਂ ਨੀਤੀਆਂ-ਸ਼ਰਾਬ ਨਾ ਪੀਣਾ, ਖੱਦੀ ਅਤੇ ਜਾਤ-ਪਾਤ ਵਰੋਧੀ ਵਿਚਾਰਾਂ ਤੋਂ ਖਾਸੇ ਪ੍ਰਭਾਵਿਤ ਸਨ।

ਉਨ੍ਹਾਂ ਨੇ ਆਪਣੀ ਪਤਨੀ ਨਾਗਾਮਈ ਅਤੇ ਭੈਣ ਬਾਲਾਂਬਲ ਨੂੰ ਵੀ ਸਿਆਸਤ 'ਚ ਉਤਰਨ ਲਈ ਹੌਂਸਲਾ ਦਿੱਤਾ।

ਇਹ ਦੋਵੇਂ ਔਰਤਾਂ ਟੋਡੀ ਸ਼ਾਪ ਰੋਸ ਅੰਦੋਲਨ ਦੀਆਂ ਮੋਹਰੀ ਬਣੀਆਂ ਸਨ।

ਟੋਡੀ ਸ਼ਾਪ ਇੱਕ ਕਿਸਮ ਦੀ ਦੇਸੀ ਸ਼ਰਾਬ ਹੈ ਜੋ ਤਾੜ ਤੇ ਨਾਰੀਅਲ ਦੇ ਦਰਖ਼ਤਾਂ ਵਿੱਚੋਂ ਕੱਢੀ ਜਾਂਦੀ ਹੈ।

ਉਹ ਨਾ-ਮਿਲਵਰਤਨ ਅੰਦੋਲਨ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਕਰਕੇ ਵੀ ਗ੍ਰਿਫ਼ਤਾਰ ਹੋਏ ਸਨ।

ਉਹ ਮਦਰਾਸ ਸਟੇਟ ਕਾਂਗਰਸ ਦੇ ਪ੍ਰਧਾਨ ਵੀ ਰਹੇ।

**ਵੇਕੋਮ ਅੰਦੋਲਨ**

1924 ਵਿੱਚ ਕੇਰਲਾ ਵਿੱਚ ਤ੍ਰਾਵਣਕੋਰ ਦੇ ਰਾਜੇ ਨੇ ਦਲਿਤਾਂ ਦੇ ਮੰਦਰਾਂ ਵਿੱਚ ਜਾਣ 'ਤੇ ਪਾਬੰਦੀ ਲਗਾ ਦਿੱਤੀ ਸੀ।

ਉਸ ਸਮੇਂ ਤ੍ਰਾਵਣਕੋਰ ਇੱਕ ਪ੍ਰਿੰਸਲੀ ਸਟੇਟ ਸੀ।

ਰਾਜੇ ਦੇ ਇਸ ਫੈਸਲੇ ਦੇ ਵਿਰੋਧ ਵਿੱਚ ਉੱਠੀ ਲਹਿਰ ਦੀ ਅਗਵਾਈ ਕਰ ਰਹੇ ਆਗੂ ਗਿਰਫ਼ਤਾਰ ਕਰ ਲਏ ਗਏ ਸਨ

ਇਸ ਲੜਾਈ ਨੂੰ ਅੱਗੇ ਵਧਾਉਣ ਲਈ ਅਗਵਾਈ ਕਰਨ ਵਾਲਾ ਕੋਈ ਨਹੀਂ ਸੀ।

ਇਸ ਹਾਲਤ ਵਿੱਚ ਲਹਿਰ ਦੇ ਆਗੂਆਂ ਨੇ ਪੇਰੀਯਾਰ ਨੂੰ ਕਮਾਨ ਸੰਭਾਲਣ ਦਾ ਸੱਦਾ ਦਿੱਤਾ। ਜੋ ਕਿ ਪੇਰੀਯਾਰ ਨੇ ਪ੍ਰਵਾਨ ਕਰ ਲਿਆ ਤੇ ਪ੍ਰਦਰਸ਼ਨ ਦੀ ਅਗਵਾਈ ਕੀਤੀ।

ਇਸ ਕੰਮ ਲਈ ਪੇਰੀਯਾਰ ਨੇ ਮਦਰਾਸ ਸਟੇਟ ਕਾਂਗਰਸ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ।

ਉਹ ਗਾਂਧੀ ਦੇ ਹੁਕਮ ਦੇ ਉਲਟ ਕੇਰਲਾ ਵੱਲ ਤੁਰ ਪਏ।

ਤ੍ਰਾਵਣਕੋਰ ਪਹੁੰਚਣ 'ਤੇ ਉਨ੍ਹਾਂ ਦਾ ਸ਼ਾਹੀ ਸਵਾਗਤ ਹੋਇਆ ਕਿਉਂਕਿ ਉਹ ਰਾਜੇ ਦੇ ਦੋਸਤ ਸਨ।

ਪਰੰਤੂ ਉਨ੍ਹਾਂ ਨੇ ਇਸ ਸਵਾਗਤ ਨੂੰ ਸਵੀਕਾਰ ਕਰਨ ਤੋਂ ਮਨ੍ਹਾਂ ਕਰ ਦਿੱਤਾ ਕਿਉਂਕਿ ਉਹ ਤਾਂ ਰਾਜੇ ਦੇ ਵਿਰੁੱਧ ਪ੍ਰਦਰਸ਼ਨ ਕਰਨ ਦੇ ਮਕਸਦ ਨਾਲ ਉੱਥੇ ਪਹੁੰਚੇ ਸਨ।

ਉਨ੍ਹਾਂ ਨੇ ਰਾਜੇ ਦੀ ਇੱਛਾ ਦੇ ਵਿਰੁੱਧ ਪ੍ਰਦਰਸ਼ਨ ਵਿੱਚ ਹਿੱਸਾ ਲਿਆ।

ਨਤੀਜੇ ਵਜੋਂ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਕੁਝ ਮਹੀਨੇ ਜੇਲ੍ਹ ਵਿੱਚ ਕੈਦ ਰੱਖਿਆ ਗਿਆ।

ਉਨ੍ਹਾਂ ਦੀ ਪਤਨੀ ਨਾਗਾਮਈ ਨੇ ਕੇਰਲਾ ਵਿੱਚ ਹੋ ਰਹੇ ਭੇਦਭਾਵ ਦੇ ਖ਼ਿਲਾਫ਼ ਔਰਤਾਂ ਨੂੰ ਨਾਲ ਲੈ ਕੇ ਪ੍ਰਦਰਸ਼ਨ ਕੀਤਾ।

ਕਾਂਗਰਸ ਦੇ ਸਮਾਗਮਾਂ ਵਿੱਚ ਫਿਰਕੂ ਰਾਖਵੇਂਕਰਨ ਲਈ ਮਤਾ ਪਾਸ ਕਰਵਾਉਣ ਦੀਆਂ ਉਨ੍ਹਾਂ ਨੇ ਕਈ ਕੋਸ਼ਿਸ਼ਾਂ ਕੀਤੀਆਂ ਜੋ ਸਫ਼ਲ ਨਾ ਹੋ ਸਕੀਆਂ ।

ਇਸੇ ਦੌਰਾਨ ਰਿਪੋਰਟਾਂ ਸਾਹਮਣੇ ਆਈਆਂ ਕਿ ਚੇਰਨਮਾਦੇਵੀ ਨਾਂ ਦੇ ਇਲਾਕੇ ਦੇ ਇੱਕ ਸਕੂਲ (ਗੁਰੂਕੁਲਮ) ਵਿੱਚ ਬ੍ਰਾਹਮਣ ਤੇ ਗੈਰ ਬ੍ਰਾਹਮਣ ਵਿਦਿਆਰਥੀਆਂ ਨੂੰ ਖਾਣਾ ਦੇਣ ਵੇਲੇ ਭੇਦਭਾਦ ਕੀਤਾ ਜਾਂਦਾ ਹੈ।

ਇਹ ਸਕੂਲ ਵਾ ਵੀ ਸੁਬਰਾਮਨੀਆ ਅਈਅਰ ਵੱਲੋਂ ਚਲਾਇਆ ਜਾਂਦਾ ਸੀ।

ਪੇਰੀਯਾਰ ਨੇ ਅਈਅਰ ਨੂੰ ਸਾਰੇ ਵਿਦਿਆਰਥੀਆਂ ਨਾਲ ਇੱਕੋ-ਜਿਹਾ ਵਰਤਾਅ ਬੇਨਤੀ ਕੀਤੀ ਪਰ ਨਾ ਤਾਂ ਉਹ ਅਈਅਰ ਨੂੰ ਸਮਝਾਉਣ 'ਚ ਸਫਲ ਹੋਏ ਅਤੇ ਨਾ ਹੀ ਕਾਂਗਰਸ ਨੂੰ, ਉਸ ਸਕੂਲ ਨੂੰ ਫੰਡ ਦੇਣ ਤੋਂ ਰੋਕ ਸਕੇ।

ਇਸ ਸਭ ਵਰਤਾਰੇ ਤੋਂ ਦੁਖੀ ਹੋ ਕੇ ਉਨ੍ਹਾਂ ਨੇ ਆਖਿਰ ਕਾਂਗਰਸ ਛੱਡ ਦਿੱਤੀ।

ਕਾਂਗਰਸ ਛੱਡਣ ਤੋਂ ਬਾਅਦ ਉਨ੍ਹਾਂ ਨੇ ਸਵੈ-ਸਤਿਕਾਰ ਲਹਿਰ ਸ਼ੁਰੂ ਕੀਤੀ।

ਇਸ ਦਾ ਮਕਸਦ ਗੈਰ-ਬ੍ਰਾਹਮਣਾਂ ਵਿੱਚ ਸਵੈ-ਮਾਣ ਪੈਦਾ ਕਰਨਾ ਸੀ, ਜਿਨ੍ਹਾਂ ਨੂੰ ਉਹ ਦ੍ਰਾਵਿੜ ਲੋਕ ਕਹਿੰਦੇ ਸਨ।

ਬਾਅਦ ਵਿੱਚ ਉਹ ਦੱਖਣੀ ਭਾਰਤੀ ਲਿਬਰਲ ਫੈਡਰੇਸ਼ਨ (ਜਸਟਿਸ ਪਾਰਟੀ) ਦੇ



ਪ੍ਰਧਾਨ ਬਣੇ, ਜੋ ਕਿ ਇੱਕ ਗੈਰ-ਬ੍ਰਾਹਮਣ ਸੰਗਠਨ ਸੀ ਜੋ 1916 ਵਿੱਚ ਸ਼ੁਰੂ ਹੋਇਆ ਸੀ।

**ਦ੍ਰਾਵਿੜ ਕੜਗਮ**

1944 ਵਿੱਚ ਉਨ੍ਹਾਂ ਨੇ ਆਪਣੀ ਸਵੈ-ਮਾਣ ਦੀ ਲਹਿਰ ਅਤੇ ਇਨਸਾਫ਼ ਪਾਰਟੀ ਨੂੰ ਦ੍ਰਾਵਿੜ ਕੜਗਮ ਵਿੱਚ ਸ਼ਾਮਲ ਕਰ ਦਿੱਤਾ।

ਹੁਣ ਇਹੀ ਸੁਮੇਲ ਤਾਮਿਲਨਾਡੂ ਵਿੱਚ ਪਿਛਲੇ ਢਾਈ ਦਹਾਕਿਆ ਤੋਂ ਦ੍ਰਾਵਿੜ ਸਿਆਸਤ ਨੂੰ ਅੱਗੇ ਵਧਾਉਂਦੇ ਹੋਏ ਰਾਜ ਕਰ ਰਿਹਾ ਹੈ।

ਉਨ੍ਹਾਂ ਰੂਸ ਦਾ ਦੌਰਾ ਕੀਤਾ ਜਿੱਥੇ ਉਹ ਕਮਿਊਨਿਸਟ ਆਦਰਸ਼ਾਂ ਤੋਂ ਪ੍ਰਭਾਵਿਤ ਹੋਏ। ਇਸ ਦੌਰੇ ਮਗਰੋਂ ਉਨ੍ਹਾਂ ਨੇ ਕਮਿਊਨਿਸਟ ਪਾਰਟੀ ਦੇ ਮੈਨੀਫੈਸਟੋ ਦਾ ਪਹਿਲਾ ਤਾਮਿਲ ਅਨੁਵਾਦ ਪ੍ਰਕਾਸ਼ਿਤ ਕੀਤਾ।

ਉਨ੍ਹਾਂ ਦੇ ਔਰਤਾਂ ਦੀ ਆਜ਼ਾਦੀ ਬਾਰੇ ਵਿਚਾਰ ਅੱਜ ਦੇ ਮਾਪਦੰਡਾਂ ਅਨੁਸਾਰ ਵੀ ਇਨਕਲਾਬੀ ਮੰਨੇ ਜਾਂਦੇ ਹਨ।

ਉਨ੍ਹਾਂ ਬਾਲ ਵਿਆਹਾਂ ਨੂੰ ਖ਼ਤਮ ਕਰਨ ਲਈ ਪ੍ਰਚਾਰ ਕੀਤਾ, ਵਿਧਵਾ ਵਿਆਹ ਦਾ ਹੱਕ ਦਵਾਉਣ ਲਈ ਸੰਘਰਸ਼ ਕੀਤਾ। ਉਹ ਔਰਤਾਂ ਨੂੰ ਜੀਵਨ ਸਾਥੀ ਦੀ ਚੋਣ ਦਾ ਹੱਕ ਦੇਣ ਅਤੇ ਉਨ੍ਹਾਂ ਨੂੰ ਛੱਡਣ ਦਾ ਅਧਿਕਾਰ ਦੇਣ ਦੇ ਹਮਾਇਤੀ ਸਨ।

ਉਨ੍ਹਾਂ ਦਾ ਵਿਚਾਰ ਸੀ ਕਿ ਵਿਆਹਾਂ ਨੂੰ ਇਸਤਰੀ-ਪੁਰਸ਼ ਦਰਮਿਆਨ ਇੱਕ ਭਾਈਵਾਲੀ ਵਜੋਂ ਲਿਆ ਜਾਵੇ ਨਾ ਕਿ ਪ੍ਰਚਲਿਤ ਸਮਾਜਿਕ ਵਿਸ਼ਵਾਸ਼ਾਂ ਮੁਤਾਬਕ, ਇੱਕ ਪਵਿੱਤਰ ਗੱਠਜੋੜ ਵਾਂਗ।

ਉਨ੍ਹਾਂ ਦੇ ਚੇਲੇ ਵਿਆਹਾਂ ਵਿਚ ਰਸਮਾਂ ਦੀ ਉਲੰਘਣਾ ਕਰਦੇ ਸਨ। ਉਹ ਵਿਆਹ ਦੇ ਨਿਸ਼ਾਨ ਵਜੋਂ 'ਥਾਲੀ' (ਮੰਗਲ ਸੂਤਰ) ਪਹਿਨਣ ਤੋਂ ਇਨਕਾਰੀ ਸਨ।

ਇੱਕ ਮਹਿਲਾ ਕਾਨਫਰੰਸ ਦੌਰਾਨ ਹੀ ਉਨ੍ਹਾਂ ਨੂੰ ਮਸ਼ਹੂਰ ਨਾਮ 'ਪੇਰੀਯਾਰ' ਦਿੱਤਾ ਗਿਆ ਸੀ।

ਪੇਰੀਯਾਰ ਦਾ ਵਿਚਾਰ ਸੀ ਕਿ ਸਮਾਜ ਵਿਚ ਅੰਧ-ਵਿਸ਼ਵਾਸ ਅਤੇ ਵਿਤਕਰੇ ਦੀਆਂ ਜੜ੍ਹਾਂ ਵੈਦਿਕ ਹਿੰਦੂ ਧਰਮ ਵਿੱਚ ਹਨ, ਜਿਸ ਨੇ ਸਮਾਜ ਨੂੰ ਦਰਜਿਆਂ ਵਿੱਚ ਵੰਡਿਆ ਹੈ, ਇਸ ਦਰਜੇਬੰਦੀ ਵਿੱਚ ਬ੍ਰਾਹਮਣ ਸਿਖਰ 'ਤੇ ਸੀ।

ਇਸ ਲਈ, ਉਹ ਵੈਦਿਕ ਧਰਮ ਅਤੇ ਬ੍ਰਾਹਮਣ ਦੀ ਸਰਬਉੱਚਤਾ ਨੂੰ ਤੋੜਨਾ ਚਾਹੁੰਦੇ ਸਨ।

ਉਨ੍ਹਾਂ ਇੱਕ ਪੱਕੇ ਨਾਸਤਿਕ ਦੇ ਤੌਰ 'ਤੇ ਰੱਬ ਦੀ ਹੋਂਦ ਦੀ ਵਿਚਾਰਧਾਰਾ ਦੇ ਖ਼ਿਲਾਫ਼ ਪ੍ਰਚਾਰ ਕੀਤਾ।


ਉਹ ਦੱਖਣੀ ਰਾਜਾਂ ਦੇ ਆਜ਼ਾਦ ਭਾਰਤ ਦਾ ਹਿੱਸਾ ਬਣਨ ਦੇ ਵਿਰੁੱਧ ਸਨ। ਉਨ੍ਹਾਂ ਦੱਖਣੀ ਭਾਰਤ ਦੀ ਇਕ ਵੱਖਰੀ ਦ੍ਰਾਵਿੜ ਨਾਡੂ (ਦ੍ਰਾਵਿੜ ਦੇਸ਼) ਦੀ ਮੰਗ ਕੀਤੀ।

ਉਨ੍ਹਾਂ ਸਮਾਜ ਦੇ ਘੱਟ ਗਿਣਤੀ ਵਰਗਾਂ ਲਈ ਰਾਖਵਾਂਕਰਨ ਦੀ ਮੰਗ ਵੀ ਕੀਤੀ ਅਤੇ 1937 ਉਨ੍ਹਾਂ ਨੇ ਵਿੱਚ ਤਾਮਿਲ ਲੋਕਾਂ 'ਤੇ ਹਿੰਦੀ ਭਾਸ਼ਾ ਜ਼ਬਰਦਸਤੀ ਥੋਪੇ ਜਾਣ ਦਾ ਵਿਰੋਧ ਕੀਤਾ।

ਮਹਾਨ ਯਾਤਰੀ, ਪੇਰੀਯਾਰ ਨੇ ਤਾਮਿਲਨਾਡੂ ਦਾ ਵਿਆਪਕ ਦੌਰਾ ਕੀਤਾ ਅਤੇ ਕਈ ਜਨਤਕ ਇੱਕਠਾਂ ਨੂੰ ਸੰਬੋਧਨ ਕੀਤਾ।

ਉਨ੍ਹਾਂ ਦੀਆਂ ਬਹੁਤੀਆਂ ਸਭਾਵਾਂ ਵਿੱਚ ਇਹ ਗੱਲ ਹੁੰਦੀ ਸੀ: "ਕਿਉਂਕਿ ਮੈਂ ਕਿਹਾ ਹੈ ਇਸ ਲਈ ਕੁਝ ਵੀ ਨਾ ਅਪਣਾਓ। ਤੁਸੀਂ ਇਸ ਬਾਰੇ ਸੋਚੋ। ਜੇ ਤੁਹਾਡੇ ਮੁਤਾਬਕ ਇਹ ਅਪਨਾਉਣ ਯੋਗ ਹੈ, ਤਾਂ ਅਪਣਾਓ, ਨਹੀਂ ਤਾਂ ਛੱਡ ਦਿਓ।"

ਭਾਵੇਂ ਉਨ੍ਹਾਂ ਦੀ ਰਾਜਨੀਤੀ ਨਾਸਤਿਕਤਾ ਅਤੇ ਗੈਰ-ਬ੍ਰਾਹਮਣਵਾਦੀ ਵਿਚਾਰਧਾਰ 'ਤੇ ਆਧਾਰਿਤ ਸੀ ਪਰ ਉਨ੍ਹਾਂ ਆਜ਼ਾਦ ਭਾਰਤ ਦੇ ਪਹਿਲੇ ਗਵਰਨਰ ਜਨਰਲ ਆਪਣੇ ਮਿੱਤਰ ਰਾਜਾ ਗੋਪਾਲਚਾਰੀ ਨਾਲ ਚੰਗੇ



ਸੰਬੰਧ ਕਾਇਮ ਰੱਖੇ।

ਉਨ੍ਹਾਂ ਸੈਵੀਏਟ ਮੱਤ ਦੇ ਪੋਪ ਕੁੰਦਰਾਕੁਦੀ ਆਦਿਨਾਮ ਦਾ ਸਤਿਕਾਰ ਕੀਤਾ ਅਤੇ ਸਤਿਕਾਰ ਹਾਸਿਲ ਵੀ ਕੀਤਾ। ਉਨ੍ਹਾਂ ਨੂੰ ਤਰਕਸੰਗਤ, ਸਮਾਨਤਾਵਾਦ, ਸਵੈ-ਮਾਣ ਅਤੇ ਰੀਤੀ ਰਿਵਾਜ, ਧਰਮ ਅਤੇ ਪਰਮਾਤਮਾ ਦੀ ਧਾਰਨਾ, ਜਾਤ ਅਤੇ ਕੁਰਬਾਨੀਆਂ ਦੇ ਵਿਨਾਸ਼ ਨਾਲ ਵਧੇਰੇ ਜਾਣਿਆ ਜਾਂਦਾ ਹੈ।

ਸੱਜੇ ਪੱਖੀ ਲੋਕਾਂ ਵੱਲੋਂ ਉਨ੍ਹਾਂ ਦੀ ਧਾਰਮਿਕ ਭਾਵਨਾਵਾਂ ਅਤੇ ਪਰੰਪਰਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਵਿਅਕਤੀ ਕਹਿ ਕੇ ਆਲੋਚਨਾ ਕੀਤੀ ਜਾਂਦੀ ਹੈ।

# ਕੌਈ ਉਮੀਦ ਬਰ ਨਹੀਂ ਆਤੀ ਕੌਈ ਸੂਰਤ ਨਜ਼ਰ ਨਹੀਂ ਆਤੀ

**ਕੋਈ ਉਮੀਦ ਬਰ ਨਹੀਂ ਆਤੀ**
**ਕੋਈ ਸੂਰਤ ਨਜ਼ਰ ਨਹੀਂ ਆਤੀ**
**ਕਾਬਾ ਕਿਸ ਮੂੰਹ ਸੇ ਜਾਓਗੇ 'ਗਾਲਿਬ'**
**ਸ਼ਰਮ ਤੁਮਕੋ ਮਗਰ ਨਹੀਂ ਆਤੀ**

ਇਹ ਸਤਰਾਂ ਪੰਜਾਬ ਦੇ ਵਿੱਤ ਮੰਤਰੀ ਕੀ ਖ਼ਿਦਮਤ ਮੇਂ ਅਰਜ਼ ਹੈਂ, ਉਹਨਾਂ ਦੇ ਅੰਦਾਜ਼-ਏ-ਬਿਆਂ ਕਰਕੇ। ਮਿਠਾਸ ਭਰੀ ਉਰਦੂ ਜ਼ੁਬਾਨ ਨਾਲ ਲਬਰੇਜ ਵਿੱਤ ਮੰਤਰੀ ਦੀ ਬੋਲੀ ਕਰਕੇ ਕਈ ਲੋਕ ਉਹਨਾਂ ਦੇ ਕਾਇਲ ਹਨ। ਇਹ ਕੰਮ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਵੀ ਕਦੇ ਕਦੇ ਕਰ ਲੈਂਦੇ ਸਨ ਪਰ ਹਰ ਵਾਰ ਮਿਰਜ਼ਾ ਗਾਲ਼ਿਬ ਬਣਦੇ ਬਣਦੇ ਵਿਵਾਦਾਂ 'ਚ ਘਿਰ ਜਾਂਦੇ ਸਨ। ਮਿਸਾਲ ਵਜੋਂ, ਕੋਲ ਸਕੈਮ ਵੇਲੇ ਜਦੋਂ ਉਹਨਾਂ ਨੂੰ ਵਿਰੋਧੀ ਧਿਰ ਨੇ ਪਾਰਲੀਮੈਂਟ 'ਚ ਘੇਰਿਆ ਤਾਂ ਉਹਨਾਂ ਨੇ ਕੁੱਝ ਇਸ ਤਰ੍ਹਾਂ ਕਹਿਕੇ ਦੇਸ਼ ਦੇ ਵੱਡੇ ਘੁਟਾਲੇ ਸੰਬੰਧੀ ਚੁੱਪ ਧਾਰ ਲਈ ਸੀ :

**ਹਜਾਰੋਂ ਜਵਾਬੋਂ ਸੇ ਅੱਛੀ ਹੈ ਖ਼ਾਮੋਸ਼ੀ ਮੇਰੀ**
**ਨਾ ਜਾਨੇ ਕਿਤਨੇ ਸਵਾਲੋਂ ਕੀ ਆਬਰੂ ਰੱਖੇ।**

ਕੁੱਝ ਇਸ ਤਰ੍ਹਾਂ ਹੀ ਮਨਮੋਹਨ ਸਿੰਘ ਦੇ ਚੇਲੇ ਮਨਪ੍ਰੀਤ ਬਾਦਲ ਅੰਦਰ ਅੱਜ ਕੱਲ ਉਹਨਾਂ ਦੀ ਆਤਮਾ ਪ੍ਰਵੇਸ਼ ਕਰ ਗਈ ਹੈ ਤੇ ਮੋਨ ਤੋੜਣ ਦੇ ਬਾਵਜੂਦ ਭਟਕ ਰਹੀ ਹੈ।

ਪੰਜਾਬ 'ਚ ਕਾਂਗਰਸ ਸਰਕਾਰ ਦੇ ਸੱਤਾ 'ਚ ਇੱਕ ਸਾਲ ਪੂਰੇ ਹੋਣ ਤੇ ਏਬੀਪੀ ਨਿਊਜ ਵੱਲੋਂ ਕਰਵਾਏ ਗਏ 'ਸਿਖਰ ਸੰਮੇਲਨ' 'ਚ ਵਿੱਤ ਮੰਤਰੀ ਦੀ ਗੱਲ-ਬਾਤ ਖ਼ਾਸ ਧਿਆਨ ਦੀ ਮੰਗ ਕਰਦੀ ਹੈ। ਇਸ ਸਮੇਂ ਕੀਤੀ ਸ਼ੇਅਰੋ ਸ਼ਾਇਰੀ ਤੋਂ ਵਿੱਤ ਮੰਤਰੀ ਤੇ ਉਸਦੀ ਸਰਕਾਰ ਦੇ ਵਿਤ ਦਾ ਹਾਲ ਭਲੀ-ਭਾਂਤ ਸਮਝਿਆ ਜਾ ਸਕਦਾ ਹੈ। ਇਹ ਦੇਖਣਾ ਜ਼ਰੂਰੀ ਹੈ ਕਿ ਵਿੱਤ ਮੰਤਰੀ ਨੇ ਪੰਜਾਬ ਦੇ ਦਰਦ ਲਈ ਜੋ ਭਾਵੁਕਤਾ ਦੇ ਤੀਰ ਛੱਡੇ ਉਹ ਆਖਰ ਕਿਸ ਟਿਕਾਣੇ ਤੇ ਜਾ ਕੇ ਲੱਗਣੇ ਹਨ। ਜਾਂ ਕੀ ਉਹ ਤੀਰ ਹਨ ਵੀ ? ਇਹ ਵੀ ਦੇਖਣ ਵਾਲੀ ਗੱਲ ਹੈ ਕਿ ਉਹਨਾਂ ਨੇ ਜਿੰਨੀ ਭਾਵੁਕਤਾ ਤੇ 'ਹੱਡੀਆਂ ਦਾ ਸੁਰਮਾ' ਬਣਾਕੇ ਪੰਜਾਬ ਨੂੰ ਪੈਰਾਂ ਸਿਰ ਕਰਨ ਦੀਆਂ ਗੱਲਾਂ ਕੀਤੀਆਂ ਉਹਨਾਂ 'ਚ ਕਿੰਨੀ ਕੁ ਅਸਲੀਅਤ ਹੈ। ਉਹਨਾਂ ਦੀ 43 ਮਿੰਟ ਦੀ ਗੱਲ-ਬਾਤ 'ਚ ਕੁਝ ਵੀ ਖ਼ਾਸ ਨਹੀਂ ਸੀ ਸਿਵਾਏ ਸ਼ੇਅਰੋ ਸ਼ਾਇਰੀ ਦੇ।

- ਪੰਜਾਬ ਦੀ ਲੜਾਈ ਆਰਥਿਕਤਾ, ਸਿੱਖਿਆ ਤੇ ਮਨੁੱਖੀ ਸਰੋਤਾਂ ਦੀ ਲੜਾਈ ਨਹੀਂ ਹੈ ਬਲਕਿ ਇਹ ਲੜਾਈ ਉਸਦੀ ਪੱਗ (ਵਕਾਰ) ਦੀ ਲੜਾਈ ਹੈ।
- ਕੇਂਦਰ ਸਰਕਾਰ ਵੱਲੋਂ ਲਾਗੂ ਕੀਤੀ ਜੀਐਸਟੀ ਪੰਜਾਬ ਸਰਕਾਰ (ਰਾਜਕੀ ਆਰਥਿਕਤਾ) ਲਈ ਹੈਲਪਲਾਇਨ ਹੈ।
- ਪੰਜਾਬ ਨੂੰ ਭਾਰਤ ਦੇ ਮੱਥੇ ਦਾ ਚੰਨ ਬਣਾਉਣਾ ਹੈ।
- ਜਪਾਨ, ਚੀਨ, ਕੋਰੀਆ ਨੂੰ ਨਿਵੇਸ਼ ਲਈ ਪੰਜਾਬ ਲੈ ਕੇ ਆਵਾਂਗੇ

ਇਹ ਸਾਰੇ ਉਪਾਅ ਜਿੰਨੇ ਧੜੱਲੇ ਤੇ ਆਸ ਨਾਲ ਵਿੱਤ ਮੰਤਰੀ ਸੁਝਾਅ ਰਿਹਾ ਸੀ ਉਨੇ ਹੀ ਧੜੱਲੇ ਨਾਲ ਕਿਸੇ ਸਮੇਂ ਮਨਮੋਹਨ ਸਿੰਘ ਵੀ ਸੁਝਾਉਂਦੇ ਹੁੰਦੇ ਸਨ ਜਦੋਂ ਉਹ ਨਵੀਂਆਂ ਆਰਥਿਕ ਨੀਤੀਆਂ ਦੇ ਭਾਰਤ 'ਚ ਸਭ ਤੋਂ ਵੱਡੇ ਝੰਡਾਬਰਦਾਰ ਬਣਕੇ ਸਾਹਮਣੇ ਆਏ ਸਨ। ਮਨਪ੍ਰੀਤ ਬਾਦਲ ਉਹਨਾਂ ਰਾਹਾਂ ਦਾ ਹੀ ਰਾਹੀ ਹੈ। ਉਹ ਪੰਜਾਬ ਦੀ ਗਤੀ ਨਿੱਜੀਕਰਨ ਦੀਆਂ ਨੀਤੀਆਂ ਚੋਂ ਵੇਖ ਰਿਹਾ ਹੈ ਜਿੰਨਾ ਨੂੰ ਪੰਜਾਬ ਸਮੇਤ ਪੂਰੇ ਭਾਰਤ 'ਚ ਵੱਖ ਵੱਖ ਰੰਗ ਦੇ ਹਾਕਮ ਲਾਗੂ ਕਰਨ ਲਈ ਪੱਬਾਂ-ਭਾਰ ਹਨ। ਉਹ ਕੁਝ ਵੀ ਨਵਾਂ ਨਹੀਂ ਕਰ ਰਿਹਾ। ਉਹੀ ਪੁਰਾਣੀ ਸ਼ਰਾਬ ਤੇ ਉਹੀ ਪੁਰਾਣੀ ਬੋਤਲ। ਉਹਨੂੰ 55 ਸਾਲ ਪਹਿਲਾਂ ਵਾਲੇ ਪੰਜਾਬ ਦੀ ਯਾਦ ਵੀ ਸਤਾਉਂਦੀ ਹੈ। ਇਹ ਸ਼ਾਇਦ 55 ਸਾਲ ਪਹਿਲਾਂ ਵਾਲੀ ਕਾਂਗਰਸੀ ਹਕੂਮਤ ਕਰਕੇ ਹੋਵੇ। ਜਾਂ ਉਹ ਸਿੱਧੂ ਦੁਆਰਾ ਆਪਣੇ ਆਪ ਨੂੰ ਜਮਾਂਦਰੂ ਕਾਂਗਰਸੀ ਸਿੱਧ ਕਰਨ ਵਾਂਗ ਇਹ ਜਿਤਾਉਣਾ ਚਾਹੁੰਦੇ ਹੋਣ ਕਿ ਉਹ ਤਾਂ ਬਚਪਨ ਤੋ ਹੀ ਕਾਂਗਰਸ ਦੀਆਂ ਨੀਤੀਆਂ ਦੇ ਕਾਇਲ ਰਹੇ ਹਨ।

ਅਸਲ ਵਿੱਚ ਦੇਸ਼ ਦੁਨੀਆਂ 'ਚ ਸਾਮਰਾਜੀ ਸਰਮਾਏਦਾਰਾ ਪ੍ਰਬੰਧ ਦਾ ਬੁਰੀ ਤਰਾਂ ਦਿਵਾਲਾ ਨਿਕਲ ਚੁੱਕਾ ਹੈ। ਇਸਦੀਆਂ ਉਦਾਰਵਾਦੀ ਨੀਤੀਆਂ ਜਿੱਥੇ ਜਿੱਥੇ ਲਾਗੂ ਕੀਤੀਆਂ ਗਈਆਂ ਇਹਨਾਂ ਨੇ ਉੱਥੇ ਉਝਾੜਾ ਹੀ ਪਾਇਆ ਹੈ। ਸਾਡੇ ਦੇਸ਼ ਦੇ ਹਾਕਮ ਦੇਸ਼ ਦੀ ਆਰਥਿਕਤਾ ਦੀ ਸਿਹਤਯਾਬੀ ਲਈ ਉਦਾਰਵਾਰੀ ਨੀਤੀਆਂ ਰੂਪੀ ਜਿਸ ਦਵਾ ਦੀ ਵਰਤੋਂ ਕਰ ਰਹੇ ਹਨ ਅਸਲ 'ਚ ਇਹੋ ਮਰਜ ਦੇ ਵੱਧਣ ਦਾ ਕਾਰਨ ਹਨ। ਤੇ ਮਨਪ੍ਰੀਤ ਬਾਦਲ ਇਸ ਰੋਗ ਨੂੰ ਹੋਰ ਵਧਾਉਣ ਦੇ ਐਲਾਨੀਆ ਉਪਾਅ ਸੁਝਾਅ ਰਿਹਾ ਹੈ। ਪਰ ਹਾਕਮ ਖੁਦ ਵੀ ਲੱਖ ਯਤਨ ਦੇ ਬਾਵਜੂਦ ਇਹ ਇਲਾਜ ਕਰਨ 'ਚ ਪੂਰੀ ਤਰਾਂ ਕਾਮਯਾਬ ਨਹੀਂ ਹੋ ਪਾ ਰਹੇ। ਇਸ ਲਈ ਉਹ ਲੋਕਾਂ ਦੇ ਹਰ ਸਵਾਲ ਦੇ ਜਵਾਬ ਨੂੰ ਸ਼ੇਅਰੋ ਸ਼ਾਇਰੀ ਦਾ ਆਸਰਾ ਲੈ ਕੇ ਗੋਲ ਕਰ ਰਹੇ ਹਨ। ਜੁਮਲਾ ਵੀ ਸਿਆਸੀ ਭੰਡਗਿਰੀ ਦਾ ਨਵਾਂ ਰੂਪ ਹੈ ਜਿਸ ਵਿਧਾ ਦੀ ਭਾਰਤੀ ਵੋਟ ਸਿਆਸਤ 'ਚ ਖੂਬ ਵਰਤੋਂ ਹੋ ਰਹੀ ਹੈ। ਸ਼ਾਇਰੀ ਦਾ ਹੀ ਨਹੀਂ ਹੁਣ ਉਹ ਪ੍ਰਮਾਤਮਾ ਦੀ ਢੋਈ ਵੀ ਲੈ ਰਹੇ ਹਨ। ਜਿਵੇਂ ਮਨਪ੍ਰੀਤ ਬਾਦਲ ਨੂੰ "ਭਗਵਾਨ" ਨੇ ਵਿੱਤ ਮੰਤਰੀ ਬਣਾ ਦਿੱਤਾ, ਅਕਾਲੀ ਦਲ ਵਾਲੇ ਬਾਦਲਾਂ ਨੂੰ ਜੇ ਉਹਨਾਂ ਦੀ ਸਰਕਾਰ ਨਾ ਵੇਖ ਸਕੀ ਤਾਂ "ਪ੍ਰਮਾਤਮਾ" ਵੇਖ ਲਵੇਗਾ, ਪ੍ਰਮਾਤਮਾ ਉਹਨਾਂ ਦੀ ਪੰਜਾਬ ਦੇ ਹਿੱਤਾਂ ਪ੍ਰਤੀ ਹਮਦਰਦੀ ਦੀ ਨੀਅਤ ਵੇਖ ਰਿਹਾ ਹੈ ਤੇ ਜੇਕਰ ਪ੍ਰਮਾਤਮਾ ਨੇ ਚਾਹਿਆ ਤਾਂ ਡਰੱਗ ਮਾਫੀਆ ਵਾਲੇ ਸਾਰੇ ਅੰਦਰ ਹੋ ਜਾਣਗੇ।

ਅਸਲ 'ਚ ਹਾਕਮ ਜਮਾਤਾਂ ਦੇ ਨੁਮਾਇੰਦਿਆਂ ਦੀ ਰੱਬ ਵੀ ਢੋਈ ਨਹੀਂ ਬਣ ਰਿਹਾ। ਉਹਨਾਂ ਕੋਲ ਲੋਕਾਂ ਦੀ ਬਿਹਤਰੀ ਦਾ ਕੋਈ ਇਲਾਜ ਨਹੀਂ ਹੈ। ਨੀਅਤ, ਨੀਤੀ ਤੋਂ ਜਾਹਰ ਹੈ। ਇਹ ਹੁਣ ਲੋਕਾਂ ਨੇ ਦੇਖਣਾ ਹੈ ਕਿ ਉਹ ਸਰਕਾਰ ਤੇ ਪ੍ਰਮਾਤਮਾ ਵੱਲ ਵੇਖਦੇ ਰਹਿਣ ਜਾਂ ਕੋਈ ਆਵਦਾ ਹੀਲਾ ਕਰਨ।

**- ਮਨਦੀਪ**

# ਸ਼ਬਦਾਂ ਤੋਂ ਦ੍ਰਿਸ਼-ਲੜੀ ਬਣਨ ਦਾ ਬਿਖੜਾ ਪੈਂਡਾ

## ਕਿਤਾਬਾਂ ਤੇ ਆਧਾਰਿਤ ਹਿੰਦੀ ਸਿਨੇਮਾ (ਭਾਗ-ਤੀਜਾ)

ਪਰਦੇ ਦੀਆਂ ਪਰਤਾਂ-11




ਕੁਲਦੀਪ ਕੌਰ
98554-04330

ਭਾਰਤੀ ਸਿਨੇਮਾ ਦੇ ਸੰਦਰਭ ਵਿੱਚ ਸਾਹਿਤ ਅਤੇ ਸਿਨੇਮਾ ਦੇ ਆਪਸੀ ਸਬੰਧਾਂ ਬਾਰੇ ਕੀਤਾ ਕੋਈ ਵੀ ਤਬਸਰਾ ਫਿਲਮਸ਼ਾਜ਼ ਵਿਸ਼ਾਲ ਭਾਰਦਵਾਜ ਦੇ ਜ਼ਿਕਰ ਤੋਂ ਬਿਨਾਂ ਅਧੂਰਾ ਹੈ। ਉਸ ਨੇ ਸ਼ੈਕਸ਼ਪੀਅਰ ਦੇ ਡਰਾਮੇ 'ਮੈਕਬੈਥ' ਨੂੰ ਫਿਲਮ 'ਮਕਬੂਲ' ਵਿੱਚ, ਰਸਕਿਨ ਬਾਂਡ ਦੀ ਕਹਾਣੀ 'ਬਲੂ ਅਬਰੇਲਾ' ਨੂੰ ਫਿਲਮ 'ਬਲੂ ਅਬਰੇਲਾ' ਵਿੱਚ, ਰਸਕਿਨ ਬਾਂਡ ਦੀ ਹੀ ਇੱਕ ਹੋਰ ਕਹਾਣੀ 'ਸੂਸਨਜ਼ ਸੈਵਨ ਹਸਬੈਂਡਜ਼' ਨੂੰ 'ਸਾਤ ਖੂਨ ਮਾਫ' ਅਤੇ ਸ਼ੈਕਸ਼ਪੀਅਰ ਦੇ ਹੀ ਡਰਾਮੇ 'ਹੈਮਲੈਟ' ਨੂੰ ਫਿਲਮ 'ਹੈਦਰ' ਵਿੱਚ ਢਾਲਿਆ। ਇਹਨਾਂ ਵਿੱਚੋਂ ਫਿਲਮ 'ਹੈਦਰ' ਆਪਣੀ ਗੁੰਝਲਦਾਰ ਸਿਆਸੀ ਪਟਕਥਾ




ਅਤੇ ਮੰਝੇ ਹੋਏ ਕਿਰਦਾਰਾਂ ਕਾਰਨ ਕਾਫੀ ਚਰਚਾ ਵਿੱਚ ਰਹੀ।

2003 ਵਿੱਚ ਆਈ ਫਿਲਮ 'ਮਕਬੂਲ' ਵਿੱਚ ਫਿਲਮਸ਼ਾਜ਼ ਭਵਿੱਖਬਾਣੀ ਕਰਤਾ ਦੇ ਤੌਰ ਤੇ ਸ਼ੈਕਸ਼ਪੀਅਰ ਵਾਂਗ ਔਰਤ ਕਿਰਦਾਰਾਂ ਦੀ ਥਾਂ ਦੋ ਭ੍ਰਿਸ਼ਟ ਪੁਲਿਸ ਅਫਸਰਾਂ ਨੂੰ ਚੁਣਦਾ ਹੈ। ਓਮਪੁਰੀ ਅਤੇ ਨਸੀਰੂਦੀਨ ਸ਼ਾਹ ਅੱਬਾ ਜੀ (ਪੰਕਜ ਕਪੂਰ) ਦੀ ਮੌਤ ਦੀ ਭਵਿੱਖਬਾਣੀ ਕਰਦੇ ਹਨ। ਉਹਨਾਂ ਨੂੰ ਅੰਦਾਜ਼ਾ ਹੈ ਕਿ ਜਿੱਥੇ ਫਿਲਮ ਦਾ ਮੁੱਖ ਕਿਰਦਾਰ ਮਕਬੂਲ (ਇਰਫਾਨ ਖਾਨ) ਅੱਬਾ ਜੀ ਨੂੰ ਮਾਰਕੇ ਅਪਰਾਧ ਦੀ ਸੱਤਾ ਦਾ ਮੁਖੀ ਬਣਨ ਦੀ ਫਿਰਾਕ ਵਿੱਚ




ਹੈ ਉੱਥੇ ਅੱਬਾ ਦੀ ਰਖੇਲ ਨਿੰਮੀ (ਤੱਬੂ) ਉਸ ਦੀ ਵਫਾਦਾਰ ਨਾ ਰਹਿਕੇ ਮਕਬੂਲ ਦੀ ਬੇਗਮ ਬਣਨ ਦਾ ਸੁਪਨਾ ਪਾਲੀ ਬੈਠੀ ਹੈ। ਮਕਬੂਲ ਇੱਕ-ਇੱਕ ਕਰਕੇ ਅੱਬਾ ਦੇ ਉਹਨਾਂ ਵਫਾਦਾਰਾਂ ਨੂੰ ਖਤਮ ਕਰੀ ਜਾਂਦਾ ਹੈ ਜਿਹਨਾਂ ਬਾਰੇ ਉਸ ਨੂੰ ਲੱਗਦਾ ਹੈ ਕਿ ਉਹ ਅੱਬਾ ਦੀ ਗੱਦੀ ਦੇ ਹੱਕਦਾਰ ਹੋ ਸਕਦੇ ਹਨ। ਇੱਕ ਦਿਨ ਮੌਕਾ ਦੇਖਕੇ ਉਹ ਅੱਬਾ ਦਾ ਵੀ ਕਤਲ ਕਰ ਦਿੰਦਾ ਹੈ। ਇੱਥੋਂ ਕਹਾਣੀ ਮਨੋਵਿਗਿਆਨਕ ਮੋੜ ਕੱਟਦੀ ਹੈ। ਭਰਮਾਂ-ਭੁਲੇਖਿਆਂ ਅਤੇ ਕਤਲ ਬਾਰੇ ਦਿਨ ਰਾਤ ਦਾ ਅਪਰਾਧ-ਬੋਧ ਉਹਨਾਂ ਦਾ ਜੀਣਾ ਹਰਾਮ ਕਰ ਦਿੰਦਾ ਹੈ। ਉਹਨਾਂ ਨੂੰ ਲੱਗਦਾ ਹੈ ਕਿ ਅੱਬਾ ਜੀ ਦੀ ਆਤਮਾ ਉਹਨਾਂ ਨੂੰ ਹਰ ਪਲ ਲਾਹਣਤ ਪਾ ਰਹੀ ਹੈ। ਇਸ ਨਾਲ ਓਹ ਅੰਦਰੋਂ-ਅੰਦਰ ਘੁਲਣ ਲੱਗਦੇ ਹਨ। ਉਹਨਾਂ ਦਾ ਦਰਦਨਾਕ ਅੰਤ ਹੁੰਦਾ ਹੈ। ਫਿਲਮ ਦੀ ਟੋਨ ਦਾਰਸ਼ਿਨਕ ਹੈ। ਪਿੱਠ ਵਿੱਚ ਛੁਰਾ ਘੋਪਣ ਦੇ ਮੁਹਾਵਰੇ ਨੂੰ ਜਿੰਨੀ ਖੂਬਸੂਰਤੀ ਨਾਲ ਇਸ ਫਿਲਮ ਵਿੱਚ ਢਾਲਿਆ ਗਿਆ ਹੈ, ਉਨ੍ਹੀ ਹੀ ਖੂਬਸੂਰਤੀ ਨਾਲ ਫਿਲਮ ਨੂੰ ਫਿਲਮਾਇਆ ਗਿਆ ਹੈ। ਦ੍ਰਿਸ਼ ਦਰ ਦ੍ਰਿਸ਼ ਫਿਲਮ ਦਰਸ਼ਕਾਂ ਦੇ ਅੰਦਰ ਇੱਕ ਅਣਕਿਹਾ ਤੇ ਬੇਪਛਾਣਾ ਡਰ ਪੈਂਦਾ ਕਰਦੀ ਜਾਂਦੀ ਹੈ। ਇੱਕ ਤਰ੍ਹਾਂ ਨਾਲ ਦਰਸ਼ਕ ਦੋਵੇਂ ਮੁੱਖ ਕਿਰਦਾਰਾਂ ਦੀ ਕਸ਼ਮਕਸ਼ ਅਤੇ ਬੇਬਸੀ ਤੋਂ ਇੰਨਾ ਅਸਹਿਜ ਹੋ ਜਾਂਦਾ ਹੈ ਕਿ ਉਹਨਾਂ ਦੀ ਮੌਤ ਨਾਲ ਉਹ ਰਿਹਾਈ ਮਹਿਸੂਸ ਕਰਦਾ ਹੈ। ਕੁੱਝ ਹੱਦ ਤੱਕ ਇਸ ਵਿੱਚ ਸ਼ੈਕਸ਼ਪੀਅਰ ਦੀ ਲ਼ਿਖਤ ਦੇ ਜਾਦੂ ਦਾ ਵੀ ਹੱਥ ਮੰਨਿਆ ਜਾ ਸਕਦਾ ਹੈ।

ਦੂਜੇ ਪਾਸੇ ਫਿਲਮ 'ਉਮਕਾਰਾ' ਉੱਤਰ-ਪ੍ਰਦੇਸ਼ ਦੀ ਜ਼ਮੀਨੀ ਸਿਆਸਤ ਦੇ ਧਰਾਤਲ ਤੇ ਬਣੀ ਫਿਲਮ ਹੈ। ਫਿਲਮ ਸ਼ੈਕਸ਼ਪੀਅਰ ਦੀ ਲ਼ਿਖਤ 'ਉਥੈਲੋ' ਤੇ ਆਧਾਰਿਤ ਹੈ। ਫਿਲਮ ਦੀ ਕਹਾਣੀ ਅਨੁਸਾਰ ਉਮੀ (ਅਜੈ ਦੇਵਗਨ) ਸਿਆਸੀ ਨੇਤਾ ਤਿਵਾੜੀ ਭਾਈ ਸਾਹਿਬ (ਨਸੀਰੂਦੀਨ ਸ਼ਾਹ) ਦਾ ਸੱਜਾ ਹੱਥ ਹੈ। ਉਸ ਨੇ ਅਗਲੇ ਦਿਨਾਂ ਵਿੱਚ ਸੂਬੇ ਦੀ ਸਿਆਸਤ ਵਿੱਚ ਮਹੱਤਵਪੂਰਣ ਰੋਲ ਅਦਾ ਕਰਨਾ ਹੈ। ਸ਼ਹਿਰ ਦੇ ਮਸ਼ਹੂਰ ਵਕੀਲ ਰਘੂਨਾਥ ਮਿਸ਼ਰਾ ਦੀ ਬੇਟੀ ਡੌਲੀ (ਕ੍ਰਿਸ਼ਮਾ ਕਪੂਰ) ਉਸ ਨਾਲ ਵਿਆਹ ਕਰਨਾ ਚਾਹੁੰਦੀ ਹੈ ਅਤੇ ਉਸ ਨੂੰ ਆਪਣੇ ਦਮ ਤੇ ਘਰ ਤੋਂ ਭਜਾਕੇ ਲੈ ਜਾਣ ਦੀ ਸਲਾਹ ਦਿੰਦੀ ਹੈ। ਉਸ ਦੇ ਬਹਿਕਾਵੇ ਵਿੱਚ ਆਕੇ ਉਮੀ ਆਪਣੇ ਦੋਸਤਾਂ ਈਸ਼ਵਰ ਲੰਗੜਾ ਤਿਆਗੀ ਅਤੇ ਕੇਸ਼ਵ ਕੇਸ਼ੂ ਫਾਰੰਗੀ ਦੀ ਸਹਾਇਤਾ ਨਾਲ ਉਸ ਨੂੰ ਵਿਆਹ ਵਾਲੇ ਦਿਨ ਅਗਵਾ ਕਰ ਲੈਂਦਾ ਹੈ। ਉਸਦਾ ਵਕੀਲ ਪਿਤਾ ਸਭ ਕੁਝ ਜਾਣਦਿਆਂ ਵੀ ਬੇਬੱਸ ਹੋ ਕੇ ਰਹਿ ਜਾਂਦਾ ਹੈ। ਸ਼ੈਕਸ਼ਪੀਅਰ ਦੇ ਬਾਕੀ ਡਰਾਮਿਆਂ ਦੀ ਤਰ੍ਹਾਂ 'ਉਮਕਾਰਾ' ਵਿੱਚ ਵੀ ਇੱਕ ਪਿਤਾ ਦੀ ਬੇਬਸੀ ਬੇਕਾਰ ਨਹੀਂ ਜਾਂਦੀ। ਨਿਆਂ ਹੋਰ ਭੇਸ ਵਿੱਚ ਵਾਪਰਦਾ ਹੈ ਜਦੋਂ ਆਪਣੇ ਪਿਆਰੇ ਨੇਤਾ ਦੇ ਮੈਂਬਰ ਪਾਰਲੀਮੈਂਟ ਬਣਨ ਤੋਂ ਬਾਅਦ ਉਮੀ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਪਾਰਟੀ ਵੱਲੋਂ ਚੁਣ ਲਿਆ ਜਾਂਦਾ ਹੈ। ਇੱਥੇ ਨਿਰਦੇਸ਼ਕ ਬਹੁਤ ਖੂਬਸੂਰਤੀ ਨਾਲ ਉਸ ਹਿੰਸਾ ਨੂੰ ਰੂਪਮਾਨ ਕਰਦਾ ਹੈ ਜਿਹੜੀ ਭਾਰਤੀ ਨੇਤਾਗਿਰੀ ਵਿੱਚ ਨੇਤਾ ਦਾ ਕੱਦ ਵੱਧਣ ਦੇ ਨਾਲ ਨਾਲ ਵੱਧਦੀ ਹੈ। ਆਪਣੀ ਨੇਤਾ ਬਣਨ




ਦੀ ਹਵਸ ਨੂੰ ਪੂਰਾ ਕਰਨ ਲਈ ਉਮੀ ਕਤਲਾਂ ਤੇ ਵੀ ਉਤਰੂ ਹੋ ਜਾਂਦਾ ਹੈ। ਉਹ ਲੰਗੜਾ ਤਿਆਗੀ ਦੀ ਬਿਜਾਏ ਕੇਸ਼ੂ ਨੂੰ ਆਪਣਾ ਉੱਤਰ-ਅਧਿਕਾਰੀ ਥਾਪ ਦਿੰਦਾ ਹੈ ਜਿਸ ਦਾ ਲੰਗੜਾ ਤਿਆਗੀ ਦੇ ਮਨੋਵਿਗਿਆਨ ਤੇ ਬਹੁਤ ਗਹਿਰਾ ਅਸਰ ਪੈਂਦਾ ਹੈ। ਉਹ ਬਦਲੇ ਦੀ ਅੱਗ ਵਿੱਚ ਜਲਣ ਲੱਗਦਾ ਹੈ। ਸਭ ਤੋਂ ਪਹਿਲਾਂ ਉਹ ਕੇਸ਼ੂ ਅਤੇ ਉਮੀ ਵਿੱਚ ਗਲਤਫਹਿਮੀਆਂ ਪੈਦਾ ਕਰਦਾ ਹੈ। ਇਸ ਤੋਂ ਬਾਅਦ ਉਹ ਉਮੀ ਦੇ ਮਨ ਵਿੱਚ ਕੇਸ਼ੂ ਅਤੇ ਡੌਲੀ ਵਿਚਕਾਰ ਨਜ਼ਾਇਜ਼ ਰਿਸ਼ਤਾ ਹੋਣ ਦਾ ਭਰਮ ਪੈਂਦਾ ਕਰਦਾ ਹੈ। ਗੁੱਸੇ ਵਿੱਚ ਆਇਆ ਉਮੀ ਡੌਲੀ ਦਾ ਕਤਲ ਕਰ ਦਿੰਦਾ ਹੈ ਅਤੇ ਉਸ ਦੀ ਅਰਧ-ਸਹਿਮਤੀ ਨਾਲ ਲੰਗੜਾ ਤਿਆਗੀ ਕੇਸ਼ੂ ਨੂੰ ਗੋਲੀ ਮਾਰ ਦਿੰਦਾ ਹੈ। ਸਾਰੇ ਪਾਤਰ ਇੱਕ-ਦੂਜੇ ਨਾਲ ਲਗਾਉ ਰੱਖਣ ਦੇ ਬਾਵਜੂਦ ਲੰਗੜਾ ਤਿਆਗੀ ਦੀ ਲਾਲਸਾ, ਜ਼ਿੱਦ, ਹਵਸ ਅਤੇ ਈਰਖਾ ਦੀ ਅੱਗ ਵਿੱਚ ਜਲ ਜਾਂਦੇ ਹਨ।




ਫਿਲਮ 'ਬਲੂ ਅਬਰੇਲਾ' ਆਪਣੀ ਮਾਸੂਮੀਅਤ ਅਤੇ ਬਿਨੀਆਂ ਦੇ ਕਿਰਦਾਰ ਕਾਰਨ ਜਾਣੀ ਜਾਂਦੀ ਹੈ। ਰਸਕਿਨ ਬਾਂਡ ਦੇ ਇਸੇ ਨਾਮ ਦੇ ਨਾਵਲ ਤੇ ਆਧਾਰਿਤ ਇਹ ਫਿਲਮ ਪਿਆਰ-ਮੁਹੱਬਤ ਨਾਲ ਹੱਸਦੇ-ਵਸਦੇ ਇੱਕ ਪਹਾੜੀ ਪਿੰਡ ਵਿੱਚ ਇੱਕ ਨੀਲੀ ਛੱਤਰੀ ਨੂੰ ਪ੍ਰਾਪਤ ਕਰਣ ਦੀ ਹੋੜ੍ਹ ਤੇ ਘੜੀ ਗਈ ਹੈ। ਲਾਲਸਾ ਕਿਵੇਂ ਮਨੁੱਖੀ ਸੰਵੇਦਨਾ ਦੀ ਬਲੀ ਲੈ ਲੈਂਦੀ ਹੈ, ਇਸ ਨੂੰ ਸ਼ੰਵੇਦਨਸ਼ੀਲ ਤਰੀਕੇ ਨਾਲ ਇਸ ਫਿਲਮ ਵਿੱਚ ਫਿਲਮਾਇਆ ਗਿਆ ਹੈ।

ਵਿਸ਼ਾਲ ਭਾਰਦਵਾਜ ਦੀ ਜਿਸ ਫਿਲਮ ਦੀ ਸਭ ਤੋਂ ਵੱਧ ਚਰਚਾ ਹੋਈ ਹੈ ਉਹ ਹੈ-ਹੈਦਰ। ਇਹ ਫਿਲਮ ਸ਼ੈਕਸ਼ਪੀਅਰ ਦੇ ਡਰਾਮੇ 'ਹੈਮਲੈਟ' ਤੇ ਆਧਾਰਿਤ ਸੀ ਪਰ ਇਸ ਦਾ ਸਕਰੀਨ ਪਲੇਅ ਕਸ਼ਮੀਰੀ ਲੇਖਕ ਬਸ਼ਰਤ ਪੀਰ ਨੇ ਲਿਖਿਆ। ਫਿਲਮ ਆਪਣੀ ਸਿਆਸੀ ਪਟਕਥਾ ਅਤੇ ਸ਼ਾਹਿਦ ਕਪੂਰ ਦੀ ਭਾਵਪੂਰਤ ਅਦਾਕਾਰੀ ਕਾਰਣ ਭਾਰਤ ਦੀਆਂ ਚੋਣਵੀਆਂ ਫਿਲਮਾਂ ਵਿੱਚ ਸ਼ੁਮਾਰ ਹੋ ਚੁੱਕੀ ਹੈ। ਕਸ਼ਮੀਰ ਦੀ ਸਿਆਸਤ ਨਾਲ ਰਲਗੱਡ ਹੋਈ ਇਸ ਫਿਲਮ ਉਹਨਾਂ ਬੇਪਛਾਣ ਕਬਰਾਂ ਦੀ ਗੱਲ ਕਰਦੀ ਹੈ ਜਿਹੜੀਆਂ ਕਸ਼ਮੀਰੀਆਂ ਤੇ ਵਾਪਰੇ ਕਹਿਰ ਦੀ ਕਹਾਣੀ ਸੁਣਾਉਂਦੀਆਂ ਹਨ। ਇਸ ਤਰ੍ਹਾਂ ਦਾ ਕਹਿਰ ਹੀ ਫਿਲਮ ਦੇ ਮੁੱਖ ਕਿਰਦਾਰ ਨਾਲ ਵਾਪਰਦਾ ਹੈ। ਉਸਦਾ ਘਰ ਖਾੜਕੂਆਂ ਅਤੇ ਫੌਜਾਂ ਦੀ ਆਪਸੀ ਜੰਗਬਾਜ਼ੀ ਵਿੱਚ ਨਸ਼ਟ ਹੋ ਜਾਂਦਾ ਹੈ। ਉਸਦਾ ਪਿਤਾ (ਨਰਿੰਦਰ ਝਾਅ) ਗਲਤਫਹਿਮੀਆਂ, ਧੋਖੇ ਅਤੇ ਸ਼ੱਕ ਦਾ ਸ਼ਿਕਾਰ ਇੱਕ ਨਿਰਦੋਸ਼ ਵਿਅਕਤੀ ਹੈ ਜਿਹੜਾ ਉਹਨਾਂ ਕਸ਼ਮੀਰੀਆਂ ਦੀ ਪ੍ਰਤੀਨਿਧਤਾ ਕਰਦਾ ਹੈ ਜਿਹੜੇ ਸਿਆਸਤਾਂ ਦੀ ਖੂਨੀ ਖੇਡ ਦਾ ਸ਼ਿਕਾਰ ਹੋ ਜਾਂਦੇ ਹਨ। ਖੁਦ ਹੈਦਰ ਆਪਣੀ ਮਾਂ (ਤੱਬੂ) ਲਈ ਆਪਣੇ ਚਾਚੇ (ਕੇ.ਕੇ.ਮੈਂਨਨ) ਦੀ ਹਵਸ ਵਿਚਕਾਰ ਉਲਝਕੇ ਰਹਿ ਜਾਂਦਾ ਹੈ। ਉਸਦੀ ਹੋਂਦ 'ਮੈਂ ਹਾਂ ਜਾਂ ਨਹੀਂ ਹਾਂ?' ਤੋਂ ਵੀ ਅਗਾਂਹ 'ਮੈਂ ਕਿਉ ਹਾਂ' ਤੇ ਜਾਕੇ ਅਟਕ ਜਾਂਦੀ ਹੈ। ਫਿਲਮ ਵਿੱਚ ਭੂਤ (ਇਰਫਾਨ ਖਾਨ) ਦੇ ਆਪਣੇ ਕਿਸਮ ਦੇ ਸੰਸੇ ਅਤੇ ਖਦਸ਼ੇ ਹਨ। ਆਖਰ ਵਿੱਚ ਇਸ ਕਹਾਣੀ ਦਾ ਅੰਤ ਵੀ ਇੱਕ ਕਬਰਸਤਾਨ ਵਿੱਚ ਹੁੰਦਾ ਹੈ ਦੁਨੀਆਂ ਦੀਆਂ ਸਾਰੀਆਂ ਕਾਲਜਈ ਕਹਾਣੀਆਂ ਦੀ ਤਰ੍ਹਾਂ। ਫਿਲਮ ਵਿੱਚ ਗੁਲ਼ਜ਼ਾਰ ਦੇ ਗਾਣਿਆਂ ਤੇ ਵੱਖਰੀ ਚਰਚਾ ਹੋ ਸਕਦੀ ਹੈ।

# ਅਣਖ ਦੇ ਨਾਂ ਤੇ ਔਰਤਾਂ ਦੇ ਕਤਲ ਸਾਡੇ ਸਮਾਜ ਦਾ ਸ਼ਰਮਨਾਕ ਵਰਤਾਰਾ !

ਕੈਲਗਰੀ: ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਅਦਾਰਾ ਸਿੱਖ ਵਿਰਸਾ ਵਲੋਂ ਸਾਂਝੇ ਤੌਰ ਤੇ ਕਰਵਾਏ ਗਏ ਸਮਾਗਮ ਵਿੱਚ ਇੰਗਲੈਂਡ ਤੋਂ ਅੰਗਰੇਜ਼ੀ ਕਿਤਾਬ 'ਸ਼ੇਮਡ' (ਪੰਜਾਬੀ ਰੂਪਾਂਤਰ: ਬੇਇੱਜ਼ਤ) ਦੀ ਲੇਖਿਕਾ ਸਰਬਜੀਤ ਕੌਰ ਅਠਵਾਲ ਵਲੋਂ ਬੜੇ ਭਾਵੁਕ ਅੰਦਾਜ ਵਿੱਚ ਆਪਣੀ ਜੀਵਨ ਕਹਾਣੀ ਦੱਸੀ ਕਿ ਕਿਵੇਂ ਉਸਦੀ ਜਠਾਣੀ ਨੂੰ ਉਸਦੀ ਸੱਸ ਤੇ ਜੇਠ ਵਲੋਂ ਇੰਗਲੈਂਡ ਤੋਂ ਪੰਜਾਬ ਲਿਜਾ ਕੇ ਅਣਖ ਦੇ ਨਾਮ ਤੇ ਕਤਲ ਕਰਵਾ ਕੇ ਲਾਸ਼ ਵੀ ਖੁਰਦ ਬੁਰਦ ਕਰ ਦਿੱਤੀ ਸੀ ਤੇ ਸਰਬਜੀਤ ਵਲੋਂ ਕੋਰਟ ਵਿੱਚ ਆਪਣੀ ਜਠਾਣੀ ਦੀ ਦੇ ਹੱਕ ਵਿੱਚ ਗਵਾਹੀ ਦੇਣ ਕਾਰਨ ਉਸਦੇ ਪਤੀ ਵਲੋਂ ਵੀ ਛੱਡ ਦਿੱਤਾ ਗਿਆ ਸੀ।ਇਸ ਮੌਕੇ ਤੇ ਸਰਬਜੀਤ ਅਠਵਾਲ ਨੂੰ ਦੋਨੋਂ ਅਦਾਰਿਆਂ ਵਲੋਂ ਭਰਵੇਂ ਇਕੱਠ ਵਿੱਚ ਵਿਸ਼ੇਸ਼ ਪਲੈਕ ਨਾਲ ਸਨਮਾਨਿਤ ਕੀਤਾ ਗਿਆ ਅਤੇ ਦਰਸ਼ਕਾਂ ਵਲੋਂ ਸਰਬਜੀਤ ਅਠਵਾਲ ਨੂੰ ਖੜੇ ਹੋ ਕੇ ਸਨਮਾਨ ਦਿੱਤਾ ਗਿਆ।ਇਸੇ ਕਿਤਾਬ 'ਬੇਇੱਜ਼ਤ' ਦੇ ਪੰਜਾਬੀ ਰੁਪਾਂਤਰਕਾਰ ਤੇ ਉਘੇ ਲੇਖਕ ਸੁੱਖਵੰਤ ਹੁੰਦਲ ਨੇ ਕਿਤਾਬ ਬਾਰੇ ਬੋਲਦੇ ਹੋਏ, ਪੰਜਾਬੀ ਸਮਾਜ ਵਿੱਚ ਔਰਤਾਂ ਖਿਲਾਫ ਹਿੰਸਾ ਬਾਰੇ ਵਿਚਾਰ ਸਾਂਝੇ ਕੀਤੇ।ਕੈਲਗਰੀ ਤੋਂ ਲੇਖਕ ਹਰੀਪਾਲ ਵਲੋਂ ਕਿਤਾਬ ਤੇ ਪਰਚਾ ਪੜ੍ਹਿਆ ਗਿਆ। ਪ੍ਰੌਗਰੈਸਿਵ ਕਲਚਰਲ




ਐਸੋਸੀਏਸ਼ਨ ਕੈਲਗਰੀ ਦੇ ਪ੍ਰਧਾਨ ਜੀਤਇੰਦਰਪਾਲ ਵਲੋਂ ਸਭ ਨੂੰ ਜੀ ਆਇਆਂ ਆਖਿਆ ਅਤੇ ਸਿੱਖ ਵਿਰਸਾ ਦੇ ਸੰਪਾਦਕ ਹਰਚਰਨ ਸਿੰਘ ਪਰਹਾਰ ਵਲੋਂ ਸਭ ਦਾ ਧੰਨਵਾਦ ਕੀਤਾ ਗਿਆ ਅਤੇ ਜਾਣਕਾਰੀ ਦਿੱਤੀ ਕਿ ਦੋਨਾਂ ਅਦਾਰਿਆਂ ਵਲੋਂ ਪਿਛਲੇ ਸਮੇਂ ਤੋਂ ਲੋਕਾਂ ਨੂੰ ਵਹਿਮਾਂ, ਭਰਮਾਂ ਵਿੱਚ ਪਾ ਕੇ ਲੁੱਟ ਰਹੇ ਜੋਤਸ਼ੀਆਂ, ਪੰਡਿਤਾਂ, ਪੀਰਾਂ, ਬਾਬਿਆਂ ਅਤੇ ਪੰਜਾਬੀ ਗਾਇਕਾਂ ਵਲੋਂ ਲੱਚਰ, ਅਸ਼ਲੀਲ, ਨਸ਼ਿਆਂ, ਹਥਿਆਰਾਂ, ਔਰਤਾਂ ਵਿਰੋਧੀ ਗਾਇਕੀ ਖਿਲਾਫ ਮੁਹਿੰਮ ਜਾਰੀ ਹੈ, ਇਸ ਮੌਕੇ ਤੇ ਲੋਕਾਂ ਨੂੰ ਇਸ ਮੁਹਿੰਮ ਵਿੱਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ ਗਿਆ, ਜਿਸਨੂੰ ਦਰਸ਼ਕਾਂ ਨੇ ਹੱਥ ਖੜੇ ਕਰਕੇ ਪ੍ਰਵਾਨਗੀ ਦਿੱਤੀ। ਸਾਰੇ ਪ੍ਰੋਗਰਾਮ ਦੀ ਖਾਸ ਖਿੱਚ ਦਾ ਕੇਂਦਰ ਇਸ ਮੌਕੇ ਤੇ ਪ੍ਰੌਗਰੈਸਿਵ ਕਲਾ ਮੰਚ ਦੇ ਕਲਾਕਾਰਾਂ ਵਲੋਂ ਇਸੇ ਕਿਤਾਬ ਦੇ ਆਧਾਰ ਤੇ ਪੇਸ਼ ਕੀਤਾ ਗਿਆ ਡਰਾਮਾ ਸੀ, ਜਿਸਨੇ ਸਭ ਦਰਸ਼ਕਾਂ ਦੇ ਲੂੰ ਕੰਢੇ ਖੜੇ ਕਰ ਦਿੱਤੇ ਤੇ ਅਨੇਕਾਂ ਦਰਸ਼ਕਾਂ ਦੀਆਂ ਅੱਖਾਂ ਵਿੱਚ ਹੰਝੂ ਸਨ। ਮਾਸਟਰ ਭਜਨ ਸਿੰਘ ਵਲੋਂ ਸਟੇਜ ਦੀ ਕਾਰਵਾਈ ਬਾਖੂਬੀ ਨਿਭਾਈ।ਉਨ੍ਹਾਂ ਅਪਰੈਲ 21 ਤੇ 22 ਨੂੰ ਗਰੀਨ ਪਲਾਜ਼ਾ ਵਿੱਚ ਸ਼ਹੀਦ ਭਗਤ ਸਿੰਘ ਲਾਇਬ੍ਰੇਰੀ ਵਲੋਂ ਪੁਸਤਕ ਮੇਲਾ ਲਗਾਉਣ ਦਾ ਐਲਾਨ ਕੀਤਾ ਗਿਆ, ਜਿਥੋਂ ਪਾਠਕ ਹਰ ਤਰ੍ਹਾਂ ਦੀਆਂ ਕਿਤਾਬਾਂ ਖਰੀਦ ਸਕਣਗੇ। ਇੰਡੀਅਨ ਐਕਸ ਸਰਵਿਸਮੈਨ ਇਮੀਗਰੈਂਟਸ ਐਸੋਸੀਏਸ਼ਨ ਦਾ ਦਰਸ਼ਕਾਂ ਨਾਲ ਖਚਾ-ਖਚ ਭਰਿਆ ਹਾਲ ਲੋਕਾਂ ਵਿੱਚ ਕਈ ਯਾਦਾਂ ਛੱਡ ਗਿਆ ਕਿ ਆਖਿਰ ਕਦੋਂ ਸਾਡਾ ਮਰਦ ਪ੍ਰਧਾਨ ਸਮਾਜ ਆਪਣੀਆਂ ਰੂੜ੍ਹੀਵਾਦੀ ਤੇ ਕੱਟੜ ਧਾਰਮਿਕ ਪ੍ਰੰਪਰਾਵਾਂ ਛਡ ਕੇ ਔਰਤਾਂ ਨੂੰ ਬਰਬਾਰ ਦਾ ਇਨਸਾਨ ਸਮਝ ਕੇ ਜੀਉਣ ਦਾ ਪੂਰਾ ਹੱਕ ਦੇਵੇਗਾ।

# 'ਸੂਹੀ ਸਵੇਰ' ਉੱਤੇ ਫੇਸਬੁੱਕ ਨੇ ਲਾਈ ਰੋਕ

ਦੋਸਤੋ ਫੇਸਬੁੱਕ ਵੱਲੋਂ ਹਰਮਨ ਪਿਆਰੀ ਤੇ ਲੋਕ-ਪੱਖੀ ਵੈੱਬਸਾਈਟ ਸੂਹੀ ਸਵੇਰ ਡਾੱਟ ਆੱਰਗ ਦੀਆਂ ਪੋਸਟਾਂ 'ਤੇ ਰੋਕ ਲਾ ਦਿੱਤੀ ਹੈ। ਹੁਣ ਕੋਈ ਵੀ 'ਸੂਹੀ ਸਵੇਰ' ਦੀ ਪੋਸਟ ਫੇਸਬੁੱਕ 'ਤੇ ਪੋਸਟ ਨਹੀਂ ਹੋ ਰਹੀ ਨਾ ਹੀ ਪੁਰਾਣਾ ਮੈਟਰ ਦਿੱਖ ਰਿਹਾ ਹੈ। 21 ਮਾਰਚ ਨੂੰ ਜਦੋਂ ਗੁਰਪ੍ਰੀਤ ਸਿੰਘ ਦਾ ਲੇਖ ਮੋਦੀ ਸਰਕਾਰ ਦਾ ਦਬਦਬਾ ਹੁਣ ਪਰਵਾਸੀ ਭਾਰਤੀ ਮੀਡੀਆ 'ਤੇ ਵੀ ਦਿਖਣ ਲੱਗਾ ਪੋਸਟ ਕੀਤਾ ਗਿਆ ਸਭ ਤੋਂ ਪਹਿਲਾਂ ਤਾਂ ਫੇਸਬੁੱਕ ਨੇ ਇਸ ਲੇਖ 'ਤੇ ਰੋਕ ਲਾ ਦਿੱਤੀ ਫੇਰ ਇਹੀ ਰੋਕ ਤਮਾਮ ਲਿਖਤਾਂ ਅਤੇ ਪੁਰਾਣੀਆਂ ਲਿਖਤਾਂ 'ਤੇ ਵੀ ਲੱਗ ਗਈ। ਫੇਸਬੁੱਕ ਇਸਦਾ ਕਾਰਨ 'ਸੂਹੀ ਸਵੇਰ' ਵੱਲੋਂ ਉਸਦੇ (ਫੇਸਬੁੱਕ ਦੇ) ਕਮਿਊਨਿਟੀ ਮਾਨਕਾਂ ਨੂੰ ਤੋੜਨ ਦਾ ਦੱਸ ਰਿਹਾ ਹੈ ਪਰ ਅਦਾਰੇ ਨੇ ਫੇਸਬੁੱਕ ਨੂੰ ਲਿਖੀ ਚਿੱਠੀ 'ਚ ਸਾਫ਼ ਲਿਖਿਆ ਹੈ ਕਿ ਅਸੀਂ ਉਸਦੇ ਕਿਸੇ ਨਿਯਮ ਨੂੰ ਨਹੀਂ ਤੋੜਿਆ ਬਲਕਿ ਹਰ ਸਮਾਜਿਕ ਸਰੋਕਾਰਾਂ ਦੇ ਮਸਲੇ 'ਤੇ ਸੰਵਾਦ ਰਚਾਉਣਾ ਸਾਡਾ ਉਦੇਸ਼ ਹੈ ।


ਯਾਦ ਰਹੇ ਭਾਰਤ ਚ ਪਹਿਲਾਂ ਵੀ ਕੁਝ ਲੋਕ-ਪੱਖੀ ਤੇ ਸਥਾਪਤੀ ਵਿਰੋਧੀ




ਸੁਰ ਰੱਖਣ ਵਾਲੀਆਂ ਵੈੱਬਸਾਈਟਾਂ 'ਤੇ ਫੇਸਬੁੱਕ ਰੋਕ ਲਾ ਚੁੱਕੀ ਹੈ । ਭਾਰਤ ਦੀ ਨਾਮਵਰ ਵੈੱਬਸਾਈਟ 'ਨੈਸ਼ਨਲ ਦਸਤਕ' 'ਤੇ ਵੀ ਅਜਿਹੀ ਪਾਬੰਦੀ 3 ਮਹੀਨੇ ਲਈ ਰੱਖੀ । ਦੋਸਤੋ ਸੰਕਟ ਦੀ ਇਸ ਘੜੀ 'ਚ ਸਾਨੂੰ ਤੁਹਾਡੇ ਸਹਿਯੋਗ ਦੀ ਬਹੁਤ ਲੋੜ ਹੈ। ਆਸ ਕਰਦੇ ਹਾਂ ਤੁਸੀਂ ਆਪਣੀ ਹਰਮਨ-ਪਿਆਰੀ ਵੈੱਬਸਾਈਟ ਨਾਲ ਜੁੜੇ ਰਹੋਗੇ ਤੇ ਫੇਸਬੁੱਕ ਦੀ ਧੱਕੇਸ਼ਾਹੀ ਵਿਰੁੱਧ ਆਵਾਜ਼ ਬੁਲੰਦ ਕਰੋਗੇ।

# ਬਰੈਂਪਟਨ ਵਿਖੇ ਪ੍ਰਭਾਵਸ਼ਾਲੀ 'ਅੰਤਰ-ਰਾਸ਼ਟਰੀ ਔਰਤ ਦਿਵਸ' ਪ੍ਰੋਗਰਾਮ, ਦਸ ਦੇਸ਼ਾਂ ਦੀਆਂ ਔਰਤਾਂ ਹੋਈਆਂ ਸ਼ਾਮਲ





ਇਸੇ ਫਰਵਰੀ ਮਹੀਨੇ, ਨਵੀਂ ਬਣੀ 'ਅਲਾਇੰਸ ਆਫ ਪ੍ਰੋਗਰੈਸਿਵ ਕੈਨੇਡੀਅਜ਼" ਸੰਸਥਾਂ ਦਾ ਪਲੇਠਾ ਪ੍ਰੋਗਰਾਮ 'ਅੰਤਰ-ਰਾਸ਼ਟਰੀ ਔਰਤ ਦਿਵਸ' ਬਰੈਂਪਟਨ ਟੋਰਾਂਟੋ ਵਿਖੇ 11 ਮਾਰਚ 2018 ਨੂੰ ਚਿੰਗੁਜੀ ਵੈਲਨੈਸ ਸੈਂਟਰ ਦੇ ਹਾਲ ਵਿੱਚ ਹੋਇਆ। ਬਹੁਗਿਣਤੀ ਔਰਤਾਂ ਦਾ ਭਰਵਾਂ ਇਕੱਠ, ਦਸ ਦੇ ਕਰੀਬ ਵੱਖੋ-ਵੱਖਰੇ ਦੇਸ਼ਾਂ ਦੇ ਪਿਛੋਕੜ ਨਾਲ ਸਬੰਧਤ ਦੀ ਸ਼ਮੂਲੀਅਤ ਹੋਣਾ, ਇਸ ਪ੍ਰੋਗਰਾਮ ਦੀ ਸਫਲਤਾ ਅਤੇ ਵਿਲੱਖਣਤਾ ਸੀ। ਭਾਰਤ, ਸ੍ਰੀਲੰਕਾ, ਨੇਪਾਲ, ਪਾਕਿਸਤਾਨ, ਬੰਗਲਾਦੇਸ਼ ਵਰਗੇ ਦੱਖਣੀ-ਏਸ਼ੀਆਈ ਦੇਸ਼, ਤੁਰਕੀ-ਕੁਰਦ, ਇਰਾਕੀ-ਯਜੀਦੀ ਵਰਗੇ ਮੱਧਪੂਰਬੀ ਦੇਸ਼, ਲਾਤੀਨੀ ਅਮਰੀਕੀ ਗੁਆਟੇਮਾਲਾ, ਕੈਰੀਬਅਨ-ਗਾਇਨਾ ਅਤੇ ਕੈਨੇਡੀਅਨ ਲੋਕਾਂ ਦੇ ਸਾਂਝੇ ਇਕੱਠ ਅਤੇ ਨੁਮਾਇੰਦੇ ਬੁਲਾਰਿਆਂ ਕਰਕੇ ਇਹ ਪ੍ਰੋਗਰਾਮ ਸੱਚ ਵਿੱਚ ਹੀ ਅੰਤਰ-ਰਾਸ਼ਟਰੀ ਹੋ ਨਿਬੜਿਆ। ਇਨ੍ਹਾਂ ਸਾਰੇ ਦੇਸ਼ਾਂ ਦੀਆਂ ਔਰਤ ਨੁਮਾਇੰਦਿਆਂ ਨੇ ਆਪੋ-ਆਪਣੇ ਦੇਸ਼ਾਂ ਦੇ ਸਮਾਜਿਕ-ਆਰਥਿਕ ਮਰਦ ਪ੍ਰਧਾਨ ਪਿਛੋਕੜ ਵਿੱਚ ਔਰਤਾਂ 'ਤੇ ਹੋ ਰਹੇ ਵਿਤਕਰੇ ਬਾਰੇ ਦੱਸਿਆ ਅਤੇ ਚਲ ਰਹੇ ਸੰਘਰਸ਼ਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਇਰਾਕ-ਸੀਰੀਆ ਵਿੱਚ ਆਈਸੀਸ ਜਨੂੰਨੀਆਂ ਦੇ ਜ਼ੁਲਮਾਂ ਦਾ ਸ਼ਿਕਾਰ ਇੱਕ ਯਜੀਦੀ ਲੜਕੀ ਵੀ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਈ ਜਿਸ ਨੇ ਆਪਣੀ ਦੋ-ਸਾਲ ਚਾਰ ਮਹੀਨੇ ਬੰਧਕ ਰਹਿਣ ਦੀ ਦਿਲ ਕੰਬਾਊ ਦਾਸਤਾਨ ਸੁਣਾਈ। ਇੱਕ ਬੱਚੀ ਪਰਵੀਨਾ ਸੁਰੇਸ਼ ਦੁਆਰਾ ਸ੍ਰੀਲੰਕਨ ਭਾਰਤ-ਨੱਟਿਅਮ ਦੀ ਸ਼ੁਰੂਆਤ ਨਾਲ ਸ਼ੁਰੂ ਹੋਏ ਇਸ ਪ੍ਰੋਗਰਾਮ ਵਿਚ ਜਿਥੇ ਪਾਕਿਸਤਾਨੀ ਮੂਲ ਦੀ ਉਰਦੂ ਸ਼ਾਇਰਾ ਆਰੂਜ ਰਾਪੁਤ ਨੇ ਔਰਤ ਦੀ ਦਸ਼ਨੂੰ ਉਰਦੂ ਗ਼ਜ਼ਲ ਰਾਹੀਂ ਦੱਸਿਆ, ਉਥੇ ਬਲਜੀਤ ਕੌਰ ਧਾਲੀਵਾਲ ਦੁਆਰਾ ਪੰਜਾਬੀ ਕਵੀਤਾ ਰਾਹੀਂ ਵਿਚਾਰ ਰੱਖੇ. ਸੰਦਲੀ ਦੁਆਰਾ ਮੰਚ ਸੰਚਾਲਨਾ ਦਾ ਫ਼ਰਜ਼ ਬਖ਼ੂਬੀ ਨਿਭਾਇਆ ਗਿਆ।

ਇਸ ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ 'ਅਲਾਇੰਸ ਆਫ ਪ੍ਰੋਗਰੈਸਿਵ ਕੈਨੇਡੀਅੰਸ" ਦੇ ਕਾਰਜਕਰਨੀ ਕਮੇਟੀ ਮੈਂਬਰ ਹਰਪ੍ਰਿੰਦਰ ਗ਼ਦਰੀ ਨੇ ਨਵੇਂ ਬਣੀ ਇਸ ਸੰਸਥਾ ਸਬੰਧੀ ਜਾਣਕਾਰੀ ਦਿੰਦੇ ਦੱਸਿਆ ਕਿ ਸੰਸਾਰ ਪੱਧਰ ਤੇ ਪਿਛਾਕੜੀ ਲਹਿਰਾਂ ਦੀ ਮੁੜ-ਸੁਰਜੀਤੀ ਹੋ ਰਹੀ ਹੈ ਜਿਹੜੀ ਕਿ ਸਮਾਜ ਦੀ ਸਾਂਝੀਵਾਲਤਾ ਅਤੇ ਮਨੁੱਖੀ ਸਮਾਜ ਲਈ ਘਾਤਕ ਹੈ। ਸਾਮਰਾਜ ਦੀ ਸਰਪ੍ਰਸਤੀ ਵਿੱਚ ਧਾਰਮਿਕ ਜਨੂੰਨੀ ਲਹਿਰਾਂ ਸਿਰ ਚੁੱਕ ਰਹੀਆਂ ਹਨ, ਜਿਸ ਕਰਕੇ ਸੰਸਾਰ ਦੇ ਬਹੁਤੇ ਦੇਸ਼ਾਂ ਵਿੱਚ ਘਰੇਲੂ ਜੰਗ ਚਲ ਰਹੀ ਹੈ ਜਿਸ ਕਾਰਨ ਆਮ ਸ਼ਹਿਰੀਆਂ ਦਾ ਘਾਣ ਹੋ ਰਿਹਾ ਹੈ, ਜਿਸ ਵਿੱਚ ਔਰਤਾਂ ਬੱਚੇ ਬਹੁਗਿਣਤੀ ਹਨ। ਬਾਕੀ ਬਹੁਤ ਸਾਰੇ ਹੋਰ ਦੇਸ਼ਾਂ ਅੰਦਰ ਵੀ ਲੋਕ ਧਾਰਮਿਕ ਨਫਰਤ ਦੀ ਹਨ੍ਹੇਰੀ ਵਾਲੀਆਂ ਪਾਰਟੀਆਂ ਦੀਆਂ ਹਕੂਮਤਾਂ ਕਰਕੇ ਕਾਰਨ ਡਰ ਦੇ ਮਾਹੌਲ ਵਿੱਚ ਜੀ ਰਹੇ ਹਨ। ਅਜਿਹੇ ਸਮੇਂ ਅੰਦਰ ਤਰੱਕੀਪਸੰਦ ਲੋਕਾਂ ਨੂੰ ਇੱਕ ਮੰਚ ਤੇ ਇੱਕਠੇ ਹੋਣ ਦੀ ਲੋੜ ਹੈ। ਪ੍ਰੋਗਰੈਸਿਵ ਸੋਚ ਵਾਲੇ ਲੋਕਾਂ ਨੂੰ ਜੱਥੇਬੰਦਕ ਹੋਣਾ ਪਵੇਗਾ ਅਤੇ ਸੰਸਾਰ ਪੱਧਰ 'ਤੇ ਆਰਥਿਕ ਮੰਦੀ ਦੇ ਨਾਮ ਹੇਠ ਵਧ ਰਹੀ ਬੇ-ਰੋਜ਼ਗਾਰੀ, ਗਰੀਬੀ ਅਤੇ ਨਿਹੱਕੀ ਜੰਗ ਖਿਲਾਫ਼ ਸ਼ਾਂਤੀ ਲਈ ਅਵਾਜ ਬੁਲੰਦ ਕਰਨੀ ਪਵੇਗੀ। ਇਹ 'ਅਲਾਇੰਸ ਆਫ ਪ੍ਰੋਗਰੈਸਿਵ ਕੈਨੇਡੀਅਨਸ' ਕੈਨੇਡਾ ਅੰਦਰ ਸਾਂਝੀਵਾਲਤਾ ਤੇ ਮਿਹਨਤਕਸ਼ ਦੇ ਏਕੇ ਲਈ ਮੰਚ ਤਿਆਰ ਕਰੇਗੀ। ਉਹਨਾਂ ਕਿਹਾ ਕਿ ਔਰਤਾਂ ਲਈ ਅੰਤਰ-ਰਾਸ਼ਟਰੀ ਔਰਤ ਦਿਵਸ ਦਾ ਮਹੱਤਵ ਸਿਰਫ਼ ਆਪਣੇ ਹੱਕਾਂ ਲਈ ਸੰਘਰਸ਼ ਦੇ ਰੂਪ ਵਿੱਚ ਹੀ ਨਹੀਂ ਸਗੋਂ ਸਮੁੱਚੀ ਮਨੱਖਤਾ ਦੀ ਮੁਕਤੀ ਦੇ ਲਈ ਸੰਘਰਸ਼-ਸ਼ੀਲ ਹੋਣ ਦਾ ਪ੍ਰਣ ਹੈ।

ਬੱਚੀ ਪਰਵੀਨਾ ਸੁਰੇਸ਼ ਦੁਆਰਾ ਸ੍ਰੀਲੰਕਨ ਭਾਰਤ-ਨੱਟਿਅਮ ਤੋਂ ਬਾਅਦ, ਲਾਤੀਨੀ ਅਮਰੀਕੀ ਦੇਸ਼ ਗੁਆਟੇਮਾਲਾ ਦੀ ਵਿਲਮਾ ਚਮੀਲੀਆ, ਪਾਕਿਸਤਾਨ ਦੀ ਮਨੁੱਖੀ ਹੱਕਾਂ ਲਈ ਸਰਗਰਮ ਸਲੇਹਾ ਆਥਰ, ਸ੍ਰੀਲੰਕਾ ਦੀ ਡਾ ਪਾਰਵਾਥੀ ਕਾਂਥਾਸਾਮੀ, ਤੁਰਕੀ-ਕੁਰਦਿਸ਼ ਮਹਿਲਾ ਗੁਲੇ ਕੀਲੀਕਾਸਲਾਨ, ਇਰਾਕੀ-ਯਜੇਦੀ ਮਹਿਲਾ ਦਾਲਾਲ ਅਬਦੁਲਾ, ਤੁਰਕੀ ਤੋਂ ਮਹਿਲਾ ਦੁਏਗੁ ਉਜ਼ੁਨੇਲ, ਭਾਰਤੀ ਪੰਜਾਬੀ ਸੁਰਜੀਤ ਕੌਰ ਨੇ ਆਪੋ-ਆਪਣੇ ਦੇਸ਼ਾਂ ਦੇ ਮਰਦ ਪ੍ਰਧਾਨ ਸਰਮਾਏਦਾਰੀ ਪ੍ਰਬੰਧ ਵਿੱਚ ਔਰਤਾਂ ਵਿਰੁੱਧ ਅਪਰਾਧਾਂ ਤੇ ਚਾਨਣਾ ਪਾਇਆ। ਬੁਲਾਰਿਆਂ ਨੇ ਇਨ੍ਹਾਂ ਮੁਲਕਾਂ ਵਿੱਚ ਚਲ ਰਹੀ ਨਿਹੱਕੀ ਘਰੇਲੂ ਅਤੇ ਸਾਮਰਾਜੀ ਜੰਗ ਕਾਰਨ ਮਨੁੱਖੀ ਹੱਕਾਂ ਦੇ ਹੋ ਰਹੇ ਘਾਣ ਸਬੰਧੀ ਦੱਸਦਿਆਂ ਇਸ ਨੂੰ ਰੋਕਣ ਦੀ ਮੰਗ ਕੀਤੀ।

ਤੁਰਕੀ ਦੀ ਬੁਲਾਰੀ ਨੇ ਤੁਰਕੀ ਦੀ ਆਦੇਰਆਨ ਹਕੂਮਤ ਦੌਰਾਨ ਲੋਕਾਂ ਉੱਪਰ ਹੋਏ ਜ਼ੁਲਮਾਂ, ਜ਼ੇਲ ਤਸੀਹੀਆਂ, ਪਰਿਵਾਰਾਂ ਦੇ ਉਜਾੜਿਆਂ ਦੀ ਦਾਸਤਨ ਬਿਆਨ ਕੀਤੀ। ਕੁਰਦ ਔਰਤਾਂ ਨੇ ਕੁਰਦੀਸ਼ ਲੋਕਾਂ ਦੇ ਚਲ ਰਹੇ ਸੰਘਰਸ਼ ਬਾਰੇ ਚਾਨਣਾ ਪਾਇਆ ਅਤੇ ਹਕੂਮਤਾਂ ਵੱਲੋਂ ਕੁਰਦੀਸ਼ ਭਾਈਚਾਰੇ ਦੇ ਖਿਲਾਫ਼ ਹੋ ਰਹੇ ਜ਼ੁਲਮਾਂ ਨੂੰ ਰੋਕਣ ਦੀ ਮੰਗ ਕੀਤੀ। ਕੈਨੇਡੀਅਨ ਜੰਮਪਲ ਨੌਜਵਾਨ ਕੁੜੀ ਨਵਨੀਤ ਔਜਲਾ ਨੇ ਕੈਨੇਡੀਅਨ ਸਮਾਜ ਵਿੱਚ ਔਰਤ ਵਿਤਕਰੇ ਬਾਰੇ ਦੱਸਦਿਆਂ ਕਾਮਿਆਂ ਲਈ 15 ਡਾਲਰ ਘੱਟੋ-ਘੱਟ ਉਜਰਤ ਦੇ ਸੰਘਰਸ਼ ਬਾਰੇ ਜਾਣਕਾਰੀ ਦਿੱਤੀ। ਨੇਪਾਲ ਦੇ ਚੰਦਰਾ ਦੋਜ ਰਾਏ, ਕਮਿਉਨਸਿਟ ਪਾਰਟੀ ਆਫ ਕੈਨੇਡਾ ਦੇ ਕਾਮਰੇਡ ਓਮਰ ਲਤੀਫ਼ ਅਤੇ ਕੈਨੇਡੀਅਨ ਪੰਜਾਬੀ ਪੇਪਰ "ਸਰੋਕਾਰਾਂ ਦੀ ਆਵਾਜ਼" ਦੇ ਹਰਬੰਸ ਸਿੰਘ ਨੇ ਵੀ ਔਰਤ ਮੁਕਤੀ ਸਬੰਧੀ ਆਪਣੇ ਵਿਚਾਰ ਰੱਖੇ। ਆਪਣੇ ਸੰਬੋਧਨ ਵਿੱਚ 'ਅਲਾਇੰਸ ਆਫ ਪ੍ਰੋਗਰੈਸਿਵ ਕੈਨੇਡੀਅਨਸ' ਦੇ ਕਮੇਟੀ ਮੈਂਬਰ ਡਾ: ਹਰਦੀਪ ਸਿੰਘ ਨੇ ਕਿਹਾ ਕਿ ਸਰਮਾਏਦਾਰੀ ਸਮਾਜ ਵਿੱਚ ਔਰਤ ਦੀ ਗੁਲਾਮੀ ਦੀ ਸਾਜਿਸ਼ ਇਸ ਦੇ ਮਰਦ ਪ੍ਰਧਾਨ ਸਮਾਜਿਕ-ਸੱਭਿਆਚਾਰਕ ਤਾਣੇਬਾਣੇ ਦੀ ਤਹਿ ਤੱਕ ਮੌਜੂਦ ਹੈ। ਇਸੇ ਕਰਕੇ ਔਰਤਾਂ ਲਈ ਬੰਦਸ਼ਾਂ ਸਿਰਫ਼ ਬਾਹਰਲੇ ਸਮਾਜ ਵਿੱਚ ਹੀ ਨਹੀਂ ਸਗੋਂ ਪਰਿਵਾਰਾਂ ਦੇ ਅੰਦਰ ਵੀ ਤੋਂ ਇਨ੍ਹਾਂ ਦੇ ਸਿਰ ਤੇ ਸਵਾਰ ਹਨ। ਘਰ ਦੀ ਚਾਰ ਦਿਵਾਰੀ ਅੰਦਰ ਵੀ ਹਰ ਬੰਦਸ਼ਾਂ ਨੂੰ ਮੰਨਣ ਦੇ ਨਾਲ ਨੱਲ ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਦੀ ਸੰਭਾਲ, ਰਸੋਈ ਤੇ ਹੋਰ ਕਈ ਦੇ ਕੰਮਾਂ ਦੇ ਘਰੇਲੂ ਫ਼ਰਜ਼ ਮੁਫਤ ਦੀ ਲੇਬਰ ਤੌਰ 'ਤੇ ਕਰਦੀ ਹੈ ਜਿਸਦਾ ਕੋਈ ਬਜਾਮੁੱਲ ਨਹੀਂ। ਆਪਣੇ ਸਰੀਰ ਤੇ ਵੀ ਔਰਤ ਅਧਿਕਾਰ ਖੋ ਚੁੱਕੀ ਹੈ-ਜਣੇਪਾ ਧਾਰਣ ਕਰਣ ਦੀ ਮਰਜ਼ੀ ਨਹੀਂ, ਅਬਾਰਸ਼ਨ ਦਾ ਮਰਜ਼ੀ ਨਹੀਂ, ਇਥੋਂ ਤੱਕ ਕਿ ਔਰਤ ਪਤੀ ਲਈ ਕਾਮ ਵਾਸਨਾ ਦੀ ਵਸਤੂ ਬਣਕੇ ਰਹਿ ਗਈ ਹੈ। ਇਸ ਪ੍ਰਬੰਧ ਅੰਦਰ ਮਿਹਨਤਕਸ਼ ਵਰਗ ਦੀ ਆਰਥਿਕ ਲੁੱਟ ਕਾਰਨ ਜੇ ਪਰਿਵਾਰ ਗਰੀਬੀ ਵਿੱਚ ਜਾਂਦਾ ਹੈ ਤਾਂ ਪਰਿਵਾਰਕ ਆਮਦਨ ਲਈ ਨੌਕਰੀ ਲਈ ਵੀ ਜਾਂਦੀ ਹੈ।

ਇਸ ਪ੍ਰਬੰਧ ਵਿੱਚ ਕਾਮਾਂ ਆਰਥਿਕ ਗੁਲਾਮ ਹੈ ਅਤੇ ਔਰਤ "ਗੁਲਾਮਾਂ ਦੀ ਗੁਲਾਮ" ਹੈ। ਇਸੇ ਕਰਕੇ ਔਰਤ ਦੀ ਗੁਲਾਮੀ ਤੋਂ ਮੁਕਤੀ, ਸਮੁੱਚੇ ਮਿਹਨਤਕਸ਼ ਵਰਗ ਦੇ ਸੰਘਰਸ਼ ਵਿੱਚ ਮਰਦਾਂ ਦੇ ਨਾਲ ਸ਼ਮੂਲੀਅਤ ਨਾਲ ਹੀ ਬਣਦੀ ਹੈ। ਇਸ ਵਿੱਚ ਔਰਤ ਦੀ ਜੱਥੇਬੰਦਕ ਸਰਗਰਮ ਭੂਮਿਕਾ ਜਰੂਰੀ ਹੈ। ਅੱਜ ਦਾ ਕਾਰਪੋਰੇਟ ਜਗਤ ਇਸ 'ਅੰਤਰ-ਰਾਸ਼ਟਰੀ ਔਰਤ ਦਿਵਸ' ਨੂੰ ਮਾਰਕਿਟ ਦੇ ਮੰਤਵ ਨਾਲ ਸਿਰਫ਼ ਗਿਫਟ ਵਟਾਂਦਰੇ ਦੇ ਦਿਵਸ ਵਿੱਚ ਬਦਲਣ ਦੀ ਕੋਸ਼ਿਸ਼ ਵਿੱਚ ਹੈ ਜਦਕਿ ਇਸ ਦਾ ਮਹੱਤਵ ਇਸ ਪ੍ਰਬੰਧ ਖਿਲਾਫ ਸਮੁੱਚੇ ਮਿਹਨਤਕਸ਼ ਵਰਗ ਦੇ ਸੰਘਰਸ਼ ਨਾਲ ਹੈ। ਪ੍ਰੋਗਰਾਮ ਤੋਂ ਬਾਅਦ ਵਿੱਚ 'ਅਲਾਇੰਸ ਆਫ ਪ੍ਰੋਗਰੈਸਿਵ ਕੈਨੇਡੀਅਸ' ਦੇ ਕੋ-ਆਰਡੀਨੇਟਰ ਸ਼ਮਸ਼ਾਦ ਈਲਾਹੀ ਸ਼ਮਸ ਨੇ ਇਸ ਪ੍ਰੋਗਰਾਮ ਵਿੱਚ ਪਹੁੰਚੇ ਲੋਕਾਂ ਦਾ ਧੰਨਵਾਦ ਕੀਤਾ ਅਤੇ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਵੀ ਇਹ ਸੰਸਥਾ ਪ੍ਰੋਗਰੈਸਿਵ ਸਰਗਰਮੀ ਜਾਰੀ ਰੱਖੇਗੀ।

ਅਗਲੇ ਪ੍ਰੋਗਰਾਮ ਦੀ ਜਾਣਕਾਰੀ ਦਿੰਦੇ ਉਹਨ੍ਹਾਂ ਦੱਸਿਆ ਕਿ ਆਉਣ ਵਾਲੀ 5 ਜਾਂ 6 ਮਈ ਨੂੰ ਅੰਤਰ-ਰਾਸ਼ਟਰੀ ਮਜ਼ਦੂਰ ਦਿਵਸ ਅਤੇ ਮਹਾਨ ਕਾਰਲ ਮਾਰਕਸ ਦੀ 200 ਸਾਲਾ ਜਨਮ ਦਿਵਸ ਇਸ ਸੰਸਥਾ ਵੱਲੋਂ ਬਰੈਂਪਟਨ ਵਿਖੇ ਹੀ ਮਨਾਇਆ ਜਾਵੇਗਾ।

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਸਮਾਗ਼ਮ ਵਿਚ 'ਕੌਮਾਂਤਰੀ ਔਰਤ ਦਿਵਸ' ਸਬੰਧੀ ਹੋਈ ਸਾਰਥਿਕ-ਚਰਚਾ

ਬਰੈਂਪਟਨ, (ਡਾ. ਝੰਡ) - ਬੀਤੇ ਐਤਵਾਰ 18 ਮਾਰਚ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦਾ ਮਾਸਿਕ ਸਮਾਗ਼ਮ ਹੋਇਆ ਜਿਸ ਵਿਚ ਹਰ ਸਾਲ 8 ਮਾਰਚ ਨੂੰ ਸਾਰੀ ਦੁਨੀਆਂ ਵਿਚ ਮਨਾਏ ਜਾਂਦੇ 'ਅੰਤਰ-ਰਾਸ਼ਟਰੀ ਔਰਤ ਦਿਵਸ' ਬਾਰੇ ਭਰਪੂਰ ਚਰਚਾ ਕੀਤੀ ਗਈ ਇਸ ਮੌਕੇ ਪ੍ਰਧਾਨਗੀ-ਮੰਡਲ ਵਿਚ ਪੰਜਾਬ ਤੋਂ ਆਏ ਉੱਘੇ ਨਾਟਕ ਲੇਖਕ ਤੇ ਡਾਇਰੈਕਟਰ ਵਰਿਆਮ ਮਸਤ, ਸਭਾ ਦੇ ਚੇਅਰਪਰਸਨ ਬਲਰਾਜ ਚੀਮਾ ਅਤੇ ਹਰਜਸਪ੍ਰੀਤ ਗਿੱਲ ਸ਼ਾਮਲ ਸਨ। ਸਮਾਗ਼ਮ ਵਿਚ 'ਕੈਨੇਡਾ ਦੀਆਂ ਕਵਿੱਤਰੀਆਂ ਦੀ ਨਜ਼ਰ ਵਿਚ ਔਰਤਾਂ ਦੀ ਅਜੋਕੀ ਦਸ਼ਾ ਅਤੇ ਦਿਸ਼ਾ' ਵਿਸ਼ੇ 'ਤੇ ਬਰੈਂਪਟਨ ਦੀ ਕਵਿੱਤਰੀ ਤੇ ਲੇਖਿਕਾ ਸੁਰਜੀਤ ਕੌਰ ਵੱਲੋਂ ਪੇਪਰ ਪੇਸ਼ ਕੀਤਾ ਗਿਆ। ਆਪਣੇ ਪੇਪਰ ਵਿਚ ਉਨ੍ਹਾਂ ਟੋਰਾਂਟੋ ਦੀ ਰਜਿੰਦਰ ਬਾਜਵਾ, ਬਰੈਂਪਟਨ ਦੀ ਨੀਟਾ ਬਲਵਿੰਦਰ ਅਤੇ ਬ੍ਰਿਟਿਸ਼ ਕੋਲੰਬੀਆ ਦੀਆਂ ਅਮਰਜੀਤ ਜੌਹਲ, ਸੁਖਵੰਤ ਹੁੰਦਲ, ਮਨਜੀਤ ਕੰਗ ਅਤੇ ਸੁਰਜੀਤ ਕਲਸੀ ਦੀਆਂ ਕਵਿਤਾਵਾਂ ਦੇ ਕਈ ਕਾਵਿਕ-ਹਵਾਲਿਆਂ ਨਾਲ ਕੈਨੇਡੀਅਨ ਔਰਤਾਂ ਦੀ ਅਜੋਕੀ ਮਨੋਦਸ਼ਾ ਬਾਖ਼ੂਬੀ ਬਿਆਨ ਕੀਤੀ। ਕੈਨੇਡਾ ਵਰਗੇ ਵਿਕਸਿਤ ਦੇਸ਼ ਵਿਚ ਵੀ ਮਰਦਾਂ ਵੱਲੋਂ ਔਰਤਾਂ ਉੱਪਰ ਕੀਤੀਆਂ ਜਾ ਰਹੀਆਂ ਵਧੀਕੀਆਂ ਅਤੇ ਸਮਾਜਿਕ ਨਾ-ਬਰਾਬਰੀ ਦੀ ਗੱਲ ਕਰਦਿਆਂ ਹੋਇਆਂ ਉਨ੍ਹਾਂ ਆਪਣੀ ਕਵਿਤਾ 'ਚੱਲ ਹੁਣ ਛੱਡ ਵੀ ਦੇਹ' ਦੇ ਮਾਧਿਅਮ ਰਾਹੀਂ ਦੋਹਾਂ ਧਿਰਾਂ ਨੂੰ ਇਕੱਠਿਆਂ ਕਦਮ ਨਾਲ ਕਦਮ ਮਿਲਾ ਕੇ ਚੱਲਣ ਦੀ ਸਲਾਹ ਦਿੱਤੀ। ਉਪਰੰਤ, ਇਸ ਵਿਸ਼ੇ 'ਤੇ ਹੋਈ ਬਹਿਸ ਵਿਚ ਭਾਗ ਲੈਂਦਿਆਂ ਲਹਿੰਦੇ ਪੰਜਾਬ



(ਪਾਕਿਸਤਾਨ) ਤੋਂ ਤਾਹਿਰ ਗਿੱਲ ਨੇ ਕਿਹਾ ਕਿ ਔਰਤ 'ਮਿਠਾਸ' ਦਾ ਨਾਂ ਹੈ ਜੋ ਸਾਨੂੰ ਮਾਂ, ਪਤਨੀ, ਧੀ ਅਤੇ ਭੈਣ ਦੇ ਪਵਿੱਤਰ ਰਿਸ਼ਤਿਆਂ ਵਿੱਚੋਂ ਪ੍ਰਾਪਤ ਹੁੰਦੀ ਹੈ। ਲਹਿੰਦੇ ਪੰਜਾਬ ਤੋਂ ਹੀ ਚੌਧਰੀ ਅਹਿਮਦ ਅਲੀ ਨੇ ਆਪਣੇ ਸੰਬੋਧਨ ਵਿਚ ਵੱਡੇ-ਵਡੇਰਿਆਂ ਵੱਲੋਂ ਸਦੀਆਂ ਪਹਿਲਾਂ ਬਣਾਈ ਹੋਈ ਮਰਿਆਦਾ ਤੇ ਅਸੂਲਾਂ ਦੇ ਮੱਦੇ-ਨਜ਼ਰ ਅਜੋਕੇ ਸਮੇਂ ਵਿਚ ਧੀਆਂ-ਭੈਣਾਂ ਨੂੰ ਬਣਦੀ ਆਜ਼ਾਦੀ ਦੇਣ ਦੀ ਗੱਲ ਕੀਤੀ ਅਤੇ ਪਾਕਿਸਤਾਨ ਅਤੇ ਇੱਥੇ ਕੈਨੇਡਾ ਵਿਚ ਔਰਤਾਂ ਦੀ ਆਮ ਭਲਾਈ ਅਤੇ ਲੜਕੀਆਂ ਦੀਆਂ ਸ਼ਾਦੀਆਂ ਆਦਿ ਕਰਨ ਲਈ ਉਨ੍ਹਾਂ ਵੱਲੋਂ ਇਕ ਅੰਤਰ-ਰਾਸ਼ਟਰੀ ਪੱਧਰ ਦੀ ਸੰਸਥਾ 'ਆਈ ਆਰ.ਪੀ.ਸੀ.+ (ਇੰਟਰ-ਰਿਲੀਜੀਅਸ ਪੀਸ ਕਾਊਂਸਲ) ਸ਼ੁਰੂ ਕਰਨ ਬਾਰੇ ਜਾਣਕਾਰੀ ਦਿੱਤੀ। ਅੰਮ੍ਰਿਤ ਢਿੱਲੋਂ ਨੇ ਪੰਜ-ਛੇ ਦਹਾਕੇ ਪਹਿਲਾਂ ਕਈ ਪੁਰਾਣੀਆਂ ਬਜ਼ੁਰਗ-ਮਾਤਾਵਾਂ ਵੱਲੋਂ ਨਵ-ਜੰਮੀਆਂ ਬੱਚੀਆਂ ਨੂੰ ਥੋੜ੍ਹੀ ਜਿਹੀ ਮਾਤਰਾ ਵਿਚ ਅਫ਼ੀਮ ਦਿੱਤੇ ਜਾਣ ਬਾਰੇ ਦੱਸਿਆ ਤਾਂ ਕਿ ਉਹ ਨਸ਼ੇ ਵਿਚ ਬਹੁਤਾ ਸਮਾਂ ਸੁੱਤੀਆਂ ਹੀ ਰਹਿਣ ਅਤੇ ਮਾਂਵਾਂ ਕੋਲੋਂ ਦੁੱਧ ਦੀ ਮੰਗ ਨਾ ਕਰਨ। ਮੀਤਾ ਖੰਨਾ ਨੇ ਘਰਾਂ ਵਿਚ ਲੜਕੇ ਅਤੇ ਲੜਕੀ ਵਿਚ ਕਿਸੇ ਵੀ ਕਿਸਮ ਦਾ ਵਿਤਕਰਾ ਨਾ ਕਰਨ ਅਤੇ ਦੋਹਾਂ ਨੂੰ ਬਿਲਕੁਲ ਬਰਾਬਰ ਸਹੂਲਤਾਂ ਦੇਣ ਦੀ ਗੱਲ ਕੀਤੀ। ਦਰਸ਼ਨ ਸਿੰਘ ਗਰੇਵਾਲ ਨੇ ਨਿੱਜੀ ਘਰੇਲੂ ਉਦਾਹਰਣ ਦਿੰਦਿਆਂ ਹੋਇਆਂ ਔਰਤਾਂ ਦੀ ਬਰਾਬਰੀ ਬਾਰੇ ਦੱਸਿਆ। ਡਾ. ਸੁਖਦੇਵ ਸਿੰਘ ਝੰਡ ਨੇ ਕੈਨੇਡਾ ਦੇ ਸਾਲ 2018 ਦੇ ਬੱਜਟ ਵਿਚ ਫ਼ੈਡਰਲ ਸਰਕਾਰ ਵੱਲੋਂ ਔਰਤਾਂ ਅਤੇ ਮਰਦਾਂ ਲਈ ਇੱਕੋ ਜਿਹੇ ਕੰਮਾਂ ਲਈ ਇੱਕੋ ਜਿਹੀ ਤਨਖ਼ਾਹ ਦੇਣ ਦੇ ਫ਼ੈਸਲੇ ਦਾ ਸੁਆਗ਼ਤ ਕਰਦਿਆਂ ਹੋਇਆਂ ਜੀਵਨ ਦੇ ਹਰੇਕ ਪਹਿਲੂ ਵਿਚ ਦੋਹਾਂ ਧਿਰਾਂ ਦੀ ਬਰਾਬਰੀ ਦੀ ਗੱਲ ਕੀਤੀ। ਬਹਿਸ ਨੂੰ ਸਮੇਟਦਿਆਂ ਹੋਇਆਂ ਪ੍ਰਧਾਨਗੀ-ਮੰਡਲ ਵਿੱਚੋਂ ਬਲਰਾਜ ਚੀਮਾ ਨੇ ਚਿਰਾਂ ਤੋਂ ਚੱਲ ਰਹੇ ਮਰਦ-ਪ੍ਰਧਾਨ ਸਮਾਜ ਵਿਚ ਔਰਤਾਂ ਨਾਲ ਹੁੰਦੇ ਆਏ ਵਿਤਕਰੇ ਬਾਰੇ ਕਈ ਉਦਾਹਰਣਾਂ ਦਿੰਦਿਆਂ ਹੋਇਆਂ ਕਿਹਾ ਕਿ ਇਸ ਨੂੰ ਹੁਣ ਜਲਦੀ ਤੋਂ ਜਲਦੀ ਖ਼ਤਮ ਕਰਨਾ ਸਮੇਂ ਦੀ ਲੋੜ ਬਣ ਗਈ ਹੈ। ਸਮਾਗ਼ਮ ਦੇ ਇਸ ਪਹਿਲੇ ਭਾਗ ਦਾ ਮੰਚ-ਸੰਚਾਲਨ ਮਲੂਕ ਸਿੰਘ ਕਾਹਲੋਂ ਨੇ ਕੀਤਾ।

ਸਮਾਗ਼ਮ ਦੇ ਦੂਸਰੇ ਭਾਗ ਵਿਚ ਪੰਜਾਬ ਤੋਂ ਤਸ਼ਰੀਫ਼ ਲਿਆਏ ਵਰਿਆਮ ਮਸਤ ਬਾਰੇ ਮੁੱਢਲੀ ਜਾਣਕਾਰੀ ਸਭਾ ਦੇ ਸਰ.ਗਰਮ ਮੈਂਬਰ ਇਕਬਾਲ ਬਰਾੜ ਨੇ ਦਿੱਤੀ ਅਤੇ ਫਿਰ ਮਸਤ ਹੁਰਾਂ ਨੇ ਆਪਣੇ ਬਾਰੇ ਦੱਸਦਿਆਂ ਹੋਇਆਂ ਕਿਹਾ ਕਿ ਉਹ ਉੱਘੇ ਨਾਟਕਕਾਰ ਬਲਵੰਤ ਗਾਰਗੀ ਜੀ ਦੇ ਸ਼ਗਿਰਦ ਰਹੇ ਹਨ ਅਤੇ ਉਨ੍ਹਾਂ ਨਾਟਕ ਨਿਰਦੇਸ਼ਨ ਬਾਰੇ ਸਿਖਲਾਈ ਗਾਰਗੀ ਹੁਰਾਂ ਕੋਲੋਂ ਹੀ ਪ੍ਰਾਪਤ ਕੀਤੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਨਾਟਕ ਬਾਰੇ ਦਰਜਨ ਦੇ ਲੱਗਭੱਗ ਪੁਸਤਕਾਂ ਲਿਖੀਆਂ ਹਨ ਅਤੇ ਕਈ ਵਿਦਿਆਰਥੀਆਂ ਨੇ ਇਨ੍ਹਾਂ ਉੱਪਰ ਐੱਮ.ਫਿਲ. ਅਤੇ ਪੀ.ਐੱਚ.ਡੀ. ਕੀਤੀ ਹੈ। ਉਨ੍ਹਾਂ ਆਪਣੀਆਂ ਨਵ-ਪ੍ਰਕਾਸ਼ਿਤ ਪੁਸਤਕਾਂ 'ਅੱਜ ਦੀ ਸਾਹਿਬਾਂ' ਅਤੇ 'ਮਾਈ ਥੀਏਟਰ ਡੇਜ਼: ਆਟੋਬਾਇਓਗਰਾਫ਼ੀ ਇਨ ਡਰਾਮਾ' ਨਾਮਕ ਪੁਸਤਕਾਂ ਬਾਰੇ ਵੀ ਜਾਣਕਾਰੀ ਦਿੱਤੀ। ਇਸ ਦੇ ਨਾਲ ਹੀ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਕੈਨੇਡਾ ਨੂੰ ਸਮੇਂ-ਸਮੇਂ ਸਰਪ੍ਰਸਤੀ ਦਿੰਦੇ ਆ ਰਹੇ ਬਰੈਂਪਟਨ ਦੇ ਉੱਘੇ ਸਮਾਜ-ਸਨੇਹੀ ਅਤੇ ਸਾਹਿਤ-ਪ੍ਰੇਮੀ ਸ. ਪਿਆਰਾ ਸਿੰਘ ਤੂਰ ਦਾ ਸਭਾ ਵੱਲੋਂ ਸ਼ਾਨਦਾਰ ਸਨਮਾਨ-ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਸਭਾ ਦੇ ਸਮੂਹ-ਮੈਂਬਰਾਂ ਦਾ ਧੰਨਵਾਦ ਕਰਦਿਆਂ ਹੋਇਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਸ ਸਭਾ ਦੀਆਂ ਮੀਟਿੰਗਾਂ ਵਿਚ ਸ਼ਾਮਲ ਹੋ ਕੇ ਬੜੀ ਖ਼ੁਸ਼ੀ ਹੁੰਦੀ ਹੈ ਅਤੇ ਇੱਥੇ ਬੜਾ ਕੁਝ ਨਵਾਂ ਸਿੱਖਣ ਨੂੰ ਮਿਲਦਾ ਹੈ।

ਉਪਰੰਤ, ਇਸ ਸੈੱਸ਼ਨ ਵਿਚ ਕਵੀ-ਦਰਬਾਰ ਦੀ ਕਮਾਂਡ ਪਰਮਜੀਤ ਸਿੰਘ ਢਿੱਲੋਂ ਨੇ ਸੰਭਾਲੀ ਅਤੇ ਸੱਭ ਤੋਂ ਪਹਿਲਾਂ ਇਕਬਾਲ ਬਰਾੜ ਨੂੰ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਜਿਨ੍ਹਾਂ ਨੇ ਆਪਣੀ ਸੁਰੀਲੀ ਆਵਾਜ਼ ਵਿਚ ਕੌਮਾਂਤਰੀ ਔਰਤ-ਦਿਵਸ ਨਾਲ ਹੀ ਜੁੜਿਆ ਹੋਇਆ ਗੀਤ 'ਔਰਤ ਨੇ ਜਨਮ ਦੀਆ ਮਰਦੋਂ ਕੋ, ਮਰਦੋਂ ਨੇ ਉਸੇ ਬਾਜ਼ਾਰ ਦੀਆ' ਗਾ ਕੇ ਹਾਜ਼ਰੀਨ ਨੂੰ ਸੀਰੀਅਸ ਕਰ ਦਿੱਤਾ। ਉਪਰੰਤ, ਸੰਨੀ ਸ਼ਿਵਰਾਜ, ਭੁਪਿੰਦਰ ਦੂਲੇ, ਤਾਹਿਰ ਗਿੱਲ, ਮਕਸੂਦ ਚੌਧਰੀ, ਰਿੰਕੂ ਭਾਟੀਆ, ਸੁਰਜੀਤ, ਪਰਮਜੀਤ ਦਿਓਲ, ਪਰਮਜੀਤ ਗਿੱਲ, ਮੀਤਾ ਖੰਨਾ, ਸੁਖਦੇਵ ਝੰਡ, ਹਰਦਿਆਲ ਝੀਤਾ ਅਤੇ ਪਰਮਜੀਤ ਢਿੱਲੋਂ ਨੇ ਵਾਰੋ-ਵਾਰੀ ਆਪਣੀਆਂ ਕਵਿਤਾਵਾਂ, ਗੀਤਾਂ ਅਤੇ ਗ਼ਜ਼ਲਾਂ ਨਾਲ ਵਧੀਆ ਰੰਗ ਬੰਨ੍ਹਿਆਂ। ਅਖ਼ੀਰ ਵਿਚ ਹਰਜਸਪ੍ਰੀਤ ਗਿੱਲ ਵੱਲੋਂ ਆਏ ਸਮੂਹ-ਮੈਂਬਰਾਂ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਹਾਜ਼ਰੀਨ ਵਿਚ ਮਹਿੰਦਰ ਸਿੰਘ ਵਾਲੀਆ, ਸੁਰਿੰਦਰ ਸਿੰਘ ਸੰਧੂ, ਜਸਵਿੰਦਰ ਸਿੰਘ, ਰਮਿੰਦਰ ਵਾਲੀਆ, ਮਨਮੋਹਨ ਗੁਲਾਟੀ, ਅਵਤਾਰ ਸਿੰਘ ਬੈਂਸ, ਤਰਲੋਚਨ ਸਿੰਘ ਆਸੀ,ਮੁਹੰਮਦ ਅਹਿਮਦ, ਚੌਧਰੀ ਅਬਦੁਲ ਰਸ਼ੀਦ ਸਮੇਤ ਕਈ ਹੋਰ ਸ਼ਾਮਲ ਸਨ।



ਬੂਟਾ ਸਿੰਘ ਨਵਾਂਸ਼ਹਿਰ
94634-74342

# ਕੈਪਟਨ ਸਰਕਾਰ ਦੇ ਚੋਣ ਵਾਅਦੇ ਅਤੇ ਹਕੀਕਤ

ਮੌਕੇ ਦੀ ਸੱਤਾਧਾਰੀ ਧਿਰ ਦੇ ਖ਼ਿਲਾਫ਼ ਆਮ ਲੋਕਾਂ ਦੀ ਬੇਚੈਨੀ ਦਾ ਫ਼ਾਇਦਾ ਉਠਾਉਂਦੇ ਹੋਏ ਭਰਮਾਊ ਚੋਣ ਵਾਅਦੇ ਕਰਕੇ ਸੱਤਾ ਉੱਪਰ ਕਾਬਜ਼ ਹੋਣਾ ਅਤੇ ਫਿਰ ਵਾਅਦਾਖ਼ਿਲਾਫ਼ੀ ਕਰਨਾ ਹਿੰਦੁਸਤਾਨ ਦੀਆਂ ਤਮਾਮ 'ਮੁੱਖਧਾਰਾ' ਸਿਆਸੀ ਪਾਰਟੀਆਂ ਦੀ ਸਾਂਝੀ ਖ਼ੂਬੀ ਹੈ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਇਸੇ ਸਚਾਈ ਉੱਪਰ ਮੋਹਰ-ਦਰ-ਮੋਹਰ ਲਾ ਰਹੀ ਹੈ। ਦੁਨੀਆ ਦੀ 'ਸਭ ਤੋਂ ਵੱਡੀ ਜਮਹੂਰੀਅਤ' ਕਹਾਉਣ ਵਾਲੇ ਰਾਜ ਦਾ ਰਾਜਸੀ ਢਾਂਚਾ ਐਨਾ ਲਚਕੀਲਾ ਹੈ ਕਿ ਸਿਆਸੀ ਪਾਰਟੀਆਂ ਚੋਣ ਮੈਨੀਫੈਸਟੋ ਵਿੱਚ ਅੰਬਰੋਂ ਤਾਰੇ ਤੋੜ ਕੇ ਲਿਆਉਣ ਦੇ ਵਾਅਦੇ ਕਰਕੇ ਮੌਜ ਨਾਲ ਹੀ ਆਪਣੇ ਚੋਣ ਮੈਨੀਫੈਸਟੋ ਦਰਕਿਨਾਰ ਕਰ ਦਿੰਦੀਆਂ ਹਨ ਅਤੇ ਡੰਡੇ ਦੇ ਜ਼ੋਰ ਰਾਜ ਕਰਨਾ ਆਪਣਾ ਜਮਾਂਦਰੂ ਹੱਕ ਸਮਝਦੀਆਂ ਹਨ। ਉਹਨਾਂ ਦੀ ਜਵਾਬਦੇਹੀ ਕੋਈ ਨਹੀਂ।

ਚੋਣਾਂ ਦੌਰਾਨ ਕੈਪਟਨ ਨੇ ਧਾਰਮਿਕ ਗੁਟਕਾ ਹੱਥ ਵਿਚ ਫੜਕੇ ਜਨਤਕ ਤੌਰ ਤੇ ਸਹੁੰ ਖਾਧੀ ਸੀ ਕਿ 4 ਹਫਤਿਆਂ ਵਿਚ ਪੰਜਾਬ ਚੋਂ ਨਸ਼ਾ ਖ਼ਤਮ ਕਰ ਦਿੱਤਾ ਜਾਵੇਗਾ। 48 ਹਫ਼ਤੇ ਬਾਦ ਵੀ ਪੰਜਾਬ ਜਿਉਂ ਦਾ ਤਿਉਂ ਨਸ਼ਿਆਂ ਦੀ ਲਪੇਟ ਵਿਚ ਹੈ। ਇਕ ਵੀ ਵੱਡਾ ਨਸ਼ਾ ਤਸ਼ਕਰ ਸੀਖਾਂ ਪਿੱਛੇ ਡੱਕਿਆ ਨਹੀਂ ਗਿਆ। ਨਸ਼ੇ ਅਜੇ ਵੀ ਪੰਜਾਬ ਦੀਆਂ ਗਲੀਆਂ ਵਿਚ ਸਰੇਆਮ ਵੇਚੇ ਜਾ ਰਹੇ ਹਨ। 4 ਹਫ਼ਤਿਆਂ ਵਾਲਾ ਚੋਣ ਵਾਅਦਾ ਇਕ ਸਾਲ ਗੁਜ਼ਰਦਿਆਂ ਨੌਜਵਾਨਾਂ ਨੂੰ ਨਸ਼ਿਆਂ ਦੀ ਜਕੜ 'ਚੋਂ ਬਾਹਰ ਕੱਢਣਾ ਸਰਕਾਰ ਅਤੇ ਨਾਗਰਿਕਾਂ ਦੀ "ਸਾਂਝੀ ਜ਼ਿੰਮੇਵਾਰੀ" ਬਣ ਗਿਆ। ਸੁਹਿਰਦ ਨਾਗਰਿਕ ਅਤੇ ਨਸ਼ਿਆਂ ਦੇ ਤਬਾਹ ਕੀਤੇ ਪਰਿਵਾਰ ਤਾਂ ਬਹੁਤ ਸਾਲਾਂ ਤੋਂ ਦੁਹਾਈ ਦੇ ਰਹੇ ਹਨ ਕਿ ਨਸ਼ਿਆਂ ਦੀ ਮਹਾਂਮਾਰੀ ਨੂੰ ਨੱਥ ਪਾਕੇ ਜਵਾਨੀ ਨੂੰ ਬਚਾਇਆ ਜਾਵੇ। ਪਰ ਹੁਕਮਰਾਨ ਕਦੇ ਵੀ ਨਸ਼ੇ ਖ਼ਤਮ ਕਰਨ ਲਈ ਗੰਭੀਰ ਨਹੀਂ ਹੋਏ। ਇਸ ਦੇ ਉਲਟ, ਅਕਾਲੀ-ਭਾਜਪਾ ਅਤੇ ਕਾਂਗਰਸ ਦੋਨੋਂ ਮੁੱਖ ਹਾਕਮ ਜਮਾਤੀ ਧੜਿਆਂ ਅਤੇ ਪੁਲਿਸ ਦੀ ਨਸ਼ਿਆਂ ਦੇ ਵੱਡੇ ਧੰਦੇਬਾਜ਼ਾਂ ਨਾਲ ਮਿਲੀਭਗਤ ਅਕਸਰ ਸਾਹਮਣੇ ਆਉਂਦੀ ਰਹਿੰਦੀ ਹੈ।

ਦਰਅਸਲ ਕੈਪਟਨ ਸਰਕਾਰ ਦੀ ਨੀਤੀ ਕੋਈ ਨਾ ਕੋਈ ਸ਼ੋਸ਼ਾ ਛੱਡਕੇ ਵਕਤ ਟਪਾਉਣ ਦੀ ਹੈ। ਸਹੀ ਮਾਇਨਿਆਂ ਵਿਚ ਨਸ਼ਿਆਂ ਨੂੰ ਰੋਕਣ ਲਈ ਇਸ ਸਮੱਸਿਆ ਦੇ ਮੂਲ ਕਾਰਨਾਂ ਨੂੰ ਮੁਖ਼ਾਤਬ ਹੋਣਾ ਉਹਨਾਂ ਦਾ ਅਜੰਡਾ ਹੀ ਨਹੀਂ। ਪਹਿਲਾਂ ਕੈਪਟਨ ਸਰਕਾਰ ਨੇ ਨਸ਼ੇ ਰੋਕਣ ਦੇ ਨਾਂ ਹੇਠ ਸਪੈਸ਼ਲ ਟਾਸਕ ਫੋਰਸ ਬਣਾਈ, ਹੁਣ ਡੈਪੋ (ਡਰੱਗ ਅਬਿਊਜ਼ ਪ੍ਰਵੈਨਸ਼ਨ ਆਫ਼ੀਸਰ ਭਾਵ ਨਸ਼ਿਆਂ ਦੀ ਦੁਰਵਰਤੋਂ ਰੋਕੂ ਅਫ਼ਸਰ) ਨਾਂ ਦੀ ਨਵੀਂ ਮੁਹਿੰਮ ਵਿੱਢੀ ਗਈ ਹੈ। 23 ਮਾਰਚ ਨੂੰ ਸ਼ਹੀਦ ਭਗਤ ਸਿੰਘ ਦੇ ਪਿੰਡ ਤੋਂ ਕੈਪਟਨ ਵਲੋਂ ਅਤੇ ਬਾਕੀ ਜ਼ਿਲ੍ਹਿਆਂ ਵਿਚ ਸਰਕਾਰ ਦੇ ਹੋਰ ਕੈਬਨਿਟ ਮੰਤਰੀਆਂ ਵਲੋਂ ਡੈਪੋ ਸਹੁੰ-ਚੁੱਕ ਸਮਾਗਮ ਕੀਤੇ ਗਏ। ਖ਼ੁਦ ਸਹੁੰ ਖਾਧੀ ਗਈ ਅਤੇ ਡੈਪੋ ਵਾਲੰਟੀਅਰਾਂ ਦੇ ਨਾਂ ਹੇਠ ਇਕੱਠੇ ਕੀਤੇ ਹਜੂਮਾਂ ਨੂੰ ਸਹੁੰ ਚੁਕਾਈ ਗਈ। ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਡੈਪੋ ਦੀ ਵੈੱਬਸਾਈਟ ਉੱਪਰ ਹੁਣ ਤਕ ਸਵਾ ਚਾਰ ਲੱਖ ਵਾਲੰਟੀਅਰ ਭਰਤੀ ਹੋ ਚੁੱਕੇ ਹਨ। ਇਹ ਇਸ ਹਕੀਕਤ ਨੂੰ ਚਲਾਕੀ ਨਾਲ ਲੁਕੋਣ ਦੀ ਕਵਾਇਦ ਹੈ ਕਿ ਨਸ਼ਿਆਂ ਨੂੰ ਠੱਲ ਠੋਸ ਨੀਤੀ ਨਾਲ ਪਵੇਗੀ ਨਾ ਕਿ ਵਾਲੰਟੀਅਰਾਂ ਦੀ ਭਰਤੀ ਦੇ ਅੰਕੜਿਆਂ ਨਾਲ। ਨਸ਼ਿਆਂ ਦੀ ਮੂਲ ਵਜ੍ਹਾ ਘੋਰ ਮਾਯੂਸੀ ਹੈ ਜਿਸਦਾ ਸਿੱਧਾ ਸਬੰਧ ਪੰਜਾਬ ਦੇ ਘੋਰ ਸਮਾਜੀ ਅਤੇ ਆਰਥਕ ਸੰਕਟ ਅਤੇ ਵਿਆਪਕ ਬੇਰੋਜ਼ਗਾਰੀ ਨਾਲ ਹੈ। ਜੇ ਹਾਕਮ ਜਮਾਤਾਂ ਚਾਹੁੰਣ ਤਾਂ ਨਸ਼ੇ ਖ਼ਤਮ ਕਰਨ ਲਈ ਨਾ ਕਿਸੇ ਅਖਾਉਤੀ ਟਾਸਕ ਫੋਰਸ ਦੀ ਜ਼ਰੂਰਤ ਹੈ ਨਾਂ ਇਸ ਤਰ੍ਹਾਂ ਦੇ ਅਖਾਉਤੀ ਵਾਲੰਟੀਅਰਾਂ ਦੀ ਭਰਤੀ ਦੀ। ਇਸ ਖ਼ਾਤਰ ਸਿਆਸੀ ਇੱਛਾ ਅਤੇ ਠੋਸ ਨੀਤੀ ਦਰਕਾਰ ਹੈ ਜਿਸਦੀ ਕੈਪਟਨ ਸਰਕਾਰ ਤੋਂ ਕੋਈ ਉਮੀਦ ਨਹੀਂ। ਸਰਕਾਰ ਕੋਲ ਪਹਿਲਾਂ ਹੀ ਪੁਲਿਸ ਅਤੇ ਸਿਹਤ ਮਹਿਕਮੇ ਦਾ ਵਿਆਪਕ ਤਾਣਾਬਾਣਾ ਹੈ ਉਹ ਇਸ ਕੰਮ ਲਈ ਕਿਉਂ ਕਾਰਆਮਦ ਨਹੀਂ? ਕੈਪਟਨ ਸਰਕਾਰ ਵਲੋਂ ਬੇਰੋਜ਼ਗਾਰੀ ਨੂੰ ਦੂਰ ਕਰਨ ਅਤੇ ਨਸ਼ਿਆਂ ਦਾ ਸ਼ਿਕਾਰ ਨੌਜਵਾਨਾਂ ਦੇ ਇਲਾਜ ਲਈ ਕੋਈ ਠੋਸ ਨੀਤੀ ਨਹੀਂ ਲਈ ਗਈ। ਇਸ ਡੈਪੋ ਦੀ ਕਾਰਗੁਜ਼ਾਰੀ ਟਾਸਕ ਫੋਰਸ ਤੋਂ ਵੱਖਰੀ ਨਹੀਂ ਹੋਵੇਗੀ। ਕਾਗਜ਼ੀ ਕਾਰਵਾਈਆਂ ਅਤੇ ਫੋਕੇ ਐਲਾਨ ਚਾਰ ਸਾਲ ਲੰਘਾਉਣ ਲਈ ਹਨ। ਡੈਪੋ ਸਹੁੰ ਚੁੱਕਣ ਤੋਂ ਅਗਲੇ ਦਿਨ ਟਾਸਕ ਫੋਰਸ ਵਲੋਂ ਪੁਲਿਸ ਦੇ ਇਕ ਸਾਬਕਾ ਡੀ.ਐੱਸ.ਪੀ. ਅਤੇ ਉਸਦੇ ਹਮਧੰਦੇਬਾਜ਼ਾਂ ਨੂੰ ਗਰਿਫ਼ਤਾਰ ਕਰਕੇ ਉਹਨਾਂ ਕੋਲੋਂ 15 ਕਿਲੋ ਅਫ਼ੀਮ ਦੀ ਬਰਾਮਦਗੀ ਦਿਖਾਈ ਗਈ। ਜਦਕਿ ਪੰਜਾਬ ਦਾ ਹਰ ਬਾਸ਼ਿੰਦਾ ਜਾਣਦਾ ਹੈ ਕਿ ਮੁੱਖ ਨਸ਼ੇ ਚਿੱਟਾ, ਹੈਰੋਇਨ ਤੇ ਸ਼ਰਾਬ ਹਨ ਜਿਹਨਾਂ ਨੇ ਸਾੜਸਤੀ ਮਚਾਈ ਹੋਈ ਹੈ ਪਰ ਕੈਪਟਨ ਸਰਕਾਰ ਟਾਸਕ ਫੋਰਸ ਕੋਲੋਂ ਅਫ਼ੀਮ ਬਰਾਮਦ ਕਰਕੇ ਆਪਣੀ ਪਿੱਠ ਥਾਪੜ ਰਹੀ ਹੈ।

ਘਰ-ਘਰ ਰੁਜ਼ਗਾਰ ਦੇਣ ਦਾ ਵਾਅਦਾ ਪੱਕੀ ਨੌਕਰੀ ਦੇਣ ਦੀ ਬਜਾਏ ਨਿੱਜੀ ਕੰਪਨੀਆਂ ਨੂੰ ਸੱਦਕੇ 'ਰੁਜ਼ਗਾਰ ਮੇਲੇ' ਲਾਉਣ ਤਕ ਸੀਮਤ ਹੋ ਗਿਆ। ਇਹਨਾਂ ਮੇਲਿਆਂ ਰਾਹੀਂ ਰੋਜ਼ਗਾਰ ਦੇਣ ਦੇ ਦਾਅਵੇ ਦੀ ਪੋਲ ਵੀ ਛੇਤੀ ਹੀ ਖੁੱਲ ਗਈ। 'ਰੋਜ਼ਗਾਰ ਮੇਲਿਆਂ' ਦੇ ਜ਼ਿਆਦਾਤਰ ਖਾਲੀ ਸ਼ਾਮਿਆਨੇ ਦੱਸਦੇ ਹਨ ਕਿ ਨੌਜਵਾਨ ਰੋਜ਼ਗਾਰ ਦੇ ਇਸ ਸਰਕਾਰੀ ਨਾਟਕ ਨੂੰ ਕਿੰਨੀ ਕੁ ਗੰਭੀਰਤਾ ਨਾਲ ਲੈ ਰਹੇ ਹਨ। ਅਸਲੀਅਤ ਇਹ ਹੈ ਕਿ ਨਵਾਂ ਰੋਜ਼ਗਾਰ ਤਾਂ ਕੀ ਮੁਹੱਈਆ ਕਰਨਾ ਸੀ ਸਗੋਂ ਸਰਕਾਰੀ ਥਰਮਲ ਬੰਦ ਕਰਕੇ ਬਾਰੋਜ਼ਗਾਰਾਂ ਤੋਂ ਵੀ ਰੋਜ਼ਗਾਰ ਖੋਹਿਆ ਜਾ ਰਿਹਾ ਹੈ।

ਕੈਪਟਨ ਸਰਕਾਰ ਦੀ ਕਾਰਗੁਜ਼ਾਰੀ ਦਾ ਸ਼ੀਸ਼ਾ ਹਾਲੀਆ ਬਜਟ ਹੈ। ਵਿੱਤ ਮੰਤਰੀ ਵਲੋਂ ਜੋ ਰਾਜਕੋਸ਼ੀ ਤਸਵੀਰ ਪੇਸ਼ ਕੀਤੀ ਗਈ ਹੈ ਉਸ ਮੁਤਾਬਿਕ ਸਰਕਾਰੀ ਮਾਲੀਆ 73812 ਕਰੋੜ ਰੁਪਏ ਅਤੇ ਖ਼ਰਚਾ 86351 ਕਰੋੜ ਰੁਪਏ ਹੋਵੇਗਾ ਭਾਵ ਸਾਲਾਨਾ 12539 ਕਰੋੜ ਦਾ ਘਾਟਾ। ਸੂਬੇ ਸਿਰ ਲੱਗਭਗ ਦੋ ਲੱਖ ਕਰੋੜ ਰੁਪਏ ਦਾ ਕਰਜ਼ਾ ਹੈ ਜੋ ਅਗਲੇ ਮਾਲੀ ਸਾਲ ਦੇ ਅੰਤ ਵਿਚ ਦੋ ਲੱਖ ਸਾਢੇ ਗਿਆਰਾਂ ਹਜ਼ਾਰ ਕਰੋੜ ਹੋ ਜਾਣ ਦਾ ਅੰਦਾਜ਼ਾ ਹੈ। ਕੁਲ ਆਮਦਨ ਦਾ 87 ਫੀਸਦੀ ਹਿੱਸਾ ਤਨਖਾਹਾਂ ਤੇ ਪੈਨਸ਼ਨਾਂ ਦੇਣ ਅਤੇ ਕਰਜੇ ਦੇ ਵਿਆਜ ਤੇ ਕਿਸ਼ਤਾਂ ਦੀ ਅਦਾਇਗੀ ਦੇ ਖ਼ਾਤੇ ਵਿਚ ਚਲਾ ਜਾਵੇਗਾ। ਬਾਕੀ ਜੋ ਬਚਦਾ ਹੈ ਉਸ ਤੋਂ ਵਾਅਦਿਆਂ ਦੀ ਪੂਰਤੀ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

ਕੈਪਟਨ ਦਾ "ਕਰਜਾ ਕੁਰਕੀ ਖ਼ਤਮ, ਫ਼ਸਲ ਦੀ ਪੂਰੀ ਰਕਮ" ਦਾ ਚੋਣ ਵਾਅਦਾ ਮੁਕੰਮਲ ਕਰਜ਼ਾ ਮੁਆਫੀ ਤੋਂ ਹੌਲੀ-ਹੌਲੀ ਪੰਜ ਏਕੜ ਤੱਕ, ਫਿਰ ਢਾਈ ਏਕੜ ਜ਼ਮੀਨ ਵਾਲੇ ਕਿਸਾਨਾਂ ਲਈ ਸਿਰਫ਼ ਦੋ ਲੱਖ ਮੁਆਫ਼ ਕਰਨ ਤੱਕ ਅਤੇ ਫਿਰ ਅੱਗੇ ਉਸਨੂੰ ਵੀ ਤਿੰਨ ਵਰਗਾਂ - ਨਿੱਜੀ ਖੇਤਰ ਦੇ ਬੈਂਕ, ਸਰਕਾਰੀ ਬੈਂਕ ਅਤੇ ਸਹਿਕਾਰੀ ਸੁਸਾਇਟੀਆਂ - ਵਿਚ ਵੰਡਕੇ ਸਹਿਕਾਰੀ ਸੁਸਾਇਟੀਆਂ ਦਾ ਮੁਆਫ਼ ਕਰਨ ਤੱਕ ਸੁੰਗੜ ਗਿਆ। ਜੂਨ 2017 ਵਿਚ ਕੁਲ ਸਾਢੇ ਸਤਾਰਾਂ ਲੱਖ ਖੇਤੀ ਕਰ ਰਹੇ ਪਰਿਵਾਰਾਂ ਵਿੱਚੋਂ ਕੇਵਲ 10.5 ਲੱਖ ਕਿਸਾਨਾਂ ਦੇ 9500 ਕਰੋੜ ਰੁਪਏ ਕਰਜ਼ੇ ਮੁਆਫ਼ ਕਰਨ ਦੀ ਗੱਲ ਕੀਤੀ ਗਈ ਜੋ ਆਖ਼ਿਰਕਾਰ 5.63 ਲੱਖ ਕਿਸਾਨਾਂ ਦੀ ਨਿਸ਼ਾਨਦੇਹੀ ਤਕ ਸੀਮਤ ਹੋ ਗਈ। ਪੰਜਾਬ ਸਟੇਟ ਸਹਿਕਾਰੀ ਬੈਂਕ ਦੇ ਅਧਿਕਾਰੀਆਂ ਮੁਤਾਬਿਕ ਹਾਲੀਆ ਹਦਾਇਤਾਂ ਮੁਤਾਬਿਕ ਕੇਵਲ 3.18 ਲੱਖ ਕਿਸਾਨ ਹੀ ਕਰਜਾ ਮੁਆਫ਼ੀ ਦੇ ਘੇਰੇ ਵਿਚ ਆ ਸਕਣਗੇ। ਕਰਜ਼ੇ ਕਾਰਨ ਕਿਸਾਨਾਂ, ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਲਗਾਤਾਰ ਜਾਰੀ ਹਨ। ਲੇਕਿਨ ਸਰਕਾਰ ਦਹਿ ਲੱਖਾਂ ਰੋੜਕੇ ਕਰਜ਼ੇ ਮਾਫ਼ ਕਰਨ ਦੇ ਜਸ਼ਨੀਂ ਸਮਾਗਮ ਕਰਨ ਵਿਚ ਮਸਰੂਫ਼ ਹੈ। 7 ਜਨਵਰੀ ਨੂੰ ਮਾਨਸਾ ਵਿਚ ਮਾਲਵਾ ਦੇ ਪੰਜ ਜ਼ਿਲ੍ਹਿਆਂ ਵਿੱਚੋਂ ਚੁਣੇ 10 ਕਿਸਾਨਾਂ ਨੂੰ ਕਰਜਾ ਮੁਆਫ਼ੀ ਦੇ ਸਰਟੀਫੀਕੇਟ ਜਾਰੀ ਕਰਕੇ 46000 ਕਿਸਾਨਾਂ ਦੀ ਕਰਜਾ ਮੁਆਫ਼ੀ ਦੀ ਪਹਿਲੀ ਕਿਸ਼ਤ 167.39 ਕਰੋੜ ਰੁਪਏ ਜਾਰੀ ਕਰਨ ਦਾ ਐਲਾਨ ਕੀਤਾ ਗਿਆ। ਹੁਣ 14 ਮਾਰਚ ਨੂੰ ਨਕੋਦਰ ਵਿਖੇ ਪੰਜ ਹੋਰ ਜ਼ਿਲ੍ਹਿਆਂ ਦੇ 30365 ਕਿਸਾਨਾਂ ਦਾ 162 ਕਰੋੜ ਰੁਪਏ ਦਾ ਕਰਜਾ ਮੁਆਫ਼ ਕਰਨ ਦਾ ਐਲਾਨ ਕੀਤਾ ਗਿਆ ਹੈ। 2018-19 ਵਿਚ ਕਿਸਾਨਾਂ ਦੀ ਕਰਜਾ ਮੁਆਫ਼ੀ ਲਈ ਮਹਿਜ਼ 4250 ਕਰੋੜ ਰੁਪਏ ਰੱਖੇ ਗਏ ਹਨ। ਸਰਕਾਰ ਕੋਲੋਂ ਸਭ ਤੋਂ ਨਿਤਾਣੇ ਹਿੱਸੇ ਦਲਿਤ ਮਜ਼ਦੂਰਾਂ ਦੇ ਕਰਜ਼ੇ ਮੁਆਫ਼ ਕਰਨ ਦਾ ਰਸਮੀਂ ਬਿਆਨ ਦਿਵਾਉਣ ਲਈ ਵੀ ਮਜ਼ਦੂਰ ਜਥੇਬੰਦੀਆਂ ਨੂੰ ਸਾਰਾ ਸਾਲ ਲਗਾਤਾਰ ਧਰਨੇ ਮੁਜ਼ਾਹਰੇ ਕਰਨੇ ਪਏ, ਹਕੀਕਤ ਵਿਚ ਕਰਜ਼ਾ ਮੁਆਫ਼ੀ ਤਾਂ ਬਹੁਤ ਦੂਰ ਦੀ ਗੱਲ ਹੈ। ਇਸ ਦੇ ਮੱਦੇਨਜ਼ਰ ਸਮਝਣਾ ਮੁਸ਼ਕਲ ਨਹੀਂ ਕਿ ਕਿਸਾਨ, ਮਜ਼ਦੂਰ ਖ਼ੁਦਕੁਸ਼ੀਆਂ ਦਾ ਰੁਝਾਨ ਕਿਸ ਤਰ੍ਹਾਂ ਦਾ ਰਹੇਗਾ ਜੋ ਵਾਲ-ਵਾਲ ਕਰਜਾਈ ਹਨ। ਕਾਸ਼ਤਕਾਰਾਂ ਦਾ ਵਰਗੀਕਰਨ ਕਰਕੇ ਸਬਸਿਡੀ ਨੀਤੀ ਬਣਾਉਣ ਦੀ ਬਜਾਏ ਪਹਿਲੀ ਤਰਜ਼ 'ਤੇ ਖੇਤੀ ਖੇਤਰ ਲਈ 6256 ਕਰੋੜ ਰੁਪਏ ਸਬਸਿਡੀ ਰੱਖੀ ਗਈ ਹੈ। 'ਘਰ-ਘਰ ਰੋਜ਼ਗਾਰ' ਯੋਜਨਾ ਲਈ ਮਹਿਜ਼ 20 ਕਰੋੜ ਰੁਪਏ ਦੀ ਵਿਵਸਥਾ ਹੈ। ਬੁਨਿਆਦੀ ਸਿੱਖਿਆ ਢਾਂਚੇ ਨੂੰ ਮਜ਼ਬੂਤ ਕਰਨ ਦੀ ਬਜਾਏ ਹਰ ਬਲਾਕ ਵਿਚ ਇਕ 'ਸਮਾਰਟ ਸਕੂਲ' ਲਈ 50 ਕਰੋੜ ਰੁਪਏ ਰੱਖੇ ਗਏ ਹਨ।

ਦਿਹਾਤੀ ਵਿਕਾਸ ਤੇ ਪੰਚਾਇਤਾਂ ਲਈ ਮਾਲੀ ਮੱਦ 88 ਫੀਸਦੀ ਵਧਾਉਣ ਤੋਂ ਬਿਨਾਂ ਬਜਟ ਵਿਚ ਬਸ ਅੰਕੜਿਆਂ ਅਤੇ ਲਫ਼ਾਜ਼ੀ ਦੀ ਦੁਹਰਾਈ ਹੈ, ਨਵਾਂ ਕੁਛ ਨਹੀਂ। ਉਚੇਰੀ ਸਿੱਖਿਆ ਦੇ ਰਹੀਆਂ ਮੁੱਖ ਯੂਨੀਵਰਸਿਟੀਆਂ ਦਾ ਮਾਲੀ ਸੰਕਟ ਐਨਾ ਡੂੰਘਾ ਹੈ ਕਿ ਪੰਜਾਬ ਅਤੇ ਪੰਜਾਬੀ ਦੋਨਾਂ ਯੂਨੀਵਰਸਿਟੀਆਂ ਦੇ ਭਵਿੱਖ ਉੱਪਰ ਸਵਾਲੀਆ ਚਿੰਨ੍ਹ ਲੱਗ ਚੁੱਕਾ ਹੈ ਅਤੇ ਇਥੇ ਵਾਰ-ਵਾਰ ਵਿਦਿਆਰਥੀ ਅੰਦੋਲਨ ਉੱਠ ਰਹੇ ਹਨ। 229 ਕਰੋੜ ਰੁਪਏ ਘਾਟੇ ਵਿਚ ਚੱਲ ਰਹੀ ਪੰਜਾਬੀ ਯੂਨੀਵਰਸਿਟੀ ਦੀ 300 ਕਰੋੜ ਦੀ ਯੱਕਮੁਸ਼ਤ ਗਰਾਂਟ ਦੇ ਮੱਦੇਨਜ਼ਰ ਬਜਟ ਵਿਚ 50 ਕਰੋੜ ਰੁਪਏ ਦਾ ਐਲਾਨ ਕੋਈ ਮਾਇਨੇ ਨਹੀਂ ਰੱਖਦਾ। ਘਾਟੇ ਦਾ ਜੁਗਾੜ ਕਰਨ ਲਈ ਯੂਨੀਵਰਸਿਟੀ ਪ੍ਰਸ਼ਾਸਨ ਫ਼ੀਸਾਂ ਵਧਾਏਗਾ ਅਤੇ ਬੁਨਿਆਦੀ ਸਹੂਲਤਾਂ ਦੀ ਹਾਲਤ ਹੋਰ ਭੈੜੀ ਬਣਦੀ ਜਾਵੇਗੀ। ਖ਼ਰਚੇ ਘਟਾਉਣ ਦੇ ਨਾਂ 'ਤੇ ਸੈਮੀਨਾਰਾਂ/ ਕਾਨਫ਼ਰੰਸਾਂ ਦੇ ਖ਼ਰਚ ਨੂੰ ਫ਼ਜ਼ੂਲ ਖ਼ਰਚੀ ਵਿਚ ਸ਼ੁਮਾਰ ਕਰਨ ਤੋਂ ਸਰਕਾਰ ਦੀ ਮਨਸ਼ਾ ਸਮਝ ਪੈ ਜਾਂਦੀ ਹੈ। ਇਸ ਨੀਤੀ ਦਾ ਭਾਵ ਹੈ ਕਮਜ਼ੋਰ ਪਰਿਵਾਰਾਂ ਦੇ ਵਿਦਿਆਰਥੀਆਂ ਨੂੰ ਪੜ੍ਹਾਈ ਤੋਂ ਬਾਹਰ ਕਰਨਾ ਅਤੇ ਅਧਿਐਨ ਤੇ ਗਿਆਨ ਦੀ ਕਵਾਲਿਟੀ ਨੂੰ ਖ਼ੋਰਾ ਲੱਗਣਾ।

ਇਸ ਤੋਂ ਅੱਗੇ ਸੱਤਾਧਾਰੀ ਧਿਰ ਦੀ ਆਪਣੀ 'ਚੁੰਗ ਵਸੂਲੀ' ਹੈ। ਇਹ ਮਾਮੂਲੀ ਰਾਜਕੋਸ਼ੀ ਵਸੀਲੇ ਸੱਤਾਧਾਰੀ ਧਿਰ ਦੀ ਲਾਲਸਾ ਨੂੰ ਤ੍ਰਿਪਤ ਕਰਨ ਲਈ ਕਾਫ਼ੀ ਨਹੀਂ, ਲਿਹਾਜ਼ਾ ਗੁੰਡਾ ਟੈਕਸ ਅਤੇ ਨਜਾਇਜ਼ ਖਣਨ ਰਾਹੀਂ ਧਾੜਵੀ ਲੁੱਟਮਾਰ ਘਟਣ ਦੀ ਬਜਾਏ ਵਧਣੀ ਤੈਅ ਹੈ। ਸਰਕਾਰੀ ਮਾਲੀਆ ਵਧਾਉਣ ਲਈ ਸਰਕਾਰ ਨੇ ਪੱਕਾ ਟੈਕਸ ਦੇਣ ਵਾਲਿਆਂ ਦੀਆਂ ਜੇਬਾਂ ਨੂੰ ਹੱਥ ਪਾਇਆ ਹੈ। ਜਿਸ ਸੱਤਾਧਾਰੀ ਕੋੜਮੇ ਨੇ ਦਸ ਸਾਲ ਪੰਜਾਬ ਨੂੰ ਬੇਰਹਿਮੀ ਨਾਲ ਲੁੱਟਿਆ ਉਹਨਾਂ ਦੀਆਂ ਨਜਾਇਜ਼ ਜਾਇਦਾਦਾਂ/ਕਾਰੋਬਾਰਾਂ ਦੀ ਪੜਤਾਲ ਕਰਵਾਕੇ ਬੇਹਿਸਾਬੀ ਕਮਾਈ ਜ਼ਬਤ ਕਰਨ ਦੀ ਬਜਾਏ ਕੈਪਟਨ ਸਰਕਾਰ ਨੇ ਹਾਲੀਆ ਬਜਟ ਵਿਚ ਮਾਲੀ ਵਸੀਲੇ ਪੈਦਾ ਕਰਨ ਦੇ ਨਾਂ ਹੇਠ 'ਵਿਕਾਸ ਟੈਕਸ' ਥੋਪ ਦਿੱਤਾ ਹੈ। ਇਹ ਆਮਦਨ ਕਰ ਦੇ ਘੇਰੇ ਵਿੱਚ ਆਉਂਦੇ ਤਮਾਮ ਪੇਸ਼ੇਵਰਾਂ, ਵਪਾਰੀਆਂ ਤੇ ਮੁਲਾਜ਼ਮਾਂ ਉੱਪਰ ਇਕ ਹੋਰ ਟੈਕਸ ਹੈ। ਭਾਵ ਜਿਸ ਦੀ ਸਾਲਾਨਾ ਆਮਦਨ ਢਾਈ ਲੱਖ ਰੁਪਏ ਤੋਂ ਉੱਪਰ ਹੈ ਉਹ ਪੰਜਾਬ ਸਰਕਾਰ ਨੂੰ 2400 ਰੁਪਏ ਨਵਾਂ ਟੈਕਸ ਦੇਵੇਗਾ, ਜੇ ਪਰਿਵਾਰ ਦੇ ਦੋ ਜੀਅ ਐਸੀ ਕਮਾਈ ਵਾਲੇ ਹਨ ਤਾਂ 4800 ਰੁਪਏ ਸਾਲਾਨਾ। ਵਿੱਤ ਮੰਤਰੀ ਅਨੁਸਾਰ ਆਲਮੀ ਬੈਂਕ ਅਤੇ ਏਸ਼ੀਅਨ ਵਿਕਾਸ ਬੈਂਕ ਤੋਂ 8ਫ਼ੀਸਦੀ ਸਸਤੇ ਵਿਆਜ ਦਾ ਕਰਜਾ ਲੈਣ ਲਈ ਇਹ ਟੈਕਸ ਲਾਇਆ ਗਿਆ ਹੈ। ਸਮਾਜੀ ਸੁਰੱਖਿਆ ਪੈਨਸ਼ਨਾਂ ਲਈ 1235 ਕਰੋੜ ਰੁਪਏ ਜੁਟਾਉਣ ਦੇ ਟੀਚੇ ਨਾਲ ਸਰਕਾਰੀ ਫਾਰਮਾਂ/ਸੇਵਾਵਾਂ ਉੱਪਰ ਇਕ ਹੋਰ ਲੈਵੀ ਲਾਈ ਜਾ ਰਹੀ ਹੈ।

ਰੇਤ ਬੱਜਰੀ ਉੱਪਰ ਸਿਆਸੀ ਧੜਵੈਲਾਂ ਦੀ ਮਾਫ਼ੀਆ ਅਜਾਰੇਦਾਰੀ ਖ਼ਤਮ ਕਰਨ ਦੇ ਵਾਅਦੇ ਦੀ ਹਕੀਕਤ ਇਹ ਹੈ ਕਿ ਮੁੱਖ ਮੰਤਰੀ ਨੇ ਆਪਣੇ ਖ਼ਾਸ ਚਹੇਤੇ ਕੈਬਨਿਟ ਮੰਤਰੀ ਰਾਣਾ ਗੁਰਜੀਤ ਦਾ ਅਸਤੀਫ਼ਾ ਵੀ ਬਹੁਤ ਜ਼ਿਆਦਾ ਬਦਨਾਮੀ ਹੋਣ ਤੋਂ ਬਾਦ ਲਿਆ ਜਿਸ ਦਾ ਰੇਤ ਘੁਟਾਲਾ ਇਕ ਤਰ੍ਹਾਂ ਦੀ ਦੰਦ ਕਥਾ ਬਣ ਚੁੱਕਾ ਸੀ। ਬਠਿੰਡਾ ਵਿਚ ਗੁੰਡਾ ਟੈਕਸ ਦਾ ਖ਼ੁਲਾਸਾ ਜ਼ਮੀਨੀਂ ਹਕੀਕਤ ਦਾ ਆਹਲਾ ਨਮੂਨਾ ਹੈ। ਮਹਿਜ਼ ਖਣਨ ਦੇ ਅਜਾਰੇਦਾਰਾਂ ਦੇ ਚਿਹਰੇ ਹੀ ਬਦਲੇ ਹਨ, ਮਾਰਧਾੜ ਵਿਚ ਕੋਈ ਖ਼ਾਸ ਫ਼ਰਕ ਨਹੀਂ ਪਿਆ। ਇਹੀ ਹਾਲ ਬਾਦਲਾਂ ਦੀ ਟਰਾਂਸਪੋਰਟ ਦੀ ਅਜਾਰੇਦਾਰੀ ਤੋੜਨ ਅਤੇ ਲਾਲ ਬੱਤੀ ਸੱਭਿਆਚਾਰ ਖ਼ਤਮ ਕਰਨ ਦੇ ਦਾਅਵਿਆਂ ਦਾ ਹੈ। ਰਾਜ ਪ੍ਰਸ਼ਾਸਨ ਵਿਚ ਫੇਰਬਦਲ ਐਨਾ ਕੁ ਹੋਇਆ ਹੈ ਕਿ ਬਾਦਲਕਿਆਂ ਦੇ 'ਹਲਕਾ ਇੰਚਾਰਜਾਂ' ਦੀ ਥਾਂ ਕਾਂਗਰਸ ਦੇ 'ਅਣਐਲਾਨੇ ਹਲਕਾ ਇੰਚਾਰਜ' ਲੈ ਲਈ ਹੈ। ਇਹ ਹੈ ਜੋ 'ਚਾਹੁੰਦਾ ਹੈ ਪੰਜਾਬ, ਕੈਪਟਨ ਦੀ ਸਰਕਾਰ' ਦੇ ਨਾਅਰੇ ਵਾਲੀ ਸਰਕਾਰ ਨੇ ਪੰਜਾਬ ਨੂੰ ਦਿੱਤਾ ਹੈ।

## ਮਾਨਯੋਗ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਬਿਜ਼ਨਸ ਡੈਲੀਗੇਸ਼ਨ 'ਚ ਸ਼ਾਮਿਲ ਹੋ ਕੇ ਭਾਰਤ ਗਏ 'ਪੰਜਾਬ ਇੰਸ਼ੋਰੈਂਸ' ਦੀ ਹੋਈ ਬੱਲੇ-ਬੱਲੇ


ਪੰਜਾਬ ਇੰਸ਼ੋਰੈਂਸ ਦੇ ਮਾਲਕ ਸ੍ਰ. ਸ਼ੇਰਜੰਗ ਸਿੰਘ ਰਾਣਾ ਉਨ੍ਹਾਂ ਦੀ ਪਤਨੀ ਹਰਪ੍ਰੀਤ ਰਾਣਾ ਅਤੇ ਉਨ੍ਹਾਂ ਦੇ ਪਾਰਟਨਰ ਸੰਦੀਪ ਅਹੂਜਾ, ਕੈਨੇਡਾ ਦੇ ਪ੍ਰਧਾਨ ਮੰਤਰੀ ਸ੍ਰੀ ਜਸਟਿਨ ਟਰੂਡੋ ਦੇ ਬਿਜ਼ਨਸ ਡੈਲੀਗੇਸ਼ਨ ਵਿਚ ਸ਼ਾਮਲ ਹੋ ਕੇ ਉਨ੍ਹਾਂ ਨਾਲ ਭਾਰਤ ਗਏ ਹਨ। ਇਸ ਦੌਰਾਨ ਉਨ੍ਹਾਂ ਨੇ ਮੁੰਬਈ ਦੇ ਗਰੈਂਡ ਤਾਜ ਹੋਟਲ ਵਿਖੇ ਹੋਈ ਬਿਜ਼ਨਸ ਕਾਨਫਰੰਸ ਵਿਚ ਸ਼ਮੂਲੀਅਤ ਕੀਤੀ ਅਤੇ ਕਈ ਪ੍ਰਤਿਸ਼ਟ ਵਿਅਕਤੀਆਂ ਨਾਲ ਮੀਟਿੰਗਾਂ ਕੀਤੀਆਂ। ਹੇਠਲੀਆਂ ਤਸਵੀਰਾਂ ਵਿਚ ਉਹ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਉਨ੍ਹਾਂ ਦੀ ਪਤਨੀ, ਕੈਨੇਡਾ ਦੇ ਮੰਤਰੀਆਂ-ਹਰਜੀਤ ਸਿੰਘ ਸੱਜਣ, ਬਰਦੀਸ਼ ਕੌਰ ਚੱਗੜ, ਨਵਦੀਪ ਸਿੰਘ ਬੈਂਸ ਤੇ ਕ੍ਰਿਸਟੀ ਡੰਕਨ ਅਤੇ ਪਾਰਲੀਮੈਂਟ ਮੈਂਬਰਾਂ-ਰਾਜ ਗਰੇਵਾਲ, ਰਣਦੀਪ ਸਿੰਘ ਸਰਾਏ, ਕਮਲ ਖੈਰਾ, ਅੰਜੂ ਢਿੱਲੋਂ, ਰਮੇਸ਼ਵਰ ਸੰਘਾ ਅਤੇ ਫ਼ਿਲਮੀ ਹਸਤੀਆਂ ਰਾਹੁਲ ਬੈਂਸ, ਰਮੇਸ਼ ਸਿੱਪੀ ਤੇ ਕਰਨ ਗਰੋਵਰ ਅਤੇ ਕਈ ਹੋਰ ਪ੍ਰਤਿਸ਼ਟ ਸ਼ਖਸੀਅਤਾਂ ਨਾਲ ਖੜ੍ਹੇ ਵਿਖਾਈ ਦੇ ਰਹੇ ਹਨ।



# ਕ੍ਰਾਂਤੀ ਦੀ ਗਾਥਾ ਦਾ ਸ਼ਾਇਰ : ਸੰਤ ਰਾਮ ਉਦਾਸੀ

- ਅਜਮੇਰ ਸਿੱਧੂ

## (20 ਅਪ੍ਰੈਲ 1939- 6 ਨਵੰਬਰ 1986)




(ਪਿਛਲੇ ਅੰਕ ਦੀ ਬਾਕੀ)

ਉਦਾਸੀ ਉਸ ਦਲਿਤ ਸਮਾਜ ਵਿੱਚ ਜੰਮਿਆ, ਜਿਸਨੂੰ ਕਥਿਤ ਤੌਰ 'ਤੇ ਸਭ ਤੋਂ ਨੀਵੀਂ ਜਾਤ ਮੰਨਿਆ ਜਾਂਦਾ ਹੈ। ਜਿਥੇ ਮਨੁੱਖਾਂ ਨਾਲ ਜਾਤੀ ਭਿੰਨ ਭੇਦ ਜਾਂ ਵਿਤਕਰਾ ਹੀ ਨਹੀਂ ਕੀਤਾ ਜਾਂਦਾ, ਸਗੋਂ ਬਹੁਤ ਹੀ ਨੀਵੇਂ ਪੱਧਰ ਦਾ ਵਰਤਾਓ ਕੀਤਾ ਜਾਂਦਾ ਹੈ। ਧਨਾਢਾਂ ਤੇ ਚੌਧਰੀਆਂ ਵੱਲੋਂ ਉਨ੍ਹਾਂ ਨੂੰ ਪਰਾਧੀਨ/ਅਧੀਨ ਬਣਾ ਕੇ ਰੱਖਣ ਦੀ ਪ੍ਰਵਿਰਤੀ ਭਾਰੂ ਹੈ। ਅਜਿਹੇ ਸਿਸਟਮ ਵਿੱਚ ਬੰਦੇ ਨੂੰ ਬੇਵਸੀ ਭੁਖਮਰੀ, ਕੰਗਾਲੀ ਤੇ ਗੁਲਾਮੀ ਵਾਲਾ ਜੀਵਨ ਜਿਉਣਾ ਪੈਂਦਾ ਹੈ। ਉਹ ਹੱਡ ਭੰਨਵੀਂ ਮਿਹਨਤ ਕਰਕੇ ਵੀ ਭੁੱਖਾ ਹੀ ਸੌਂਦਾ ਹੈ। ਜੇ ਉਹ ਆਪਣੇ ਹੱਕਾਂ ਲਈ ਜਾਗਰਤ ਹੁੰਦਾ ਹੈ ਤਾਂ ਤਸ਼ੱਦਦ ਅਤੇ ਜ਼ਲੀਲ ਕਰਕੇ ਉਸਦੀ ਆਵਾਜ਼ ਦਬਾਅ ਦਿੱਤੀ ਜਾਂਦੀ ਹੈ। ਉਦਾਸੀ, ਉਸਦੇ ਵੱਡ ਵਡੇਰਿਆਂ ਅਤੇ ਪਰਿਵਾਰ ਨੇ ਵੀ ਇਹ ਜ਼ਲਾਲਤ ਭੋਗੀ ਹੋਵੇਗੀ।

"ਸਾਡੇ ਲੋਕਾਂ ਨੂੰ ਜਾਤੀ ਮਾਰ ਤਾਂ ਬਹੁਤ ਪੈਂਦੀ ਹੈ। ਸਾਡੇ ਵੱਡੇਰਿਆਂ ਨੂੰ ਵੀ ਪੈਂਦੀ ਰਹੀ ਆ ਪਰ ਇਹ ਪੀੜ ਅਸੀਂ ਨ੍ਹੀਂ ਹੰਢਾਈ ਕਿਉਂਕਿ ਅਸੀਂ ਨਕਸਲਾਈਟ ਬਾਪ ਦੇ ਬੱਚੇ ਸਾਂ। ਸਾਡੇ ਕੋਲੋਂ ਤਾਂ ਉੱਚੀਆਂ ਜਾਤਾਂ ਵਾਲੇ ਡਰਦੇ ਸਨ। ਸਾਡੇ ਨਾਲ ਬਣਾ ਕੇ ਰੱਖਦੇ ਸੀ। ਉਦੋਂ ਇੱਕ ਡਰ ਹੁੰਦਾ ਸੀ ਕਿ ਨਕਸਲੀਆਂ ਦਾ ਕੀ ਪਤਾ....। ਨਾਲੇ ਸਾਡਾ ਮੇਲ ਜੋਲ ਵੀ ਸਭ ਜਾਤਾਂ ਦੇ ਇਨਕਲਾਬੀਆਂ ਨਾਲ ਸੀ।"

(ਇਕਬਾਲ ਕੌਰ ਉਦਾਸੀ,
ਇੱਕ ਮੁਲਾਕਾਤ 'ਚ)

ਉਦਾਸੀ ਨੇ ਗਰੀਬੀ, ਭੁੱਖਮਰੀ, ਜ਼ਿਆਦਤੀਆਂ, ਛੂਆ-ਛਾਤ, ਜਾਤ-ਪਾਤ, ਭਿੱਟ.....ਆਪਣੇ ਤਨ-ਮਨ 'ਤੇ ਹੰਢਾਇਆ ਹੋਵੇਗਾ। ਬਹੁਤੇ ਨਕਸਲੀ ਕਵੀ ਅਜਿਹੇ ਜੀਵਨ ਅਤੇ ਇਸ ਜੀਵਨ ਲਈ ਸਮਝੇ ਜਾਂਦੇ ਰਾਜਸੀ ਵਾਤਾਵਰਣ ਨੂੰ ਬਦਲਣ ਲਈ ਆਪਣੀ ਕਾਵਿ ਯਾਤਰਾ ਦਾ ਆਰੰਭ ਫੈਸਲਾਕੁੰਨ ਯੁੱਧ ਨਾਲ ਕਰਦੇ ਹਨ। ਉਦਾਸੀ ਨੇ ਆਪਣੇ ਅਤਿ ਗਰੀਬ ਸਮਝੇ ਜਾਂਦੇ ਸਮਾਜ ਦੀਆਂ ਦੁਸ਼ਵਾਰੀਆਂ ਨੂੰ ਆਪਣੀ ਸੰਵੇਦਨਾ ਦਾ ਹਿੱਸਾ ਬਣਾਇਆ ਤੇ ਉਨ੍ਹਾਂ ਕੰਮੀ ਕਮੀਣਾਂ ਦੀ ਆਵਾਜ਼ ਬਣ ਕੇ ਉਭਰਿਆ, ਜਿਨ੍ਹਾਂ ਦਾ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਪਹਿਲਾਂ ਕੋਈ ਠੋਸ ਜ਼ਿਕਰ ਨਹੀਂ ਹੋਇਆ।

ਉਦਾਸੀ ਆਪਣਾ ਤੇ ਆਪਣੇ ਕਿਰਤੀ ਲੋਕਾਂ ਦਾ ਖੁਸ਼ਹਾਲੀ ਵਾਲਾ ਜੀਵਨ ਦੇਖਣਾ ਚਾਹੁੰਦਾ ਸੀ। ਇਸੇ ਕਰਕੇ ਉਹ ਭਾਰਤ ਦੀ ਲੋਕ ਵਿਰੋਧੀ ਤੇ ਬੇਮਿਆਰੀ ਸਿਆਸਤ ਨਾਲ ਉਲਝ ਪਿਆ। ਜਿਹੜਾ ਬੰਦਾ ਪੰਜਾਬ/ਭਾਰਤ ਵਿੱਚ ਅਣਖ, ਗੈਰਤ ਤੇ ਆਜ਼ਾਦ ਫਿਜਾ ਵਿੱਚ ਜਿਉਣਾ ਚਾਹੁੰਦਾ ਹੈ, ਪੂੰਜੀਪਤੀਆਂ, ਜਾਗੀਰਦਾਰਾਂ, ਅਤੇ ਕਾਰਪੋਰੇਟੀਆਂ ਦੇ ਰਾਜ ਵਾਲੀ ਸਿਆਸਤ ਉਸਦਾ ਮਲੀਆਮੇਟ ਕਰ ਦਿੰਦੀ ਹੈ। ਉਦਾਸੀ, ਸ਼ਹੀਦ ਦਿਆ ਸਿੰਘ, 'ਸ਼ਹੀਦ ਤਰਸੇਮ ਬਾਵਾ, ਸ਼ਹੀਦ ਬਾਬਾ ਬੂਝਾ ਸਿੰਘ, ਦਰਸ਼ਨ ਦੁਸਾਂਝ, ਦਰਸ਼ਨ ਖਟਕੜ, ਸ਼ਹੀਦ ਜੈਮਲ ਸਿਘ ਪੱਡਾ, ਸ਼ਹੀਦ ਪਾਸ਼ ਅਤੇ ਲਾਲ ਸਿੰਘ ਦਿਲ ਨਾਲ ਵੀ ਤੇ ਇਨ੍ਹਾਂ ਦੀ ਲਹਿਰ ਦੇ ਹੋਰ ਆਗੂਆਂ ਤੇ ਕਾਰਕੁਨਾਂ ਨਾਲ ਵੀ ਏਹੀ ਕੁਝ ਵਾਪਰਿਆਂ। ਉਨ੍ਹਾਂ ਨੂੰ ਤਹਿਸ ਨਹਿਸ ਕਰਨ ਲਈ ਸਟੇਟ ਵੱਲੋਂ ਹਰ ਹਰਬਾ ਵਰਤਿਆ ਗਿਆ। ਉਦਾਸੀ 'ਤੇ ਵੀ ਅੰਤਾਂ ਦਾ ਪੁਲਿਸ ਤਸ਼ੱਦਦ ਢਾਹਿਆ ਗਿਆ। ਇਹ ਕਹਿਰ ਉਸਦੀ ਕ੍ਰਾਂਤੀਕਾਰੀ ਵਿਚਾਰਧਾਰਾ ਵਿੱਚ ਅਟੱਲ ਵਿਸ਼ਵਾਸ ਨੂੰ ਡੁਲਾ ਨਾ ਸਕਿਆ। ਉਹ ਆਪਣੇ ਇਨਕਲਾਬੀ ਅਕੀਦੇ ਕਾਰਨ ਲੋਕ ਕਵੀ ਹੋ ਨਿਬੜਿਆ। ਅੱਜ ਜਦੋਂ ਤੀਜੀ ਪੀੜ੍ਹੀ ਚੱਲ ਰਹੀ ਹੈ ਤਾਂ ਵੀ ਉਦਾਸੀ ਦੇ ਗੀਤ ਲੋਕ ਘੋਲਾਂ ਵਿੱਚ ਜੁਝਾਰੂਆਂ ਦੇ ਬੁੱਲ੍ਹਾਂ 'ਤੇ ਹੁੰਦੇ ਹਨ। ਉਹ ਕਾਫਲੇ ਬੰਨ੍ਹ ਅੱਗੇ ਵੱਧਦੇ ਹਨ। ਤਦ ਲੋਕ ਕਵੀ ਦੀ ਉਪਾਧੀ ਉਦਾਸੀ ਦੇ ਹੀ ਹਿੱਸੇ ਆਉਂਦੀ ਹੈ। ਕਿਉਂਕਿ ਉਸਨੇ ਲੋਕ ਹਿਤੈਸ਼ੀ ਸੰਵੇਦਨਾ ਦਾ ਹੀ ਸੰਚਾਰ ਕੀਤਾ ਹੈ। ਉਨ੍ਹਾਂ ਦੇ ਸੰਘਰਸ਼ਾਂ ਨੂੰ ਹੀ ਬੋਲ ਦਿੱਤੇ ਹਨ।

ਸੰਤ ਰਾਮ ਉਦਾਸੀ ਨਕਸਲਬਾੜੀ ਲਹਿਰ ਦਾ ਬੁਲਾਰਾ ਰਿਹਾ ਹੈ। ਉਸਦੀ ਪਾਰਟੀ ਜੋ ਰਾਜਨੀਤਕ ਵਿਚਾਰਧਾਰਾ ਲੈ ਕੇ ਆਈ, ਉਸਨੇ ਉਸ ਦ੍ਰਿਸ਼ਟੀ ਤੋਂ ਹੀ ਕਾਵਿ ਸਿਰਜਣਾ ਕੀਤੀ। ਉਸਦੀ ਜਥੇਬੰਦੀ ਮਜ਼ਦੂਰ, ਕਿਸਾਨ ਤੇ ਖਾਸ ਤੌਰ 'ਤੇ ਕਿਰਤੀ ਜਮਾਤ ਨੂੰ ਤਰਜੀਹ ਦੇ ਕੇ ਸੰਘਰਸ਼ ਦੇ ਰਾਹ ਪੈਂਦੀ ਹੈ। ਉਹ ਵੀ ਇਸ ਜਮਾਤ ਨੂੰ ਹੀ ਆਪਣੀਆਂ ਰਚਨਾਵਾਂ ਦਾ ਨਾਇਕ ਬਣਾਉਂਦਾ ਹੈ। ਜੇ ਪਾਰਟੀ ਦਾ ਕੇਂਦਰੀ ਸਰੋਕਾਰ ਕ੍ਰਾਂਤੀ ਹੈ ਤਾਂ ਉਸਦੀ ਕਾਵਿ ਰਚਨਾ ਦੇ ਕੇਂਦਰ ਵਿੱਚ ਵੀ ਕ੍ਰਾਂਤੀ, ਯੁੱਧ ਅਤੇ ਲੋਕਾਂ ਨਾਲ ਮੁੱਹਬਤ ਦੇ ਸਰੋਕਾਰ ਪਏ ਮਿਲਦੇ ਹਨ। ਇਸੇ ਕਰਕੇ ਉਸਦਾ ਕ੍ਰਾਂਤਕਾਰੀ ਵਿਚਾਰਧਾਰਾ ਵਿੱਚ ਪੱਕਾ ਵਿਸ਼ਵਾਸ ਹੈ। ਉਹ ਚੇਤੰਨ ਹੋ ਕੇ ਗੀਤਕਾਰੀ ਕਰਦਾ ਹੈ। ਦਰਅਸਲ ਉਸਨੇ ਆਪਣੀ ਕਲਮ ਦੀ ਵਰਤੋਂ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਅਤੇ ਇਨਕਲਾਬੀ ਪ੍ਰਚਾਰ ਲਈ ਕੀਤੀ।

ਐਵੇਂ ਭਰਮ ਹੈ ਸਾਡਿਆਂ ਕਾਤਲਾਂ ਨੂੰ,
ਕਿ ਅਸੀਂ ਹੋਵਾਂਗੇ ਦੋ ਜਾਂ ਚਾਰ ਬਾਪੂ।
ਬਦਲੇ ਲਏ ਤੋਂ ਵੀ ਜਿਹੜੀ ਟੁੱਟਣੀ ਨਾ,
ਏਡੀ ਲੰਮੀ ਹੈ ਸਾਡੀ ਕਤਾਰ ਬਾਪੂ।

1972 ਵਿੱਚ ਕਾ. ਐਸ. ਐਨ. ਸਿੰਘ ਵਾਲੀ ਲਾਈਨ ਆ ਜਾਣ ਕਾਰਨ ਕਾ. ਚਾਰੂ ਮਾਜੂਮਦਾਰ ਅਤੇ ਕਾ. ਐਸ. ਐਨ. ਸਿੰਘ ਦੇ ਦੋ ਗਰੁੱਪ ਬਣ ਗਏ ਸਨ। ਚਾਰੂਵਾਦੀ ਐਸ. ਐਨ. ਸਿੰਘੀਆਂ ਦੀ ਜਨਤਕ ਲਾਈਨ ਨੂੰ ਭੰਡਦੇ ਸਨ। ਸਿਰਫ ਹਥਿਆਰਬੰਦ ਸੰਘਰਸ਼ ਉੱਤੇ ਹੀ ਟੇਕ ਰੱਖਦੇ ਸਨ। ਸੰਤ ਰਾਮ ਉਦਾਸੀ ਵੀ ਐਸ ਐਨ ਸਿੰਘੀਆ ਹੋ ਗਿਆ ਸੀ। ਇਹ ਗਰੁੱਪ ਹਥਿਆਰਬੰਦ ਸੰਘਰਸ਼ ਦੇ ਨਾਲ-ਨਾਲ ਖਾੜਕੂ ਜਨਤਕ ਲਹਿਰ ਉਸਾਰ ਰਿਹਾ ਸੀ। ਤਦ ਇਹ ਜਿਹੜੀ ਨਵੀਂ ਲਾਈਨ ਆਈ, ਉਦਾਸੀ ਇਸ ਨੂੰ 'ਵਾਰਸਾਂ ਦੇ ਨਾਂ' ਕਵਿਤਾ ਵਿੱਚ ਪੇਸ਼ ਕਰਦਾ ਹੈ।

ਅਸੀਂ ਸੜਕਾਂ 'ਤੇ ਡਾਂਗਾਂ ਦੀ ਅੱਗ ਸੇਕੀ,
ਐਪਰ ਹੱਕਾਂ ਨੂੰ ਡੰਡ ਲੁਆਈ ਤਾਂ ਨਹੀਂ।
ਸਾਡਾ ਕਾਤਿਲ ਹੀ ਕੱਚਾ ਨਿਸ਼ਾਨਚੀ ਸੀ,
ਅਸੀਂ ਗੋਲੀ ਤੋਂ ਕੰਡ ਭੰਵਾਈ ਤਾਂ ਨਹੀਂ।

(ਵਾਰਸਾਂ ਦੇ ਨਾਂ)

ਜਿਵੇਂ ਨਕਸਲੀ ਲਹਿਰ ਹਰ ਤਰ੍ਹਾਂ ਦੇ ਮਾਨਵੀ ਸ਼ੋਸ਼ਣ, ਦਮਨ, ਜਾਤੀ ਜਮਾਤੀ ਦਾਬੇ-ਹੰਕਾਰ ਅਤੇ ਲਿੰਗ ਵਿਤਕਰੇ ਤੋਂ ਮੁਕਤ ਮਾਨਵੀ ਤੇ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਦਾ ਸੁਪਨਾ ਰੱਖਦੀ ਰਹੀ ਹੈ। ਉਦਾਸੀ ਦੀ ਕਵਿਤਾ ਇਸੇ ਸੁਪਨੇ ਨੂੰ ਸਿੰਜਦੀ ਹੈ। ਉਹ ਵੀ ਅਜਿਹੇ ਸਮਾਜ ਦੀ ਸਿਰਜਣਾ ਦਾ ਹੋਕਾ ਦਿੰਦਾ ਹੈ, ਜਿੱਥੇ ਸਾਰੇ ਇਨਸਾਨ ਇਨਸਾਨੀ ਮਾਣ ਤੇ ਬਰਾਬਰੀ ਦੇ ਰੁਤਬੇ ਨਾਲ ਰਹਿਣ। ਆਪ ਚੰਗਾ ਜਿਉਣ ਤੇ ਦੂਜੇ ਨੂੰ ਚੰਗਾ ਜਿਉਣ ਦੇਣ, ਬਿਨਾਂ ਕਿਸੇ ਭਿੰਨ ਭੇਦ ਦੇ। ਉਹ ਹਰ ਬੰਦੇ ਦੀ ਬਰਾਬਰ ਇੱਜ਼ਤ ਦਾ ਹਮਾਇਤੀ ਸੀ। ਉਹ ਸਾਰਿਆਂ ਲਈ ਬਰਾਬਰੀ ਵਾਲਾ, ਨਿਆਂ ਭਰਭੂਰ ਅਤੇ ਸੁਹਜਮਈ ਸੰਸਾਰ ਦਾ ਚਾਹਵਾਨ ਸੀ। ਉਹ ਗਰੀਬ-ਅਮੀਰ, ਉੱਚਾ ਨੀਵਾਂ, ਦਲਿਤ-ਪਛੜਾ-ਉੱਚ ਬ੍ਰਾਹਮਣ ਦੀਆਂ ਨੀਂਹਾਂ ਤੇ ਟਿਕੀ ਰਾਜ ਸੱਤਾ ਦਾ ਵਿਰੋਧੀ ਸੀ।

ਕਿਰਨਾਂ ਦਾ ਆਲ੍ਹਣਾ ਤਾਂ ਬਣੇਗਾ ਆਕਾਸ਼ ਵਿੱਚ,
ਭੌਰ ਵੀ ਵਸੇਗਾ ਵਿੱਚ ਨਵੇਂ ਯੁੱਗ ਦਾ।
ਸਾਨੂੰ ਸੁਰਗਾਂ ਦਾ,
ਸਾਨੂੰ ਸੁਰਗਾਂ ਦਾ ਲਾਰਾ ਅੱਜ ਨਹੀਂ ਪੁੱਗਦਾ।
[ਸੰਤ ਰਾਮ ਉਦਾਸੀ (ਸ਼ਖ਼ਸੀਅਤ ਅਤੇ ਸਮੁੱਚੀ ਰਚਨਾ) ਪੰਨਾ 52]

ਇਨਕਲਾਬੀ ਸ਼ਾਇਰ ਪਾਸ਼ ਦੀ ਕਵਿਤਾ ਬੰਦੇ ਅੰਦਰ ਇਨਕਲਾਬ ਦਾ ਸੁਪਨਾ ਬੀਜਦੀ ਹੈ। ਉਦਾਸੀ ਦੀ ਕਵਿਤਾ ਇਸ ਸੁਪਨੇ ਲਈ ਮਰ ਮਿਟਣ ਵਾਲੇ ਯੋਧੇ ਤਿਆਰ ਕਰਦੀ ਹੈ। ਆਧੁਨਿਕ ਪੰਜਾਬੀ ਕਵਿਤਾ ਵਿੱਚ ਉਦਾਸੀ, ਪਾਸ਼, ਦਿਲ, ਖਟਕੜ, ਹਲਵਾਰਵੀ, ਚੰਦਨ ਤੇ ਪੱਡਾ ਦੀ ਸ਼ਬਦਕਾਰੀ ਕ੍ਰਾਂਤੀ ਦੇ ਚਿੰਨ੍ਹ ਬਣ ਕੇ ਉਭਰੀ ਹੈ। ਕਿਰਤੀ ਵਰਗ ਦਾ ਸੁਪਨਾ ਅਤੇ ਰਾਜ ਸੱਤਾ ਦੀ ਚਾਹਤ ਦਾ ਲੋਕ ਮੁਹਾਂਦਰਾ ਪਹਿਲੀ ਵਾਰ ਇਸ ਕਵਿਤਾ ਵਿੱਚ ਉਭਰ ਕੇ ਸਾਹਮਣੇ ਆਇਆ। ਇਨ੍ਹਾਂ ਕਵੀਆਂ ਨੇ ਭਾਰਤ ਦੇ ਲੋਟੂ ਹਾਕਮਾਂ ਦੀ ਸਿਆਸਤ ਅਤੇ ਉਨ੍ਹਾਂ ਦੀ ਕਹਿਣੀ ਤੇ ਕਰਨੀ ਉੱਤੇ ਤਿੱਖੇ ਵਾਰ ਕੀਤੇ। ਇਸ ਕਵਿਤਾ ਦੀ ਭਾਸ਼ਾ ਸਪੱਸ਼ਟ ਤੇ ਤਿੱਖੀ ਹੈ। ਇਨ੍ਹਾਂ ਦੇ ਸ਼ਬਦਾਂ ਵਿੱਚੋਂ ਅੰਗਿਆਰੇ ਨਿਕਲਦੇ ਹਨ। ਦਰਅਸਲ ਇਹ ਕਵਿਤਾ ਹਰ ਹੀਲੇ ਮਨੁੱਖ ਨੂੰ ਇਨਕਲਾਬ ਦੇ ਰਾਹ ਤੋਰਨ ਲਈ ਤੱਤਪਰ ਹੈ। ਇਹ ਕਵਿਤਾ ਗ਼ਦਰੀ ਬਾਬਿਆਂ, ਕਿਰਤੀਆਂ, ਲਾਲ ਪਾਰਟੀ ਵਾਲਿਆਂ, ਸ਼ਹੀਦਾਂ, ਕਾਲੇ ਪਾਣੀ ਤੇ ਕਾਲ ਕੋਠੜੀਆਂ ਦੇ ਕੈਦੀਆਂ ਅਤੇ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀ ਵਿਰਾਸਤ ਨੂੰ ਅੱਗੇ ਤੋਰਦੀ ਹੈ। ਇਹ ਕਵਿਤਾ ਬੰਦੇ ਨੂੰ ਕੁਰਬਾਨ ਹੋਣ ਤੇ ਸੀਸ ਕਟਵਾਉਣ ਦਾ ਬਲ ਬਖਸ਼ਦੀ ਹੈ;

ਜਿਥੇ ਖ਼ੂਨ ਹੈ ਮੇਰਿਆਂ ਵੀਰਿਆਂ ਦਾ,
ਵਿਛਿਆ ਸੜਕਾਂ 'ਤੇਂ ਹੱਕਾਂ ਦੀ ਲੁੱਕ ਬਣ ਕੇ,
ਬੁੱਚੜਖਾਨਿਆਂ 'ਚੋਂ ਜਿਥੇ ਲੋਕ ਮੇਰੇ,
ਨਿੱਤਰ ਰਹੇ ਇਤਿਹਾਸ ਦੀ ਠੁੱਕ ਬਣ ਕੇ।
[ਸੰਤ ਰਾਮ ਉਦਾਸੀ (ਸ਼ਖ਼ਸੀਅਤ ਅਤੇ ਸਮੁੱਚੀ ਰਚਨਾ), ਪੰਨਾ 229]

ਮੇਰੇ ਕੋਲ ਤਾਂ ਬੱਸ
ਪਰਛਾਵਿਆਂ ਦੇ ਵਾਂਗੂ
ਗੁਜ਼ਰੇ ਹੋਏ ਵਕਤ ਦੀ
ਲਹੂ ਲੁਹਾਣ ਹੋਈ
ਕਾਤਲਾਂ ਤੇ ਹੱਸਦੀ
ਇੱਕ ਤਵਾਰੀਖ ਹੈ।
(ਲੂਣੀ ਧਰਤੀ, ਦਰਸ਼ਨ ਦੁਸਾਂਝ, ਪੰਨਾ 24)

ਉਦਾਸੀ ਦੇ ਗੀਤ ਲੋਕ ਘੋਲਾਂ ਖਾਸ ਕਰ ਪ੍ਰਤੀਰੋਧ ਦੀ ਲਹਿਰ ਦੀ ਜਿੰਦ ਜਾਨ ਹਨ। ਇਹ ਝੂਠੇ ਪੁਲਿਸ ਮੁਕਾਬਲਿਆਂ ਅਤੇ ਤਸੀਹਾ ਕੇਂਦਰਾਂ ਦੇ ਤਸ਼ੱਦਦ ਦਾ ਸ਼ਿਕਾਰ ਹੋਏ ਨਕਸਲੀ ਯੋਧਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਵੀਰ ਗਾਥਾ ਬਿਆਨ ਕਰਦੇ ਹਨ। ਇਹ ਕਿਰਤੀਆਂ ਦੀਆਂ ਰੀਝਾਂ, ਤਲਖੀਆਂ ਅਤੇ ਦੁਸ਼ਵਾਰੀਆਂ ਨੂੰ ਬਿਆਨਦੇ ਹਨ। ਦਿੱਲੀ ਜੋ ਸਟੇਟ ਦਾ ਸਿੰਬਲ ਬਣ ਚੁੱਕੀ ਹੈ, ਨਾਲ ਟੱਕਰ ਲੈਣ ਲਈ ਉਕਸਾਉਂਦੇ ਹਨ। ਪੀੜਤ ਵਰਗ ਦੀ ਪੀੜਾ ਨੂੰ ਯਥਾਰਥਕ ਤੇ ਆਰਥਿਕ ਦ੍ਰਿਸ਼ਟੀ ਤੋਂ ਪੇਸ਼ ਕਰਨਾ ਉਸਦੇ ਗੀਤਾਂ ਦੀ ਕੇਂਦਰੀ ਸੋਚ ਹੈ। ਦਲਿਤ ਵਿਹੜਿਆਂ ਦੇ ਨਰਕ, ਦੁਖਾਂਤ ਅਤੇ ਜੀਵਨ ਸੰਘਰਸ਼ ਨੂੰ ਉਦਾਸੀ ਤੇ ਦਿਲ ਨੇ ਜਿੰਨਾ ਨੇੜਿਓ ਤੱਕਿਆ ਤੇ ਬੇਝਿਜਕ ਹੋ ਕੇ ਲਿਖਿਆ, ਉਨ੍ਹਾਂ ਤੋਂ ਇਲਾਵਾ ਪੰਜਾਬੀ ਭਾਸ਼ਾ ਦੇ ਹੋਰ ਲੇਖਕਾਂ ਦੇ ਹਿੱਸੇ ਬਹੁਤ ਘੱਟ ਆਇਆ ਹੈ। ਜਗਤਾਰ, ਉਦਾਸੀ, ਪਾਸ਼, ਖਟਕੜ ਤੇ ਪੱਡਾ ਨੇ ਇਨਕਲਾਬੀ ਜੁਝਾਰੂਆਂ ਦੀਆਂ ਕੁਰਬਾਨੀਆਂ ਦਾ ਲਹੂ ਦੀ ਸਿਆਹੀ ਨਾਲ ਨਕਸ਼ਾ ਖਿੱਚਿਆ ਹੈ।

ਬਾਬਲ ਤੇਰੇ ਖੇਤਾਂ ਵਿੱਚ
ਕਦੇ ਕਦੇ ਮੈਂ ਨੱਚ ਉੱਠਦੀ ਹਾਂ
ਹਵਾ ਦੇ ਬੁੱਲ੍ਹੇ ਵਾਂਗ
ਐਵੇਂ ਭੁੱਲ ਜਾਂਦੀ ਆਂ
ਕਿ ਖੇਤ ਤਾਂ ਸਾਡੇ ਨਹੀਂ....
ਟਰੈਕਟਰ ਨੱਚਣਗੇ ਕਿਸ ਦਿਨ
ਬਾਬਲ ਤੇਰੇ ਖੇਤਾਂ ਵਿੱਚ
(ਬਹੁਤ ਸਾਰੇ ਸੂਰਜ, ਲਾਲ ਸਿੰਘ ਦਿਲ, ਪੰਨਾ 34)

ਜਿੱਥੇ ਤੰਗ ਨਾ ਸਮਝਣ ਤੰਗੀਆਂ ਨੂੰ
ਜਿੱਥੇ ਮਿਲਣ ਅੰਗੂਠੇ ਸੰਘੀਆਂ ਨੂੰ
ਜਿੱਥੇ ਵਾਲ ਤਰਸਦੇ ਕੰਘੀਆਂ ਨੂੰ
ਨੱਕ ਵਗਦੇ, ਅੱਖਾਂ ਚੁੰਨ੍ਹੀਆ ਤੇ ਦੰਦ ਕਰੇੜ੍ਹੇ
ਤੂੰ ਮਘਦਾ ਰਹੀਂ ਵੇ...

ਜਿੱਥੇ ਲੋਕ ਬੜੇ ਮਜਬੂਰ ਜਿਹੇ
ਦਿੱਲੀ ਦੇ ਦਿਲ ਤੋਂ ਦੂਰ ਜਿਹੇ
ਤੇ ਭੁੱਖਾਂ ਵਿੱਚ ਮਸ਼ਹੂਰ ਜਿਹੇ
ਜਿੱਥੇ ਮਰ ਕੇ ਚਾਂਭਲ ਜਾਣਦੇ ਹਨ ਭੂਤ ਜਠੇਰੇ
ਤੂੰ ਮਘਦਾ ਰਹੀਂ ਵੇ....।

ਜਿੱਥੇ ਬੰਦਾ ਜੰਮਦਾ ਸੀਰੀ ਹੈ
ਟਕਿਆਂ ਦੀ ਮੀਰੀ ਪੀਰੀ ਹੈ
ਜਿੱਥੇ ਕਰਜ਼ੇ ਹੇਠ ਪੰਜੀਰੀ ਹੈ
ਬਾਪੂ ਦੇ ਕਰਜ਼ ਦਾ ਸੂਦ ਨੇ ਪੁੱਤ
ਜੰਮਦੇ ਜਿਹੜੇ
ਤੂੰ ਮਘਦਾ ਰਹੀਂ ਵੇ....।
[ਸੰਤ ਰਾਮ ਉਦਾਸੀ, ਸੰਤ ਰਾਮ ਉਦਾਸੀ (ਸ਼ਖ਼ਸੀਅਤ ਅਤੇ ਸਮੁੱਚੀ ਰਚਨਾ),
ਪੰਨਾ-224-225]

ਸਤਿਗੁਰੂ ਰਾਮ ਸਿੰਘ ਵੱਲੋਂ ਚਲਾਈ ਕੂਕਾ ਲਹਿਰ ਕਾਰਨ ਨਾਮਧਾਰੀਆਂ ਦਾ ਸੰਤ ਰਾਮ ਉਦਾਸੀ ਦੇ ਪਿੰਡ ਰਾਏਸਰ (ਬਰਨਾਲਾ) ਵਿੱਚ ਚੋਖਾ ਪ੍ਰਭਾਵ ਸੀ। ਉਦਾਸੀ ਦੇ ਮਾਤਾ ਪਿਤਾ, ਭੈਣ ਤੇ ਭਰਾ ਵੀ ਇਨ੍ਹਾਂ ਦੇ ਸਮਾਜ ਸੁਧਾਰਕ ਕੰਮਾਂ ਕਾਰਨ ਇਸ ਸੰਪਰਦਾਇ ਵਿੱਚ ਸ਼ਾਮਿਲ ਹੋ ਜਾਂਦੇ ਹਨ। ਇਸ ਧਰਮ ਦੇ ਪ੍ਰਭਾਵ ਕਾਰਨ ਉਦਾਸੀ ਦਾ ਪਰਿਵਾਰ ਸਿਰਸਾ ਲਾਗੇ ਜਗਮਲੇਰੇ ਰਹਿਣ ਲੱਗ ਪੈਂਦਾ ਹੈ ਪਰ ਉਦਾਸੀ ਆਪਣੇ ਪਿੰਡ ਰਾਏਸਰ ਹੀ ਰਹਿਣ ਬਸੇਰਾ ਰੱਖਦਾ ਹੈ।

"ਉਦਾਸੀ ਜੀ ਸਮੇਤ ਮੇਰਾ ਸਹੁਰਾ ਪਰਿਵਾਰ ਨਾਮਧਾਰੀ ਸੰਪਰਦਾ ਦੇ ਪੈਰੋਕਾਰ ਸਨ। ਉਹ ਚਿੱਟੇ ਬਸਤਰ ਪਹਿਨਦੇ ਸਨ। ਸਿਰ 'ਤੇ ਚਿੱਟੀਆਂ ਪੱਗਾਂ ਹੀ ਬੰਨ੍ਹਦੇ ਸਨ। ਕਮਿਊਨਿਸਟ ਪਾਰਟੀ (ਸੀ.ਪੀ.ਆਈ.) ਵਿੱਚ ਸਰਗਰਮ ਸਨ। ਅਸੀਂ ਮਜ਼ਬੀ ਸਿੱਖ ਹਾਂ। ਸਾਡੇ ਬਜ਼ੁਰਗ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਚਲਾਈ ਆਜ਼ਾਦੀ ਦੀ ਲਹਿਰ ਦੇ ਹਮਾਇਤੀ ਸਨ। ਸਤਿਗੁਰੂ ਜੀ ਸਮਾਜ ਸੁਧਾਰ ਦੇ ਕੰਮ ਵੀ ਕਰਦੇ ਸਨ। ਜਿਵੇਂ ਇੱਕ ਰੁਪਏ ਵਿੱਚ ਲੜਕੀਆਂ ਦਾ ਵਿਆਹ ਕਰਨਾ। ਸਾਡੀਆਂ ਛੋਟੀਆਂ ਜਾਤਾਂ ਨੂੰ ਜਾਤ ਦੇ ਨਾਂ 'ਤੇ ਜ਼ਲੀਲ ਕੀਤਾ ਜਾਂਦਾ ਹੈ। ਹੋ ਸਕਦਾ ਇਸੇ ਕਾਰਨ ਸਾਡੇ ਬਜ਼ੁਰਗ ਨਾਮਧਾਰੀ ਸੰਪਰਦਾ ਵਿੱਚ ਗਏ ਹੋਣ। ਪਰ ਉਦਾਸੀ ਜੀ ਨੂੰ ਲੱਗਦਾ ਸੀ ਕਿ ਉਥੇ ਵੀ ਇਸ ਬਿਮਾਰੀ ਤੋਂ ਛੁਟਕਾਰਾ ਨਹੀਂ ਸੀ। ਉਨ੍ਹਾਂ ਚਿੱਟੇ ਬਸਤਰ ਪਹਿਨਣੇ ਬੰਦ ਕਰ ਦਿੱਤੇ ਸਨ।"

(ਸੰਤ ਰਾਮ ਉਦਾਸੀ ਕਿਰਤੀ ਲੋਕਾਂ ਦਾ ਸ਼ਾਇਰ ਸੀ-ਬੀਬੀ ਨਸੀਬ ਕੌਰ, ਮੁਲਾਕਾਤੀ ਅਜਮੇਰ ਸਿੱਧੂ, 'ਹੁਣ' ਸਤੰਬਰ-ਦਸੰਬਰ 2013, ਪੰਨਾ 140)

ਉਦਾਸੀ ਦਾ ਜਲਦੀ ਹੀ ਨਾਮਧਾਰੀ ਸੰਪਰਦਾ ਤੋਂ ਮੋਹ ਭੰਗ ਹੋ ਜਾਂਦਾ ਹੈ। ਉਸਦਾ ਵੱਡਾ ਕਾਰਨ ਕੂਕਿਆਂ ਵੱਲੋਂ ਉਨ੍ਹਾਂ ਨੂੰ 'ਹਰੀਜਨ' ਹੀ ਬਣਾ ਕੇ ਰੱਖਣਾ ਹੈ। ਦਲਿਤਾਂ ਲਈ ਲੰਗਰ ਦੀਆਂ ਵੱਖਰੀਆਂ ਕਤਾਰਾਂ, ਵੱਖਰੇ ਭਾਂਡੇ ਅਤੇ ਸੁੱਚਮ ਦੇ ਨਾਂ 'ਤੇ ਭਿੱਟ ਹੋਣ ਦਾ ਡਰ ਉਦਾਸੀ ਨੂੰ ਪੀੜਾਂ ਦਿੰਦਾ ਸੀ। ਇਹ ਸਿਲਸਿਲਾ ਅੱਜ ਵੀ ਬਾਦਸਤੂਰ ਜਾਰੀ ਹੈ। ਦਰਅਸਲ ਉਹ ਕਿਸਮਤਵਾਦੀ ਫਲਸਫੇ ਤੋਂ ਭੱਜ ਗਿਆ ਸੀ। ਉਦਾਸੀ ਦੇ ਪਿੰਡ ਅਤੇ ਇਲਾਕੇ ਵਿੱਚ ਪੈਪਸੂ ਮੁਜਾਰਾ ਲਹਿਰ ਦੀਆਂ ਸਰਗਰਮੀਆਂ ਨੇ ਕਮਿਊਨਿਸਟੀ ਦੀਆਂ ਜੜ੍ਹਾਂ ਲਾਈਆਂ ਹੋਈਆਂ ਸੰਨ। ਲਾਲ ਕਮਿਊਨਿਸਟ ਪਾਰਟੀ ਦੇ ਆਗੂਆਂ ਅਤੇ ਕਾਰਕੁਨਾਂ ਦੀਆਂ ਕੁਰਬਾਨੀਆਂ, ਬਹਾਦਰੀ ਅਤੇ ਲੋਕਾਂ ਤੇ ਆਪਾਂ ਵਾਰੂ ਸੁਭਾਅ ਨੇ ਲੋਕਾਂ ਨੂੰ ਕੀਲਿਆ ਹੋਇਆ ਸੀ। ਉਦਾਸੀ 'ਤੇ ਇਹ ਪ੍ਰਭਾਵ ਵੀ ਪਿਆ। ਕਾਮਰੇਡ ਹਰਨਾਮ ਸਿੰਘ ਚਮਕ ਉਦਾਸੀ ਦਾ ਨਾਇਕ ਸੀ। ਬਰਨਾਲੇ ਦੀਆਂ ਸਾਹਿਤ ਸਭਾਵਾਂ ਨੇ ਉਸਨੂੰ ਸਮਾਜਿਕ ਤਬਦੀਲੀ ਵਾਲੇ ਸਾਹਿਤ ਦੀ ਚੇਟਕ ਲਾਈ ਸੀ। ਉਹ ਭਾਰਤੀ ਕਮਿਊਨਿਸਟ ਪਾਰਟੀ ਅਤੇ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਵਿੱਚ ਵੀ ਸਰਗਰਮ ਰਿਹਾ ਪਰ ਜਦੋਂ ਨਕਸਲਬਾੜੀ ਲਹਿਰ ਦੇ ਪ੍ਰਭਾਵ ਅਧੀਨ ਪੰਜਾਬ ਵਿੱਚ ਫਰਵਰੀ 1968 ਵਿੱਚ ਕਮੇਟੀਆਂ ਬਣਨੀਆਂ ਸ਼ੁਰੂ ਹੋਈਆਂ। ਉਦਾਸੀ ਵੀ ਇਸ 'ਬਸੰਤ ਦੀ ਗਰਜ' ਤੋਂ ਅਛੂਤਾ ਨਾ ਰਹਿ ਸਕਿਆ।

ਇਸ ਲਹਿਰ ਦੀਆਂ ਖਾੜਕੂ ਕਾਰਵਾਈਆਂ ਅਤੇ ਬਾਬਾ ਬੂਝਾ ਸਿੰਘ ਦੇ ਸਕੂਲਿੰਗ ਨੇ ਉਦਾਸੀ, ਪਿਆਰਾ ਸਿੰਘ ਦੱਧਾਹੂਰ, ਗੁਰਦਿਆਲ ਸਿੰਘ ਸੀਤਲ (ਸ਼ੇਰਪੁਰੀ), ਮੇਹਰ ਸਿੰਘ ਰਾਏਸਰ ਅਤੇ ਹਰਜੀਤ ਸਿੰਘ ਰਾਏਸਰ ਨੂੰ ਇਨਕਲਾਬੀ ਤਾਲਮੇਲ ਕਮੇਟੀ ਦਾ ਅੰਗ ਬਣਾ ਦਿੱਤਾ। ਉਦਾਸੀ ਮੀਟਿੰਗ ਤੇ ਸਕੂਲਿੰਗ ਦਾ ਪ੍ਰਬੰਧ ਕਰਦਾ ਸੀ। ਪੋਸਟਰ ਲਾਉਣ ਤੋਂ ਲੈ ਕੇ ਪਾਰਟੀ ਸਾਹਿਤ ਵੰਡਣ ਦਾ ਜ਼ਿੰਮਾ ਉਸ ਲਿਆ ਹੋਇਆ ਸੀ। ਜ਼ਮੀਨੀ ਘੋਲ ਨੂੰ ਲੈ ਕੇ ਜਥੇਬੰਦੀ ਵਲੋਂ ਚਾਰ ਪਾਕਟਾਂ ਦੀ ਨਿਸ਼ਾਨਦੇਹੀ ਕੀਤੀ ਗਈ ਸੀ। ਕਮੇਟੀ ਨੇ ਫ਼ੈਸਲਾ ਕੀਤਾ ਸੀ ਕਿ ਜਾਗੀਰਦਾਰਾਂ ਅਤੇ ਸੂਦਖੋਰਾਂ ਦੀਆਂ ਜ਼ਮੀਨਾਂ ਉਪਰ ਕਬਜ਼ੇ ਕਰਕੇ ਦੱਬੇ ਕੁਚਲੇ ਲੋਕਾਂ ਵਿੱਚ ਵੰਡ ਦਿੱਤੀ ਜਾਵੇ। ਕੁਲ ਹਿੰਦ ਤਾਲਮੇਲ ਕਮੇਟੀ ਦੀ ਸੇਧ ਨੂੰ ਮੰਨਦਿਆਂ ਤਾਲਮੇਲ ਕਮੇਟੀ ਪੰਜਾਬ ਨੇ ਕਾਮਰੇਡ ਹਾਕਮ ਸਿੰਘ ਸਮਾਓਂ ਦੀ ਅਗਵਾਈ ਹੇਠ ਭੀਖੀ-ਸਮਾਓਂ (ਨੇੜੇ ਮਾਨਸਾ) ਅਤੇ ਕਾ. ਜਗਜੀਤ ਸਿੰਘ ਸੋਹਲ ਦੀ ਅਗਵਾਈ ਹੇਠ ਕਿਲਾ ਹਕੀਮਾਂ (ਸੰਗਰੂਰ), ਕਾਮਰੇਡ ਦਿਆ ਸਿੰਘ ਦੀ ਅਗਵਾਈ ਹੇਠ ਬਿਰਲਾ ਸੀਡ ਫਾਰਮ ਰੋਪੜ ਦੇ ਮਜ਼ਦੂਰਾਂ ਦਾ ਘੋਲ ਅਤੇ ਗੰਧਰਵ ਸੇਨ ਦੀ ਅਗਵਾਈ ਹੇਠ ਹਾਜੀਪੁਰ ਮੁਕੇਰੀਆਂ ਦੇ ਮੁਜਾਰਿਆਂ ਦੇ ਘੋਲ ਜਥੇਬੰਦ ਕਰਕੇ ਜ਼ਮੀਨ ਦੇ ਸਵਾਲ ਦੀ ਲੜਾਈ ਵਿੱਢੀ ਗਈ ਸੀ। ਉਦਾਸੀ ਨੇ ਕਿਲਾ ਹਕੀਮਾਂ (ਸੰਗਰੂਰ) ਦੇ ਜ਼ਮੀਨੀ ਕਬਜ਼ੇ

(18 ਜੂਨ 69) ਦਾ ਸਮਰਥਨ ਕੀਤਾ ਸੀ।

ਇਨ੍ਹਾਂ ਚਾਰ ਪਾਕਟਾਂ ਦੇ ਕਬਜ਼ਿਆਂ ਅਤੇ ਵਿਦਿਆਰਥੀਆਂ ਦੇ ਸੰਘਰਸ਼ਾਂ ਤੋਂ ਬਾਅਦ ਪੁਲਿਸ ਤਸ਼ੱਦਦ ਦਾ ਦੌਰ ਸ਼ੁਰੂ ਹੋ ਗਿਆ ਸੀ। ਉਸ ਵੇਲੇ (22 ਅਪ੍ਰੈਲ 1969) ਸੀ.ਪੀ.ਆਈ. (ਐਮ. ਐੱਲ) ਬਣ ਚੁੱਕੀ ਸੀ ਤੇ ਪਾਰਟੀ ਵੱਲੋਂ ਜਮਾਤੀ ਸਫ਼ਾਏ ਦੀ ਲਾਈਨ ਆ ਗਈ ਸੀ। ਸ਼ਹਾਦਤ ਅਤੇ ਕੁਰਬਾਨੀਆਂ ਦਾ ਦੌਰ ਚੱਲ ਪਿਆ ਸੀ। ਉਦਾਸੀ ਦੀ ਪਹਿਲੀ ਗ੍ਰਿਫ਼ਤਾਰੀ 11 ਜਨਵਰੀ 1971 ਨੂੰ ਹੋਈ ਸੀ। ਪੁਲਿਸ ਸੈਂਟਰ ਬਹਾਦਰਗੜ੍ਹ ਸੀ. ਆਈ. ਏ. ਸਟਾਫ (ਲੱਡਾ ਕੋਠੀ) ਵਿਖੇ ਪੁਲਿਸ ਵੱਲੋਂ ਉਸ ਉੱਤੇ ਅੰਤਾਂ ਦਾ ਤਸ਼ੱਦਦ ਢਾਹਿਆ ਗਿਆ। ਉਹ 11 ਜਨਵਰੀ ਤੋਂ 24 ਜਨਵਰੀ ਤੱਕ ਪੁਲਿਸ ਦੀ ਮਾਰ ਝੱਲਦਾ ਰਿਹਾ ਪਰ ਪਾਰਟੀ ਭੇਦ ਨਾ ਦਿੱਤਾ। ਅੰਤ 25 ਜਨਵਰੀ ਨੂੰ ਜ਼ਮਾਨਤ ਹੋਈ। ਉਦਾਸੀ ਦੀ ਦੂਜੀ ਗ੍ਰਿਫ਼ਤਾਰੀ ਮੋਗਾ ਗੋਲੀ ਕਾਂਡ ਵੇਲੇ ਉਠੇ ਵਿਦਿਆਰਥੀ ਰੋਹ ਦੌਰਾਨ ਹੋਈ। ਉਦਾਸੀ ਦੇ ਪੁੱਤਰ ਬੱਲੀ ਅਤੇ ਉਦਾਸੀ ਦੀ ਪਤਨੀ ਨਸੀਬ ਕੌਰ ਦੇ ਭਤੀਜੇ ਗੇਲੇ ਨੂੰ ਪੁਲਿਸ ਗ੍ਰਿਫ਼ਤਾਰ ਕਰਕੇ ਲੈ ਗਈ ਸੀ। ਉਦਾਸੀ ਨੂੰ ਪੁਲਿਸ ਅੱਗੇ ਪੇਸ਼ ਕਰਵਾਇਆ ਗਿਆ ਤਾਂ ਡੇਢ ਮਹੀਨਾ ਸੰਗਰੂਰ ਜੇਲ੍ਹ ਦੀ ਹਵਾ ਖਾਣੀ ਪਈ। 26 ਜੂਨ 1975 ਨੂੰ ਸਰਕਾਰ ਨੇ ਭਾਰਤ ਵਿੱਚ ਐਮਰਜੈਂਸੀ ਲਾ ਦਿੱਤੀ। ਉਦਾਸੀ ਦੀ ਪਾਰਟੀ ਇਸਦਾ ਵਿਰੋਧ ਕਰਨ ਲੱਗੀ। ਉਦਾਸੀ ਨੂੰ ਗ੍ਰਿਫ਼ਤਾਰ ਕਰਕੇ ਡੇਢ ਮਹੀਨੇ ਲਈ ਸੰਗਰੂਰ ਜੇਲ੍ਹ ਭੇਜ ਦਿੱਤਾ ਗਿਆ। ਸ਼ਹਿਣਾ ਥਾਣੇ ਦੀ ਪੁਲਿਸ ਨੇ ਉਦਾਸੀ ਨੂੰ ਚੌਥੀ ਵਾਰ 15 ਅਗਸਤ 1975 ਨੂੰ ਡੀ.ਆਈ.ਆਰ. ਤਹਿਤ ਬਰਨਾਲਾ ਜੇਲ੍ਹ ਭੇਜ ਦਿੱਤਾ। ਉਥੋਂ ਉਸਨੂੰ ਪਟਿਆਲਾ ਜੇਲ੍ਹ ਵਿੱਚ ਭੇਜ ਦਿੱਤਾ, ਜਿੱਥੇ ਉਹ 5 ਮਹੀਨੇ ਜੇਲ੍ਹ ਦਾ ਨਰਕ ਭੋਗਦਾ ਰਿਹਾ।

ਉਦਾਸੀ ਨੇ ਪਹਿਲੀ ਗ੍ਰਿਫ਼ਤਾਰੀ ਤੋਂ ਬਾਅਦ ਪਾਰਟੀ ਕੰਮਾਂ ਦੇ ਬਜਾਏ ਇਨਕਲਾਬੀ ਗਾਇਕੀ ਨੂੰ ਸਮਾਂ ਦੇਣਾ ਸ਼ੁਰੂ ਕਰ ਦਿੱਤਾ ਸੀ। ਉਹ ਸਟੇਜ ਦਾ ਧਨੀ ਸੀ। ਉਸਦੀ ਆਵਾਜ਼ ਬੜੀ ਦਮਦਾਰ ਸੀ। ਉਹ ਲੋਕਾਂ ਨੂੰ ਕੀਲ ਲੈਂਦਾ ਸੀ। ਇਸ ਸਟੇਜੀ ਕਵੀ ਨੇ ਆਪਣੇ ਗੀਤਾਂ ਰਾਹੀ ਜਾਬਰ ਤੇ ਲੋਕ ਵਿਰੋਧੀ ਹਕੂਮਤ ਦੇ ਖਿਲਾਫ਼ ਲੋਕ ਰੋਹ ਉਪਜਾਉਣਾ ਸ਼ੁਰੂ ਕਰ ਦਿੱਤਾ ਸੀ। ਲੁੱਟੀ ਜਾ ਰਹੀ ਜਨਤਾ ਨੂੰ ਉੱਠਣ ਦਾ ਹੋਕਾ ਦੇ ਰਿਹਾ ਸੀ। ਇਸੇ ਕਰਕੇ ਸਰਕਾਰ ਉਸਨੂੰ ਗ੍ਰਿਫ਼ਤਾਰ ਕਰਵਾਉਂਦੀ। ਉਸਦੇ ਅੰਦਰਲੀ ਬੇਚਿਆਈ ਖ਼ਤਮ ਕਰਵਾ ਕੇ ਭਾਰਤ ਦਾ 'ਅੱਛਾ ਸ਼ਹਿਰੀ' ਬਣਾਉਣ ਦੀ ਕੋਸ਼ਿਸ਼ ਕਰਦੀ। ਉਹ ਪੁਲਿਸ ਜਬਰ ਸਹਿ ਕੇ ਵੀ ਆਪਣੇ ਅਕੀਦੇ 'ਤੇ ਪੱਕਾ ਰਿਹਾ। ਉਸਦੇ ਪਰਿਵਾਰ ਅਤੇ ਰਿਸ਼ਤੇਦਾਰਾਂ ਨੂੰ ਵੀ ਪੁਲਿਸ ਦੀਆਂ ਵਧੀਕੀਆਂ ਸਹਿਣੀਆਂ ਪਈਆਂ।

ਸੀ. ਪੀ. ਆਈ. (ਐਮ. ਐਲ.) ਅਤੇ ਉਸਦੀਆਂ ਜਨਤਕ ਜਥੇਬੰਦੀਆਂ ਨੇ 1972 ਦੇ ਮੋਗਾ ਗੋਲੀ ਕਾਂਡ, 1972-73 ਦਾ ਕਾਲਾ ਸੰਘਾ ਘੋਲ, 1973-74 ਦੌਰਾਨ ਚੱਲੇ ਸਰਕਾਰੀ ਦਮਨ ਖਿਲਾਫ਼ ਸੰਘਰਸ਼, 1974 ਦਾ ਡੀਜ਼ਲ ਦੀ ਥੁੜ ਵਿਰੁੱਧ ਘੋਲ, 25 ਜੂਨ 1975 ਤੋਂ ਲੈ ਕੇ 21 ਮਾਰਚ 1977 ਤੱਕ ਐਮਰਜੈਂਸੀ ਖਿਲਾਫ਼ ਚਲਾਈਆਂ ਰਾਜਨੀਤਕ ਸਰਗਰਮੀਆਂ, 1977 ਵਿੱਚ ਸ਼ਹਿਰੀ ਆਜ਼ਾਦੀਆਂ ਲਈ ਘੋਲ, 1978 ਦਾ 85 ਦਿਨਾਂ ਦਾ ਬੇਰੁਜ਼ਗਾਰ ਅਧਿਆਪਕਾਂ ਦਾ ਘੋਲ, ਵਿਦਿਆਰਥੀਆਂ ਅਤੇ ਨੌਜਵਾਨਾਂ ਦੇ ਘੋਲ, ਨਕਸਲੀ ਕਾਰਕੁਨਾਂ ਦੇ ਕਤਲਾਂ ਖਿਲਾਫ਼ ਸੰਘਰਸ਼, 1980 ਦਾ ਬੱਸ ਕਿਰਾਇਆ ਘੋਲ, 1982-83-84 ਦੇ ਕਿਸਾਨ ਅੰਦੋਲਨ, ਨਾਸਾ ਖਿਲਾਫ਼ ਮੁਹਿੰਮ, ਇਨਕਲਾਬੀ ਕੇਂਦਰ ਪੰਜਾਬ ਦਾ ਇਨਕਲਾਬੀ ਮਾਰਚ, ਪੰਜਾਬ ਸਮੱਸਿਆ ਦੇ ਹੱਲ ਲਈ ਰੈਲੀਆਂ ਅਤੇ ਮੁਜ਼ਾਹਰੇ, ਬੰਬੇ-ਹੈਦਰਾਬਾਦ ਅਤੇ ਭਾਰਤ ਦੇ ਵੱਡੇ ਸ਼ਹਿਰਾਂ ਵਿੱਚ ਸਿੱਖਾਂ ਦਾ ਅਕਸ ਵਿਗਾੜਣ ਖਿਲਾਫ਼ ਕਨਵੈਨਸ਼ਨਾਂ ਅਤੇ ਅਨੇਕਾਂ ਹੋਰ ਘੋਲ ਪੰਜਾਬ ਵਿੱਚ ਲੜੇ ਗਏ। ਇਨ੍ਹਾਂ ਵਿੱਚੋਂ ਬਹੁਤੇ ਘੋਲਾਂ ਵਿੱਚ ਉਦਾਸੀ ਨੇ ਸਰਗਰਮੀ ਨਾਲ ਸ਼ਮੂਲੀਅਤ ਕੀਤੀ।

ਜੁਝਾਰਵਾਦੀ ਲਹਿਰ ਦੇ ਜਿੰਨੇ ਵੀ ਸ਼ਾਇਰ ਅਤੇ ਸਾਹਿਤਕਾਰ ਹੋਏ ਹਨ, ਉਹ ਪੰਜਾਬ ਦੇ ਮਿਹਨਤਕਸ਼ ਲੋਕਾਂ ਦੇ ਮਨਾਂ ਵਿੱਚ ਤਾਂ ਵਸੇ ਹੋਏ ਹਨ ਪਰ ਸਰਕਾਰੀ ਪੁਰਸਕਾਰਾਂ ਵੇਲੇ ਉਨ੍ਹਾਂ ਨੂੰ ਟੇਢੀ ਅੱਖ ਨਾਲ ਦੇਖਿਆ ਜਾਂਦਾ ਹੈ ਅਤੇ ਅਕਾਦਮਿਕ ਹਲਕਿਆਂ ਵਿੱਚ ਵੀ ਉਨ੍ਹਾਂ ਨੂੰ ਗੌਲਿਆ ਨਹੀਂ ਜਾਂਦਾ। ਹਕੂਮਤ ਜੋ ਵਤੀਰਾ ਜੱਟ ਪਰਿਵਾਰਾਂ ਵਿੱਚ ਜੰਮੇ ਪਾਸ਼ ਤੇ ਖਟਕੜ ਲਈ ਅਪਨਾਉਂਦੀ ਹੈ, ਉਹੀ ਦਲਿਤ ਪਰਿਵਾਰਾਂ ਵਿੱਚ ਜੰਮੇ ਉਦਾਸੀ ਤੇ ਦਿਲ ਲਈ। ਉਦਾਸੀ ਦੇ ਤਵੇ ਵਾਲੇ ਗੀਤ ਵੀ ਪਿੰਡਾਂ ਦੇ ਕੋਠਿਆਂ ਉੱਤੇ ਵੱਜਦੇ ਰਹੇ ਹਨ। ਉਹ ਅੱਜ ਵੀ ਸੰਘਰਸ਼ਾਂ ਦੇ ਪਿੜਾਂ ਵਿੱਚ ਲੋਕਾਂ ਦੀ ਪਸੰਦੀ ਦਾ ਗੀਤਕਾਰ ਹੈ ਪਰ ਉਸਦੇ ਗੀਤਾਂ ਅਤੇ ਸ਼ਾਇਰੀ ਉੱਤੇ ਚਰਚਾ ਨਹੀਂ ਹੋਈ। ਸਾਹਿਤਕ ਹਲਕਿਆਂ ਵਿੱਚ ਉਸ ਬਾਰੇ ਮੂੰਹ ਜ਼ੁਬਾਨੀ ਗੱਲਾਂ ਹੁੰਦੀਆਂ ਹਨ। ਉਸਦੀ ਸ਼ਾਇਰੀ ਨਾਲੋਂ ਉਸਦਾ ਜੀਵਨ ਵਧੇਰੇ ਚਰਚਾ ਵਿੱਚ ਰਹਿੰਦਾ ਹੈ। ਉਸਦੇ ਰਾਜਨੀਤਕ ਵਿਰੋਧੀਆਂ ਅਤੇ ਹਮਦਰਦਾਂ ਨੇ ਉਸਦੇ ਲਾਲ ਕਿਲੇ ਤੋਂ ਗੀਤ ਬੋਲਣਾ, ਸਿੱਕਿਆਂ ਨਾਲ ਤੁਲਣਾ ਅਤੇ ਬੇਹਿਸਾਬੀ ਸ਼ਰਾਬ ਪੀਣ ਉੱਤੇ ਵਧੇਰੇ ਚਰਚਾ ਕੀਤੀ ਹੈ। ਇਹ ਵਿਵਾਦ ਉਸਦੀ ਮੌਤ ਪਿੱਛੋਂ ਵੀ ਜਾਰੀ ਹੈ। ਲਾਲ ਕਿਲੇ ਤੋਂ ਗੀਤ ਬੋਲਣ ਦੀ ਘਟਨਾ 1979 ਅਤੇ ਸ੍ਰ ਜਗਦੇਵ ਸਿੰਘ ਜੱਸੋਵਾਲ ਵੱਲੋਂ ਉਦਾਸੀ ਨੂੰ ਸਿੱਕਿਆਂ ਨਾਲ 14 ਅਪ੍ਰੈਲ 1984 ਨੂੰ ਤੋਲਿਆ ਸੀ। ਇਹ ਰੌਲਾ ਤਾਂ ਭਾਵੇਂ ਉਨ੍ਹਾਂ ਸਾਲਾਂ ਵਿੱਚ ਹੀ ਮੁੱਕ ਗਿਆ ਹੋਵੇਗਾ ਪਰ ਇਨਕਲਾਬੀ ਲਹਿਰ ਦੇ ਵਿਰੋਧੀਆਂ ਨੇ ਇਹ ਮੁੱਦੇ ਮੁੜ ਪੈਦਾ ਕਰ ਲਏ ਹਨ ਤਾਂ ਕਿ ਲਹਿਰ ਉੱਤੇ ਚਾਂਦ ਮਾਰੀ ਕੀਤੀ ਜਾ ਸਕੇ।

ਅਸੀਂ ਪੰਜਾਬੀ ਦੇ ਲੇਖਕ ਸ਼ਰਾਬ ਪੀਣ ਨੂੰ ਬੰਦੇ ਦਾ ਨਿੱਜੀ ਮਸਲਾ ਸਮਝਦੇ ਹਾਂ। ਬੇਸ਼ੱਕ ਕਮਿਊਨਿਸਟਾਂ ਵਿੱਚ ਸ਼ਰਾਬ ਨੂੰ ਬੁਰਾ ਸਮਝਿਆ ਜਾਂਦਾ ਹੈ। ਇਸ ਦੇ ਬਾਵਜੂਦ ਕਮਿਊਨਿਸਟ ਕਾਰਕੁਨ ਅਤੇ ਇਨ੍ਹਾਂ ਦੇ ਲੇਖਕ ਸ਼ਰਾਬ ਵੱਧ ਮਾਤਰਾ ਵਿੱਚ ਪੀਂਦੇ ਹਨ। ਜੇ ਕੋਈ ਸਰਕਾਰੀ ਜਾਂ ਗੈਰ ਸਰਕਾਰੀ ਸੰਸਥਾ ਕਿਸੇ ਲੇਖਕ ਨੂੰ ਪੁਰਸਕਾਰ ਦਿੰਦੀ ਹੈ, ਉਹ ਉਸਦੀ ਰਚਨਾ ਦੇ ਹੱਕ ਵਿੱਚ ਫਤਵਾ ਦੇ ਰਹੀ ਹੁੰਦੀ ਹੈ, ਜਾਂ ਉਸਦੇ ਆਪਣੇ ਮੰਤਵ ਹੁੰਦੇ ਹਨ। ਮੇਰੀ ਧਾਰਨਾ ਹੈ ਕਿ ਪੁਰਸਕਾਰ ਮੰਗ ਕੇ ਜਾਂ ਯਤਨ ਕਰਕੇ ਨਹੀਂ ਲੈਣੇ ਚਾਹੀਦੇ। ਕੋਈ ਸੰਸਥਾ ਆਪਣੇ ਆਪ ਫ਼ੈਸਲਾ ਕਰਦੀ ਹੈ ਤਾਂ ਪੁਰਸਕਾਰ ਲੈ ਲੈਣੇ ਚਾਹੀਦੇ ਹਨ। ਕਿਉਂਕਿ ਇਹ ਪੈਸਾ ਆਮ ਲੋਕਾਂ ਦਾ ਹੀ ਹੁੰਦਾ ਹੈ ਜੋ ਲੇਖਕ ਨੂੰ ਦਿੱਤਾ ਜਾਂਦਾ ਹੈ। ਉਂਝ ਭਾਵੇਂ ਇਨਕਲਾਬੀ ਧਿਰਾਂ ਇਹ ਸਮਝਦੀਆਂ ਹਨ ਕਿ ਸਰਕਾਰੀ ਪੁਰਸਕਾਰ ਲੈ ਕੇ ਬੰਦੇ ਦੇ ਥਿੜਕਣ ਦੀ ਸੰਭਾਵਨਾ ਬਣ ਜਾਂਦੀ ਹੈ। ਜੇਕਰ ਅਜਿਹਾ ਨਹੀਂ ਹੁੰਦਾ ਤਾਂ ਪੁਰਸਕਾਰ ਲੈਣ ਵਿੱਚ ਸੰਕੋਚ ਨਹੀਂ ਕਰਨਾ ਚਾਹੀਦਾ। ਬਾਕੀ ਜੇਕਰ ਲਾਲ ਕਿਲੇ 'ਤੇ ਉਹ ਆਪਣੀ ਵਿਚਾਰਧਾਰਕ ਗੱਲ ਗੀਤਾਂ ਰਾਹੀਂ ਕਹਿ ਆਇਆ ਹੈ ਤਾਂ ਉਸਨੂੰ ਵਡਿਆਉਣਾ ਚਾਹੀਦਾ ਹੈ ਨਾ ਕਿ ਨਿੰਦਣਾ। ਇਸ ਬਾਰੇ ਉਦਾਸੀ ਅਤੇ ਉਨ੍ਹਾਂ ਦੀ ਬੇਟੀ ਇਕਬਾਲ ਕੌਰ ਉਦਾਸੀ ਦੇ ਵਿਚਾਰ ਵੀ ਗੌਲਣਯੋਗ ਹਨ-

ਵਰਿਆਣਵੀ : ਉਦਾਸੀ ਜੀ ਕੀ ਤੁਸੀਂ ਲਾਲ ਕਿਲ੍ਹੇ ਤੋਂ ਬੋਲ ਕੇ ਇਹ ਮਹਿਸੂਸ ਕਰਦੇ ਹੋ ਕਿ ਤੁਸੀਂ ਲੋਕਾਂ ਦੇ ਕਵੀ ਰਹਿ ਗਏ ਹੋ? ਕਿਉਂਕਿ ਆਮ ਲੋਕਾਂ ਦਾ ਇਹ ਵਿਚਾਰ ਹੈ ਕਿ ਉਦਾਸੀ ਲਾਲ ਕਿਲ੍ਹੇ ਤੋਂ ਬੋਲ ਕੇ ਹੁਣ ਲੋਕਾਂ ਦਾ ਕਵੀ ਨਹੀਂ ਰਿਹਾ। ਉਹ ਹਾਕਮ ਜਮਾਤ ਦਾ ਹੀ ਕਵੀ ਰਹਿ ਗਿਆ ਹੈ। ਤੁਹਾਡਾ ਇਸ ਬਾਰੇ ਕੀ ਸਪੱਸ਼ਟੀਕਰਨ ਹੈ?

ਉਦਾਸੀ : ਸਿਧਾਂਤਕ ਤੌਰ 'ਤੇ ਗੱਲ ਇਹ ਹੈ ਕਿ ਜਿੱਥੇ ਲੋਕ ਹਨ, ਉਥੇ ਸਾਡੀ ਹਾਜ਼ਰੀ ਜ਼ਰੂਰੀ ਹੈ। ਜਿਸ ਢੰਗ ਨਾਲ ਮੈਨੂੰ ਲਾਲ ਕਿਲ੍ਹੇ ਤੇ ਬੁਲਾਇਆ ਗਿਆ ਉਥੇ ਮੇਰੇ ਕੁਝ ਲੋਕਾਂ ਵੱਲੋਂ ਇਹ ਖ਼ਾਹਿਸ਼ ਸੀ ਕਿ ਸਾਡੀ ਵੀ ਤਰਜਮਾਨੀ ਕਰਨ ਵਾਲਾ ਕੋਈ ਲਿਖਾਰੀ ਲਾਲ ਕਿਲ੍ਹੇ ਤੋਂ ਬੋਲੇ। ਉਨ੍ਹਾਂ ਨੇ ਆਪਣੇ ਹੀਲੇ ਬਹਾਨੇ ਘੜ ਕੇ ਪਤਾ ਨਹੀਂ ਕਿਸ ਢੰਗ ਦੇ ਨਾਲ ਮੈਨੂੰ ਸੱਦਿਆ। ਮੈਂ ਨਹੀਂ ਸਮਝਦਾ ਕਿ ਕੋਈ ਕਿਸੇ ਅਦਾਰੇ ਵਿੱਚ ਜਾ ਕੇ ਕੋਈ ਗਲਤ ਬਣ ਬੈਠੇ ਤੇ ਮੈਂ ਉਨ੍ਹਾਂ ਵਿੱਚ ਜਾ ਕੇ ਆਪਣੇ ਸਟੈਂਡ ਨੂੰ ਪੂਰਾ ਰੱਖਦਾ ਕਿ ਉਹ ਸਰਕਾਰੀਆ ਬਣ ਜਾਂਦਾ ਹੈ। ਮੈਂ ਸਮਝਦਾ ਹਾਂ ਜਿੱਥੇ ਕੋਈ ਬੁਲਾਵੇ ਚਲੇ ਜਾਣਾ ਚਾਹੀਦਾ ਹੈ ਪਰ ਆਪਣੇ ਵਿਚਾਰ ਨਹੀਂ ਛੱਡਣੇ ਚਾਹੀਦੇ। ਲਾਲ ਕਿਲ੍ਹੇ 'ਤੇ ਜਾ ਕੇ ਮੈਂ ਕੀ ਕਿਹਾ ਉਹੀ ਇਨਕਲਾਬੀ ਗੀਤ। ਮੈਂ ਸਮਝਦਾ ਹਾਂ ਕਿ ਜੇਕਰ ਉਹ ਗੀਤ ਪੀਕਿੰਗ ਰੇਡੀਓ ਤੋਂ ਆ ਸਕਦੇ ਹਨ ਤਾਂ ਉਹੀ ਗੀਤ ਲਾਲ ਕਿਲ੍ਹੇ ਤੋਂ ਵੀ ਬੋਲੇ ਜਾ ਸਕਦੇ ਹਨ। ਮੈਂ ਤਾਂ ਇਹੀ ਸਮਝਦਾ ਹਾਂ ਕਿ ਮੈਂ ਲੋਕ ਜਿੱਤ ਦੀ ਚੇਪੀ ਲਾਲ ਕਿਲੇ ਦੀ ਕੰਧ ਉੱਪਰ ਚੇਪ ਆਇਆ ਹਾਂ।

ਸ਼ੇਤਰਾ : ਜਿਵੇਂ ਕਿ....?

ਉਦਾਸੀ : ਜਿਵੇਂ

1. ਮਾਰੇ ਗਏ ਮਿੱਤਰਾਂ ਦੇ ਪਿੰਡ ਦੀਏ ਵਾਏ ਖ਼ੈਰ ਸੁੱਖ ਦਾ ਸੁਨੇਹੜਾ ਲਿਆ।
2. ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵੇਹੜੇ।
3. ਝੋਰਾ ਕਰੀਂ ਨਾ ਕਿਲੇ ਆਨੰਦਪੁਰ ਦਾ, ਕੁੱਲੀ ਕੁੱਲੀ ਨੂੰ ਕਿਲਾ ਬਣਾ ਦਿਆਂਗੇ।

ਉਥੇ ਹੋਰ ਮੇਰੇ ਸਾਥੀ ਬੁਲਾਏ ਗਏ ਹੋਏ ਸੀ, ਉਥੇ ਸਭ ਤੋਂ ਵੱਧ ਮੈਨੂੰ ਸੁਣਿਆ ਗਿਆ। ਮੈਨੂੰ ਵਿਸ਼ਵਾਸ ਹੈ ਕਿ ਮੇਰੇ ਲੋਕ ਹਰ ਥਾਂ ਮੌਜੂਦ ਹਨ ਤੇ ਮੈਨੂੰ ਹਰ ਥਾਂ ਜਾਣਾ ਚਾਹੀਦਾ ਹੈ।

ਮੱਲ : ਹਾਂ ਉਦਾਸੀ ਜੀ- ਇਹ ਠੀਕ ਹੈ ਕਿ ਤੁਸੀਂ ਸਰਕਾਰੀ ਕਵੀ ਨਹੀਂ ਬਣੇ ਪਰ ਕਈ ਵਾਰ ਸਾਨੂੰ ਪਤਾ ਹੀ ਨਹੀਂ ਲੱਗਦਾ ਕਿ ਸਰਕਾਰੀਆ ਬਣ ਰਿਹਾਂ ਹਾਂ ਕਿ ਨਹੀਂ?

ਉਦਾਸੀ : ਸਿਧਾਂਤ ਮੇਰੇ ਪਾਸ ਇੱਕ ਕਸਵੱਟੀ ਹੈ। ਜਿਹੜਾ ਮੈਨੂੰ ਦੱਸਦਾ ਹੈ ਕਿ ਮੈਂ ਸਰਕਾਰੀਆ ਬਣ ਰਿਹਾ ਹਾਂ ਜਾਂ ਨਹੀਂ। ਸੋ ਸਿਧਾਂਤ ਦੀ ਕਸਵੱਟੀ ਦੀ ਚੌਕਸੀ ਮੈਂ ਹਰ ਵੇਲੇ ਵਰਤੀ ਹੈ ਤੇ ਮੈਂ ਇਸ ਗੱਲ ਬਾਰੇ ਪੂਰਾ ਚੌਕਸ ਹਾਂ ਕਿ ਮੈਂ ਕਵਿਤਾ ਨੂੰ ਕਿੱਥੇ ਖੜ੍ਹਾ ਕਰਨਾ ਹੈ ਜਾਂ ਕਿਨ੍ਹਾਂ ਲੋਕਾਂ ਵਿੱਚ। ਸੋ ਇਸ ਬਾਰੇ ਮੈਂ ਪੂਰਾ ਸੁਚੇਤ ਹਾਂ। ਮੈਂ ਕਦੇ ਅਨੁਭਵ ਹੀ ਨਹੀਂ ਕੀਤਾ ਕਿ ਮੈਂ ਸਰਕਾਰੀਆ ਬਣਦਾ ਜਾ ਰਿਹਾ ਕਿਉਂਕਿ ਮੇਰੇ ਪਾਸ ਸਿਧਾਂਤ ਦੀ ਕਸਵੱਟੀ ਹੈ।

ਮੱਲ : ਹੁਣੇ-ਹੁਣੇ 'ਲੋਕ ਹੱਕ' ਵਿੱਚ ਇੱਕ ਚਿੱਠੀ ਪੜ੍ਹੀ ਹੈ ਜਿਸ ਵਿੱਚ ਲਿਖਿਆ ਗਿਆ ਹੈ ਕਿ ਸੰਤ ਰਾਮ ਉਦਾਸੀ ਦੇ ਲਹੂ ਭਿੱਜੇ ਬੋਲ ਹੁਣ ਸ਼ਰਾਬ ਭਿੱਜੇ ਬੋਲ ਬਣ ਕੇ ਸਟੇਜਾਂ 'ਤੇ ਗੂੰਜਦੇ ਹਨ ਤੇ ਤੁਸੀਂ ਸੰਤ ਰਾਮ ਉਦਾਸੀ ਦੀ ਥਾਂ ਮਹਿਜ਼ ਸੰਤ ਰਾਮ ਰਹਿ ਗਏ ਹੋ। ਕੀ ਤੁਸੀਂ ਇਸ ਬਾਰੇ ਵੀ ਕੁਝ ਕਹਿਣਾ ਚਾਹੋਗੇ?

ਉਦਾਸੀ :ਉਹ ਤਾਂ ਔਗੁਣਾਂ ਦੀ ਸੂਹ ਕੱਢਣ ਲਈ ਫਿਰਦੇ ਹਨ ਕਿ ਉਦਾਸੀ ਵਿੱਚ ਕੋਈ ਔਗੁਣ ਨਿੱਕਲੇ ਤਾਂ ਉਹਦਾ ਭੰਡੀ ਪ੍ਰਚਾਰ ਕਰੀਏ। ਪਰ ਮੈਂ ਇਹ ਸਮਝਦਾ ਹਾਂ ਕਿ ਮੈਂ ਲੋਕਾਂ ਪ੍ਰਤੀ ਦੇਵਤਾ ਜਿਹਾ ਬਣ ਕੇ ਨਾ ਰਹਾਂ। ਸਗੋਂ ਮੈਨੂੰ ਲੋਕਾਂ ਵਰਗਾ ਹੀ ਬਣ ਕੇ ਰਹਿਣਾ ਚਾਹੀਦਾ ਹੈ। ਜਿਹੋ ਜਿਹੀਆਂ ਮੇਰੇ ਲੋਕਾਂ ਦੀਆਂ ਆਦਤਾਂ ਹਨ, ਉਹੋ ਜਿਹੀਆਂ ਮੇਰੀਆਂ ਆਦਤਾਂ ਹੋਣ। ਮੈਂ ਇਸ ਗੱਲ ਤੋਂ ਕਦੀ ਮੁਨਕਰ ਨਹੀਂ ਹੋਇਆ ਕਿ ਮੈਂ ਸ਼ਰਾਬ ਨਹੀਂ ਪੀਂਦਾ। ਮੈਨੂੰ ਜਦੋਂ ਕਈ ਵਾਰ ਲੋੜ ਹੁੰਦੀ ਹੈ, ਉਸ ਸਮੇਂ ਪੀ ਲੈਂਦਾ ਹਾਂ, ਮੈਂ ਉਸ ਸਮੇਂ ਗੁਰੇਜ਼ ਵੀ ਨਹੀਂ ਕਰਦਾ। ਗੁਰੇਜ਼ ਕਰਨਾ ਵੀ ਨਹੀਂ ਚਾਹੀਦਾ, ਜਦੋਂ ਕਿਸੇ ਦੀ ਲੋੜ ਹੈ। ਜਿੱਥੋਂ ਤੱਕ ਸ਼ਰਾਬ ਪੀ ਕੇ ਬੋਲਣ ਦਾ ਜਾਂ ਮੇਰੀ ਕਮਜ਼ੋਰੀ ਬਣਨ ਦਾ ਸਵਾਲ ਹੈ ਉਹ ਗੱਲ ਮੈਂ ਮਹਿਸੂਸ ਨਹੀਂ ਕਰਦਾ। ਮੇਰੇ ਵਿੱਚ ਅਜੇ ਤੱਕ ਇਹੋ ਜਿਹੀ ਗੱਲ ਨਹੀਂ ਆਈ।

(ਦੋ ਮਾਸਿਕ ਪਹੁ ਫੁਟਾਲਾ ਤੀਜਾ ਅੰਕ 1979 ਦੇ ਪ੍ਰਬੰਧਕ ਸ੍ਰੀ ਸੰਧੂ ਵਰਿਆਣਵੀ, ਜੀ. ਸੀ. ਮੱਲ ਤੇ ਦੀਦਾਰ ਸ਼ੇਤਰਾ ਵੱਲੋਂ ਕੀਤੀ ਮੁਲਾਕਾਤ 'ਚੋਂ। ਇਹ ਮੁਲਾਕਾਤ ਜ਼ਿਲ੍ਹਾ ਜਲੰਧਰ ਦੇ ਪਿੰਡ ਲਸਾੜਾ ਵਿਖੇ ਮਾਰਚ 1979 ਵਿੱਚ ਕੀਤੀ ਗਈ ਸੀ।)

'1984 ਨੂੰ ਵਿਸਾਖੀ ਵਾਲੇ ਦਿਨ ਉਨ੍ਹਾਂ ਨੂੰ ਜਦ ਸਿੱਕਿਆਂ ਨਾਲ ਤੋਲਿਆ ਗਿਆ ਤਾਂ ਇਸ ਦਿਨ ਤੋਂ ਪਹਿਲਾਂ ਵੀ ਤੇ ਬਾਅਦ ਵਿੱਚ ਵੀ ਉਹ ਅਕਸਰ ਹੀ ਰੋ ਪੈਂਦੇ ਸੀ। ਜਦੋਂ ਜਗਦੇਵ ਸਿੰਘ ਜੱਸੋਵਾਲ ਵੱਲੋਂ ਇਹ ਫ਼ੈਸਲਾ ਕੀਤਾ ਗਿਆ ਕਿ ਉਦਾਸੀ ਤੈਨੂੰ ਅਸੀਂ ਸਿੱਕਿਆਂ ਨਾਲ ਤੋਲਣਾ ਹੈ ਤਾਂ ਇਹ ਖ਼ਬਰ ਉਨ੍ਹਾਂ ਸਾਨੂੰ ਦੱਸੀ। ਸੁਣ ਕੇ ਸਾਨੂੰ ਕੋਈ ਅਚੰਭਾ ਨਹੀਂ ਲੱਗਾ ਕਿਉਂਕਿ ਅਕਸਰ ਹੀ ਉਨ੍ਹਾਂ ਦੇ ਸਨਮਾਨ ਹੁੰਦੇ ਰਹਿੰਦੇ ਸੀ। ਉਹ ਸਾਨੂੰ ਦੱਸਣ ਲੱਗੇ ਕਿ ਮੈਂ ਅਜੇ ਜੱਸੋਵਾਲ ਨੂੰ ਹਾਂ ਨਹੀਂ ਕਹੀ, ਅਜੇ ਮੈਂ ਕੁਝ ਸਾਥੀਆਂ ਨਾਲ ਸਲਾਹ ਕਰਨੀ ਹੈ ਕਿ ਮੈਂ ਇਹ ਸਨਮਾਨ ਲੈਣਾ ਹੈ ਜਾਂ ਨਹੀਂ; ਪਰ ਪਤਾ ਨਹੀਂ ਕਿਸੇ ਸਾਥੀ ਨਾਲ ਬਾਹਰ ਸਲਾਹ ਹੋਈ ਜਾਂ ਨਹੀਂ, ਸਨਮਾਨ ਤੋਂ ਪਹਿਲਾਂ ਸਾਥੀਆਂ ਦੇ ਕੀ ਕੁਮੈਂਟ ਸਨ ਇਸ ਬਾਰੇ ਤਾਂ ਪਤਾ ਨਹੀਂ ਪਰ ਜੋ ਕੁਮੈਂਟ ਸਨਮਾਨ ਹੋਣ ਤੋਂ ਬਾਅਦ ਆਏ ਉਨ੍ਹਾਂ ਬਾਰੇ ਮੈਂ ਭਲੀ ਭਾਂਤ ਜਾਣਦੀ ਹਾਂ।.... ਮੈਂ ਸਮਝਦੀ ਹਾਂ ਕਿ ਉਹ ਆਖਰੀ ਸਾਹਾਂ ਤੱਕ ਇਨਕਲਾਬੀ ਸਨ ਤੇ ਮਾਰਕਸਵਾਦ ਦੇ ਪੱਕੇ ਧਾਰਨੀ ਸਨ।


[ਇਕਬਾਲ ਕੌਰ ਉਦਾਸੀ, ਸੰਤ ਰਾਮ ਉਦਾਸੀ (ਜੀਵਨ ਅਤੇ ਸਮੁੱਚੀ ਰਚਨਾ), ਸੰਪਾਦਕ ਰਾਜਿੰਦਰ ਰਾਹੀ, ਪੰਨਾ 45, 46]

ਉਦਾਸੀ ਵੱਲੋਂ ਸ਼ਰਾਬ ਪੀਣੀ, ਲਾਲ ਕਿਲੇ ਤੋਂ ਗੀਤ ਬੋਲਣੇ ਅਤੇ ਜਗਦੇਵ ਸਿੰਘ ਜੱਸੋਵਾਲ ਤੋਂ ਪੁਰਸਕਾਰ ਲੈਣ ਦੇ ਵਿਵਾਦ ਨੂੰ ਚਰਚਾ ਦਾ ਵਿਸ਼ਾ ਬਣਾਇਆ ਹੋਇਆ ਹੈ। ਦਰਅਸਲ ਜਿਨ੍ਹਾਂ ਗੱਲਾਂ ਨੂੰ ਤੂਲ ਦਿੱਤੀ ਜਾ ਰਹੀ ਹੈ, ਇਹ ਨਕਸਲੀ ਗਰੁੱਪਾਂ ਦੀ ਆਪਸੀ ਸ਼ਰੀਕੇਬਾਜ਼ੀ ਸੀ। ਇਹ ਜਾਣੀ ਪਛਾਣੀ ਸਚਾਈ ਹੈ ਕਿ ਕਮਿਊਨਿਸਟ ਗਰੁੱਪਾਂ ਨੇ ਜਿੰਨਾ ਕੁ ਸਟੇਟ ਖਿਲਾਫ਼ ਕੰਮ ਕੀਤਾ ਹੈ, ਉੱਨਾ ਹੀ ਕੰਮ ਇਨ੍ਹਾਂ ਇੱਕ ਦੂਜੇ ਨੂੰ ਭੰਡਣ ਤੇ ਵੀ ਕੀਤਾ ਹੋਇਆ ਹੈ। ਉਦਾਸੀ ਸੀ. ਪੀ. ਆਈ. (ਐਮ. ਐਲ.) ਸੱਤਿਆਨਾਰੈਣ ਸਿੰਘ ਜਾਂ ਪੂਲਾ ਰੈਡੀ ਗਰੁੱਪ (ਅੱਜ ਕੱਲ੍ਹ ਨਿਊ ਡੈਮੋਕਰੈਸੀ ਗਰੁੱਪ) ਵਿੱਚ ਸਰਗਰਮ ਸੀ। ਇਸ ਗਰੁੱਪ ਵਿੱਚੋਂ ਨਿਕਲਿਆਂ ਸੀ ਟੀ ਗਰੁੱਪ (ਸੁਰਖ ਰੇਖਾ ਗਰੁੱਪ), ਨਾਗੀ ਰੈਡੀ ਗਰੁੱਪ, ਚਾਰੂ ਗਰੁੱਪ, ਅਤੇ ਪੂਲਾ ਰੈਡੀ ਗਰੁੱਪ ਇੱਕ ਦੂਜੇ ਦੇ ਆਗੂਆਂ ਅਤੇ ਕਾਰਕੁਨਾਂ ਦੀ ਸਿਆਸੀ ਅਤੇ ਨਿੱਜੀ ਨੁਕਤਾਚੀਨੀ ਕਰਦੇ ਸਨ। ਸੁਰਖ ਰੇਖਾ ਵਾਲੇ ਉਦਾਸੀ ਉੱਤੇ ਹੀ ਨਹੀਂ ਲਿਖਦੇ ਸਨ, ਸਗੋਂ ਦਰਸ਼ਨ ਖਟਕੜ ਅਤੇ ਭਾਅ ਜੀ ਗੁਰਸ਼ਰਨ ਸਿੰਘ ਸਮੇਤ ਦੂਜੇ ਗਰੁੱਪਾਂ ਦੇ ਕਾਮਰੇਡਾਂ ਨੂੰ ਵੀ ਘੇਰਾ ਪਾਉਂਦੇ ਸਨ। ਇਹ ਉੱਚੇ ਕੁੱਟਾਂ ਅਤੇ ਆਪਸੀ ਤਾਹਨਿਆਂ ਮਿਹਣਿਆਂ ਦਾ ਦੌਰ ਸੀ, ਜੋ ਹੁਣ ਕਾਫੀ ਘੱਟ ਚੁੱਕਾ ਹੈ ਪਰ ਕਈਆਂ ਵਿੱਚ ਇਹ ਰੋਗ ਅਜੇ ਵੀ ਕਾਇਮ ਹੈ। ਅੱਜ ਕੱਲ੍ਹ ਇਨ੍ਹਾਂ ਨਕਸਲੀ ਗਰੁੱਪਾਂ ਦੇ ਰਾਜਨੀਤਕ ਵਿਰੋਧੀ ਇਨ੍ਹਾਂ ਦੀ ਪਿੱਠ ਲੁਆਉਣ ਲਈ ਪੁਰਾਣੇ ਵੇਲਿਆਂ ਦੀਆਂ ਘਟਨਾਵਾਂ ਨੂੰ ਤੂਲ ਦੇ ਰਹੇ ਹਨ।

(ਬਾਕੀ ਅਗਲੇ ਅੰਕ 'ਚ)

ਸੰਤਾਂ, ਬਾਬਿਆਂ, ਜੋਤਸ਼ੀਆਂ ਅਤੇ ਤਾਂਤਰਿਕਾਂ ਨੂੰ ਚੁਨੌਤੀ





ਇਹ ਚੁਣੌਤੀ ਹੇਠ ਲਿਖੀਆਂ ਸ਼ਰਤਾਂ ਨਾਲ ਲਾਗੂ ਹੋਵੇਗੀ

ਮਾਸਟਰ ਭਜਨ ਸਿੰਘ : 403-455-4220, ਪ੍ਰੋ. ਗੋਪਾਲ ਕਾਉਂਕੇ : 403-970-3588

ਨਿਤਿਨ ਠਾਕੁਰ

# ਕੀ ਰੌਲਾ ਹੈ ਫੇਸਬੁੱਕ ਤੇ ਡਾਟਾ ਚੋਰੀ ਦਾ ?


ਆਸਾਨ ਭਾਸ਼ਾ ਵਿੱਚ ਕਹੀਏ ਕਿ ਜਿਸ ਨੂੰ ਤੁਸੀਂ ਕੁੱਝ ਨਹੀਂ ਮੰਨ ਰਹੇ ਉਹ ਅਸਲ ਵਿੱਚ ਕਿੰਨਾ ਗੰਭੀਰ ਮਾਮਲਾ ਹੈ। ਤੁਹਾਡੀ ਸ਼ਕਲ ਕਿਸ ਐਕਟਰ ਨਾਲ ਮਿਲਦੀ ਹੈ, ਤੁਸੀਂ ਅਗਲੇ ਜਨਮ ਵਿੱਚ ਕੀ ਬਣੋਗੇ, ਤੁਹਾਡੀ ਪਰਸਨੈਲਿਟੀ ਵਿੱਚ ਸਭ ਤੋਂ ਸ਼ਾਨਦਾਰ ਕੀ ਹੈ? ਇਸ ਤਰ੍ਹਾਂ ਦੇ ਫਾਲਤੂ ਸਵਾਲਾਂ ਦਾ ਜਵਾਬ ਕਿੰਨਾ ਕੁ ਸਹੀ ਹੁੰਦਾ ਹੈ ਇਹ ਤੁਸੀਂ ਵੀ ਜਾਣਦੇ ਹੋ, ਲੇਕਿਨ ਟਾਈਮ ਪਾਸ ਕਰਨ ਦੇ ਚੱਕਰ ਵਿੱਚ ਤੁਸੀਂ ਕਲਿੱਕ ਦੇ ਬਾਅਦ ਕਲਿੱਕ ਕਰਦੇ ਰਹਿੰਦੇ ਹੋ ਅਤੇ ਆਪਣੀ ਰਾਇ ਜਾਂ ਜਾਣਕਾਰੀ ਉਸ ਪਾਰ ਬੈਠੇ ਕਿਸੇ ਅਣਜਾਣ ਪੇਸ਼ੇਵਰ ਕੰਪਨੀ ਨਾਲ ਸਾਂਝੀ ਕਰ ਲੈਂਦੇ ਹੋ। ਹੋ ਸਕਦਾ ਹੈ ਕਿ ਤੁਹਾਡੇ ਲਈ ਤੁਹਾਡੀ ਰਾਇ ਦੋ ਕੌਡੀ ਦੀ ਹੋਵੇ, ਪਰ ਡਾਟਾ ਕਲੈਕਸ਼ਨ ਦੇ ਧੰਦੇ ਵਿੱਚ ਉਤਰੇ ਪੇਸ਼ੇਵਰਾਂ ਲਈ ਇਹ ਅੰਕੜੇ ਹੀਰੇ-ਮੋਤੀ ਹਨ। ਫੇਸਬੁੱਕ ਇਸਤੇਮਾਲ ਕਰਨ ਵਾਲੇ ਔਸਤ ਬੁੱਧੀ ਹਿੰਦੁਸਤਾਨੀਆਂ ਦੀ ਅਕਲ ਕਿਵੇਂ ਕੰਮ ਕਰਦੀ ਹੈ, ਇਹ ਇਨ੍ਹਾਂ ਵਿਦੇਸ਼ੀ ਕੰਪਨੀਆਂ ਨੂੰ ਬਖੂਬੀ ਪਤਾ ਹੈ। ਇਸਲਈ ਇਹ ਕੰਪਨੀਆਂ ਅਜਿਹੀਆਂ ਬੇਤੁਕੀਆਂ ਐਪਲੀਕੇਸ਼ਨਾਂ ਦੇ ਜ਼ਰੀਏ ਪ੍ਰਾਈਵੇਸੀ ਦੀਆਂ ਦੀਵਾਰਾਂ ਤੋੜ ਕੇ ਆਸਾਨੀ ਨਾਲ ਡਾਟਾ ਇਕੱਠਾ ਕਰ ਲੈਂਦੀਆਂ ਹਨ।

----------

ਭਾਰਤ ਦੇ ਹਾਲਾਤ ਵੱਖ ਹਨ। ਇਸ ਦੇਸ਼ ਵਿੱਚ ਨੇਤਾ ਦੇਵਤਾ ਹੁੰਦੇ ਹਨ ਜੋ ਕਦੇ ਕੁੱਝ ਗਲਤ ਕਰ ਹੀ ਨਹੀਂ ਸਕਦੇ। ਇਹ ਹਾਲਾਤ ਉਦੋਂ ਹਨ, ਜਦੋਂ ਸਾਡੇ ਨੇਤਾਵਾਂ ਦੀ ਡਿਗਰੀਆਂ ਤੋਂ ਲੈ ਕੇ ਪਤਨੀਆਂ ਤੱਕ ਦਹਾਕਿਆਂ ਤੱਕ ਲੁਕੀਆਂ ਰਹਿ ਜਾਂਦੀਆਂ ਹਨ ਅਤੇ ਅਸੀਂ ਉਨ੍ਹਾਂ ਬਾਰੇ ਕਦੇ ਵੀ ਠੀਕ-ਠੀਕ ਪਤਾ ਨਹੀਂ ਕਰ ਪਾਉਂਦੇ।

----------

ਭਾਰਤ ਇੰਟਰਨੈੱਟ ਦੀ ਦੁਨੀਆ ਵਿੱਚ ਹਾਲੇ ਨਾਬਾਲਗ ਹੈ। ਜੋ ਦੇਸ਼ ਇਸ ਰਸਤੇ





'ਤੇ ਬਹੁਤ ਪਹਿਲਾਂ ਅੱਗੇ ਵੱਧ ਚੁੱਕੇ ਹਨ, ਉੱਥੇ ਦੀ ਸਿਆਸਤ ਇੰਟਰਨੈੱਟ ਉੱਤੇ ਉਪਲੱਬਧ ਡਾਟਾ ਦੇ ਇਸਤੇਮਾਲ ਦੇ ਤਰੀਕੇ ਨੂੰ ਵੀ ਜਾਣਦੀ ਹੈ, ਅਤੇ ਉੱਥੋਂ ਦੇ ਲੋਕ ਵੀ ਇਸ ਗੋਰਖਧੰਦੇ ਨੂੰ ਲੈ ਕੇ ਖੂਬ ਸੰਵੇਦਨਸ਼ੀਲ ਹਨ। ਪਰ ਇੱਥੇ ਤਾਂ ਹਾਲਤ ਇਹ ਹੈ ਕਿ ਲੋਕ ਆਧਾਰ ਕਾਰਡ ਦੇ ਕਥਿਤ ਫਾਇਦੇ ਦੇ ਸਾਹਮਣੇ ਨੁਕਸਾਨ ਦੀ ਗੱਲ ਸੁਣਨਾ ਵੀ ਨਹੀਂ ਚਾਹੁੰਦੇ।

ਜਿਨ੍ਹਾਂ ਲੋਕਾਂ ਨੇ ਅਮਰੀਕੀ ਟੀਵੀ ਸੀਰੀਜ਼ 'ਹਾਊਸ ਆਫ ਕਾਰਡਸ' ਵੇਖੀ ਹੈ, ਉਹ ਜਾਣਦੇ ਹਨ ਕਿ ਡਾਟਾ ਦਾ ਇਸਤੇਮਾਲ ਚੋਣ ਪ੍ਰਭਾਵਿਤ ਕਰਨ ਲਈ ਕਿਵੇਂ ਕੀਤਾ ਜਾਂਦਾ ਹੈ। ਸਭ ਤੋਂ ਇਤਰਾਜ਼ਯੋਗ ਇਹ ਇਸਲਈ ਹੈ ਕਿਉਂਕਿ ਅਜਿਹਾ ਕੀਤਾ ਜਾਣਾ ਗ਼ੈਰਕਾਨੂੰਨੀ ਹੈ। ਜਨਮਤ ਨੂੰ ਇਸ ਤਰੀਕੇ ਨਾਲ ਪ੍ਰਭਾਵਿਤ ਕਰਨਾ ਲੋਕਤੰਤਰ ਦੇ ਨਾਲ ਚੀਟਿੰਗ ਹੈ। ਅਮਰੀਕਾ ਵਿੱਚ ਪਹਿਲਾਂ ਵੀ ਸਰਕਾਰੀ ਪੱਧਰ ਅਤੇ ਖੁਫੀਆ ਤਰੀਕਿਆਂ ਨਾਲ ਨਾਗਰਿਕਾਂ






ਦੀ ਜਾਣਕਾਰੀ ਇਕੱਠਾ ਕੀਤੇ ਜਾਣ ਦਾ ਜ਼ਬਰਦਸਤ ਵਿਰੋਧ ਹੁੰਦਾ ਰਿਹਾ ਹੈ। ਅਮਰੀਕੀ ਨਾਗਰਿਕਾਂ ਦੀ ਜਾਗਰੂਕਤਾ ਅਮਰੀਕੀ ਨੇਤਾਵਾਂ ਨੂੰ ਅਜਿਹਾ ਕਰਨ ਤੋਂ ਰੋਕਦੀ ਰਹੀ ਹੈ। ਅੱਤਵਾਦ ਦੇ ਨਾਮ 'ਤੇ ਲੋਕਾਂ ਦੀ ਨਿੱਕੀ ਜਾਣਕਾਰੀ ਇਕੱਠੀ ਕਰਨ ਦੀ ਯੋਜਨਾ ਹੋਰ


ਰਾਬਰਟ ਮਰਸਰ

ਵੀ ਖੁੱਲ੍ਹ ਕੇ ਚੱਲਣ ਲੱਗੀ ਸੀ, ਪਰ ਪੜ੍ਹੇ-ਲਿਖੇ ਅਮਰੀਕੀਆਂ ਦੀ ਜਮਾਤ ਨੂੰ ਇਹ ਆਸਾਨੀ ਨਾਲ ਸਮਝ ਆ ਗਿਆ ਕਿ ਉਨ੍ਹਾਂ ਨੂੰ ਅੱਤਵਾਦ ਦਾ ਡਰ ਦਿਖਾ ਕੇ ਨੇਤਾ ਮਨਚਾਹੇ ਕਾਨੂੰਨ ਬਣਾ ਰਹੇ ਹਨ। ਇਹ ਕਾਨੂੰਨ ਸਿਰਫ ਉਨ੍ਹਾਂ ਦੀ ਸੱਤਾ ਨੂੰ ਮਜ਼ਬੂਤ ਕਰਨ ਦੇ ਕੰਮ ਆਉਣਗੇ।

ਪਰ ਭਾਰਤ ਦੇ ਹਾਲਾਤ ਵੱਖ ਹਨ। ਇਸ ਦੇਸ਼ ਵਿੱਚ ਨੇਤਾ ਦੇਵਤਾ ਹੁੰਦੇ ਹਨ ਜੋ ਕਦੇ ਕੁੱਝ ਗਲਤ ਕਰ ਹੀ ਨਹੀਂ ਸਕਦੇ। ਇਹ ਹਾਲਾਤ ਉਦੋਂ ਹਨ, ਜਦੋਂ ਸਾਡੇ ਨੇਤਾਵਾਂ ਦੀ ਡਿਗਰੀਆਂ ਤੋਂ ਲੈ ਕੇ ਪਤਨੀਆਂ ਤੱਕ ਦਹਾਕਿਆਂ ਤੱਕ ਲੁਕੀਆਂ ਰਹਿ ਜਾਂਦੀਆਂ ਹਨ ਅਤੇ ਅਸੀਂ ਉਨ੍ਹਾਂ ਬਾਰੇ ਕਦੇ ਵੀ ਠੀਕ-ਠੀਕ ਪਤਾ ਨਹੀਂ ਕਰ ਪਾਉਂਦੇ। ਅਜਿਹੇ ਵਿੱਚ ਸੋਚੋ ਕਿ ਜੇਕਰ ਭਾਰਤੀ ਚੋਣਾਂ ਵਿੱਚ ਕੈਂਬਰਿਜ ਐਨਾਲਾਈਟਿਕਾ ਵਰਗੀਆਂ ਕੰਪਨੀਆਂ ਸਰਗਰਮ ਹੋ ਰਹੀਆਂ ਹੋਣ ਤਾਂ ਭਲਾ ਸਾਨੂੰ ਕੌਣ ਦੱਸੇਗਾ ਅਤੇ ਕਿਵੇਂ ਪਤਾ ਚੱਲੇਗਾ।

ਹੁਣ ਰਵੀਸ਼ੰਕਰ ਪ੍ਰਸਾਦ ਨੇ ਕਾਂਗਰਸ ਉੱਤੇ ਇਲਜ਼ਾਮ ਲਗਾਇਆ ਕਿ ਉਹ 2019 ਦੀਆਂ ਚੋਣਾਂ ਵਿੱਚ ਕੈਂਬਰਿਜ ਐਨੇਲੈਟਿਕਾ ਦੀਆਂ ਸੇਵਾਵਾਂ ਲੈਣਾ ਚਾਹ ਰਹੀ ਸੀ, ਤਾਂ ਸੁਰਜੇਵਾਲਾ ਨੇ ਭਾਜਪਾ ਉੱਤੇ ਇਲਜ਼ਾਮ ਲਗਾਇਆ ਕਿ 2010 ਦੀਆਂ ਬਿਹਾਰ ਚੋਣਾਂ ਵਿੱਚ ਭਾਜਪਾ ਨੇ ਤਾਂ ਇਸ ਕੰਪਨੀ ਦੀਆਂ ਸੇਵਾਵਾਂ ਲਈਆਂ ਵੀ ਹਨ। ਹੋਰ ਤਾਂ ਹੋਰ ਜੇਡੀਯੂ ਦੇ ਕੇ. ਸੀ. ਤਿਆਗੀ ਦੇ ਬੇਟੇ ਅਮਰੀਸ਼ ਤਿਆਗੀ ਦਾ ਨਾਮ ਵੀ ਆ ਰਿਹਾ ਹੈ। ਅਮਰੀਸ਼ ਗਾਜ਼ਿਆਬਾਦ ਵਿੱਚ ਏਵੇਲੇਨੋ ਬਿਜ਼ਨੈੱਸ ਇੰਟੈਲੀਜੈਂਸ ਚਲਾਉਂਦਾ ਹੈ ਜੋ ਐੱਸਸੀਐੱਲ ਲੰਦਨ ਦਾ ਹਿੱਸਾ ਹੈ। ਐੱਸਸੀਐੱਲ ਹੀ ਕੈਂਬਰਿਜ ਐਨਾਲਾਈਟਿਕਾ ਦੀ ਪੇਰੈਂਟ ਕੰਪਨੀ ਹੈ। ਅਮਰੀਸ਼ ਦੀ ਕੰਪਨੀ ਆਪਣੇ ਸਬੰਧਾਂ ਨੂੰ ਐੱਸਸੀਐੱਲ ਜਾਂ ਕੈਂਬਰਿਜ ਐਨਾਲਾਈਟਿਕਾ ਨਾਲ ਸਵੀਕਾਰਦੀ ਤਾਂ ਹੈ ਲੇਕਿਨ ਫੇਸਬੁੱਕ ਵਰਗੇ ਪਲੇਟਫਾਰਮ ਦੇ ਨਾਲ ਮਿਲ ਕੇ ਕੰਮ ਕਰਨ ਤੋਂ ਇਨਕਾਰ ਕਰਦੀ ਹੈ।

ਦਰਅਸਲ ਕੈਂਬਰਿਜ ਐਨਾਲਾਈਟਿਕਾ ਇੱਕ ਬ੍ਰਿਟਿਸ਼ ਕੰਪਨੀ ਹੈ। ਕੰਪਨੀ ਦਾ ਮਾਲਿਕ ਹੈ ਰਾਬਰਟ ਮਰਸਰ, ਜੋ ਡੋਨਲਡ ਟਰੰਪ ਦੀ ਰਿਪਬਲਿਕਨ ਪਾਰਟੀ ਦਾ ਦਾਨਦਾਤਾ ਹੈ। ਉਸ ਦੀ ਕੰਪਨੀ ਉੱਤੇ ਇਲਜ਼ਾਮ ਹੈ ਕਿ 2016 ਦੀਆਂ ਅਮਰੀਕੀ ਚੋਣਾਂ ਵਿੱਚ ਉਸ ਨੇ ਟਰੰਪ ਦੀ ਪਾਰਟੀ ਨੂੰ ਇਹ ਸਮਝਣ ਵਿੱਚ ਗ਼ੈਰਕਾਨੂੰਨੀ ਢੰਗ ਨਾਲ ਮਦਦ ਕੀਤੀ ਕਿ ਅਮਰੀਕੀ ਜਨਤਾ ਦਾ ਰੁਝਾਨ ਕੀ ਹੈ। ਉਥੇ ਹੀ ਬ੍ਰਿਟੇਨ ਦੀ ਜਨਤਾ ਨੂੰ ਯੂਰੋਪੀ ਯੂਨੀਅਨ ਤੋਂ ਬਾਹਰ ਨਿਕਲਣ ਲਈ ਵੀ ਕੰਪਨੀ ਨੇ ਉਕਸਾਇਆ ਸੀ।

ਕੈਂਬਰਿਜ ਐਨਾਲਾਈਟਿਕਾ ਵਿੱਚ ਕੰਮ ਕਰਨ ਵਾਲੇ 28 ਸਾਲ ਦੇ ਕ੍ਰਿਸਟੋਫਰ ਵਿਲੀ ਨੇ ਖੁਲਾਸਾ ਕੀਤਾ ਹੈ ਕਿ ਕੰਪਨੀ ਨੇ 5 ਕਰੋੜ ਅਮਰੀਕੀਆਂ ਦਾ ਫੇਸਬੁੱਕ ਡਾਟਾ ਐਕਸੈੱਸ ਕਰਕੇ ਇਸ ਤਰ੍ਹਾਂ ਡਿਜ਼ਾਈਨ ਕੀਤਾ ਕਿ ਲੋਕਾਂ ਦਾ ਬ੍ਰੇਨਵਾਸ਼ ਹੋ ਜਾਵੇ ਅਤੇ ਵੋਟਰ ਟਰੰਪ ਦੇ ਪੱਖ ਵਿੱਚ ਵੋਟਿੰਗ ਕਰਨ ਲੱਗਣ। ਲੋਕਾਂ ਨੂੰ ਟਰੰਪ ਨਾਲ ਜੁੜੇ ਪਾਜ਼ਿਟਿਵ ਇਸ਼ਤਿਹਾਰ ਖੂਬ ਦਿਖਾਏ ਗਏ। ਫੇਸਬੁੱਕ ਕਹਿੰਦਾ ਰਿਹਾ ਹੈ ਕਿ ਉਹ ਕਿਸੇ ਐਪਲੀਕੇਸ਼ਨ ਨੂੰ ਬਹੁਤ ਘੱਟ ਡਾਟਾ ਐਕਸੈੱਸ ਕਰਨ ਦਿੰਦਾ ਹੈ, ਲੇਕਿਨ ਇਸ ਵਾਰ ਇਲਜ਼ਾਮ ਹੈ ਕਿ ਫੇਸਬੁੱਕ ਨੇ ਜਾਣ-ਬੁੱਝ ਕੇ ਕੈਂਬਰਿਜ ਐਨਾਲਾਈਟਿਕਾ ਨੂੰ ਜ਼ਿਆਦਾ ਡਾਟਾ ਇਕੱਠਾ ਕਰਨ ਦਿੱਤਾ।


ਡਾ.ਅਲੈਕਸੈਂਡਰ ਕੋਗਾਨ

ਅਸਲ ਕਹਾਣੀ ਸ਼ੁਰੂ ਹੁੰਦੀ ਹੈ ਸਾਲ 2014 ਤੋਂ ਜਦੋਂ ਕੈਂਬਰਿਜ ਯੂਨੀਵਰਸਿਟੀ ਵਿੱਚ ਮਨੋਵਿਗਿਆਨ ਦੇ ਪ੍ਰੋਫੈਸਰ ਡਾ.ਅਲੈਕਸੈਂਡਰ ਕੋਗਾਨ ਨੂੰ ਕੈਂਬਰਿਜ ਐਨਾਲਾਈਟਿਕਾ ਨੇ 8 ਲੱਖ ਡਾਲਰ ਦਿੱਤੇ। ਉਨ੍ਹਾਂ ਨੂੰ ਇੱਕ ਅਜਿਹੀ ਐਪਲੀਕੇਸ਼ਨ ਡਿਵੇਲਪ ਕਰਨ ਦਾ ਕੰਮ ਦਿੱਤਾ ਗਿਆ ਜੋ ਫੇਸਬੁੱਕ ਯੂਜ਼ਰਸ ਦਾ ਡਾਟਾ ਕੱਢ ਸਕੇ। ਉਨ੍ਹਾਂ ਨੇ ਜੋ ਐੱਪ ਬਣਾਈ, ਉਸ ਦਾ ਨਾਮ ਸੀ 'ਦਿਸ ਇਜ਼ ਯੋਰ ਡਿਜੀਟਲ ਲਾਈਫ'। 2 ਲੱਖ 70 ਹਜ਼ਾਰ ਲੋਕਾਂ ਨੇ ਇਸ ਐੱਪ ਨੂੰ ਡਾਊਨਲੋਡ ਕੀਤਾ, ਉਹ ਵੀ ਬਿਨਾਂ ਜਾਣੇ ਕਿ ਜਿਸ ਐੱਪ ਨੂੰ ਉਹ ਡਾਟਾ ਐਕਸੈੱਸ ਕਰਨ ਦੇ ਰਹੇ ਹਨ ਉਹ ਦਰਅਸਲ ਇਸ ਡਾਟਾ ਦਾ ਇਸਤੇਮਾਲ ਕੀ, ਕਿੱਥੇ ਅਤੇ ਕਿਸ ਦੇ ਲਈ ਕਰੇਗੀ।

ਕੋਗਾਨ ਨੇ ਸਾਰਾ ਡਾਟਾ ਕੈਂਬਰਿਜ ਐਨਾਲਾਈਟਿਕਾ ਨੂੰ ਵੇਚ ਦਿੱਤਾ। ਕੈਂਬਰਿਜ ਐਨਾਲਾਈਟਿਕਾ ਨੇ ਇਨ੍ਹਾਂ ਸਾਰੇ ਅੰਕੜਿਆਂ ਦੇ ਆਧਾਰ ਉੱਤੇ ਲੋਕਾਂ ਦੀ ਸਾਈਕੋਲਾਜਿਕਲ ਪ੍ਰੋਫਾਈਲ ਤਿਆਰ ਕਰ ਲਈ। ਇਸ ਵਿੱਚ ਉਨ੍ਹਾਂ ਦੇ ਰੁਝਾਨ, ਨਾਪਸੰਦਗੀ, ਆਦਤਾਂ ਦਾ ਸਾਰਾ ਚਿੱਠਾ ਸੀ। ਇਲਜ਼ਾਮ ਹੈ ਕਿ ਇਨ੍ਹਾਂ 5 ਕਰੋੜ ਪ੍ਰੋਫਾਈਲਜ਼ ਨੂੰ ਫੋਕਸ ਕਰਕੇ ਡੋਨਲਡ ਟਰੰਪ ਦੇ ਚੋਣ ਪ੍ਰਚਾਰ ਅਭਿਆਨ ਦੀ ਯੋਜਨਾ ਬਣਾਈ ਗਈ।

----------

ਗੂਗਲ ਦੇ ਨਾਲ ਫੇਸਬੁੱਕ ਮਿਲ ਕੇ ਹੁਣ ਇੱਕ ਟ੍ਰਿਲੀਅਨ ਡਾਲਰ ਯਾਨੀ 65 ਲੱਖ ਕਰੋੜ ਰੁਪਏ ਦੀ ਕੰਪਨੀ ਹੋਣ ਜਾ ਰਹੀ ਹੈ। ਇਹ ਇੰਨਾ ਪੈਸਾ ਹੈ ਕਿ ਕਈ ਦੇਸ਼ਾਂ ਦੀ ਮਾਲੀ ਹਾਲਤ ਨੂੰ ਹਿਲਾ ਕੇ ਰੱਖ ਦਵੇ।

----------

ਜਦੋਂ ਕੈਂਬਰਿਜ ਐਨਾਲਾਈਟਿਕਾ ਦੀਆਂ ਹਰਕਤਾਂ ਪਕੜ ਵਿੱਚ ਆਈਆਂ ਤਾਂ ਉਸ ਨੇ ਇੱਕ ਹੋਰ ਖੇਡ ਖੇਡਿਆ। ਇਲਜ਼ਾਮ ਹੈ ਕਿ ਉਸ ਨੇ ਡੋਨਲਡ ਟਰੰਪ ਨੂੰ ਬਚਾਉਣ ਲਈ ਆਪਣੇ ਕਾਗਜ਼ਾਂ ਵਿੱਚ ਅਜਿਹਾ ਹੇਰਫੇਰ ਕੀਤਾ ਕਿ ਪੜਤਾਲ ਵਿੱਚ ਸਿੱਟਾ ਕੁੱਝ ਅਜਿਹਾ ਨਿਕਲੇ ਕਿ ਸਾਰਾ ਡਾਟਾ ਰੂਸ ਦੀ ਮਦਦ ਨਾਲ ਇਕੱਠਾ ਕੀਤਾ ਗਿਆ ਹੈ। ਮੁਸੀਬਤ ਵਿੱਚ ਫਸੇ ਫੇਸਬੁੱਕ ਨੇ ਕਿਹਾ ਹੈ ਕਿ 2015 ਵਿੱਚ ਹੀ ਉਨ੍ਹਾਂ ਨੇ ਇਸ ਐੱਪ ਨੂੰ ਹਟਾ ਦਿੱਤਾ ਸੀ। ਉੱਤੋਂ ਉਸ ਨੇ ਇਹ ਵੀ ਕਿਹਾ ਕਿ ਐੱਪ ਨੂੰ ਆਪਣਾ ਐਕਸੈੱਸ ਲੋਕਾਂ ਨੇ ਆਪਣੇ ਆਪ ਦਿੱਤਾ, ਜੋ ਇੱਕ ਹੱਦ ਤੱਕ ਸੱਚ ਤਾਂ ਹੈ ਹੀ।

ਹੁਣ ਦੁਨੀਆ ਭਰ ਵਿੱਚ ਫੇਸਬੁੱਕ ਦੇ





ਖਿਲਾਫ ਗੁੱਸਾ ਹੈ ਅਤੇ ਜ਼ੋਰਦਾਰ ਅਭਿਆਨ ਚੱਲ ਰਿਹਾ ਹੈ। ਵ੍ਹਾਟਸਐੱਪ ਦੇ ਸਹਿ ਸੰਸਥਾਪਕ ਬਰਾਇਨ ਏਕਟਨ ਨੇ ਤਾਂ ਟਵਿੱਟਰ ਉੱਤੇ ਲਿਖਿਆ ਵੀ ਕਿ ਫੇਸਬੁੱਕ ਨੂੰ ਡਿਲੀਟ ਕਰ ਦਿਓ। ਵ੍ਹਾਟਸਐੱਪ ਉਹੀ ਹੈ ਜਿਸ ਨੂੰ ਫੇਸਬੁੱਕ ਨੇ ਹਾਲ ਹੀ ਵਿੱਚ ਖਰੀਦਿਆ ਸੀ।

ਅਮਰੀਕਾ ਅਤੇ ਯੂਰੋਪੀ ਸੰਸਦਾਂ ਨੇ ਤਾਂ ਫੇਸਬੁੱਕ ਤੋਂ ਜਵਾਬ ਮੰਗਿਆ ਹੈ ਅਤੇ ਮਾਰਕ ਜ਼ੁਕਰਬਰਗ ਨੂੰ ਪੇਸ਼ ਹੋਣ ਲਈ ਕਿਹਾ ਹੈ। ਅਮਰੀਕਾ ਵਿੱਚ ਹਾਊਸ ਐਨਰਜੀ ਐਂਡ ਕਮਰਸ ਕਮੇਟੀ ਵੀ ਜਾਂਚ ਸ਼ੁਰੂ ਕਰਨ ਜਾ ਰਿਹਾ ਹੈ। ਉੱਥੇ ਹੀ ਕਾਂਗਰਸ ਵੀ ਜ਼ੁਕਰਬਰਗ ਨੂੰ ਤਲਬ ਕਰਨ ਵਾਲੀ ਹੈ।

ਫਿਕਰ ਤਾਂ ਇਸ ਗੱਲ ਦੀ ਹੈ ਕਿ ਫੇਸਬੁੱਕ ਦੇ ਸਭ ਤੋਂ ਜ਼ਿਆਦਾ ਯੂਜ਼ਰਸ ਭਾਰਤ ਵਿੱਚ ਹਨ। ਗੂਗਲ ਦੇ ਨਾਲ ਫੇਸਬੁੱਕ ਮਿਲ ਕੇ ਹੁਣ ਇੱਕ ਟ੍ਰਿਲੀਅਨ ਡਾਲਰ ਯਾਨੀ 65 ਲੱਖ ਕਰੋੜ ਰੁਪਏ ਦੀ ਕੰਪਨੀ ਹੋਣ ਜਾ ਰਹੀ ਹੈ। ਇਹ ਇੰਨਾ ਪੈਸਾ ਹੈ ਕਿ ਕਈ ਦੇਸ਼ਾਂ ਦੀ ਮਾਲੀ ਹਾਲਤ ਨੂੰ ਹਿਲਾ ਕੇ ਰੱਖ ਦਵੇ।

ਕਾਂਗਰਸ ਅਤੇ ਭਾਜਪਾ ਨੇਤਾਵਾਂ ਦੇ ਆਰੋਪਾਂ ਤੋਂ ਸਾਫ਼ ਹੈ ਕਿ ਇਨ੍ਹਾਂ ਦੋਵਾਂ ਹੀ ਪਾਰਟੀਆਂ ਨੇ ਫੇਸਬੁੱਕ ਅਤੇ ਕੈਂਬਰਿਜ ਐਨਾਲਾਈਟਿਕਾ ਵਰਗੀਆਂ ਏਜੰਸੀਆਂ ਨਾਲ ਖੁੱਲ੍ਹ ਕੇ ਜਾਂ ਲੁੱਕ ਕੇ ਹੱਥ ਤਾਂ ਮਿਲਾਏ ਹਨ। ਦੋਵੇਂ ਹੀ ਪਾਰਟੀਆਂ ਡਿਜੀਟਲ ਸਪੇਸ ਉੱਤੇ ਕਬਜ਼ੇ ਲਈ ਆਈ.ਟੀ. ਸੈੱਲਜ਼ ਖੁੱਲ੍ਹ ਕੇ ਸੈਨਾਵਾਂ ਤਿਆਰ ਕਰ ਰਹੀਆਂ ਹਨ। ਸਾਫ਼ ਹੈ, ਜਿੱਤਣ ਲਈ ਨੇਤਾ ਉਸੀ ਮਾਡਲ ਉੱਤੇ ਚੱਲਣ ਵਿੱਚ ਨਹੀਂ ਹਿਚਕਿਚਾਉਣਗੇ, ਜਿਸ ਉੱਤੇ ਟਰੰਪ ਦੀ ਟੀਮ ਚੱਲੀ ਹੈ।

ਫਿਲਹਾਲ ਭਾਰਤ ਦੇ ਨੇਤਾ ਫੇਸਬੁੱਕ ਨੂੰ ਬਚਾਉਂਦੇ ਦਿੱਖ ਰਹੇ ਹਨ। ਅਜਿਹਾ ਹੋਣ ਦੇ ਪਿੱਛੇ ਕਈ ਕਾਰਨ ਹਨ। ਫੇਸਬੁੱਕ ਇੰਨੀ ਭਾਰੀ ਭਰਕਮ ਕੰਪਨੀ ਬਣ ਚੁੱਕੀ ਹੈ ਕਿ ਸਰਕਾਰਾਂ ਅਤੇ ਪਾਰਟੀਆਂ ਉਸ ਦੇ ਭਾਰੀ ਦਬਾਅ ਵਿੱਚ ਹਨ। ਉੜੀਸ਼ਾ ਦੇ ਨਾਲ ਫੇਸਬੁੱਕ ਨੇ ਮਿਲ ਕੇ ਔਰਤਾਂ ਨੂੰ ਉਦਯੋਗਪਤੀ ਬਣਾਉਣ ਦੀ ਯੋਜਨਾ ਸ਼ੁਰੂ ਕੀਤੀ ਹੈ। ਆਂਧਰਾ ਪ੍ਰਦੇਸ਼ ਵਿੱਚ ਉਹ ਸਰਕਾਰ ਦੇ ਨਾਲ ਡਿਜੀਟਲ ਫਾਈਬਰ ਪ੍ਰੋਜੈਕਟ ਚਲਾ ਰਹੀ ਹੈ। ਕੇਂਦਰੀ ਮੰਤਰੀ ਕਿਰਨ ਰਿਜੀਜੂ ਤਾਂ ਆਫ਼ਤ ਪ੍ਰਬੰਧਨ ਦੇ ਮਾਮਲੇ ਵਿੱਚ ਫੇਸਬੁੱਕ ਦੇ ਗਲੇ ਵਿੱਚ ਹੱਥ ਪਾ ਕੇ ਖੜ੍ਹੇ ਹਨ।

----------

ਭਾਰਤ ਇੰਟਰਨੈੱਟ ਦੀ ਦੁਨੀਆ ਵਿੱਚ ਹਾਲੇ ਨਾਬਾਲਗ ਹੈ। ਜੋ ਦੇਸ਼ ਇਸ ਰਸਤੇ 'ਤੇ ਬਹੁਤ ਪਹਿਲਾਂ ਅੱਗੇ ਵੱਧ ਚੁੱਕੇ ਹਨ, ਉੱਥੇ ਦੀ ਸਿਆਸਤ ਇੰਟਰਨੈੱਟ ਉੱਤੇ ਉਪਲੱਬਧ ਡਾਟਾ ਦੇ ਇਸਤੇਮਾਲ ਦੇ ਤਰੀਕੇ ਨੂੰ ਵੀ ਜਾਣਦੀ ਹੈ, ਅਤੇ ਉੱਥੋਂ ਦੇ ਲੋਕ ਵੀ ਇਸ ਗੋਰਖਧੰਦੇ ਨੂੰ ਲੈ ਕੇ ਖੂਬ ਸੰਵੇਦਨਸ਼ੀਲ ਹਨ। ਪਰ ਇੱਥੇ ਤਾਂ ਹਾਲਤ ਇਹ ਹੈ ਕਿ ਲੋਕ ਆਧਾਰ ਕਾਰਡ ਦੇ ਕਥਿਤ ਫਾਇਦੇ ਦੇ ਸਾਹਮਣੇ ਨੁਕਸਾਨ ਦੀ ਗੱਲ ਸੁਣਨਾ ਵੀ ਨਹੀਂ ਚਾਹੁੰਦੇ।

----------

ਇਹ ਕੰਪਨੀਆਂ ਸਮਾਜ ਸੇਵਾ ਵਿੱਚ ਕਿਉਂ ਉਤਰਦੀਆਂ ਹਨ, ਇਸ ਨੂੰ ਜੋ ਅੱਜ ਨਹੀਂ ਸਮਝਦਾ ਉਹ ਸਿਰਫ ਮੂਰਖ ਹੈ। ਵਪਾਰੀ ਕੁੱਝ ਵੀ ਮੁਫਤ ਵਿੱਚ ਨਹੀਂ ਦਿੰਦਾ, ਇਥੋਂ ਤੱਕ ਕਿ ਮੁਫਤ ਦਿੱਤੀ ਜਾ ਰਹੀ ਚੀਜ ਵੀ ਅਸਲ ਵਿੱਚ ਮੁਫਤ ਨਹੀਂ ਹੁੰਦੀ। ਇਹ ਸਿਰਫ ਭਾਰਤ ਦੀ ਜਨਤਾ ਵਿੱਚ ਛਵੀ ਬਣਾਉਣ ਦਾ ਇਨ੍ਹਾਂ ਕੰਪਨੀਆਂ ਦਾ ਤਰੀਕਾ ਹੈ। ਸਰਕਾਰਾਂ ਦੇ ਕੰਮ ਧੰਦਿਆਂ ਵਿੱਚ ਵੜਨ ਦੀ ਰਣਨੀਤੀ ਹੈ। ਭਾਰਤ ਤਾਂ ਬਸ ਇੱਕ ਨਵਾਂ ਮੈਦਾਨ ਹੈ। ਕੰਪਨੀਆਂ ਇਸ ਖੇਡ ਨੂੰ ਹਮੇਸ਼ਾ ਖੇਡਦੀਆਂ ਅਤੇ ਜਿੱਤਦੀਆਂ ਰਹੀਆਂ ਹਨ।

ਉਂਝ ਫੇਸਬੁੱਕ ਦੀ ਖੇਡ ਖੁਲ੍ਹਦੇ ਹੀ ਉਸ ਦੇ ਸ਼ੇਅਰਾਂ ਦਾ ਨੁਕਸਾਨ ਹੋਇਆ ਹੈ। ਜ਼ੁਕਰਬਰਗ ਨੇ ਚਲਾਕੀ ਨਾਲ ਦੋ ਹਫਤੇ ਪਹਿਲਾਂ ਹੀ 11.4 ਲੱਖ ਸ਼ੇਅਰ ਵੇਚੇ ਸਨ। ਪਿਛਲੇ ਤਿੰਨ ਮਹੀਨੇ ਵਿੱਚ ਜ਼ੁਕਰਬਰਗ ਵਾਲ ਸਟ੍ਰੀਟ ਵਿੱਚ ਸਭ ਤੋਂ ਜ਼ਿਆਦਾ ਸ਼ੇਅਰ ਵੇਚਣ ਵਾਲਾ ਪ੍ਰੋਮੋਟਰ ਬਣ ਗਿਆ। ਦੋ ਹੀ ਦਿਨਾਂ ਵਿੱਚ 49 ਲੱਖ ਡਾਲਰ ਦਾ ਨੁਕਸਾਨ ਝੱਲ ਰਹੀ ਫੇਸਬੁੱਕ ਵਿੱਚ ਸਭ ਤੋਂ ਜ਼ਿਆਦਾ ਸੁਰੱਖਿਅਤ ਵੀ ਜ਼ੁਕਰਬਰਗ ਹੀ ਰਹੇ।

ਇਸ ਤੋਂ ਪਹਿਲਾਂ ਵੀ ਫੇਸਬੁੱਕ ਸਾਰਿਆਂ ਨੂੰ ਇੰਟਰਨੈੱਟ ਦੇਣ ਦੇ ਨਾਮ ਉੱਤੇ ਇੰਟਰਨੈੱਟ ਨੂੰ ਕੰਟਰੋਲ ਕਰਨ ਦੀ ਸਾਜਿਸ਼ ਕਰ ਚੁੱਕਿਆ ਹੈ। ਦੱਖਣ ਕੋਰੀਆ ਵਿੱਚ ਤਾਂ ਫੇਸਬੁੱਕ ਅਤੇ ਇੰਸਟਾਗ੍ਰਾਮ ਉੱਤੇ 39.6 ਕਰੋੜ ਵਾਨ ਦਾ ਜੁਰਮਾਨਾ ਲੱਗਿਆ ਹੈ। ਕੰਪਨੀ ਉੱਤੇ ਇਹ ਜੁਰਮਾਨਾ ਯੂਜ਼ਰਸ ਲਈ ਸੇਵਾਵਾਂ ਦੀ ਉਪਲੱਬਧਤਾ ਸੀਮਿਤ ਕਰਨ ਲਈ ਲਗਾਇਆ ਗਿਆ ਹੈ। ਫੇਸਬੁੱਕ ਨੇ ਲੋਕਾਂ ਨੂੰ ਮਿਲਣ ਵਾਲੀ ਇੰਟਰਨੈੱਟ ਸਪੀਡ ਹੌਲੀ ਕਰ ਦਿੱਤੀ ਸੀ।

ਇਹ ਤਾਂ ਮੁਸ਼ਕਲ ਹੈ ਕਿ ਲੋਕ ਫੇਸਬੁੱਕ ਤੋਂ ਅਕਾਊਂਟ ਡਿਲੀਟ ਕਰਨ ਪਰ ਹੁਣ ਜੋ ਹੋ ਸਕਦਾ ਹੈ ਉਹ ਇਹੀ ਹੈ ਕਿ ਆਪਣਾ ਡਾਟਾ ਇਵੇਂ ਹੀ ਕਿਸੇ ਨੂੰ ਨਾ ਦਿਓ। ਫਾਲਤੂ ਦੇ ਗੇਮਸ ਅਤੇ ਐਪਲੀਕੇਸ਼ੰਸ ਨੂੰ ਇਸਤੇਮਾਲ ਨਾ ਕਰੋ। ਇਹ ਮਾਸੂਮ ਜਿਹੀ ਲੱਗਣ ਵਾਲੀ ਐੱਪ ਸਾਡੇ ਦੇਸ਼ ਅਤੇ ਲੋਕਤੰਤਰ ਲਈ ਖਤਰਨਾਕ ਹੈ। ਇਨ੍ਹਾਂ ਕੰਪਨੀਆਂ ਨੂੰ ਈਸਟ ਇੰਡੀਆ ਕੰਪਨੀ ਨਾ ਬਣਨ ਦਿਓ ਜਿਸ ਨੇ ਸਾਡੇ ਹੀ ਦੇਸ਼ ਦੇ ਰਾਜਾਵਾਂ ਦੇ ਨਾਲ ਹੱਥ ਮਿਲਾ ਕੇ ਸਾਡੇ 'ਤੇ ਰਾਜ ਕੀਤਾ।


ਮਾਰਕ ਜ਼ੁਕਰਬਰਗ



ਨਾਹਰ ਸਿੰਘ ਔਜਲਾ
416-728-5686

# ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਵਿਚਾਰਧਾਰਾ ਅਤੇ ਹੋਰ ਦਿਲਚਸਪ ਪਹਿਲੂਆਂ 'ਤੇ ਇੱਕ ਝਾਤ

"ਇਨਕਲਾਬ ਇਕ ਅਜਿਹਾ ਕ੍ਰਿਸ਼ਮਾ ਹੈ, ਜਿਸ ਨੂੰ ਕੁਦਰਤ ਵੀ ਪਿਆਰ ਕਰਦੀ ਹੈ, ਜਿਸ ਦੇ ਵਗੈਰ ਕੋਈ ਉਨਤੀ ਨਹੀਂ ਹੋ ਸਕਦੀ, ਨਾ ਹੀ ਕੁਦਰਤ ਵਿਚ ਤੇ ਨਾ ਹੀ ਇਨਸਾਨੀ ਕਾਰੋਬਾਰ ਵਿਚ। ਜਦੋਂ ਤੱਕ ਮਨੁੱਖ ਦੇ ਹੱਥੋਂ ਮਨੁੱਖ ਅਤੇ ਕੌਮਾਂ ਹੱਥੋਂ ਕੌਮਾਂ ਦੀ ਲੁੱਟ ਦਾ ਖਾਤਮਾਂ ਨਾ ਕੀਤਾ ਗਿਆ ਤਾਂ ਮਨੁੱਖਤਾ ਦੇ ਸਿਰ ਉਤੇ ਮੰਡਲਾ ਰਹੇ ਦੁਖਾਂਤ ਅਤੇ ਖੂਨ ਖਰਾਬੇ ਨੂੰ ਨਹੀਂ ਰੋਕਿਆ ਜਾ ਸਕੇਗਾ। ਜੰਗ ਦਾ ਅੰਤ ਕਰਨ ਅਤੇ ਸੰਸਾਰ ਅਮਨ ਦਾ ਮੁੱਢ ਬੰਨਣ ਦੀਆਂ ਸਾਰੀਆਂ ਗੱਲਾਂ ਪਾਖੰਡ ਤੋਂ ਬਿਨਾਂ ਕੁਝ ਨਹੀਂ ਹਨ। ਮਨੁੱਖੀ ਭਾਈਚਾਰੇ ਦਾ ਅਸੂਲ ਮੰਗ ਕਰਦਾ ਹੈ ਕਿ ਇਕ ਆਦਮੀ ਹੱਥੋਂ ਦੂਜੇ ਆਦਮੀ ਅਤੇ ਇਕ ਕੌਮ ਹੱਥੋਂ ਦੂਜੀ ਕੌਮ ਦੀ ਲੁੱਟ-ਖਸੁੱਟ ਦਾ ਅੰਤ ਕਰ ਦਿੱਤਾ ਜਾਵੇ, ਕਿਸੇ ਵੀ ਕਿਸਮ ਦੇ ਵਿਤਕਰੇ ਤੋਂ ਬਗੈਰ ਹਰ ਇਕ ਨੂੰ ਤਰੱਕੀ ਦੇ ਇਕੋ ਜਿਹੇ ਮੌਕੇ ਦਿਤੇ ਜਾਣ। ਜਿਹੜੇ ਅਜ਼ਾਦ ਹਵਾ 'ਚ ਸਾਹ ਲੈਣ ਦੇ ਚਾਹਵਾਨ ਹਨ, ਉਹਨਾਂ ਨੂੰ ਪਹਿਲਾਂ ਖੁਦ ਹੀ ਰਣ ਖੇਤਰ ਦੀ ਜਵਾਲਾ ਵਿਚ ਕੁੱਦਣਾ ਪੈਂਦਾ ਹੈ। ਨੌਜਵਾਨੋਂ, ਜਾਗੋ! ਉੱਠੋ! ਸਾਨੂੰ ਸੁੱਤਿਆਂ ਨੂੰ ਯੁੱਗ ਬੀਤ ਚੁੱਕੇ ਹਨ।" (ਭਗਤ ਸਿੰਘ ਦੀਆਂ ਲਿਖਤਾਂ ਚੋਂ)

23 ਮਾਰਚ ਦੇ ਸ਼ਹੀਦੀ ਦਿਨ 'ਤੇ ਬਹੁਤੀ ਵਾਰੀ ਸ: ਭਗਤ ਸਿੰਘ ਦੇ ਵਿਚਾਰਧਾਰਕ ਨਜ਼ਰੀਏ ਬਾਰੇ ਹੀ ਗੱਲ-ਬਾਤ ਕੀਤੀ ਜਾਂਦੀ ਹੈ ਜਾਂ ਫਿਰ ਕੁਝ ਲੋਕਾਂ ਵਲੋਂ ਉਸਦੀ ਪਿਸਤੌਲ ਵਾਲੀ ਫੋਟੋ ਲਾ ਕੇ ਉਸਦੀ ਬਹਾਦਰੀ ਦੇ ਚਰਚੇ ਕੀਤੇ ਜਾਂਦੇ ਹਨ। ਇਸ ਆਰਟੀਕਲ ਵਿੱਚ ਕੋਸ਼ਿਸ਼ ਕੀਤੀ ਗਈ ਹੈ ਕਿ ਉਹਨਾਂ ਦੀ ਆਮ ਜ਼ਿੰਦਗੀ ਬਾਰੇ ਵੀ ਬਾਰੇ ਕੁਝ ਚਾਨਣਾ ਪਾਇਆ ਜਾ ਸਕੇ। ਇਤਿਹਾਸ ਗਵਾਹ ਹੈ ਕਿ ਬਹੁਤੀ ਵਾਰ ਇਹੋ ਜਿਹੇ ਮਹਾਨ ਸ਼ਹੀਦਾਂ ਨੂੰ ਇਤਿਹਾਸਕਾਰ, ਲੇਖਕ, ਗੀਤਕਾਰ ਦੇਵਤੇ ਹੀ ਬਣਾ ਕੇ ਪੇਸ਼ ਕਰ ਦਿੰਦੇ ਹਨ ਤੇ ਬਹੁਤੇ ਲੋਕ ਉਹਨਾਂ ਦੇ ਵਿਚਾਰਾਂ ਤੇ ਅਮਲ ਕਰਨ ਦੀ ਵਜਾਏ ਉਲਟਾ ਪੂਜਣਾ ਹੀ ਸ਼ੁਰੂ ਕਰ ਦਿੰਦੇ ਹਨ, ਜਦੋਂ ਕਿ ਉਹ ਹੋਰ ਇਨਸਾਨਾਂ ਵਾਂਗ ਹੀ ਹੁੰਦੇ ਹਨ। ਉਹਨਾਂ 'ਚ ਕੁਝ ਵਿਸ਼ੇਸ਼ ਗੁਣ ਜਰੂਰ ਹੁੰਦੇ ਹਨ। ਜਿਵੇਂ ਭਗਤ ਸਿੰਘ ਹੋਰਾਂ ਦਾ ਸਾਥੀ ਸ਼ਿਵ ਵਰਮਾ ਲਿਖਦਾ ਹੈ, "ਇਨ੍ਹਾਂ ਸਾਥੀਆਂ ਵਿਚ ਨਾ ਤਾਂ ਕਿਸੇ ਤਰ੍ਹਾਂ ਢੌਂਗ ਅਤੇ ਬਨਾਵਟੀਪੁਣਾ ਸੀ ਅਤੇ ਨਾ ਹੀ ਮੌਕਾਪ੍ਰਸਤੀ। ਇਕ ਦੂਜੇ ਤੋਂ ਅੱਗੇ ਨਿਕਲਣ ਦੀ ਦੌੜ ਜਾਂ ਮੁਕਾਬਲਾ ਤਾਂ ਉਨ੍ਹਾਂ ਵਿਚ ਵੀ ਸੀ ਪਰੰਤੂ ਨੇਤਾਗਿਰੀ, ਅਹੁਦੇ, ਮਾਨ-ਸਨਮਾਨ ਦੀ ਖਾਤਰ ਨਹੀਂ। ਆਪਣੇ ਸਾਥੀ ਨੂੰ ਸੁੱਟ ਕੇ ਅੱਗੇ ਵਧਣ ਦੀ ਨਹੀਂ। ਉਨ੍ਹਾਂ ਵਿਚਕਾਰ ਦੌੜ ਸੀ ਆਦਰਸ਼ ਖਾਤਰ ਅੱਗੇ ਵੱਧ ਕੇ ਮੌਤ ਨੂੰ ਲਲਕਾਰਨ ਲਈ, ਕੁਰਬਾਨੀ ਦੀ ਪ੍ਰੰਪਰਾ ਨੂੰ ਕਾਇਮ ਰੱਖਣ ਲਈ ਕੌਣ ਪਹਿਲਾਂ ਆਪਣੇ-ਆਪ ਨੂੰ ਮਿਟਾਉਂਦਾ ਹੈ, ਕੁਰਬਾਨ ਕਰ ਦਿੰਦਾ ਹੈ। ਲਾਹੌਰ ਦੀ ਭੁੱਖ ਹੜਤਾਲ ਵੇਲੇ ਜਦੋਂ ਇਕ ਹਫਤੇ ਦੇ ਅੰਦਰ ਹੀ ਇਹ ਪਤਾ ਲੱਗ ਗਿਆ ਕਿ ਬਿਨਾਂ ਕੋਈ ਬਲੀ ਲਏ ਸਰਕਾਰ ਸਾਡੀਆਂ ਮੰਗਾਂ ਤੇ ਵਿਚਾਰ ਨਹੀਂ ਕਰੇਗੀ ਤਾਂ ਸਾਰੇ ਸਾਥੀਆਂ ਵਿਚ ਪਹਿਲਾਂ ਮਰਨ ਦੀ ਦੌੜ ਜਿਹੀ ਲੱਗ ਗਈ ਸੀ। ਉਸ ਮੁਕਾਬਲੇ ਵਿਚ ਬਾਜ਼ੀ ਜਤਿੰਦਰਨਾਥ ਦਾਸ ਦੇ ਹੱਥ ਲੱਗੀ।"

ਸ: ਭਗਤ ਸਿੰਘ ਨੇ ਜੇਲ੍ਹ ਵਿੱਚ ਹੀ ਬਹੁਤ ਸਾਰਾ ਲਿਟਰੇਚਰ ਪੜ੍ਹਿਆ ਤੇ ਆਪਣੀ ਜੇਲ੍ਹ ਡਾਇਰੀ 'ਚ ਉਸਦੇ ਨੋਟ ਵੀ ਤਿਆਰ ਕੀਤੇ। ਇਹ ਡਾਇਰੀ ਜੋ ਭਗਤ ਸਿੰਘ ਨੂੰ ਫਾਸੀ ਲੱਗਣ ਤੋਂ ਬਾਅਦ ਉਸਦੇ ਭਰਾ ਕੁਲਬੀਰ ਸਿੰਘ ਨੂੰ ਹੋਰ ਸਮਾਨ ਸਮੇਤ ਸੌਂਪ ਦਿੱਤੀ ਗਈ ਸੀ। ਸ਼ਹੀਦੇ ਆਜ਼ਮ ਦੀ ਜੇਲ੍ਹ ਡਾਇਰੀ ਕਿਤਾਬ ਦੇ ਲੇਖਕ (ਸੱਤਿਅਮ ਵਰਮਾ) ਦੇ ਅਨੁਸਾਰ ਇਹ ਜੇਲ੍ਹ ਡਾਇਰੀ 1980 ਤੋਂ ਬਾਅਦ ਹੀ ਸਾਹਮਣੇ ਆ ਸਕੀ। ਇਸ ਡਾਇਰੀ ਵਿਚ ਭਗਤ ਸਿੰਘ ਲਿਖਦਾ ਹੈ "ਇਨਕਲਾਬ ਮਿਹਨਤੀ ਵਿਚਾਰਕਾਂ ਅਤੇ ਮਿਹਨਤੀ ਕਾਰਕੁੰਨਾਂ ਦੀ ਪੈਦਾਇਸ਼ ਹੁੰਦਾ ਹੈ। ਬਦਕਿਸਮਤੀ ਨੂੰ ਭਾਰਤੀ ਇਨਕਲਾਬ ਦਾ ਬੌਧਿਕ ਪੱਖ ਹਮੇਸ਼ਾ ਕਮਜ਼ੋਰ ਰਿਹਾ ਹੈ। ਇਸ ਲਈ ਇਨਕਲਾਬ ਦੀਆਂ ਜ਼ਰੂਰੀ ਗੱਲਾਂ ਅਤੇ ਕੀਤੇ ਗਏ ਕਾਰਜ ਦੇ ਪ੍ਰਭਾਵ ਵੱਲੋਂ ਧਿਆਨ ਨਹੀਂ ਦਿੱਤਾ ਗਿਆ। ਇਸ ਵਾਸਤੇ ਇੱਕ ਇਨਕਲਾਬੀ ਨੂੰ ਅਧਿਐਨ



ਅਤੇ ਚਿੰਤਨ ਨੂੰ ਆਪਣੀ ਪਵਿੱਤਰ ਜ਼ਿੰਮੇਵਾਰੀ ਬਣਾ ਲੈਣਾ ਚਾਹੀਦਾ ਹੈ।" ਸ਼ਿਵ ਵਰਮਾ ਦੇ ਅਨੁਸਾਰ ਸ: ਭਗਤ ਸਿੰਘ ਆਪਣੇ ਸਾਥੀਆਂ ਨੂੰ ਇਹ ਗੱਲ ਆਮ ਹੀ ਕਹਿੰਦੇ ਸਨ "ਸੰਘਰਸ਼ ਦੇ ਉਤਰਾਅ ਚੜਾਅ ਦੌਰਾਨ ਔਕੜਾਂ ਭਰੇ ਹਲਾਤਾਂ ਵਿਚ ਕਈ ਵਾਰ ਐਦਾਂ ਦੇ ਮੌਕੇ ਵੀ ਆਉਂਦੇ ਹਨ ਜਦੋਂ ਇਕ ਇਕ ਕਰਕੇ ਸਾਰੇ ਹਮਰਾਹੀ ਵਿਛੜ ਜਾਂਦੇ ਹਨ। ਉਸ ਵੇਲੇ ਵਿਅਕਤੀ ਹਮਦਰਦੀ ਦੇ ਦੋ ਸ਼ਬਦਾਂ ਲਈ ਤਰਸ ਉੱਠਦਾ ਹੈ। ਐਦਾਂ ਦੇ ਮੌਕਿਆ 'ਤੇ ਬੇਚੈਨ ਨਾ ਹੁੰਦਿਆਂ ਜੋ ਲੋਕ ਆਪਣਾ ਰਾਹ ਨਹੀਂ ਛੱਡਦੇ, ਇਮਾਰਤ ਦੇ ਭਾਰ ਨਾਲ ਜਿਹਨਾਂ ਦੇ ਪੈਰ ਨਹੀਂ ਲੜਖੜਾਉਂਦੇ, ਕੰਧੇ ਨਹੀਂ ਝੁੱਕਦੇ, ਜੋ ਤਿਲ-ਤਿਲ ਕਰ ਕੇ ਆਪਣੇ ਆਪ ਨੂੰ ਇਸ ਖਾਤਰ ਗਾਲ੍ਹਦੇ, ਜਲਾਉਂਦੇ ਰਹਿੰਦੇ ਹਨ ਕਿ ਦੀਵੇ ਦੀ ਜੋਤ ਧੀਮੀ ਨਾ ਪੈ ਜਾਵੇ, ਸੁੰਨਸਾਨ ਰਾਹਾਂ ਤੇ ਹਨ੍ਹੇਰਾ ਨਾ ਛਾ ਜਾਵੇ। ਏਦਾਂ ਦੇ ਲੋਕ ਮੇਰੇ ਸੁਪਨਿਆਂ ਨੂੰ ਪੂਰਾ ਕਰ ਸਕਦੇ ਹਨ।"

ਇਹ ਸਾਰੇ ਸਾਥੀ ਇਕ ਦੂਜੇ ਨੂੰ ਬਹੁਤ ਮਜਾਕ ਕਰਦੇ ਰਹਿੰਦੇ ਸਨ। ਸ਼ਿਵ ਵਰਮਾ ਆਪਣੀ ਕਿਤਾਬ ਸ਼ਹੀਦਾਂ ਦੇ ਅੰਗ ਸੰਗ 'ਚ ਲਿਖਦੇ ਹਨ "ਸੁਖਦੇਵ ਦਾ ਪਾਰਟੀ ਨਾਂ ਵਿਲੇਜ਼ਰ ਸੀ, ਤੇ ਉਹ ਛੋਟੀਆਂ- ਛੋਟੀਆਂ ਗੱਲਾਂ 'ਤੇ ਠਹਾਕਾ ਮਾਰ ਕੇ ਹੱਸ ਪੈਂਦਾ ਸੀ। ਕਦੇ-ਕਦੇ ਜੇ ਦੂਸਰਾ ਉਸ ਦੇ ਹਾਸੇ ਵਿੱਚ ਸਾਥ ਨਾ ਵੀ ਦੇਵੇ ਤਾਂ ਵੀ ਉਹ ਹੱਸਦਾ-ਹੱਸਦਾ ਲੋਟ-ਪੋਟ ਹੋ ਜਾਂਦਾ ਸੀ। ਉਸ ਨੇ ਇਸ ਹਾਸੇ ਦਾ ਪਹਿਲਾ ਪ੍ਰਦਰਸ਼ਨ ਮੇਰੇ ਪਾਰਟੀ ਨਾਂ ਉੱਪਰ ਕੀਤਾ। ਮੇਰਾ ਪਾਰਟੀ ਨਾਂ "ਪ੍ਰਭਾਤ" ਸੀ। ਇਹ ਨਾਂ ਸੁਣਦੇ ਹੀ ਉਹ ਹੱਸ ਪਿਆ ਅਤੇ ਇੰਨਾ ਹੱਸਿਆ ਕਿ ਸਾਹੋ-ਸਾਹ ਹੋ ਗਿਆ। ਜਦੋਂ ਉਸ ਦਾ ਹਾਸਾ ਕੁਝ ਘੱਟ ਹੋਇਆ ਤਾਂ ਮੈਂ ਪੁੱਛਿਆ, ਆਖਰ ਇਸ ਵਿਚ ਐਨੀ ਹੱਸਣ ਵਾਲੀ ਕਿਹੜੀ ਗੱਲ ਸੀ" ਕਹਿਣ ਲੱਗਿਆ "ਸਾਲੇ ਕੰਮ ਕਰੇਗਾ ਇਨਕਲਾਬੀਆਂ ਦਾ ਅਤੇ ਨਾਂ ਰੱਖੇਗਾ ਕਵੀਆਂ ਵਰਗਾ। ਕੋਈ ਕਵਿਤਾ ਸਣਾਉਣ ਦੀ ਫਰਮਾਇਸ਼ ਕਰ ਬੈਠਿਆ ਤਾਂ ਕੱਛਾਂ ਵਿੱਚ ਮੂੰਹ ਤੁੰਨਦਾ ਫਿਰੇਗਾ। ਰਾਮ ਪ੍ਰਸਾਦ, ਸਿਆਮ ਨਰਾਇਣ, ਲਲਤਾ ਪ੍ਰਸਾਦ ਇਹ ਸਾਰੇ ਨਾਂ ਕੀ ਮੁੱਕ ਗਏ ਸੀ? ਇੰਨਾਂ ਕਹਿ ਕੇ ਉਹ ਫਿਰ ਲੋਟ-ਪੋਟ ਹੋਣ ਲੱਗ ਪਿਆ। ਮੈਂ ਕਿਹਾ "ਇਹ ਤਾਂ ਪਾਰਟੀ ਦੇ ਅੰਦਰ ਦਾ ਨਾਂ ਹੈ, ਬਾਹਰ ਦਾ ਨਾਂ ਤਾਂ ਪ੍ਰਾਣ ਨਾਥ ਹੈ।" ਕਹਿਣ ਲੱਗਿਆ "ਕਿਸੇ ਲੜਕੀ ਨਾਲ ਵਾਹ ਪੈ ਗਿਆ ਤਾਂ ਨਾਂ ਲੈਣ ਦੀ ਬਜਾਏ ਪ੍ਰਾਣ ਨਾਥ ਜੀ ਨਾਲ ਚੱਪਲਾਂ ਨਾਲ ਗੱਲ ਕਰੂਗੀ। ਤੈਨੂੰ ਪ੍ਰਾਣ ਨਾਥ ਕਹਿਣ ਦੀ ਬਜਾਏ ਮੈਂ ਆਪਣੇ -ਆਪ ਨੂੰ ਗੋਲੀ ਮਾਰ ਲੈਣਾ ਪਸੰਦ ਕਰੂੰਗਾ।" ਸ਼ਿਵ ਵਰਮਾ ਹੋਰ ਲਿਖਦੇ ਹਨ ਕਿ "ਉਸ ਨੂੰ ਮੱਕੀ ਦੀਆਂ ਛੱਲੀਆਂ ਬਹੁਤ ਪਸੰਦ ਸਨ। ਹਰ ਰੋਜ਼ ਰਸਤੇ ਚਲਦੇ ਤਿੰਨ ਚਾਰ ਭੁੰਨੀਆਂ ਹੋਈਆਂ ਛੱਲੀਆਂ ਆਪਣੀ ਕੱਛ ਵਿਚ ਦਬਾ ਲੈਂਦਾ ਅਤੇ ਇਕ ਨੂੰ ਦੋਨਾਂ ਹੱਥਾਂ ਨਾਲ ਫੜ ਕੇ ਦੰਦਾਂ ਨਾਲ ਖਾਂਦਾ ਹੋਇਆ ਚੱਲਦਾ। ਰਸਤੇ 'ਚ ਚਲਦੇ ਅਗਰ ਕੋਈ ਜਾਣ-ਪਹਿਚਾਣ ਵਾਲਾ ਮਿਲ ਗਿਆ ਤਾਂ ਬਿਨਾਂ ਸੰਕੋਚ ਦੇ ਇਕ ਉਸਨੂੰ ਨੂੰ ਵੀ ਫੜਾ ਦਿੰਦਾ। ਅੱਗੋਂ ਨਾਂਹ ਕਹਿਣ ਦਾ ਮਤਲਬ ਹੁੰਦਾ ਉਸ ਤੋਂ ਗਾਲ੍ਹ ਖਾਣੀ। ਨਿੱਜੀ ਤੌਰ 'ਤੇ ਉਸ ਨੂੰ ਸਭ ਤੋਂ ਵੱਧ ਪਿਆਰ ਭਗਤ ਸਿੰਘ ਨਾਲ ਸੀ। ਮੌਕਾ ਆਉਣ ਤੇ ਆਦਰਸ਼ ਖਾਤਰ ਆਪਣੇ ਇਸ ਸਭ ਤੋਂ ਪਿਆਰੇ ਦੋਸਤ ਨੂੰ ਵੀ ਮੌਤ ਦੇ ਮੂੰਹ ਵਿਚ ਭੇਜਣ ਲੱਗਿਆ ਉਸ ਨੂੰ ਸੰਕੋਚ ਨਾ ਹੋਇਆ। ਉਸ ਦਿਨ ਦੀ ਘਟਨਾ (ਇਸ਼ਾਰਾ ਅਸੈਂਬਲੀ ਬੰਬ ਕੇਸ ਦੇ ਐਕਸ਼ਨ ਵੱਲ ਸੀ) ਨੇ ਮੇਰੀ ਰੂਹਾਨੀ ਜ਼ਿੰਦਗੀ ਵਿਚ ਜਲਜ਼ਲਾ ਪੈਦਾ ਕਰ ਦਿੱਤਾ। ਦੁਨੀਆਂ ਸੁੰਨਸਾਨ ਨਜ਼ਰ ਆਉਣ ਲੱਗੀ, ਜੋ ਮੇਰਾ ਸੀ ਉਹ ਚਲਿਆ ਗਿਆ ਜੋ ਰਹਿ ਗਿਆ ਉਹ ਕੰਮ ਹੈ। ਸੁਖਦੇਵ ਨੂੰ ਇਨਕਲਾਬੀਆਂ ਦੇ ਨਿਸ਼ਾਨੇ ਦੀ ਸਫਲਤਾ ਉੱਪਰ ਜਿੰਨਾਂ ਅਡੋਲ ਵਿਸ਼ਵਾਸ ਸੀ ਉਸ ਦਾ ਪ੍ਰਮਾਣ ਫਾਂਸੀ ਤੋਂ ਕੁਝ ਹੀ ਦਿਨ ਪਹਿਲਾਂ ਉਸ ਵਲੋਂ ਗਾਂਧੀ ਜੀ ਦੇ ਨਾਂਅ ਲਿਖੀ ਉਸ ਦੀ ਚਿੱਠੀ ਹੈ, ਜਿਸ ਦਾ ਇਕ ਛੋਟਾ ਜਿਹਾ ਹਿੱਸਾ ਇੱਥੇ ਲਿਖ ਰਹੇ ਹਾਂ, "ਇਨਕਲਾਬੀਆਂ ਦਾ ਨਿਸ਼ਾਨਾ ਇਸ ਦੇਸ਼ ਵਿਚ ਸਮਾਜਵਾਦੀ ਜਮਹੂਰੀ ਪ੍ਰਬੰਧ ਕਰਨਾ ਹੈ। ਇਸ ਨਿਸ਼ਾਨੇ ਵਿਚ ਤਬਦੀਲੀ ਦੀ ਜ਼ਰਾ ਜਿੰਨੀ ਵੀ ਗੁੰਜਾਇਸ਼ ਨਹੀਂ ਹੈ। ਰਾਜਗੁਰੂ ਬਨਾਰਸ ਦੇ ਇਕ ਮਿਊਂਸਪਲ ਸਕੂਲ ਵਿਚ ਡਰਿਲ ਮਾਸਟਰ ਸਨ। ਸਕੂਲ ਦੇ ਕੰਮ ਤੋਂ ਫੁਰਸਤ ਮਿਲਣ ਤੇ ਉਹ ਦੋਨੋਂ ਵੇਲੇ ਅਖਾੜੇ ਵਿਚ ਲਾਠੀ, ਗਤਕਾ ਆਦਿ ਦੀ ਸਿੱਖਿਆ ਦਿੰਦੇ ਸਨ। ਲਾਠੀ ਮਾਸਟਰ ਅਤੇ ਉਹ ਵੀ ਅਖਾੜੇ ਦੇ। ਸ਼ਿਵ ਵਰਮਾ ਰਾਜਗੁਰੂ ਬਾਰੇ ਲਿਖਦੇ ਹਨ "ਸਾਡੇ ਵਿਚ ਆਉਣ ਤੋਂ ਬਾਅਦ ਉਸ ਨੂੰ ਤਕਰੀਬਨ ਚਾਰ ਸਾਲਾਂ ਦੀ ਹੀ ਜ਼ਿੰਦਗੀ ਮਿਲੀ। ਪਰੰਤੂ ਇਨ੍ਹਾਂ ਚਾਰ ਸਾਲਾਂ ਦੌਰਾਨ ਉਸ ਦਾ ਰਹਿਣ-ਸਹਿਣ, ਸੁਭਾਅ, ਵਿਚਾਰ, ਖਾਣਾ-ਪੀਣਾ, ਸਭ ਕੁਝ ਹੀ ਬਦਲ ਚੁੱਕਿਆ ਸੀ। ਹਾਂ ਅੰਤ ਤੱਕ ਜੇ ਕਿਸੇ ਚੀਜ਼ ਨੇ ਉਸ ਦਾ ਸਾਥ ਨਹੀਂ ਛੱਡਿਆ ਤਾਂ ਉਹ ਸੀ ਉਸ ਦੀ ਸੌਣ ਦੀ ਬਿਮਾਰੀ। ਜ਼ਰਾ ਜਿੰਨਾ ਵੀ ਮੌਕਾ ਮਿਲਦਿਆਂ ਰਾਜਗੁਰੂ ਅੱਖਾਂ ਬੰਦ ਕਰਕੇ ਸੌਂ ਜਾਂਦਾ ਸੀ। ਫਿਰ ਕਿਸੇ ਦੀ ਮੰਜ਼ਲ ਜੋ ਆਸਾਨੀ ਨਾਲ ਉਸ ਨੂੰ ਉਠਾ ਸਕੇ। ਫਰਾਰੀ ਦੇ ਦਿਨਾਂ ਵਿੱਚ ਅਸੀਂ ਜਿਸ ਮਕਾਨ ਵਿੱਚ ਰਹਿੰਦੇ ਸੀ ਉੱਥੇ ਗਾਣਾ, ਹੁੱਲੜਬਾਜ਼ੀ ਅਤੇ ਹਾਸੇ ਮਜਾਕ ਨਾਲ ਜ਼ਿੰਦਗੀ ਬਣਾਈ ਰੱਖਣ ਵਿੱਚ ਉਸ ਦੀ ਮੁੱਖ ਭੂਮਿਕਾ ਸੀ। ਰਾਜਗੁਰੂ ਸੁੰਦਰਤਾ ਦਾ ਉਪਾਸ਼ਕ ਵੀ ਸੀ। ਉਸਦੇ ਸੁੰਦਰਤਾ ਪ੍ਰੇਮ ਨੇ ਇਕ ਵਾਰ ਅਜੀਬ ਸਥਿਤੀ ਪੈਦਾ ਕਰ ਦਿੱਤੀ। ਉਹਨਾਂ ਦਿਨਾਂ ਵਿੱਚ ਅਸੀਂ ਲੋਕ ਆਗਰੇ ਵਿੱਚ ਰਹਿ ਰਹੇ ਸੀ। ਉਸਨੂੰ ਕਿਤੋਂ ਇੱਕ ਕੈਲੰਡਰ ਮਿਲ ਗਿਆ। ਜਿਸ ਉੱਪਰ ਇੱਕ ਬੇਹੱਦ ਹੁਸੀਨ ਲੜਕੀ ਦੀ ਤਸਵੀਰ ਸੀ। ਬੜੇ ਉਤਸ਼ਾਹ ਨਾਲ ਕੈਲੰਡਰ ਨੂੰ ਕਮਰੇ ਵਿੱਚ ਲਟਕਾ ਕੇ ਉਹ ਬਾਹਰ ਕਿਤੇ ਪਾਰਟੀ ਦੇ ਕੰਮ ਚਲਿਆ ਗਿਆ।

ਆਜ਼ਾਦ ਨੇ ਤਸਵੀਰ ਦੇਖੀ ਤਾਂ ਉਹ ਬਹੁਤ ਗੁੱਸੇ ਹੋਇਆ। ਕਹਿਣ ਲੱਗੇ, "ਉਸਨੇ ਜੇ ਛੋਕਰੀਆਂ ਦੀਆਂ ਤਸਵੀਰਾਂ ਵਿੱਚ ਹੀ ਉਲਝਣਾ ਹੈ ਤਾਂ ਰਿਵਾਲਵਰ ਪਿਸਤੌਲ ਨਾਲ ਉਲਝਣਾ ਛੱਡ ਕੇ ਘਰ ਚਲਿਆ ਜਾਵੇ। ਇਹ ਦੋਨੋਂ ਕੰਮ ਇੱਕ ਸਾਥ ਨਹੀਂ ਚੱਲ ਸਕਦੇ।" ਇਹ ਕਹਿੰਦੇ ਹੋਏ ਉਨ੍ਹਾਂ ਨੇ ਕੈਲੰਡਰ ਦੇ ਟੁਕੜੇ ਟੁਕੜੇ ਕਰਕੇ ਕੋਨੇ ਵਿੱਚ ਪਏ ਕੂੜੇ ਦੇ ਢੇਰ ਉੱਪਰ ਸੁੱਟ ਦਿੱਤਾ। ਰਾਜਗੁਰੂ ਕੰਮ ਤੋਂ ਆਇਆ ਤਾਂ ਉਸਦੀ ਪਹਿਲੀ ਨਜ਼ਰ ਕੰਧ ਤੇ ਪਈ, "ਮੇਰਾ ਕੈਲੰਡਰ ਕੌਣ ਲੈ ਗਿਆ?" ਉਸਨੇ ਆਉਂਦੇ ਹੀ ਪੁੱਛਿਆ। ਇੱਕ ਸਾਥੀ ਨੇ ਕੂੜੇ ਦੇ ਢੇਰ ਵੱਲ ਇਸ਼ਾਰਾ ਕਰ ਦਿੱਤਾ। "ਕਿਹਨੇ ਪਾੜਿਆ ਹੈ ਮੇਰਾ ਕੈਲੰਡਰ?" ਦੋ ਤਿੰਨ ਫਟੇ ਹੋਏ ਟੁੱਕੜੇ ਉਠਾਉਂਦੇ ਹੋਏ ਉਸਨੇ ਸਵਾਲ ਕੀਤਾ। "ਮੈਂ ਪਾੜਿਆ ਹੈ?" ਆਜ਼ਾਦ ਨੇ ਉਤਨੇ ਹੀ ਸਖ਼ਤ ਸ਼ਬਦਾਂ ਵਿੱਚ ਜਵਾਬ ਦਿੱਤਾ। "ਐਨੀ ਸੋਹਣੀ ਚੀਜ਼ ਤੁਸੀਂ ਕਿਉਂ ਪਾੜ ਦਿੱਤੀ?" ਇਸ ਲਈ ਕਿ ਉਹ ਸੋਹਣੀ ਸੀ। "ਤਾਂ ਕੀ ਤੁਸੀਂ ਹਰ ਸੁੰਦਰ ਚੀਜ਼ ਨੂੰ ਪਾੜ ਦੇਵੋਗੇ, ਤੋੜ ਦੇਵੋਗੇ?" "ਹਾਂ ਪਾੜ ਦੇਵਾਂਗਾ।" "ਤਾਜ ਮਹੱਲ ਵੀ?" "ਹਾਂ ਬੱਸ ਚਲਿਆ ਤਾਂ ਉਸ ਨੂੰ ਵੀ ਤੋੜ ਦੇਵਾਂਗਾ।" ਆਜ਼ਾਦ ਨੇ ਤੈਸ਼ ਵਿੱਚ ਆ ਕੇ ਜਵਾਬ ਦਿੱਤਾ। ਤਕਰੀਬਨ ਇੱਕ ਮਿੰਟ ਚੁੱਪ ਰਹਿਣ ਤੋਂ ਬਾਅਦ ਰਾਜਗੁਰੂ ਨੀਵੀਂ ਅਵਾਜ਼ ਵਿੱਚ ਸ਼ਬਦਾਂ ਨੂੰ ਨਾਪਦਾ-ਤੋਲਦਾ ਹੋਇਆ ਬੋਲਿਆ, "ਖੂਬਸੂਰਤ ਦੁਨੀਆਂ ਵਸਾਉਣ ਚਲੇ ਹੋ, ਖੂਬਸੂਰਤ ਚੀਜ਼ਾਂ ਨੂੰ ਤੋੜ ਕੇ, ਉਹਨਾਂ ਨੂੰ ਮਿਟਾ ਕੇ, ਇਹ ਨਹੀਂ ਹੋ ਸਕਦਾ।" ਰਾਜਗੁਰੂ ਦੇ ਇਹਨਾਂ ਸ਼ਬਦਾਂ ਨੇ ਆਜ਼ਾਦ ਦਾ ਸਾਰਾ ਗੁੱਸਾ ਠੰਡਾ ਕਰ ਦਿੱਤਾ। "ਤਾਜ ਤੋੜਨ ਵਾਲੀ ਗੱਲ ਤਾਂ ਮੈਂ ਤੇਰੇ ਤੈਸ਼ ਵਿੱਚ ਆ ਕੇ ਕਹਿ ਗਿਆ, ਭਰਾ ਮੇਰੇ। ਮੇਰਾ ਮਤਲਬ ਇਹ ਨਹੀਂ ਸੀ। ਅਸੀਂ ਲੋਕਾਂ ਨੇ ਕਿਸੇ ਖਾਸ ਉਦੇਸ਼ ਖਾਤਰ ਘਰ ਬਾਰ ਛੱਡ ਕੇ ਇਹ ਜ਼ਿੰਦਗੀ ਅਪਣਾਈ ਹੈ। ਮੈਂ ਇਹੋ ਚਾਹੁੰਦਾ ਹਾਂ ਕਿ ਅਸੀਂ ਲੋਕ ਇੱਕ ਮਨ ਹੋ ਕੇ ਉਸ ਨਿਸ਼ਾਨੇ ਵੱਲ ਵਧਦੇ ਚੱਲੀਏ। ਕਿਤੇ ਇਹ ਨਾ ਹੋਵੇ ਕਿ ਤੁਹਾਡੀ ਇਹ ਹੁਸਨਪਸੰਦੀ ਇੱਕ ਦਿਨ ਮੋਹ ਬਣ ਕੇ ਸਾਨੂੰ ਸਾਡੇ ਰਸਤੇ ਤੋਂ ਬੇਮੁੱਖ ਕਰ ਦੇਵੇ ਜਾਂ ਸਾਡੀ ਕਿਸੇ ਕਮਜ਼ੋਰੀ ਦਾ ਕਾਰਨ ਬਣੇ।"

ਇਨਕਲਾਬੀ ਜੀਵਨ ਵਿੱਚ ਰਾਜਗੁਰੂ ਜੇਕਰ ਕਿਸੇ ਨੂੰ ਆਪਣਾ ਸਭ ਤੋਂ ਵੱਡਾ ਵਿਰੋਧੀ ਸਮਝਦਾ ਸੀ ਤਾਂ ਉਹ ਸੀ ਭਗਤ ਸਿੰਘ। ਇਹ ਕੌਮ ਦੀ ਅਜ਼ਾਦੀ ਦੇ ਸੰਘਰਸ਼ ਦੌਰਾਨ ਇੱਕ-ਦੂਜੇ ਤੋਂ ਅੱਗੇ ਵਧਕੇ ਮੌਤ ਨੂੰ ਲਲਕਾਰਨ ਦਾ ਮੁਕਾਬਲਾ ਸੀ। ਕਿਤੇ ਇਸ ਦੌੜ ਵਿੱਚ ਭਗਤ ਸਿੰਘ ਪਹਿਲਾਂ ਸ਼ਹੀਦ ਨਾ ਹੋ ਜਾਵੇ-ਇਸ ਗੱਲ ਦਾ ਉਸਨੂੰ ਹਮੇਸ਼ਾਂ ਫਿਕਰ ਲੱਗਿਆ ਰਹਿੰਦਾ। ਪਾਰਟੀ ਸਾਹਮਣੇ ਉਸਦੀ ਹਮੇਸ਼ਾਂ ਇੱਕੋ ਹੀ ਮੰਗ ਰਹਿੰਦੀ ਸੀ ਕਿ "ਹਰ ਕੰਮ ਵਿੱਚ ਅੱਗੇ ਵਧ ਕੇ ਪਹਿਲੀ ਗੋਲੀ ਚਲਾਉਣ ਦਾ ਮੌਕਾ ਉਸਨੂੰ ਹੀ ਮਿਲਣਾ ਚਾਹੀਦਾ ਹੈ।" ਕਮਿਊਨਿਜ਼ਮ ਜਾਂ ਸਮਾਜਵਾਦ ਦਾ ਰਾਹ ਹੀ ਦੇਸ਼ ਦੇ ਭਵਿੱਖ ਦਾ ਰਾਹ ਹੈ ਇਸ ਉੱਪਰ ਰਾਜਗੁਰੂ ਪੂਰਾ ਵਿਸ਼ਵਾਸ ਸੀ। ਇਸਦਾ ਇਹ ਮਤਲਬ ਨਹੀਂ ਕਿ ਉਸਨੇ ਸਮਾਜਵਾਦ ਦੇ ਸਿਧਾਂਤ ਨੂੰ ਸਮਝ ਲਿਆ ਸੀ। ਉਹ ਸਿਰਫ ਇੰਨਾਂ ਜਾਣਦਾ ਸੀ ਕਿ ਪੂੰਜੀਵਾਦੀ ਸਮਾਜ ਵਿਚ ਮਿਹਨਤ ਕਰਨ ਵਾਲਿਆਂ ਦੀ ਕਮਾਈ ਕੁਝ ਥੋੜ੍ਹੇ ਜਿੰਨੇ ਪੂਜੀਪਤੀਆਂ ਦੇ ਹੱਥਾਂ ਵਿੱਚ ਚਲੀ ਜਾਂਦੀ। ਇਸਦੇ ਉਲਟ ਸਮਾਜਵਾਦੀ ਸਮਾਜ ਵਿੱਚ ਨਾ ਕੋਈ ਅਮੀਰ ਹੋਵੇਗਾ ਤੇ ਨਾ ਕੋਈ ਗਰੀਬ।

ਭਗਤ ਸਿੰਘ ਤੇ ਉਸਦੇ ਸਾਥੀਆਂ ਵਲੋਂ ਸਮਾਜਵਾਦੀ ਇਨਕਲਾਬ ਦਾ ਲਿਆ ਸੁਪਨਾ ਅਜੇ ਵੀ ਅਧੂਰਾ ਹੈ। ਅਮਰੀਕਾ ਦੇ ਪ੍ਰਸਿੱਧ ਅਰਥ ਸ਼ਾਸਤਰੀ ਰਿਚਰਡ ਵੌਲਫ ਦਾ ਕਹਿਣਾ ਹੈ "ਪੂੰਜੀਵਾਦ ਹੁਣ ਆਪਣੀਆਂ ਸਿੱਖਰਾਂ 'ਤੇ ਹੈ। ਇਹ ਪੁਰਾਣਾ ਢਾਂਚਾ ਹੁਣ ਖੜੋਤ ਵਾਲੀ ਸਥਿਤੀ 'ਚ ਪਹੁੰਚ ਚੁੱਕਿਐ ਹੁਣ ਇਸ ਦਾ ਟੁੱਟਣਾ ਲਗਭਗ ਯਕੀਨੀ ਹੈ। ਆਰਥਿਕਤਾ 'ਚ ਪਾੜਾ ਦਿਨੋਂ ਦਿਨ ਵੱਧ ਰਿਹਾ ਹੈ ਜਿਸ ਨਾਲ ਅਮੀਰ ਹੋਰ ਅਮੀਰ ਹੋ ਰਹੇ ਹਨ ਤੇ ਗਰੀਬ ਹੋਰ ਗਰੀਬ ਹੋ ਰਹੇ ਹਨ। ਹੁਣ ਤਾਂ ਇਹ ਪਾੜਾ ਇੰਨਾਂ ਸਾਫ ਦਿਖਾਈ ਦਿੰਦਾ ਹੈ ਕਿ ਇਕ ਪਾਸੇ ਕੁਝ ਪ੍ਰੀਵਾਰਾਂ ਕੋਲੇ ਹੀ ਅੱਧ ਤੋਂ ਵੱਧ ਦੁਨੀਆਂ ਦੀ ਵਸੋਂ ਦੇ ਬਰਾਬਰ ਦਾ ਧਨ ਹੈ। ਭਗਤ ਸਿੰਘ ਤੇ ਉਸਦੇ ਸਾਥੀਆਂ ਦੀ ਗੱਲ ਅੱਜ ਦੇ ਸਮੇਂ 'ਚ ਹੋਰ ਵੀ ਸਾਰਥਿਕ ਬਣੀ ਹੋਈ ਹੈ।

ਭਗਤ ਸਿੰਘ ਦੀ ਜੇਲ੍ਹ ਡਾਇਰੀ 'ਚ ਨੋਟ ਕੀਤੀ ਵਾਲਟ ਹਿਟਮੈਨ ਦੀ ਇਹ ਕਵਿਤਾ

ਦਫਨ ਨਹੀਂ ਹੁੰਦੇ ਅਜ਼ਾਦੀ ਤੇ ਮਰਨ ਵਾਲੇ-ਪੈਦਾ ਕਰਦੇ ਨੇ ਮੁਕਤੀ ਬੀਜ, ਫਿਰ ਹੋਰ ਬੀਜ ਪੈਦਾ ਕਰਨ ਨੂੰ ਜਿਸਨੂੰ ਲੈ ਜਾਂਦੀ ਦੂਰ ਹਵਾ ਅਤੇ ਫਿਰ ਬੀਜਦੀ ਹੈ ਅਤੇ ਜਿਸਨੂੰ ਪਾਲਣ ਪੋਸ਼ਣ ਕਰਦੇ ਹਨ ਵਰਖਾ ਜਲ ਤੇ ਠੰਡਕ।

ਦੇਹ ਮੁਕਤ ਜੋ ਹੋਈ ਆਤਮਾ ਉਸ ਨੂੰ ਨਾ ਕਰ ਸਕਦੇ ਛਿੰਨ-ਭਿੰਨ

ਬਲਕਿ ਹੋ ਕੇ ਅਜਿੱਤ ਵਿਚਰਦੀ ਧਰਤੀ ਤੇ, ਗੁਣਗਣਾਉਂਦੀ, ਬਾਤਾਂ ਪਾਉਂਦੀ, ਚੌਕਸ ਕਰਦੀ।

## ਅਜੇ ਅਸਾਂ ਨੇ ਹਾਰ ਨਹੀਂ ਮੰਨੀ



ਅਜੇ ਅਸਾਂ ਨੇ ਹਾਰ ਨਹੀਂ ਮੰਨੀ
ਅਜੇ ਤਾਂ ਸਾਹ ਵੀ ਸਾਬੀ ਏ
ਅਜੇ ਤਾਂ ਏਹਨਾਂ ਜ਼ਖ਼ਮਾਂ ਦੇ ਵਿੱਚ
ਕੀੜੇ ਚੱਲਣਾ ਬਾਕੀ ਏ।

ਜੇਕਰ ਸਾਡੇ ਚੁੱਲ੍ਹਿਆਂ ਉੱਤੇ
ਉੱਗ ਆਇਆ ਏ ਘਾਹ ਤਾਂ ਕੀ ਏ
ਤੁਹਾਡੇ ਮਘਦੇ ਚੁੱਲ੍ਹਿਆਂ ਉੱਤੇ
ਫੁਲਕਾ ਥੱਲਣਾ ਬਾਕੀ ਏ।

ਇਸ ਪਿੰਜਰ ਤੇ ਕੀ ਰਹਿ ਗਿਆ ਏ
ਜੋ ਤੂੰ ਅਜੇ ਵੀ ਨੋਚ ਰਿਹਾ
ਸੁਪਨਾ ਏ ਇੱਕ, ਜਿਸ ਦਾ ਅਪਣੀ
ਥਾਂ ਤੋਂ ਹੱਲ੍ਹਣਾ ਬਾਕੀ ਏ।

ਹਾਲੇ ਲੱਭਦੇ ਪਏ ਆਂ ਚੋਗਾ
ਲੈ ਆਵਾਂਗੇ ਮੋਤੀ ਵੀ
ਏਸ ਸਮੁੰਦਰ, ਗਰਭ ਦੇ ਅੰਦਰ
ਬੇੜਾ ਠੱਲ੍ਹਣਾ ਬਾਕੀ ਏ।

ਸਾਡੇ ਪੁਰਖੇ ਸਾਡੇ ਮੋਢਿਆਂ
ਤੇ ਹੀ ਮਿੱਟੀ ਹੋ ਗਏ ਨੇ
ਇਸ ਭਿੱਟੀ ਦਾ ਮਿੱਟੀ ਹੋ ਕੇ
ਮਿੱਟੀ ਰਲਣਾ ਬਾਕੀ ਏ।

ਮਹਿਕ ਮਿੱਟੀ ਦੀ, ਲਹੂ ਦੀ ਰੰਗਤ
ਆਵੇ ਜਿਸ ਦੇ ਕਣ-ਕਣ 'ਚੋਂ
ਲਾਲ ਕਿੱਲੇ ਤੇ ਲਾਲ ਫਰੇਰਾ
ਚੜ੍ਹ ਕੇ ਝੂੱਲਣਾ ਬਾਕੀ ਏ।

- ਗੱਗਬਾਣੀ



ਜਸਵੀਰ ਕੌਰ ਮੰਗੂਵਾਲ ਪਿੰਡ ਮੰਗੂਵਾਲ ਦੀ ਜੰਮਪਲ ਹੈ। ਆਪਣੇ ਪਰਿਵਾਰ ਨਾਲ 2003 ਵਿਚ ਕੈਨੇਡਾ ਆਈ। ਅੱਜ ਕੱਲ੍ਹ ਆਪਣੇ ਡਾਕਟਰ ਪਤੀ ਅਤੇ ਦੋ ਬੱਚਿਆਂ ਨਾਲ ਕੈਨੇਡਾ ਦੇਸੂਬੇ ਮੈਨੀਟੋਬਾ ਵਿਚ ਆਪਣੇ ਘਰ ਦੀ ਪ੍ਰਬੰਧਕ ਹੈ। ਉਸਨੇ ਐਮ. ਏ. ਪੋਲੀਟੀਕਲ ਸਾਇੰਸ, ਪੀ.ਜੀ.ਡੀ.ਸੀ.ਏ. ਅਤੇ ਟੀਚਰ ਐਜੂਕੇਸ਼ਨ ਪ੍ਰਾਪਤ ਕੀਤੀ। ਉਹਨੇ 2008 ਤੋਂ ਲੇਖ, ਮਿੰਨੀ ਕਹਾਣੀ ਅਤੇ ਕਵਿਤਾ ਲਿਖਣੇ ਸ਼ੁਰੂ ਕੀਤੇ। ਅਜੇ ਤੱਕ ਉਸਦੀ ਕੋਈ ਕਿਤਾਬ ਪ੍ਰਕਾਸ਼ਿਤ ਨਹੀਂ ਹੋਈ। ਉਸ ਨੂੰ ਚੰਗਾ ਤੇ ਲੋਕਪੱਖੀ ਸਾਹਿਤ ਪੜ੍ਹਨ ਦਾ, ਅੰਧਵਿਸ਼ਵਾਸਾਂ ਦੇ ਖਿਲਾਫ਼ ਲੜਨ, ਖਾਣਾ ਬਣਾਉਣ, ਇਤਿਹਾਸਕ ਥਾਵਾਂ ਦੇਖਣ ਅਤੇ ਚੰਗੀਆਂ ਫ਼ਿਲਮਾਂ ਦੇਖਣ ਦਾ ਸ਼ੌਕ ਹੈ। ਉਸ ਨੂੰ ਗਿਲਾ ਹੈ ਕਿ ਸਮਾਜ ਵਿਚ ਬਹੁਤ ਕੁਝ ਗਲਤ ਹੁੰਦਾ ਹੈ ਜਿਸ ਨੂੰ ਦੇਖਕੇ ਲੋਕ ਅੱਖਾਂ ਮੀਟ ਲੈਂਦੇ ਹਨ। ਜ਼ਮੀਰਾਂ ਨੂੰ ਮਾਰ ਸਿਰਫ਼ ਨਿੱਜ ਲਈ ਸੋਚਦੇ ਹਨ। ਆਪਣੇ ਅੰਕਲ ਕਾਮਰੇਡ ਦਰਸ਼ਨ ਸਿੰਘ ਦੁਸਾਂਝ ਦੀ ਮੌਤ ਦਾ ਉਸ ਨੂੰ ਬਹੁਤ ਦੁਖ ਹੈ ਪਰ ਆਪਣੀ ਬੇਟੀ ਦੇ ਜਨਮ ਦੀ ਬਹੁਤ ਖੁਸ਼ੀ ਹੈ। ਉਹ ਚਾਹੁੰਦੀ ਹੈ ਕਿ ਹਰ ਮਨੁੱਖ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਹੋਣ ਅਤੇ ਔਰਤ ਨੂੰ ਮਰਦ ਦੇ ਬਰਾਬਰ ਦਾ ਦਰਜਾ ਮਿਲੇ।

## ਅਸੀਂ ਤੇ ਉਹ

**(ਗ਼ਦਰ ਸ਼ਤਾਬਦੀ ਨੂੰ ਸਮਰਪਿਤ)**

ਸਕੂਲੋਂ ਛੁੱਟੀ ਸਮੇਂ
ਅਕਸਰ ਹੀ ਮੇਰੀ ਬੱਚੀ
ਕਰਦੀ ਹੈ ਤਗੀਦ
ਆਪਣੇ ਪਿਉ ਤੇ ਦਾਦੇ ਨੂੰ
ਕਿ ਉਹ ਖੜ੍ਹਿਆ ਕਰਨ
ਸਕੂਲ ਦੇ ਗੇਟ ਤੋਂ ਬਾਹਰ
ਦਾਹੜੀ, ਪੱਗ 'ਚ ਮੌਜੂਦਗੀ ਦੇਖ
ਹੀਣ ਭਾਵਨਾ ਮਹਿਸੂਸ ਹੁੰਦੀ ਹੈ
ਉਸ ਨੂੰ ਗੋਰੀਆਂ ਸਹੇਲੀਆਂ 'ਚ
ਵਿਰਸੇ ਤੋਂ ਅਣਭੋਲ
ਗੁਲਾਬ ਕੌਰ ਦੀ ਵਾਰਸ
ਇਸ ਬੱਚੀ ਤੇ
ਮੈਨੂੰ ਤਰਸ ਆਉਂਦਾ ਹੈ
ਇੱਧਰ ਵੱਖਰੀ ਰੰਗ ਨਸਲ ਦੀਆਂ
ਮੇਰੀਆਂ ਸਹਿਕਰਮਣਾਂ
ਫਿਕਰਮੰਦ ਹਨ
ਮੇਰੇ ਘਰ ਦੀ ਚਾਰ ਦੀਵਾਰੀ ਅੰਦਰ
ਮੇਰੀ ਸੁਰੱਖਿਅਤਾ ਨੂੰ ਲੈ ਕੇ
ਲੰਚ ਬਰੇਕ ਵੇਲੇ
ਅਕਸਰ ਹੀ ਛੇੜ ਲੈਂਦੀਆਂ ਹਨ
ਪੰਜਾਬੀ ਪਤੀਆਂ ਹੱਥੋਂ
ਬੇਰਹਿਮੀ ਨਾਲ ਕਤਲ਼ ਹੋਈਆਂ
ਪਤਨੀਆਂ ਦੀਆਂ ਕਹਾਣੀਆਂ
ਉਹ ਚਟਕਾਰੇ ਲੈ ਲੈ ਦੱਸਦੀਆਂ
ਗੁਰਦੁਆਰੇ ਦੇ ਭਾਈਆਂ, ਪਾਠੀਆਂ ਦੀ
ਜਿਣਸੀ ਹਮਲਿਆਂ ਵਿੱਚ ਸ਼ਮੂਲੀਅਤ,
ਪਿਉ, ਭਰਾ, ਮਾਮਿਆਂ, ਚਾਚਿਆਂ ਨਾਲ
ਵਿਆਹ ਕਰਵਾ ਵਿਦੇਸ਼ ਆਉਣ ਦੇ ਕਿੱਸੇ,
ਹਵਾਈ ਅੱਡਿਆਂ ਤੋਂ ਹੀ ਵਿਆਂਦੜਾਂ ਦੇ
ਫਰਾਰ ਹੋਣ ਦੀ ਚਰਚਾ,
ਮੌਲਾਂ ਵਿੱਚ ਬਹਿ ਗੋਰੀਆਂ ਦੀ
ਅਰਧ ਨਗਨਤਾ ਤੱਕਦੇ
ਫਿਕਰੇ ਕੱਸਦੇ,
ਚਿੱਟੀਆਂ ਦਾਹੜੀਆਂ 'ਚ
ਹੱਥ ਫੇਰ ਖਚਰੀ ਹਾਸੀ ਹੱਸਦੇ
ਤੇ ਕਦੇ ਡਾਲਰ ਦਿਖਾ ਇਸ਼ਾਰੇ ਕਰਦੇ
ਬਾਬਿਆਂ ਨੂੰ ਲੰਬੇ ਹੱਥੀ ਲੈਂਦੀਆਂ
ਉਹ ਸਾਡੇ ਭੱਦਰ ਪੁਰਸ਼ਾਂ ਦੇ ਨਸ਼ਿਆਂ ਰੂਪੀ
ਜ਼ਹਿਰ ਦੇ ਵਪਾਰ ਵਿੱਚ ਰੰਗੇ ਹੱਥਾਂ ਦੀਆਂ
ਖਬਰਾਂ ਨੂੰ ਨਸ਼ਰ ਕਰਦੀਆਂ
ਮੈਂ ਖਮੋਸ਼ ਰਹਿੰਦੀ ਹਾਂ
ਕਿਉਂ ਕਿ ਮੈਂ ਜਾਣਦੀ ਹਾਂ
ਇਹ ਕੁਝ ਕਾਲੀਆਂ ਭੇਡਾਂ
ਨਹੀਂ ਹਨ ਵਾਰਸ ਗ਼ਦਰੀ ਬਾਬਿਆਂ ਦੀਆਂ
ਜੋ ਗੁਲਾਮੀ ਤੇ ਗਰੀਬੀ ਦੇ ਸਤਾਏ
ਖੱਟਣ ਕਮਾਉਣ ਆਏ
ਨਸਲੀ ਵਿਤਕਰੇ ਦੇ ਨਸ਼ਤਰ ਸਹਿੰਦੇ
ਜ਼ਮੀਰਾਂ ਦੀ ਅਵਾਜ਼ ਸੁਣ
ਪਰਿਵਾਰਾਂ ਦਾ ਸੁੱਖ ਤਿਆਗ
ਮੁੜ ਗਏ ਸਨ ਵਤਨਾਂ ਨੂੰ
ਗੁਲਾਮੀ ਦਾ ਜੂਲਾ ਲਾਉਣ
ਜੁਆਨੀਆਂ ਨੂੰ ਝੋਕਣ
ਜੇਲ੍ਹਾਂ ਕੱਟਣ, ਚੱਕੀਆਂ ਪੀਸਣ
ਫਾਂਸੀਆਂ ਚੜ੍ਹਣ, ਸ਼ਹੀਦੀਆਂ ਪਾਉਣ
ਇਹ ਕਿਰਪਾਲ ਤੇ ਬੇਲਾ ਸਿੰਘ ਦੇ ਸਕੇ ਸੋਦਰੇ
ਨਹੀਂ ਕਰ ਸਕਦੇ ਧੁੰਦਲਾ
ਗ਼ਦਰੀ ਬਾਬਿਆਂ ਦੇ ਸੱਚੇ ਸੁੱਚੇ ਅਕਸ ਨੂੰ
ਕਿਉਂ ਕਿ ਉਹਨਾਂ ਦੀ ਜੋਤ ਅੱਜ ਵੀ ਜਗਦੀ ਹੈ
ਦੁਨੀਆਂ ਭਰ 'ਚ ਨਸਲੀ ਵਿਤਕਰਿਆਂ ਖਿਲਾਫ਼ ਲੜਦੇ
ਚੇਤਨ ਮਨੁੱਖ ਅੰਦਰ।

• • •

## ਭੁੱਖ

ਮੈਨੂੰ ਕਾਲੀ ਕਲੂਟੀ,
ਸਰਵਾੜ੍ਹ ਜਿਹੇ ਵਾਲਾਂ ਵਾਲੀ ਨੂੰ
ਤੁਸੀ ਪੁੱਛਦੇ ਹੋ ਮੈਂ ਕੌਣ ਹਾਂ?
ਹਜੂਰ; ਮੈ ਭੁੱਖ ਹਾਂ ਉਰਫ ਭੁੱਖਮਰੀ
ਮੈਂ ਕੁਦਰਤੀ ਆਫਤਾਂ ਜਮਾਂਖੋਰਾਂ,
ਮੁਨਾਫੇਖੋਰਾਂ
ਦੇ ਗੁਦਾਮਾਂ ਅਤੇ ਸਰਮਾਏਦਾਰੀ ਦੀ ਛਾਂ ਹੇਠ
ਮੈਂ ਦੁਨੀਆਂ ਦੇ ਸੱਭ ਤੋਂ ਵੱਡੇ ਲੋਕਤੰਤਰ
ਗੁਰੂ ਪੈਗੰਬਰਾਂ ਦੀ ਧਰਤੀ ਭਾਰਤ ਸਮੇਤ
ਸੈਂਕੜੇ ਦੇਸ਼ਾਂ ਵਿੱਚ ਨਿੱਤ ਵੱਧ ਫੁੱਲ ਰਹੀ ਹਾਂ
ਮੈਂ ਤੁਹਾਡੇ ਮਹਿਲਾਂ ਪਿਛਲੀ ਬਸਤੀ ਵਿੱਚ
ਅੱਟਣਾਂ ਬਿਆਈਆਂ ਵਾਲੇ ਪੈਰਾਂ ਵਾਲਿਆਂ
ਖੰਘ, ਟੀ.ਵੀ. ਦਮੇ ਨਾਲ ਪੀੜਤ ਲੋਕਾਈ ਦੀਆਂ
ਧਸੀਆਂ ਬੇਆਸ ਅੱਖਾਂ 'ਚ ਵਾਸ ਕਰਦੀ ਹਾਂ
ਤੁਸੀਂ ਮੈਨੂੰ ਵਿਆਹ-ਸਵਾਗਤੀ ਸਮਾਰੋਹਾਂ
ਸਟਿਪਰ ਕਲੱਬਾਂ 'ਚ ਜਦੋ ਚਾਹੋ ਮਿਲ ਸਕਦੇ ਹੋ
ਸ਼ੁੱਧ ਟਰੇਡ ਮਾਰਕ ਤੇ ਸੰਤੁਲਿਤ ਭੋਜਨ ਦੇ
ਅਰਥਾਂ ਤੋਂ ਅਣਜਾਣ ਸਦਾ ਵਿਦਮਾਨ ਹਾਂ
ਮੈ ਰੈਸਟੋਰੈਟਾਂ ਦੇ ਪਿਛਵਾੜੇ ਸੁੱਟੀ ਜੂਠ 'ਚ
ਗੁਰਦੇ ਖੂਨ ਵੇਚਦੇ ਰਿਕਸ਼ਾ ਖਿੱਚਦੇ ਮਜ਼ਦੂਰ 'ਚ
ਵੀਹ ਰੁਪਏ 'ਚ ਵੇਚੀ
ਦੋ ਸਾਲਾਂ ਦੀ ਧੀ ਦੇ ਸੌਦੇ 'ਚ
ਦਸ ਰੁਪਏ ਵਿੱਚ ਵੇਚੀ,
ਆਪਣੀ ਦੇਹ ਦੀ ਮਜ਼ਬੂਰੀ 'ਚ
ਮੈਂ ਹਾਜ਼ਰ ਨਾਜ਼ਰ ਹਾਂ
ਮੈਂ ਸਦੀਆਂ ਤੋ ਜੰਗਲਾਂ 'ਚ,
ਢੋਰ ਪਸ਼ੂਆ ਵਾਂਗ ਵੱਸਦੇ
ਆਦਿਵਾਸੀਆਂ ਦੇ ਛੱਤੜਿਆਂ 'ਚ,
ਉੱਗੀ ਉਲੀ ਵਾਂਗ ਜੰਮੀ ਹੋਈ ਹਾਂ
ਤੁਸੀਂ ਉਨ੍ਹਾਂ ਨੂੰ ਏਨੀ ਭੁੱਖਮਰੀ ਬਖਸ਼ੀ ਹੈ
ਕਿ ਉਹ ਹੁਣ ਤੁਹਾਡੇ ਤੇ
ਟੁੱਟ ਕੇ ਪੈ ਜਾਣਗੇ ਭੁੱਖੇ ਸ਼ੇਰਾਂ ਵਾਂਗ
ਉਹ ਤੁਹਾਡਾ ਮਾਸ ਆਂਦਰਾਂ ਹੀ ਨਹੀਂ
ਸਗੋਂ ਹੱਡ ਤੱਕ ਖਾ ਜਾਣਗੇ
ਹੁਣ ਤੁਸੀਂ ਮੈਨੂੰ ਜਦ ਵੀ ਮਿਲਣਾ ਹੋਵੇ
ਕਿਸੇ ਗੁਰੀਲੇ ਦੀ ਬੰਦੂਕ 'ਚੋਂ ਨਿਕਲੀ
ਲਾਟ ਵਿੱਚ ਮਿਲ ਸਕਦੇ ਹੋ
ਇਹ ਨਾ ਭੁੱਲਿਓ ਕਿ
ਮੈਂ ਤੁਹਾਡੇ ਫੌਜੀ ਦਸਤਿਆਂ,
ਕੋਬਰਾ, ਗਰੀਨਹੰਟ ਅਪਰੇਸ਼ਨਾਂ
ਸਾਮਵਾਦੀ ਕੰਜ ਪਹਿਨੀ
ਨੁਕਰਾਂ ਦੇ ਸੱਪਾਂ ਨੂੰ ਸਰਾਲ੍ਹ ਵਾਂਗ
ਨਿਗਲ ਜਾਵਾਂਗੀ
ਹਾਂ ਮੈ ਭੁੱਖ ਹਾਂ ਤੇ ਤੁਸੀਂ ਸੁਣਿਆ ਹੋਵੇਗਾ
ਕਿ ਭੁੱਖ ਮੌਤੋਂ ਵੀ ਬੁਰੀ ਹੁੰਦੀ ਹੈ
ਹਾਂ ਮੌਤੋਂ ਵੀ ਬੁਰੀ ਹੁੰਦੀ ਹੈ..."

• • •

## ਅਹਿਸਾਸ

ਉਸਨੂੰ ਹੈ ਆਦਤ
ਹਾਂ ਸਿਰਫ਼ ਹਾਂ ਹੀ ਸੁਨਣ ਦੀ
ਉਹ ਚਾਹੁੰਦਾ ਹੈ ਕਿ ਮੈਂ ਮਹਿਜ਼
ਇੱਕ ਆਟੇ ਦਾ ਪੇੜਾ ਹੋਵਾਂ
ਉਹ ਜੀ ਚਾਹਵੇ,
ਮੈਨੂੰ ਕਦੇ ਚਿੜੀ ਬਣਾ ਲਵੇ
ਤੇ ਆਪ ਬਣ ਜਾਵੇ ਜੰਗਲੀ ਬਿੱਲਾ
ਜਾਂ ਬਣਾ ਲਵੇ ਮੈਨੂੰ ਕਦੇ ਦੀਵਾ
ਜੋ ਉਸਦੀ ਹਰ ਹਨ੍ਹੇਰੀ ਨੁੱਕਰ ਨੂੰ ਰੌਸ਼ਨ ਕਰੇ
ਉਹ ਜਦ ਮੈਨੂੰ ਸੇਜ਼ ਉੱਤੇ ਪਾਵੇ ਤਾਂ
ਮੈਂ ਦੁਨੀਆਂ ਦੀ ਸਭ ਤੋਂ
ਹਸੀਨ ਕਲਾਕ੍ਰਿਤੀ ਹੋਵਾਂ
ਪਰ ਬਾਅਦ ਵਿੱਚ ਮੇਰੀ
ਹੋਂਦ ਸਿਰਫ਼ ਇੱਕ ਬਹੁਕਰ
ਜਿਸਨੂੰ ਵਰਤਣ ਪਿੱਛੋਂ
ਘਰ ਦੇ ਕਿਸੇ ਖੂੰਜੇ 'ਚ
ਟਿਕਾ ਦਿੱਤਾ ਜਾਂਦਾ ਹੈ।
ਮੈਂ ਉਸਦੇ ਇਸ ਜਬਰ ਅੱਗੇ
ਸਾਹ ਹੀਣ ਹੋ ਹਥਿਆਰ ਸੁੱਟ ਦਿੰਦੀ ਹਾਂ।
ਅਰਧ ਚੇਤਨਾ ਵਿੱਚ ਮੈਂ ਪਾਉਂਦੀ ਹਾਂ
ਆਪਣੇ ਆਪ ਨੂੰ ਇੱਕ ਚੁੱਪ ਦੇ ਜੰਗਲ ਵਿੱਚ
ਜਿਸਦੇ ਹਰ ਰੁੱਖ ਦੇ ਟਾਹਣ ਉੱਤੇ
ਲ਼ਟਕ ਰਹੇ ਹਨ ਫੁੰਕਾਰਦੇ ਨਾਗ
ਮੈਂ ਬੇਬਸੀ ਦੀ ਦਲਦਲ 'ਚ ਧੱਸ ਰਹੀ ਹਾਂ
ਮੇਰੇ ਅੰਦਰੋਂ ਲਚਾਰੀ ਦੇ ਵੈਣ ਪੈ ਰਹੇ ਹਨ
ਅਚਾਨਕ ਇਤਿਹਾਸ ਦੇ ਅਤੀਤ ਵਿੱਚੋਂ ਇੱਕ
ਅਵਾਜ਼ ਦੀ ਦਸਤਕ ਹੁੰਦੀ ਹੈ
ਸ਼ਾਇਦ ਉਹ ਗੁਲਾਬ ਕੌਰ ਦੀ ਹੀ ਸਦਾ ਹੈ
ਮੈਂ ਉਸਦੀ ਗਰਭ ਜੂਨ 'ਚ ਉਹਦੀਆਂ
ਭਾਵਨਾਵਾਂ 'ਚੋਂ
ਲੱਭ ਲੈਂਦੀ ਹਾਂ ਨਾਗਾਂ ਦਾ, ਬਾਘਾਂ ਦਾ
ਮੁਕਾਬਲਾ ਕਰਨ ਦੀ ਹਿੰਮਤ
ਮੇਰੇ ਮਗਰ ਕਿੰਨੇ ਹੀ
ਹੋਰ ਹੱਥ ਉੱਠ ਖੜ੍ਹਦੇ ਹਨ
ਇਹ ਹਨ ਸ਼ਾਇਦ ਮੇਰੀ
ਨਾਨੀ, ਦਾਦੀ, ਮਾਂ, ਧੀ
ਉਹ ਤਾਂ ਉਡੀਕ ਰਿਹਾ ਹੈ
ਮੇਰੇ ਪਾਸੋਂ ਬਗਾਵਤੀ ਸੁਰ ਲਈ
ਮੁਆਫ਼ੀਨਾਮਾ।
ਉਸਦੇ ਨਾਲ ਖੜ੍ਹੇ ਹਨ
ਮੇਰੇ ਦਾਦਾ, ਨਾਨਾ, ਬਾਪ, ਪੁੱਤ
ਉਹਦੇ ਅੱਗੇ ਹੋ ਕੇ ਕੌਣ ਖੜ੍ਹਾ ਹੈ ?
ਸ਼ਾਇਦ ਉਹ ਮਨੂੰ ਜਾਂ
ਉਹਦੇ ਵਰਗਾ ਕੋਈ ਹੋਰ
ਮੈਂ ਡਟੀ ਰਹਿੰਦੀ ਹਾਂ
ਮੇਰੇ ਨਾਲ ਕੋਈ ਸ਼ੀਹਣੀ ਬਣ ਖੜ੍ਹ ਜਾਂਦੀ ਹੈ
ਸ਼ਾਇਦ ਉਹ ਕੇਵਲ ਕੌਰ ਹੈ
ਇਹ ਦੇਖ ਉਹ ਹੋ ਜਾਂਦਾ ਹੈ ਤਿਆਰ
ਕਰਨ ਲਈ ਸਮਝੌਤਾ ਸ਼ਾਇਦ ਉਸਨੂੰ
ਅਹਿਸਾਸ ਹੋ ਚੁੱਕਾ ਹੈ
ਮੇਰੇ ਇਸ ਰੂਪ ਦਾ
ਮੇਰੀ ਹੋਂਦ ਦਾ।

• • •

## ਇੱਕ ਸੁਪਨੇ ਦਾ ਬਿਰਤਾਂਤ

**(ਆਭ੍ਹਾ ਰਾਠੌਰ ਦੀ ਵੇਦਨਾ ਦੇ ਨਾਂ)**

ਟੈਲੀਫੋਨ ਦੀ ਘੰਟੀ ਕਰਦੀ ਹੈ ਪ੍ਰੇਸ਼ਾਨ
ਰੇਡਿਓ, ਟੀ. ਵੀ. ਤੇ ਅਖ਼ਬਾਰਾਂ
ਪਾਉਂਦੀਆਂ ਨੇ ਲਾਹਨਤ
ਅਕਸਰ ਫੈਸਲੇ ਤੋਂ ਬਾਅਦ
ਉਹ ਘਿਰ ਜਾਂਦੀ ਹੈ ਸਵਾਲਾਂ 'ਚ
ਫ਼ੋਨ ਸਵਿੱਚ ਆਫ਼ ਕਰ,
ਨੌਕਰ ਨੂੰ ਡੌਂਟ ਡਿਸਟਰਬ ਮੀ ਕਹਿ
ਜਾਂਦੀ ਹੈ ਸੌਣ ਕਮਰੇ ਵਿੱਚ
ਅੱਖ ਲੱਗਦਿਆਂ ਹੀ ਪਹੁੰਚਦੀ ਹੈ
ਸੌਣ ਕਮਰੇ ਵਿੱਚ
ਜ਼ਖਮੀ ਜਿਸਮਾਂ ਅਤੇ
ਆਪਣੀ ਜ਼ਮੀਰ ਦੇ ਖਿਲਾਫ਼ ਲੜਦੀ
ਬਣ ਜਾਂਦੀ ਹੈ ਖਲਨਾਇਕਾ ਖੜ੍ਹ ਕੇ
ਆਪਣੀ ਹੀ ਜਾਤ ਦੇ ਵਿਰੁੱਧ
ਅਚਾਨਕ ਬਹੁਤ ਸਾਰੇ ਲੋਕ
ਉਹਦੇ ਮੂੰਹ ਤੇ ਥੁੱਕਦੇ ਨੇ
ਉਹ ਖੁੰਬ ਵਾਂਗ ਉੱਠਦੀ ਹੈ,
ਮੂੰਹ ਸਾਫ਼ ਕਰਦੀ ਹੈ
ਸ਼ੁਪਨੇ ਤੋਂ ਹੋ ਜਾਂਦੀ ਹੈ ਪ੍ਰੇਸ਼ਾਨ
ਭਾਹਰ ਗੱਡੀਆਂ ਦੇ ਹਾਰਨ,
ਕੁੱਤਿਆਂ ਦੇ ਭੌਂਕਣ ਦੀ ਅਵਾਜ਼
ਤੇ ਚੌਕੀਦਾਰ ਦੀ ਸੀਟੀ,
ਕਰਦੀ ਹੈ ਬੇਚੈਨ
ਨਾਲ ਮੋਟੇ ਮੋਟੇ ਪੈੱਗ ਲਾ
ਸੁੱਤਾ ਪਤੀ ਬੇਖਬਰ ਹੈ
ਰੱਬ ਰੱਬ ਜਪਦੀ,
ਕਰਦੀ ਹੈ ਸੌਣ ਦੀ ਫਿਰ ਕੋਸ਼ਿਸ਼
ਫਿਰ ਉਹੀ ਸੁਪਨਾ,
ਭੱਜੀ ਜਾ ਰਹੀ ਨੰਗ ਧੜੰਗੀ
ਕਦੇ ਨੰਗੀਆਂਆਂ ਔਰਤਾਂ ਤੇ
ਬੱਚੀਆਂ ਦਾ ਕਾਫ਼ਲਾ ਬਣ ਜਾਂਦਾ
ਤੇ ਕਾਫ਼ਲਾ ਕਦੇ ਉਹਦੇ ਮਗਰ ਭੱਜਦਾ
ਬਚਦੀ ਬਚਾਉਂਦੀ ਆ ਪਹੁੰਚਦੀ ਹੈ
ਜਿੱਥੇ ਮਨਾਏ ਜਾ ਰਹੇ ਨੇ
ਜ਼ੁਲਮ ਦੇ ਹੱਕ ਵਿੱਚ ਜਿੱਤ ਦੇ ਜ਼ਸ਼ਨ
ਚਾਰੇ ਪਾਸੇ ਪਿੰਜਰ ਹੀ ਪਿੰਜਰ ਖਿੱਲਰੇ ਪਏ ਨੇ
ਕਦੇ ਉਹ ਪਿੰਜਰ ਬਣ ਜਾਂਦੀ ਤੇ
ਕਦੇ ਉਹਦੀ ਬੱਚੀ
ਸਾਹੋ ਸਾਹੀ ਹੋਈ ਉਭੜਵਾਹੇ ਉੱਠਦੀ ਹੈ
ਪਾਣੀ ਪੀ ਕਰਦੀ ਹੈ ਸ਼ਾਂਤ ਹੋਣ ਦੀ ਕੋਸ਼ਿਸ਼
ਸਾਹਮਣੇ ਮੂਰਤੀ 'ਚ ਰਾਮ ਨਾਲ
ਬੈਠੀ ਸੀਤਾ ਮੁਸਕਰਾ ਰਹੀ ਹੈ
ਉਹ ਸੀਤਾ ਦੇ ਰਾਜ ਭਾਗ ਛੱਡ,
ਜੰਗਲਾਂ 'ਚ ਜਾਣ
ਧੋਬੀ ਦੇ ਕਹਿਣ ਤੇ ਘਰੋਂ
ਨਿਕਲਣ ਤੋਂ ਬਾਅਦ ਵੀ
ਪਤੀ ਭਗਤੀ 'ਚ ਗੜੁੱਚ ਸੀਤਾ ਨੂੰ
ਸ਼ਰਧਾ ਨਾਲ ਸਿਰ ਝੁਕਾਉਂਦੀ ਹੈ
ਭਾਰਤ ਮਹਾਨ ਦੀ ਮਹਾਨ ਸੱਭਿਅਤਾ
ਤੇ ਕਰਦੀ ਹੈ ਗਰਵ
ਜਿੱਥੇ ਦਰੋਪਤੀ ਵੰਡ ਜਾਂਦੀ ਹੈ
ਪੰਜ ਪਤੀਆਂ 'ਚ
ਬਿਨ੍ਹਾਂ ਹੀਲ ਹੁੱਜਤ ਇੱਕ ਵਸਤੂ ਵਾਂਗ
ਇਹੋ ਤਾਂ ਉਸਨੇ ਦਾਦੀਆਂ ਨਾਨੀਆਂ
ਤੋਂ ਸਿੱਖਿਆ ਸੀ
ਕਿ ਪਤੀ ਦੀ ਹਰ ਇੱਛਾ ਪੂਰੀ ਕਰਨਾ
ਹਰ ਹੁਕਮ ਖਿੜੇ ਮੱਥੇ ਮੰਨਣਾ
ਔਰਤ ਦਾ ਪਰਮ ਧਰਮ ਹੈ
ਜੋ ਉਹ ਗੰਧਾਰੀ ਬਣ ਰਹੀ ਸੀ ਨਿਭਾ
ਨੀਂਦ ਦੀਆਂ ਗੋਲ਼ੀਆਂ ਖਾ
ਕਰਦੀ ਹੈ ਫਿਰ ਸੌਣ ਦੀ ਕੋਸ਼ਿਸ਼
ਸੌਂਦਿਆਂ ਹੀ ਫਿਰ ਘਿਰ ਜਾਂਦੀ ਹੈ ਸੁਪਨੇ 'ਚ
ਉਸਦੇ ਪਤੀ ਦੇ ਕਿੰਨੇ ਹੀ
ਸਿਰ ਉੱਗ ਆਉਂਦੇ ਨੇ
ਕਦੇ ਉਹਨਾਂ ਦੇ ਸਿਰ ਤੇ ਪੱਗ
ਤੇ ਕਦੇ ਟੋਪੀ ਦਿਸਦੀ ਹੈ
ਉਹ ਉੱਚੀ ਉੱਚੀ ਹੱਸਦਾ
ਬਣ ਜਾਂਦਾ ਹੈ ਰਾਕਸ਼ਸ਼
ਕਰਦਾ ਹੈ ਸ਼ਿਕਾਰ ਜਵਾਨ ਔਰਤਾਂ
ਤੇ ਕੱਚੀਆਂ ਕੋਮਲ ਕਲੀਆਂ ਦਾ
ਫਰਿਆਦ ਲਈ ਹੱਥ ਉੱਠਦੇ ਨੇ
ਚਾਰੇ ਪਾਸੇ ਰਾਕਸ਼ਸ਼ਾਂ ਦਾ ਹੀ
ਰਾਜ ਦਿੱਸਦਾ ਹੈ
ਤਦ ਇੱਕ ਕਲੀ ਚੰਡੀ ਦਾ ਰੂਪ ਧਾਰਦੀ ਹੈ
ਕਰਦੀ ਹੈ ਅਗਵਾਈ ਫਰਿਆਦੀਆਂ ਦੀ
ਕਿੰਨੇ ਹੀ ਹੱਥ ਰਾਕਸ਼ਸ਼ਾਂ ਨੂੰ ਦਬੋਚ ਲੈਂਦੇ ਨੇ
ਸੁੱਟ ਦਿੰਦੇ ਨੇ ਦੁਸਹਿਰੇ ਦੀ ਗਰਾਊਂਡ ਵਿੱਚ
ਜਿੱਥੇ ਰਾਵਣ ਨੂੰ ਜਲਾਇਆ ਜਾਣਾ ਹੈ
ਰਾਵਣ ਦਾ ਪੁਤਲਾ ਬਾਹਰ ਸੁੱਟਦੇ ਨੇ
ਉਹਨਾਂ ਨੂੰ ਮਿਲ ਗਿਆ ਹੈ
ਰਾਵਣ ਤੋਂ ਵੀ ਕਿਤੇ ਵੱਡਾ ਪਾਪੀ
ਰਲ਼ ਕੇ ਰਾਕਸ਼ਸ਼ ਦਾ ਅੰਤ ਕਰਦੇ ਨੇ
ਚਾਰੇ ਪਾਸੇ ਜਿੱਤ ਤੇ ਖੁਸ਼ੀ ਦੀ ਲਹਿਰ ਹੈ
ਉਹ ਪਸੀਨੋ ਪਸੀਨੀ ਹੋਈ
ਘਬਰਾ ਕੇ ਉੱਠਦੀ ਹੈ
ਪਤੀ ਵੱਲ ਦੇਖਦੀ ਜੋ
ਅਜੇ ਸੁੱਤਾ ਹੈ ਲੰਬੀ ਨੀਂਦ
ਭਾਰਤ ਦੇ ਨਿਆਂ ਪ੍ਰਬੰਧ ਵਾਂਗ
ਬਾਹਰ ਸੂਰਜ ਚੜ੍ਹਨ ਵਾਲਾ ਹੈ
ਛੇਤੀ ਛੇਤੀ ਉੱਠ ਕੇਸ ਦੀਆਂ
ਫਾਇਲਾਂ ਦੇਖ
ਹੋ ਜਾਂਦੀ ਹੈ ਤਿਆਰ
ਬਨਣ ਲਈ ਪਤੀ ਦੀ ਪਰਛਾਈ
ਪਰ ਅੱਜ ਉਸਨੂੰ ਹਰ ਥਾਂ
ਸੁਪਨੇ ਦੇ ਪਾਤਰ ਦਿੱਸਦੇ ਨੇ
ਅੱਜ ਉਹ ਡਾਢੀ ਪ੍ਰੇਸ਼ਾਨ ਹੈ।

• • •

## ਔਰਤ

ਮੈਂ ਕੋਈ ਭਿਖਾਰਨ ਨਹੀਂ
ਜੋ ਅੱਡਾਂਗੀ ਹੱਥ ਤੁਹਾਡੇ ਅੱਗੇ
ਤਰਸ ਭਰੀਆਂ ਨਜ਼ਰਾਂ
ਗੱਡਾਂਗੀ ਤੁਹਾਡੇ ਚਿਹਰੇ ਤੇ
ਸੁੱਟ ਦਿਉਗੇ ਤੁਸੀਂ
ਕੁੱਝ ਬੇਹੀਆਂ ਰੋਟੀਆਂ
ਬਚੀਆਂ ਦਾਲਾਂ, ਸਬਜ਼ੀਆਂ
ਅਧਰਾਣੇ ਪੁਰਾਣੇ ਕੱਪੜੇ
ਮੇਰੇ ਤੇ ਤਰਸ ਕਰਕੇ।
ਮੈਂ ਉਹ ਔਰਤ ਹਾਂ
ਜੋ ਕਰਦੀ ਹੈ ਹੱਡ ਭੰਨਵੀਂ ਮਿਹਨਤ
ਘਰਾਂ 'ਚ, ਖੇਤਾਂ 'ਚ, ਸੜਕਾਂ ਤੇ,
ਮਿੱਲਾਂ 'ਚ, ਕਾਰਖ਼ਾਨਿਆਂ 'ਚ
ਮੈਂ ਜਿਉਣਾ ਚਾਹੁੰਦੀ ਹਾਂ
ਅਣਖ ਤੇ ਗੈਰਤ ਨਾਲ।
ਮੈਂ ਉਹ ਔਰਤ ਹਾਂ
ਜੋ ਮਾਰਦੀ ਹੈ ਮੱਲਾਂ
ਹਰ ਖੇਤਰ ਵਿੱਚ
ਰਹਿ ਕੇ ਦੂਜੇ ਦਰਜ਼ੇ ਦੀ ਸ਼ਹਿਰੀ
ਮੈਂ ਉਹ ਔਰਤ ਨਹੀਂ
ਜੋ ਪੂਜਦੀ ਹੈ ਮੜ੍ਹੀਆਂ, ਮਸਾਣਾਂ
ਬਣਦੀ ਹੈ ਸਾਧਵੀ ਤੇ ਦੇਵਦਾਸੀ
ਕਰ ਦਿੰਦੀ ਹੈ ਅਰਪਣ
ਜੀਭ ਤੱਕ ਭਗਵਾਨ ਨੂੰ।
ਮੈਂ ਉਹ ਔਰਤ ਹਾਂ
ਜੋ ਸੁਨੀਤਾ ਵਿਲੀਅਮ ਤੇ
ਕਲਪਨਾ ਚਾਵਲਾ ਬਣ
ਲਾਉਂਦੀ ਹੈ ਉਡਾਰੀ ਅਕਾਸ਼ 'ਚ
ਮੈਂ ਕੋਈ ਫਿਲਮੀ ਐਕਟਰਸ ਨਹੀਂ
ਜੋ ਦਿਖਾਉਂਦੀ ਹੈ ਨੰਗੇਜ਼ ਕਲਾ ਦੇ ਨਾਂ ਤੇ
ਪਾਉਣ ਲਈ ਪ੍ਰਸਿੱਧੀ
ਕਰਦੀ ਹੈ ਸਮਝੌਤਾ।
ਨਾ ਹੀ ਪੰਜਾਬੀ ਗੀਤਾਂ ਦੀ
ਉਹ ਪਾਤਰ ਹਾਂ
ਹੁੰਦੀ ਹੈ ਚਰਚਾ
ਜਿਸਦੇ ਹਰ ਅੰਗ ਤੇ ਜਵਾਨੀ ਦੀ
ਮੈਂ ਤਾਂ ਵਾਰਸ ਹਾਂ
ਮਾਈ ਭਾਗੋ, ਦੁਰਗਾ ਭਾਬੀ
ਤੇ ਰਾਣੀ ਝਾਂਸੀ ਦੀ।
ਮੈਂ ਉਹ ਔਰਤ ਨਹੀਂ
ਜੋ ਜਰਦੀ ਹੈ ਆਪਣੇ ਬੌਸ ਦੀ
ਹਰ ਵਧੀਕੀ ਚੁੱਪ ਚਾਪ।
ਮੈਂ ਉਹ ਔਰਤ ਹਾਂ
ਜੋ ਛਾਪ ਦਿੰਦੀ ਹੈ ਨਿਸ਼ਾਨ
ਆਪਣੇ ਅਫ਼ਸਰ ਦੇ ਮੂੰਹ ਤੇ
ਮੈਂ ਉਹ ਔਰਤ ਨਹੀਂ
ਜੋ ਮਰਦ ਦੀ ਹਰ ਗਲਤੀ ਤੇ ਵਧੀਕੀ 'ਚ
ਬਣਦੀ ਹੈ ਹਿੱਸੇਦਾਰ ਪਿੱਠ ਪੂਰ ਕੇ।
ਮੈਂ ਤਾਂ ਉਹ ਆਦਿਵਾਸੀ ਔਰਤ ਹਾਂ
ਜੋ ਭੁੱਖ ਨੰਗ ਤੇ ਗਰੀਬੀ ਦੀ ਸਤਾਈ
ਕੋਈ ਸਮਝੌਤਾ ਨਹੀਂ ਕਰਦੀ
ਸਗੋਂ ਚੁੱਕ ਲੈਂਦੀ ਹੈ ਹਥਿਆਰ
ਢਾਹੁਣ ਲਈ ਦਿੱਲੀ ਦੇ ਕਿੰਗਰੇ
ਸਾੜ ਦੇਣ ਲਈ ਸ਼ਾਹਾਂ ਦੇ ਮਹਿਲ
ਤੇ ਸਿਰਜਣ ਲਈ ਬਰਾਬਰ ਦਾ ਸਮਾਜ
ਮੈਂ ਉਹ ਔਰਤ ਹਾਂ
ਮੈਂ ਉਹ ਔਰਤ ਹਾਂ।

• • •

## ਸੱਤ ਜਨਮਾਂ ਦਾ ਸਾਥ

ਮੇਰਾ ਤੇ ਉਹਦਾ ਰਿਸ਼ਤਾ
ਸੱਤ ਜਨਮਾਂ ਦਾ
ਸੱਤ ਫੇਰਿਆਂ ਦਾ
ਚਾਰ ਲਾਵਾਂ ਦਾ
ਕੁਰਾਨ ਦੀਆਂ ਆਇਤਾਂ ਤੋਂ ਬਾਅਦ
ਤਿੰਨ ਵਾਰੀ 'ਹਾਂ! ਹਾਂ! ਹਾਂ!'
'ਚ ਸਿਰ ਹਿਲਾਉਣ ਦਾ
ਕਾਜ਼ੀ, ਭਾਈ ਤੇ ਪੁਜਾਰੀ ਦੀ ਮੌਜੂਦਗੀ 'ਚ
ਵੇਦ ਕੁਰਾਨ ਤੇ ਗੁਰੂ ਗ੍ਰੰਥ ਦੇ
ਪਵਿੱਤਰ ਸ਼ਲੋਕਾਂ ਦੇ ਉਚਾਰਣ ਦਾ
ਦੋ ਪਵਿੱਤਰ ਆਤਮਾਵਾਂ ਦੇ
ਧੁਰੋਂ ਲਿਖੇ ਸੰਯੋਗਾਂ ਦਾ
ਅਕਸਰ ਜੋ ਸਿਮਟ ਜਾਂਦਾ ਹੈ
ਜਿਸਮ ਤੋਂ ਜਿਸਮ ਤੱਕ
ਤੇ ਨਹੀਂ ਕਰਦੀ ਰੂਹ
ਰੂਹ ਤੱਕ ਸਫ਼ਰ।
ਮੇਰੇ ਹਿੱਸੇ ਭੁਰਨਾ
ਖੁਰਨਾ ਟੁੱਟਣਾ
ਰੀਣ ਰੀਣ ਹੋ ਕੇ ਮਰਨਾ
ਸੀਅ ਨਾ ਕਰਨਾ
ਫਿਰ ਕਿਉਂ ਕੁਝ ਸ਼ਬਦ
ਅਤੇ ਕਾਗਜ਼ ਦੇ ਕੁਛ ਟੁਕੜੇ
ਕਰ ਦਿੰਦੇ ਨੇ
ਇਸ ਰਿਸ਼ਤੇ ਨੂੰ ਤਾਰ ਤਾਰ?
ਧਾਰਮਿਕ ਭਾਵਨਾਵਾਂ ਰਾਹੀਂ
ਮੇਰੇ ਜਜ਼ਬਾਤਾਂ ਨਾਲ ਖਿਲਵਾੜ?
ਮਨੂ ਬਣ ਉਹ ਮੇਰੇ ਬੁੱਲਾਂ ਨੂੰ ਸਿਊਂਦਾ ਹੈ
ਅਖੌਤੀ ਸ਼ਰਮ ਹਯਾ ਦੀ ਸੂਈ ਨਾਲ
ਮੇਰੇ ਪੈਰਾਂ 'ਚ ਗੱਡਦਾ ਹੈ ਪ੍ਰੰਪਰਾਵਾਂ ਦੀਆਂ ਮੇਖਾਂ
ਮੇਰੇ ਰਾਹਾਂ 'ਚ ਵਿਛਾਉਂਦਾ ਹੈ
'ਕਥਿਤ' ਪਤੀਵਰਤਾ ਦੀਆਂ ਨੁਕੀਲੀਆਂ ਸੂਲਾਂ
ਮੈਨੂੰ ਨਹੀਂ ਚਾਹੀਦਾ ਸੱਤ ਜਨਮਾਂ ਦਾ ਸਾਥ
ਮੈਂ ਜਿਉਣਾ ਚਾਹੁੰਦੀ ਹਾਂ ਇਕੋ ਹੀ ਜਨਮ
ਜੀਅ ਭਰਕੇ, ਆਪਣੀ ਰੂਹ ਨਾਲ।

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ,
ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220
ਟੋਰਾਂਟੋ : ਹਰਬੰਸ ਸਿੰਘ 416-817-7142
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# ਭਗਤ ਸਿੰਘ ਤੇ ਸਾਥੀਆਂ ਦੇ ਸ਼ਹੀਦੀ ਦਿਨ ਤੇ ਉਨ੍ਹਾਂ ਦੀਆਂ ਲਿਖਤਾਂ ਨਾਲ਼ ਵੀ ਸਾਂਝ ਪਾਈਏ

**ਅਛੂਤ ਦਾ ਸਵਾਲ - ਭਗਤ ਸਿੰਘ**

ਸਾਡੇ ਮੁਲਕ ਜਿੰਨੀ ਭੈੜੀ ਹਾਲਤ ਕਿਸੇ ਹੋਰ ਮੁਲਕ ਦੀ ਨਹੀਂ ਹੋਣੀ। ਇੱਥੇ ਅਜੀਬ ਤੋਂ ਅਜੀਬ ਸਵਾਲ ਪੈਦਾ ਹੋਏ ਹੁੰਦੇ ਹਨ। ਇਕ ਬੜਾ ਭਾਰੀ ਸਵਾਲ ਅਛੂਤ ਦਾ ਹੈ। ਸਵਾਲ ਇਹ ਕੀਤਾ ਜਾਂਦਾ ਹੈ ਕਿ 30 ਕਰੋੜ ਦੀ ਆਬਾਦੀ ਵਾਲੇ ਮੁਲਕ ਵਿਚ ਜੋ 6 ਕਰੋੜ ਆਦਮੀ ਅਛੂਤ ਕਹਾਉਂਦੇ ਹਨ, ਉਹਨਾਂ ਨਾਲ ਛੂਹ ਲੈਣ ਨਾਲ ਧਰਮ ਭ੍ਰਿਸ਼ਟ ਤੇ ਨਾ ਹੋਵੇਗਾ? ਕੀ ਉਨ੍ਹਾਂ ਨੂੰ ਮੰਦਰਾਂ ਵਿਚ ਜਾਣ ਦੇਣ ਨਾਲ ਦੇਵਤੇ ਨਰਾਜ਼ ਤੇ ਨਾ ਹੋ ਜਾਣਗੇ? ਕੀ ਉਨ੍ਹਾਂ ਦੇ ਖੂਹ ਤੋਂ ਪਾਣੀ ਕੱਢ ਲੈਣ ਨਾਲ ਖੂਹ ਪਲੀਤ ਤੇ ਨਾ ਹੋ ਜਾਵੇਗਾ? ਇਹ ਸਵਾਲ ਵੀਹਵੀਂ ਸਦੀ ਵਿਚ ਕੀਤੇ ਜਾ ਰਹੇ ਹਨ, ਜਿਹਨਾਂ ਨੂੰ ਕਿ ਸੁਣਦਿਆਂ ਹੀ ਸ਼ਰਮ ਆਉਂਦੀ ਹੈ।

ਸਾਡਾ ਮੁਲਕ ਬੜਾ ਅਧਿਆਤਮਵਾਦੀ ਯਾਨੀ ਰੂਹਾਨੀਅਤ ਪਸੰਦ ਹੈ, ਅਸੀਂ ਮਨੁੱਖ ਨੂੰ ਮਨੁੱਖ ਦਾ ਦਰਜਾ ਦੇਣੋਂ ਵੀ ਝਕਦੇ ਹਾਂ ਤੇ ਉਹ ਬਿਲਕੁਲ ਹੀ ਮਾਇਆਵਾਦੀ ਕਹਾਉਣ ਵਾਲਾ ਯੂਰਪ ਕਈ ਸਦੀਆਂ ਤੋਂ ਇਕਮਈ ਦਾ ਸ਼ੋਰ ਮਚਾ ਰਿਹਾ ਹੈ। ਉਹਨਾਂ ਬਰਾਬਰੀ ਦਾ ਐਲਾਨ ਅਮਰੀਕਾ ਅਤੇ ਫਰਾਂਸ ਦੇ ਇਨਕਲਾਬ ਵਿਚ ਹੀ ਕਰ ਦਿੱਤਾ ਸੀ ਤੇ ਅੱਜ ਰੂਸ ਨੇ ਹੋਰ ਵੀ ਕਿਸੇ ਕਿਸਮ ਦਾ ਭਿੰਨ ਭੇਦ ਮਿਟਾਉਣ ਦੀ ਖਾਤਰ ਇਕ ਮਈ ਦੇ ਅਸੂਲ 'ਤੇ ਲੱਕ ਬੱਧਾ ਹੋਇਆ ਹੈ ਤੇ ਅਸੀਂ ਸਦਾ ਹੀ ਆਤਮਾ ਪਰਮਾਤਮਾ ਦੇ ਰੋਣੇ ਰੋਣ ਵਾਲੇ ਅੱਜ ਵੀ ਅਸੀਂ ਇਸ ਗੱਲ 'ਤੇ ਜ਼ੋਰ ਨਾਲ ਬਹਿਸ ਕਰਕੇ ਕਿ ਕੀ ਅਛੂਤਾਂ ਨੂੰ ਜਨੇਊ ਦੇ ਦਿੱਤਾ ਜਾਵੇਗਾ, ਕੀ ਉਹ ਵੇਦ ਸ਼ਾਸਤਰ ਪੜ੍ਹਨ ਦੇ ਹੱਕਦਾਰ ਹਨ ਕਿ ਨਹੀਂ। ਅਸੀਂ ਨਾ ਮਨਜ਼ੂਰ ਕਰ ਦਿੰਦੇ ਹਾਂ ਅਤੇ ਸਾਨੂੰ ਸ਼ਿਕਾਇਤ ਇਹ ਹੈ ਕਿ ਦੂਜੇ ਮੁਲਕਾਂ ਵਿਚ ਸਾਡੇ ਨਾਲ ਸਲੂਕ ਚੰਗਾ ਨਹੀਂ ਹੁੰਦਾ। ਗੋਰੇਸ਼ਾਹੀ ਵਿਚ ਸਾਨੂੰ ਗੋਰੇ ਦੇ ਬਰਾਬਰ ਨਹੀਂ ਸਮਝਿਆ ਜਾਂਦਾ ਹੈ, ਸਾਨੂੰ ਇਹ ਸ਼ਿਕਾਇਤ ਕਰਨ ਦਾ ਹੱਕ ਹੀ ਕੀ ਹੈ?

ਸਿੰਧ ਦੇ ਇਕ ਮੁਸਲਮਾਨ ਸੱਜਣ ਮਿ. ਨੂਰ ਮੁਹੰਮਦ ਮੈਂਬਰ ਬੰਬਈ ਕੌਂਸਲ ਨੇ ਇਸ ਮਾਮਲੇ 'ਤੇ 1926 ਵਿਚ ਖੂਬ ਕਿਹਾ ਸੀ-

"If the Hindu Society refuses to allow other human beings, fellow creatures so that to attend public schools, and if.... the President of local board representing so many lakhs of people in this house refuses to allow his fellow and brothers the elementary human right of having water to drink, what right have they to ask for more rights from the bureaucracy? Before we accuse people coming from other lands, we should see how we ourselves bahave toward our own people... How can we ask for greather politicial rights when we ourselves deny elementary rights of human beings. "ਉਹ ਕਹਿੰਦੇ ਹਨ ਕਿ ਜਦੋਂ ਤੁਸੀਂ ਇਕ ਇਨਸਾਨ ਨੂੰ ਪੀਣ ਵਾਸਤੇ ਪਾਣੀ ਦੇਣ ਤੋਂ ਇਨਕਾਰੀ ਹੋ, ਜਾਂ ਜਦੋਂ ਤੁਸੀਂ ਉਹਨਾਂ ਨੂੰ ਮਦਰੱਸੇ ਵਿਚ ਪੜ੍ਹਨ ਵੀ ਨਹੀਂ ਦਿੰਦੇ ਤਾਂ ਤੁਹਾਡਾ ਕੀ ਹੱਕ ਹੈ ਕਿ ਆਪਣੇ ਵਾਸਤੇ ਹੋਰ ਹਕੂਕ ਮੰਗੋ? ਜਦ ਤੁਸੀਂ ਇਕ ਇਨਸਾਨ ਦੇ ਸਧਾਰਨ ਅਧਿਕਾਰ ਦੇਣ ਤੋਂ ਵੀ ਇਨਕਾਰੀ ਹੋ, ਤਾਂ ਤੁਸੀਂ ਹੋਰ ਪੁਲੀਟੀਕਲ ਹੱਕ ਮੰਗਣ ਦੇ ਅਧਿਕਾਰੀ ਕਿੱਥੋਂ ਬਣ ਗਏ? ਗੱਲ ਬੜੀ ਸੱਚੀ ਹੈ, ਪਰ ਇਹ ਕਿਉਂਕਿ ਇਕ ਮੁਸਲਮਾਨ ਨੇ ਕਹੀ ਹੈ, ਇਸ ਵਾਸਤੇ ਹਿੰਦੂ ਕਹਿਣ ਲੱਗ ਪੈਂਦੇ ਹਨ, ਦੇਖੋ ਜੀ, ਉਹ ਉਹਨਾਂ ਅਛੂਤਾਂ ਨੂੰ ਮੁਸਲਮਾਨ ਬਣਾ ਕੇ ਆਪਣੇ ਵਿਚ ਰਲਾਉਣਾ ਚਾਹੁੰਦੇ ਹਨ। ਉਹਨਾਂ ਤੇ ਸਾਫ਼ ਮੰਨ ਲਿਆ ਹੈ ਕਿ ਜਦੋਂ ਤੁਸੀਂ ਉਹਨਾਂ ਨੂੰ ਇਸ ਤਰ੍ਹਾਂ ਪਸ਼ੂਆਂ ਨਾਲੋਂ ਵੀ ਗਿਆ ਗੁਜ਼ਰਿਆ ਸਮਝੋਗੇ ਤੇ ਉਹ ਜ਼ਰੂਰ ਹੀ ਦੂਜਿਆਂ ਮਜ਼ਬ੍ਹਾਂ ਵਿਚ ਜਾ ਸ਼ਾਮਲ ਹੋਣਗੇ। ਜਿਹਨਾਂ ਵਿਚ ਕਿ ਉਹਨਾਂ ਨੂੰ ਵਧੇਰੇ ਅਧਿਕਾਰ ਮਿਲਣਗੇ, ਜਿੱਥੇ ਕਿ ਉਹਨਾਂ ਨਾਲ ਆਦਮੀਆਂ ਵਾਲਾ ਸਲੂਕ ਕੀਤਾ ਜਾਵੇਗਾ। ਫਿਰ ਇਹ ਕਹਿਣਾ ਕਿ ਦੇਖੋ ਜੀ ਈਸਾਈ ਤੇ ਮੁਸਲਮਾਨ ਹਿੰਦੂ ਕੌਮ ਨੂੰ ਨੁਕਸਾਨ ਪਹੁੰਚਾ ਰਹੇ ਹਨ, ਫਜ਼ੂਲ ਹੋਵੇਗਾ।



ਕਿੱਡੀ ਸੱਚੀ ਗੱਲ ਹੈ ਪਰ ਇਹ ਸੁਣ ਕੇ ਸਾਰੇ ਤੜਪ ਉੱਠਦੇ ਹਨ। ਖੈਰ! ਠੀਕ ਇਸੇ ਗੱਲ ਦਾ ਫ਼ਿਕਰ ਹਿੰਦੂਆਂ ਨੂੰ ਵੀ ਪਿਆ। ਸਨਾਤਨੀ ਪੰਡਿਤ ਵੀ ਕੁਝ ਕੁ ਇਸ ਮਸਲੇ 'ਤੇ ਸੋਚਣ ਲੱਗੇ। ਵਿਚ ਵਿਚ ਬੜੇ ਯੁੱਗ ਪਲਟਾਊ'' ਕਹਾਉਣ ਵਾਲੇ ਵੀ ਸ਼ਾਮਿਲ ਹੋਏ। ਪਟਨਾ ਹਿੰਦੂ ਮਹਾਂ ਸਭਾ ਹੋਈ। ਲਾਲਾ ਲਾਜਪਤ ਰਾਏ, ਜਿਹੜੇ ਕਿ ਅਛੂਤਾਂ ਦੇ ਬੜੇ ਪੁਰਾਣੇ ਹਾਮੀ ਚਲੇ ਆਉਂਦੇ ਹਨ, ਪ੍ਰਧਾਨ ਸਨ। ਬੜੀ ਬਹਿਸ ਛਿੜੀ, ਗਰਮਾ-ਗਰਮ ਝੜਪਾਂ ਹੋਈਆਂ, ਮਾਮਲਾ ਇਹ ਦਰਪੇਸ਼ ਸੀ ਕਿ ਕੀ ਅਛੂਤਾਂ ਨੂੰ ਯਗੋ-ਪਵੀਤ (ਜਨੇਊ) ਪਾਉਣ ਦਾ ਹੱਕ ਹੈ? ਤੇ ਕੀ ਉਹਨਾਂ ਨੂੰ ਵੇਦ ਸ਼ਾਸਤਰ ਪੜ੍ਹਨ ਦਾ ਹੱਕ ਹੈ? ਬੜੇ ਬੜੇ ਸਮਾਜ ਸੁਧਾਰਕ ਗਰਮ ਹੋ ਪਏ, ਪਰ ਲਾਲਾ ਜੀ ਨੇ ਸਭ ਨੂੰ ਸਮਝਾ ਲਿਆ ਤੇ ਇਹ ਦੋਵੇਂ ਗੱਲਾਂ ਮਨਜ਼ੂਰ ਕਰਕੇ ਹਿੰਦੂ ਧਰਮ ਦੀ ਲਾਜ ਰੱਖ ਲਈ। ਨਹੀਂ ਤਾਂ ਕਿੱਥੇ ਠਿਕਾਣਾ ਸੀ, ਜ਼ਰਾ ਸੋਚੋ ਤਾਂ ਸਹੀ ਕਿੱਡੀ ਸ਼ਰਮ ਦੀ ਗੱਲ ਹੈ। ਕੁੱਤਾ ਸਾਡੀ ਗੋਦ ਵਿਚ ਬੈਠ ਸਕਦਾ ਹੈ, ਸਾਡੇ ਚੌਂਕੇ ਵਿਚ ਨਿਸ਼ੰਗ ਫਿਰਦਾ ਹੈ ਪਰ ਇਕ ਆਦਮੀ ਸਾਡੇ ਨਾਲ ਛੂਹ ਜਾਵੇ ਤਾਂ ਬੱਸ ਧਰਮ ਖਰਾਬ ਹੋ ਜਾਂਦਾ ਹੈ, ਫੇਰ ਤਾਂ ਪੰਡਿਤ ਮਾਲਵੀਆ ਜੀ ਜੈਸੇ ਬੜੇ ਸਮਾਜ ਸੁਧਾਰਕ, ਅਛੂਤਾਂ ਦੇ ਬੜੇ ਪ੍ਰੇਮ ਹੋਰ ਵੀ ਨਾ ਜਾਣੇ ਕੀ ਕੀ ਪਹਿਲੋਂ ਇਕ ਚੂਹੜੇ ਦੇ ਹੱਕੋਂ ਹਾਰ ਪੁਆ ਲੈਂਦੇ ਹਨ, ਪਿੱਛੋਂ ਕੱਪੜਿਆਂ ਸਮੇਤ ਇਸ਼ਨਾਨ ਕੀਤਿਆਂ ਬਿਨਾਂ ਆਪਣੇ ਆਪ ਨੂੰ ਅਸ਼ੁੱਧ ਸਮਝਦੇ ਹਨ। ਕਿਆ ਖੂਬ ਇਹ ਚਾਲ ਹੈ। ਸਭ ਨੂੰ ਪਿਆਰ ਕਰਨ ਵਾਲਾ ਰੱਬ! ਉਸ ਦੀ ਪੂਜਾ ਕਰਨ ਵਾਸਤੇ ਜੋ ਮੰਦਰ ਬਣਿਆ ਹੈ, ਉਥੇ ਅਗਰ ਉਹ ਗਰੀਬ ਜਾ ਵੜੇ ਤਾਂ ਮੰਦਰ ਪਲੀਤ ਹੋ ਜਾਂਦਾ ਹੈ, ਰੱਬ ਨਰਾਜ਼ ਹੋ ਜਾਂਦਾ ਹੈ। ਘਰ ਦੀ ਇਹ ਹਾਲਤ ਹੋਵੇ ਤੇ ਬਾਹਰ ਅਸੀਂ ਸਮਾਨਤਾ ਜਾਂ ਬਰਾਬਰੀ ਦੇ ਨਾਂ 'ਤੇ ਝਗੜਦੇ ਚੰਗੇ ਲੱਗਦੇ ਹਾਂ? ਫਿਰ ਸਾਡੇ ਇਸ ਰਵੱਈਏ ਵਿਚ ਕ੍ਰਿਤਘਣਤਾ ਦੀ ਵੀ ਹੱਦ ਪਾਈ ਜਾਂਦੀ ਹੈ। ਜੋ ਸਾਡੇ ਵਾਸਤੇ ਨੀਚ ਤੋਂ ਨੀਚ ਕੰਮ ਕਰਕੇ ਸਾਡੇ ਸੁੱਖਾਂ ਵਿਚ ਵਾਧਾ ਕਰਦੇ ਹਨ, ਉਹਨਾਂ ਨੂੰ ਹੀ ਅਸੀਂ ਪਰ੍ਹੇ-ਪਰ੍ਹੇ ਕਰਦੇ ਹਾਂ। ਜਾਨਵਰਾਂ ਦੀ ਪੂਜਾ ਕਰ ਸਕਦੇ ਹਾਂ, ਪਰ ਇਨਸਾਨ ਨੂੰ ਕੋਲ ਵੀ ਨਹੀਂ ਬਿਠਾ ਸਕਦੇ?

ਅੱਜ ਇਸ ਸਵਾਲ 'ਤੇ ਬਹੁਤ ਸ਼ੋਰ ਹੋ ਰਿਹਾ ਹੈ: ਉਹਨਾਂ ਵਿਚਾਰਿਆਂ ਵੱਲ ਅੱਜ-ਕੱਲ੍ਹ ਖਾਸ ਧਿਆਨ ਦਿੱਤਾ ਜਾ ਰਿਹਾ ਹੈ। ਮੁਲਕ ਵਿਚ ਆਜ਼ਾਦੀ ਦਾ ਜੋ ਵਿਕਾਸ ਹੋ ਰਿਹਾ ਹੈ, ਉਸ ਵਿਚ ਫਿਰਕਾਵਾਰਾਨਾ ਨਿਆਬਤ ਨੇ ਹੋਰ ਕੋਈ ਫਾਇਦਾ ਕੀਤਾ ਹੋਵੇ ਜਾਂ ਨਾ ਕੀਤਾ ਹੋਵੇ, ਇਹ ਫਾਇਦਾ ਜ਼ਰੂਰ ਕੀਤਾ ਹੈ ਕਿ ਵਧੀਕ ਹਕੂਕ ਮੰਗਣ ਵਾਸਤੇ ਆਪਣੀ ਕੌਮ ਦੀ ਗਿਣਤੀ ਵਧਾਉਣ ਦਾ ਫਿਕਰ ਸਭਨਾਂ ਨੂੰ ਪਿਆ। ਮੁਸਲਮਾਨਾਂ ਨੇ ਜ਼ਰਾ ਵਧੇਰੇ ਜ਼ੋਰ ਦਿੱਤਾ। ਉਨ੍ਹਾਂ ਅਛੂਤਾਂ ਨੂੰ ਮੁਸਲਮਾਨ ਬਣਾ ਬਣਾ ਕੇ ਆਪਣੇ ਬਰਾਬਰ ਦਾ ਇਨਸਾਨ ਬਣਾ ਕੇ ਉਹਨਾਂ ਨੂੰ ਆਦਮੀ ਦੇ ਹਕੂਕ ਦੇਣੇ ਸ਼ੁਰੂ ਕਰ ਦਿੱਤੇ। ਹੁਣ ਹਿੰਦੂਆਂ ਦੇ ਵੀ ਸੱਟ ਵੱਜੀ। ਜਿੱਦ ਵਧੀ। ਫਸਾਦ ਵੀ ਹੋਏ। ਖੈਰ! ਹੌਲੀ ਹੌਲੀ ਸਿੱਖਾਂ ਵਿਚ ਵੀ ਖਿਆਲ ਪੈਦਾ ਹੋਇਆ ਕਿ ਅਸੀਂ ਨਾ ਪਿੱਛੇ ਰਹਿ ਜਾਈਏ। ਉਹਨਾਂ ਵੀ ਅੰਮ੍ਰਿਤ ਛਕਾਉਣਾ ਸ਼ੁਰੂ ਕਰ ਦਿੱਤਾ। ਹਿੰਦੂਆਂ ਸਿੱਖਾਂ ਵਿਚ ਅਛੂਤਾਂ ਦੇ ਜਨੇਊ ਲਾਹੁਣ ਜਾਂ ਕੇਸ ਕਟਾਉਣ ਦੇ ਸਵਾਲਾਂ 'ਤੇ ਝਗੜੇ ਹੋਏ। ਹੁਣ ਤਿੰਨੇ ਕੌਮਾਂ ਉਹਨਾਂ ਨੂੰ ਆਪਣੇ-ਆਪਣੇ ਵੱਲ ਖਿੱਚ ਰਹੀਆਂ ਹਨ ਤੇ ਬੜਾ ਸ਼ੋਰ ਸ਼ਰਾਬਾ ਹੈ। ਉਧਰ ਇਸਾਈ ਚੁੱਪ ਚਾਪ ਉਹਨਾਂ ਦਾ ਰੁਤਬਾ ਵਧਾ ਰਹੇ ਹਨ। ਇਸ ਸਾਰੀ ਹਲਚਲ ਨਾਲ ਹਿੰਦੋਸਤਾਨ ਦੀ ਲਾਅਨਤ ਦੂਰ ਹੋ ਰਹੀ ਹੈ।

ਇੱਧਰ ਜਦ ਅਛੂਤਾਂ ਦੇਖਿਆ ਕਿ ਸਾਡੀ ਖਾਤਰ ਇਹਨਾਂ ਵਿਚ ਫਸਾਦ ਹੋ ਰਿਹਾ ਹੈ ਅਤੇ ਸਾਨੂੰ ਹਰ ਕੋਈ ਆਪਣੀ ਆਪਣੀ ਖੁਰਾਕ ਸਮਝ ਰਿਹਾ ਹੈ ਤਾਂ ਅਸੀਂ ਜੁਦੇ ਹੀ ਕਿਉਂ ਨਾ ਸੰਗਠਿਤ ਹੋਈਏ। ਇਸੇ ਖਿਆਲ ਨੂੰ ਸੁਰ ਕਰਨ ਵਿਚ ਸਰਕਾਰ ਅੰਗਰੇਜ਼ੀ ਦਾ ਕੋਈ ਹੱਕ ਹੋਵੇ ਜਾਂ ਨਾ ਹੋਵੇ, ਇੰਨਾ ਜ਼ਰੂਰ ਹੈ ਕਿ ਉਸ ਦ ਪ੍ਰਚਾਰ ਵਿਚ ਸਰਕਾਰੀ ਆਦਮੀਆਂ ਦਾ ਵੀ ਕਾਫ਼ੀ ਹੱਦ ਹੈ ਸੀ। ਆਦਿ ਧਰਮ ਮੰਡਲ ਆਦਿਕ ਉਸੇ ਵਿਚਾਰ ਦੇ ਪ੍ਰਚਾਰ ਦਾ ਨਤੀਜਾ ਹਨ।

ਹੁਣ ਇਕ ਸਵਾਲ ਹੋਰ ਉੱਠਦਾ ਹੈ ਕਿ ਇਸ ਮਸਲੇ ਦਾ ਠੀਕ ਠੀਕ ਹੱਲ ਕੀ ਹੈ? ਇਸ ਦਾ ਜਵਾਬ ਬੜਾ ਸਹਿਲ ਹੈ। ਸਭ ਤੋਂ ਪਹਿਲੋਂ ਇਹ ਫੈਸਲਾ ਕਰ ਲੈਣਾ ਚਾਹੀਦਾ ਹੈ ਕਿ ਸਭ ਇਨਸਾਨ ਇਕੋ ਜਿਹੇ ਹਨ ਅਤੇ ਨਾ ਤੇ ਜਨਮ ਨਾਲ ਕੋਈ ਭਿੰਨ ਭੇਦ ਪੈਂਦਾ ਹੈ ਤੇ ਨਾ ਕੰਮਕਾਜ ਨਾਲ। ਯਾਨਿ ਚੂੰਕਿ ਇਕ ਆਦਮੀ ਗਰੀਬ ਭੰਗੀ ਦੇ ਘਰ ਪੈਦਾ ਹੋ ਗਿਆ ਹੈ, ਇਸ ਕਰਕੇ ਸਾਰੀ ਉਮਰ ਟੱਟੀਆਂ ਹੀ ਸਾਫ ਕਰੇਗਾ ਤੇ ਦੁਨੀਆ ਵਿਚ ਕਿਸੇ ਕਿਸਮ ਦੀ ਤਰੱਕੀ ਦਾ ਉਸ ਨੂੰ ਕੋਈ ਹੱਕ ਨਹੀਂ। ਇਹ ਗੱਲਾਂ ਫਜ਼ੂਲ ਹਨ। ਇਹਨਾਂ ਵਰਗਿਆਂ ਆਦਮੀਆਂ ਨਾਲ ਜਦੋਂ ਸਾਡੇ ਬਜ਼ੁਰਗ ਆਰੀਅਨ ਲੋਕਾਂ ਨੇ ਇਹ ਜ਼ੁਲਮ ਕੀਤਾ ਅਤੇ ਉਨ੍ਹਾਂ ਨੂੰ ਨੀਚ ਕਹਿ ਕੇ ਪਰ੍ਹੇ ਕਰ ਦਿੱਤਾ ਅਤੇ ਨੀਚ ਕੰਮ ਕਰਾਉਣ ਲੱਗ ਪਏ ਅਤੇ ਨਾਲ ਹੀ ਇਹ ਵੀ ਫਿਕਰ ਪਿਆ ਕਿ ਇਹ ਬਗਾਵਤ ਨਾ ਕਰ ਦੇਣ, ਤਦੋਂ ਪੁਨਰ ਜਨਮ ਦੀ ਫਿਲਾਸਫ਼ੀ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਇਹ ਤੁਹਾਡੇ ਪੁਰਾਣੇ ਜਨਮ ਦੇ ਪਾਪਾਂ ਦਾ ਫਲ ਹੈ। ਕੀ ਹੋ ਸਕਦਾ ਹੈ? ਚੁੱਪ ਕਰਕੇ ਗੁਜ਼ਾਰਾ ਕਰੋ। ਇਸ ਤਰ੍ਹਾਂ ਉਨ੍ਹਾਂ ਨੂੰ ਸਬਰ ਦਾ ਸਬਕ ਪੜ੍ਹਾ ਕੇ ਉਹ ਲੋਕੀਂ ਇਨ੍ਹਾਂ ਨੂੰ ਚਿਰ ਵਾਸਤੇ ਚੁੱਪ ਕਰਾ ਗਏ। ਪਰ ਉਨ੍ਹਾਂ ਬੜਾ ਪਾਪ ਕੀਤਾ। ਇਨਸਾਨਾਂ ਦੇ ਅੰਦਰੋਂ ਇਨਸਾਨੀਅਤ ਦਾ ਮਾਦਾ ਆਤਮਵਿਸ਼ਵਾਸ ਅਤੇ ਆਤਮ-ਨਿਰਭਰਤਾ ਦਾ ਭਾਵ ਮਾਰ ਸੁੱਟਿਆ ਬੜਾ ਜ਼ੁਲਮ ਤੇ ਕਹਿਰ ਕਮਾਇਆ। ਖੈਰ ਅੱਜ ਉਸ ਦੇ ਪ੍ਰਾਸ਼ਚਿਤ ਦਾ ਵੇਲਾ ਹੈ।

ਇਸ ਦੇ ਨਾਲ ਹੀ ਇਕ ਹੋਰ ਖਰਾਬੀ ਪੈਦਾ ਹੋ ਗਈ। ਲੋਕਾਂ ਦੇ ਦਿਲਾਂ ਵਿਚ ਜ਼ਰੂਰੀ ਕੰਮਾਂ ਵਾਸਤੇ ਘ੍ਰਿਣਾ ਪੈਦਾ ਹੋ ਗਈ। ਅਸੀਂ ਜੁਲਾਹੇ ਨੂੰ ਵੀ ਪਰ੍ਹੇ ਦੁਰਕਾਰ ਦਿੱਤਾ ਤੇ ਅੱਜ ਕੱਪੜਾ ਬੁਣਨ ਵਾਲੇ ਅਛੂਤ ਸਮਝੇ ਜਾਂਦੇ ਹਨ। ਯੂ. ਪੀ. ਵੱਲ ਕਹਾਰ (ਝੀਰ) ਨੂੰ ਵੀ ਅਛੂਤ ਸਮਝਿਆ ਜਾਂਦਾ ਹੈ। ਇਸ ਨਾਲ ਬੜੀ ਖਰਾਬੀ ਪੈਦਾ ਹੋ ਗਈ ਜਿਸ ਨਾਲ ਕਿ ਸਾਡੀ ਤਰੱਕੀ ਵਿਚ ਬੜੀ ਰੁਕਾਵਟ ਪੈਂਦੀ ਹੈ।

ਇਹਨਾਂ ਗੱਲਾਂ ਨੂੰ ਸਾਹਮਣੇ ਰੱਖਦੇ ਹੋਏ ਅਸੀਂ ਅਗਾਂਹਾਂ ਵਧੀਏ। ਇਹਨਾਂ ਨੂੰ ਅਛੂਤ ਨਾ ਕਹੀਏ ਤੇ ਨਾ ਸਮਝੀਏ। ਬੱਸ ਮੁਆਮਲਾ ਸਾਫ ਹੋ ਜਾਂਦਾ ਹੈ। ਨੌਜਵਾਨ ਭਾਰਤ ਸਭਾ ਅਤੇ ਨੌਜਵਾਨ ਕਾਨਫਰੰਸ ਨੇ ਜੋ ਤਰੀਕਾ ਅਖਤਿਆਰ ਕੀਤਾ ਹੈ, ਉਹ ਡਾਢਾ ਸੁੰਦਰ ਹੈ। ਜਿਹਨਾਂ ਭਰਾਵਾਂ ਨੂੰ ਅੱਜ ਤੱਕ ਅਛੂਤ ਅਛੂਤ ਕਿਹਾ ਕਰਦੇ ਸਾਂ, ਉਹਨਾਂ ਕੋਲੋਂ ਆਪਣੇ ਇਸ ਪਾਪ ਵਾਸਤੇ ਖਿਮਾ ਮੰਗਣੀ ਅਤੇ ਉਹਨਾਂ ਨੂੰ ਆਪਣੇ ਵਰਗਾ ਆਦਮੀ ਸਮਝਣਾ, ਬਿਨਾਂ ਅੰਮ੍ਰਿਤ ਛਕਾਇਆਂ, ਕਲਮਾ ਪੜ੍ਹਾਇਆਂ ਜਾਂ ਸ਼ੁੱਧ ਕੀਤਿਆਂ ਹੀ ਉਸ ਨੂੰ ਆਪਣੇ ਵਿਚ ਰਲਾ ਲੈਣਾ, ਉਸ ਦੇ ਹੱਥ ਦਾ ਪਾਣੀ ਪੀਣਾ ਇਹੋ ਠੀਕ ਤਰੀਕਾ ਹੈ ਤੇ ਆਪੋ ਵਿਚ ਖਿੱਚਾ ਧੂਹੀ ਕਰਨੀ ਤੇ ਅਮਲ ਵਿਚ ਕੋਈ ਵੀ ਹੱਕ ਨਾ ਦੇਣਾ ਕੋਈ ਠੀਕ ਗੱਲ ਨਹੀਂ ਹੈ।

ਜਦੋਂ ਪਿੰਡਾਂ ਵਿਚ ਕਿਰਤੀ ਪ੍ਰਚਾਰ ਸ਼ੁਰੂ ਹੋਇਆ, ਉਦੋਂ ਜੱਟਾਂ ਨੂੰ ਸਰਕਾਰੀ ਆਦਮੀ ਇਹ ਗੱਲ ਸਮਝਾ ਕੇ ਭੜਕਾਉਂਦੇ ਸਨ ਕਿ ਦੇਖੋ ਇਹ ਚੂਹੜਿਆਂ ਚੱਪੜਿਆਂ ਨੂੰ ਸਿਰ 'ਤੇ ਚੜ੍ਹਾ ਰਹੇ ਹਨ ਅਤੇ ਤੁਹਾਡਾ ਕੰਮ ਬੰਦ ਕਰਾਉਂਦੇ ਹਨ। ਬੱਸ ਜੱਟ ਇੰਨੇ ਵਿਚ ਹੀ ਭੂਤ ਪਏ। ਉਨ੍ਹਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਹਨਾਂ ਦੀ ਹਾਲਤ ਉਨਾ ਚਿਰ ਨਹੀਂ ਸੁਧਰ ਸਕਦੀ, ਜਿੰਨਾ ਚਿਰ ਕਿ ਉਹ ਇਨ੍ਹਾਂ ਗਰੀਬਾਂ ਨੂੰ ਕਮੀਨ ਅਤੇ ਨੀਚ ਕਹਿ ਕੇ ਆਪਣੇ ਪੈਰਾਂ ਹੇਠ ਦੱਬੀ ਰੱਖਣਾ ਚਾਹੁੰਦੇ ਹਨ। ਕਿਹਾ ਜਾਂਦਾ ਹੈ ਕਿ ਉਹ ਸਾਫ ਨਹੀਂ ਰਹਿੰਦੇ? ਇਸ ਦਾ ਜਵਾਬ ਸਾਫ ਹੈ, ਉਹ ਗਰੀਬ ਹਨ। ਗਰੀਬੀ ਦਾ ਇਲਾਜ ਕਰੋ। ਉੱਚੀਆਂ-ਉੱਚੀਆਂ ਕੁਲਾਂ ਦੇ ਗਰੀਬ ਲੋਕੀਂ ਕੋਈ ਘੱਟ ਗੰਦੇ ਨਹੀਂ ਹੁੰਦੇ। ਗੰਦਾ ਕੰਮ ਕਰਨ ਦਾ ਬਹਾਨਾ ਵੀ ਨਹੀਂ ਲੱਗ ਸਕਦਾ। ਮਾਵਾਂ ਬੱਚਿਆਂ ਦਾ ਗੰਦ ਸਾਫ ਕਰਨ ਨਾਲ ਚੂਹੜੀਆਂ ਤੇ ਅਛੂਤ ਨਹੀਂ ਹੋ ਜਾਂਦੀਆਂ।

ਪਰ ਇਹ ਕੰਮ ਉਨਾ ਚਿਰ ਨਹੀਂ ਹੋ ਸਕਦਾ, ਜਿੰਨਾ ਚਿਰ ਕਿ ਅਛੂਤ ਕੌਮਾਂ ਆਪਣੇ ਆਪ ਨੂੰ ਸੰਗਠਿਤ ਨਾ ਕਰ ਲੈਣ। ਅਸੀਂ ਤਾਂ ਸਮਝਦੇ ਹਾਂ ਕਿ ਉਨ੍ਹਾਂ ਦਾ ਆਪਣੇ ਆਪ ਨੂੰ ਵੱਖਰਾ ਜਥੇਬੰਦ ਕਰਨਾ ਤੇ ਮੁਸਲਮਾਨਾਂ ਦੇ ਬਰਾਬਰ ਗਿਣਤੀ ਵਿਚ ਹੋਣ ਕਰਕੇ ਉਹਨਾਂ ਦੇ ਬਰਾਬਰ ਹੱਕ ਹਕੂਕ ਮੰਗਣਾ ਬੜੀ ਆਸ਼ਾ ਜਨਕ ਤਹਿਰੀਕ ਹੈ। ਜਾਂ ਤੇ ਫਿਰਕਾਵਾਰਾਨਾ ਨਿਆਬੁਤ ਦਾ ਟੰਟਾ ਹੀ ਮੁਕਾਓ ਨਹੀਂ ਤੇ ਉਹਨਾਂ ਦੇ ਵੱਖਰੇ ਹਕੂਕ ਉਹਨਾਂ ਨੂੰ ਦੇਵੋ। ਕੌਂਸਲਾਂ ਤੇ ਅਸੈਂਬਲੀਆਂ ਦਾ ਫਰਜ਼ ਹੈ ਕਿ ਸਕੂਲ, ਕਾਲਜ, ਖੂਹ ਤੇ ਸੜਕਾਂ ਦੇ ਇਸਤੇਮਾਲ ਦੀ ਪੂਰੀ ਆਜ਼ਾਦੀ ਇਨ੍ਹਾਂ ਨੂੰ ਦੁਆਉਣ। ਜ਼ਬਾਨੀ ਹੀ ਨਹੀਂ, ਬਲਕਿ ਨਾਲ ਲੈ ਜਾ ਕੇ ਉਹਨਾਂ ਨੂੰ ਖੂਹਾਂ ਤੇ ਚੜ੍ਹਾਉਣ, ਨਾਲ ਲੈ ਜਾ ਕੇ ਉਹਨਾਂ ਦੇ ਮੁੰਡਿਆਂ ਨੂੰ ਮਦਰੱਸਿਆਂ ਵਿਚ ਭਰਤੀ ਕਰਾਉਣ। ਪਰ ਜਿਸ ਲੈਜਿਸਲੈਟਿਵ ਵਿਚ ਛੋਟੀ ਉਮਰ ਦੇ ਵਿਆਹ ਦੇ ਵਿਰੁੱਧ ਪੇਸ਼ ਕੀਤੇ ਗਏ ਬਿਲ ਤੇ ਮਜ਼ਹਬ ਦੇ ਬਹਾਨੇ ਲੈ ਕੇ ਹਾਏ ਤੌਬਾ ਮਚਾ ਦਿੱਤੀ ਜਾਂਦੀ ਹੈ, ਉਥੇ ਅਛੂਤਾਂ ਨੂੰ ਨਾਲ ਰਲਾਉਣ ਦੀ ਹਿੰਮਤ ਉਹ ਕਿਸ ਤਰ੍ਹਾਂ ਕਰ ਸਕਦੇ ਹਨ।

ਇਸੇ ਕਰਕੇ ਅਸੀਂ ਕਹਿੰਦੇ ਹਾਂ ਕਿ ਉਹਨਾਂ ਦੇ ਆਪਣੇ ਨੁਮਾਇੰਦੇ ਕਿਉਂ ਨਾ ਹੋਣ? ਉਹ ਆਪਣੀ ਵੱਖਰੀ ਤਾਦਾਦ ਕਿਉਂ ਨਾ ਮੰਗਣ? ਅਸੀਂ ਤਾਂ ਸਾਫ ਕਹਿੰਦੇ ਹਾਂ ਕਿ ਉੱਠੋ ਅਛੂਤ ਕਹਾਉਣ ਵਾਲੇ ਅਸਲੀ ਸੇਵਕੋ ਤੇ ਵੀਰੋ ਉੱਠੋ। ਆਪਣਾ ਇਤਿਹਾਸ ਦੇਖੋ। ਗੁਰੂ ਗੋਬਿੰਦ ਸਿੰਘ ਦੀ ਫੌਜ ਦੀ ਅਸਲੀ ਤਾਕਤ ਤੁਹਾਡੀ ਸੀ। ਸ਼ਿਵਾ ਜੀ ਤੁਹਾਡੇ ਆਸਰੇ ਹੀ ਇਹ ਸਭ ਕੁਝ ਕਰ ਸਕਿਆ, ਜਿਸ ਨਾਲ ਕਿ ਅੱਜ ਉਸ ਦਾ ਨਾਂ ਜਿੰਦਾ ਹੈ। ਤੁਹਾਡੀਆਂ ਕੁਰਬਾਨੀਆਂ ਸੋਨੇ ਦੇ ਅੱਖਰਾਂ ਵਿਚ ਲਿਖੀਆਂ ਹੋਈਆਂ ਸਨ। ਤੁਸੀਂ ਜੋ ਨਿੱਤ ਸੇਵਾ ਕਰਕੇ ਕੌਮ ਦੇ ਸੁਖ ਵਿਚ ਵਾਧਾ ਕਰਕੇ ਅਤੇ ਜਿੰਦਗੀ ਮੁਮਕਿਨ ਬਣਾ ਕੇ ਇਕ ਬੜਾ ਭਾਰੀ ਅਹਿਸਾਨ ਕਰ ਰਹੇ ਹੋ, ਉਸ ਨੂੰ ਅਸੀਂ ਲੋਕੀਂ ਨਹੀਂ ਸਮਝਦੇ। (ਲੈਂਡ ਐਲੀਨੇਸ਼ਨ ਐਕਟ) ਇੰਤਕਾਲੇ ਅਰਾਜ਼ੀ ਐਕਟ ਦੇ ਮੁਤਾਬਕ ਤੁਸੀਂ ਪੈਸੇ ਇਕੱਠੇ ਕਰਕੇ ਵੀ ਜ਼ਮੀਨ ਨਹੀਂ ਖਰੀਦ ਸਕਦੇ। ਤੁਹਾਡੇ 'ਤੇ ਇੰਨਾ ਜ਼ੁਲਮ ਹੋ ਰਿਹਾ ਹੈ ਕਿ ਅਮਰੀਕਾ ਦੀ ਮਿਸ ਮੇਯ (less than men) ਮਨੁੱਖਾਂ ਨਾਲੋਂ ਬਹੁਤ ਹੇਠਾਂ ਕਹਿੰਦੀ ਹੈ। ਉੱਠੋ ਆਪਣੀ ਤਾਕਤ ਪਛਾਣੋ। ਜਥੇਬੰਦ ਹੋ ਜਾਓ। ਅਸਲ ਵਿਚ ਤੇ ਤੁਹਾਡੇ ਆਪਣੇ ਯਤਨ ਕੀਤਿਆਂ ਬਿਨਾਂ ਤੁਹਾਨੂੰ ਕੁਝ ਵੀ ਨਹੀਂ ਮਿਲ ਸਕੇਗਾ। (Those who would be free must themselves stike the blow) ਆਜ਼ਾਦੀ ਦੀ ਖਾਤਰ ਆਜ਼ਾਦੀ ਚਾਹੁਣ ਵਾਲਿਆਂ ਨੂੰ ਯਤਨ ਕਰਨਾ ਚਾਹੀਦਾ ਹੈ। ਮਨੁੱਖ ਦੀ ਹੌਲੀ-ਹੌਲੀ ਕੁਝ ਇਹੋ ਜਿਹੀ ਆਦਤ ਹੋ ਗਈ ਹੈ ਕਿ ਆਪਣੇ ਵਾਸਤੇ ਤੇ ਉਹ ਹੱਕ ਮੰਗਣਾ ਚਾਹੁੰਦਾ ਹੈ ਪਰ ਜਿਹਨਾਂ 'ਤੇ ਉਸ ਦਾ ਆਪਣਾ ਦਬਦਬਾ ਹੋਵੇ, ਉਨ੍ਹਾਂ ਨੂੰ ਉਹ ਪੈਰਾਂ ਥੱਲੇ ਹੀ ਰੱਖਣਾ ਚਾਹੁੰਦਾ ਹੈ। ਇਸ ਕਰਕੇ ਲੱਤਾਂ ਦੇ ਭੂਤ ਗੱਲਾਂ ਨਾਲ ਨਹੀਂ ਮੰਨਿਆ ਕਰਦੇ। ਜਥੇਬੰਦ ਹੋ ਕੇ ਆਪਣੇ ਪੈਰਾਂ 'ਤੇ ਖਲੋ ਕੇ ਸਾਰੇ ਸਮਾਜ ਨੂੰ ਚੈਲੰਜ ਕਰ ਦਿਓ। ਦੇਖੋ ਤਾਂ ਫਿਰ ਕੌਣ ਤੁਹਾਡੇ ਹੱਕ ਦੇਣ ਤੋਂ ਇਨਕਾਰ ਕਰਨ ਦੀ ਜੁਰਅਤ ਕਰ ਸਕੇਗਾ। ਤੁਸੀਂ ਲੋਕਾਂ ਦੀ ਖੁਰਾਕ ਨਾ ਬਣੋ। ਦੂਜਿਆਂ ਦੇ ਮੂੰਹ ਵੱਲ ਨਾ ਤੱਕੋ। ਪਰ ਖਿਆਲ ਰੱਖਣਾ, ਨੌਕਰਸ਼ਾਹੀ ਦੇ ਝਾਂਸੇ ਵਿਚ ਵੀ ਨਾ ਆਉਣਾ। ਇਹ ਤੁਹਾਡੀ ਮਦਦ ਨਹੀਂ ਕਰਨਾ ਚਾਹੁੰਦੀ। ਬਲਕਿ ਤੁਹਾਨੂੰ ਆਪਣਾ ਟੂਲ ਬਣਾਉਣਾ ਚਾਹੁੰਦੀ ਹੈ। ਇਹ ਸਰਮਾਏਦਾਰ ਨੌਕਰਸ਼ਾਹੀ ਤੁਹਾਡੀ ਗੁਲਾਮੀ ਤੇ ਗਰੀਬੀ ਦਾ ਮੁੱਖ ਕਾਰਨ ਹੈ। ਇਸੇ ਕਰਕੇ ਉਸ ਨਾਲ ਤੁਸੀਂ ਨਾ ਮਿਲਣਾ। ਉਸ ਦੀਆਂ ਚਾਲਾਂ ਕੋਲੋਂ ਬਚਣਾ। ਬੱਸ ਫਿਰ ਸਾਰਾ ਕੰਮ ਬਣ ਜਾਵੇਗਾ। ਤੁਸੀਂ ਅਸਲੀ ਕਿਰਤੀ ਹੋ। ਕਿਰਤੀਓ ਜਥੇਬੰਦ ਹੋ ਜਾਓ। ਤੁਹਾਡਾ ਕੁਝ ਨੁਕਸਾਨ ਨਹੀਂ ਹੋਵੇਗਾ ਕੇਵਲ ਗੁਲਾਮੀ ਦੀਆਂ ਜ਼ੰਜੀਰਾਂ ਕੱਟੀਆਂ ਜਾਣਗੀਆਂ। ਉੱਠੋ ਮੌਜੂਦਾ ਨਿਜ਼ਾਮ ਦੇ ਵਿਰੁੱਧ ਬਗਾਵਤ ਖੜ੍ਹੀ ਕਰ ਦਿਓ। ਹੌਲੀ-ਹੌਲੀ ਸੁਧਾਰ ਤੇ ਰਿਫਾਰਮ ਨਾਲ ਕੁਝ ਨਹੀਂ ਬਣ ਸਕਦਾ। ਸਮਾਜਿਕ ਐਜੀਟੇਸ਼ਨ ਇਨਕਲਾਬ ਪੈਦਾ ਕਰ ਦਿਓ ਅਤੇ ਪੁਲੀਟੀਕਲ ਤੇ ਆਰਥਿਕ ਇਨਕਲਾਬ ਵਾਸਤੇ ਕਮਰ ਕੱਸੇ ਕਰ ਲਵੋ। ਤੁਸੀਂ ਹੀ ਤੇ ਮੁਲਕ ਦੀ ਜੜ੍ਹ ਹੋ, ਅਸਲੀ ਤਾਕਤ ਹੋ,

ਉੱਠੋ ਸੁੱਤੇ ਹੋਏ ਸ਼ੇਰੋ, ਵਿਦਰੋਹੀਓ ਵਿਪੱਲਵ ਜਾਂ ਵਿਦਰੋਹ ਖੜ੍ਹਾ ਕਰ ਦਿਓ।

# ਭਾਰਤ ਵਿਚ ਆਜ਼ਾਦੀ ਕੁਝ ਲੋਕਾਂ ਨੂੰ ਹੀ ਮਿਲੀ : ਪਾਸ਼

*ਨੋਟ: ਪਾਸ਼ ਨਾਲ ਇਹ ਇੰਟਰਵਿਊ ਮੈਂ 1987 ਵਿਚ ਉਦੋਂ ਆਪਣੇ ਘਰ ਕੀਤੀ ਸੀ ਜਦੋਂ ਉਹ ਅਮਰੀਕਾ ਤੋਂ ਹੋਕੇ ਲੰਡਨ ਆਇਆ ਸੀ। ਇਸ ਇੰਟਰਵਿਊ ਤੋਂ ਪਹਿਲਾਂ ਵੀ ਮੈਂ ਉਸ ਨੂੰ ਕਈ ਵੇਰ ਮਿਲ ਚੁੱਕਿਆ ਸਾਂ। ਇਹ ਗੱਲ ਮੈਨੂੰ ਬਾਅਦ ਵਿਚ ਹੀ ਪਤਾ ਚੱਲੀ ਸੀ ਕਿ ਉਹ ਦਰਅਸਲ ਅਮਰੀਕਾ ਜਾ ਕੇ ਟਿਕਣ ਅਤੇ ਕੰਮ ਕਰਨ ਦੀ ਕੋਸ਼ਸ਼ ਵਿਚ ਸੀ। ਪਾਸ਼ ਨੂੰ 23 ਮਾਰਚ 1988 ਵਾਲੇ ਦਿਨ ਉਸ ਦੇ ਆਪਣੇ ਪਿੰਡ ਵਿਚ ਕਤਲ ਕਰ ਦਿੱਤਾ ਗਿਆ ਸੀ।)*

ਸਾਥੀ ਲੁਧਿਆਣਵੀ-ਲੰਦਨ

**ਸਾਥੀ; ਇਸ ਦੇਸ਼ ਬਾਰੇ ਤੁਹਾਡਾ ਕੀ ਪ੍ਰਭਾਵ ਬਣਦੈ?**

ਪਾਸ਼; ਮੇਰੇ ਲਈ ਇਹ ਓਪਰੀ ਧਰਤੀ ਅਤੇ ਓਪਰੇ ਲੋਕ ਹਨ। ਇਹ ਮੈਨੂੰ ਬੜਾ ਵਧੀਆ ਮੁਲਕ ਲਗਿਐ। ਹਰ ਚੀਜ਼ ਨੇ ਵਿਚ ਬੱਧੀ ਹੋਈ, ਮੈਨੂੰ ਤਾਂ ਇਹ ਬੜੇ ਸਭਿਅਕ ਲੋਕ ਲੱਗੇ ਹਨ। ਚੰਗਾ ਸਭਿਆਚਾਰ ਹੈ।

**ਸਾਥੀ; ਸਭਿਆਚਾਰ ਤਾਂ ਸਭ ਤੋਂ ਪੁਰਾਣਾ ਹਿੰਦੁਸਤਾਨ ਦਾ ਹੀ ਮੰਨਿਆਂ ਜਾਂਦਾ ਹੈ ਤੇ ਤੁਸੀਂ ਇਹਨੂੰ ਹੀ ਬੜਾ ਵੱਡਾ ਸਭਿਆਚਾਰਕ ਦੇਸ਼ ਕਹਿ ਰਹੇ ਹੋ?**

ਪਾਸ਼; ਸਾਥੀ ਜੀ, ਸਭਿਆਚਾਰ ਆਪਣਾ ਪੁਰਾਣਾ ਬੇਸ਼ੱਕ ਹੋਊ ਪਰ ਸਲੀਕਾ ਹੈ ਨਹੀਂ ਜੀ ਉਥੇ। ਮਿਸਾਲ ਟ੍ਰੈਫਿਕ ਦੀ ਹੀ ਲੈ ਲਓ। ਇਥੇ ਪੈਦਲ ਚੱਲਣ ਵਾਲਿਆਂ ਨੂੰ ਵੀ ਵਿਸ਼ੇਸ਼ ਸਮਝਿਆ ਜਾਂਦਾ ਹੈ। ਸਾਡੇ ਮੁਲਕ ਵਿਚ ਤਾਂ ਕੋਈ ਪ੍ਰਵਾਹ ਹੀ ਨਹੀਂ ਕਰਦਾ। ਅਸੀਂ ਆਪਣੀਆਂ ਕਈ ਮਾੜੀਆਂ ਗੱਲਾਂ ਸਵੀਕਾਰ ਕਰ ਲਈਆਂ ਹੋਈਆਂ ਹਨ। ਟ੍ਰੈਫਿਕ ਦੀ ਤਾਂ ਇਕ ਮਿਸਾਲ ਹੀ ਹੈ। ਹੋਰ ਬਥੇਰਾ ਕੁਝ ਭੈੜਾ ਹੈ ਉਥੇ। ਉਂਝ ਵੀ ਇਥੇ ਖੁਸ਼ਹਾਲੀ ਬੜੀ ਹੈ ਜੀ।

**ਸਾਥੀ; ਇਹ ਇਕ ਸਰਮਾਏਦਾਰ ਮੁਲਕ ਹੈ। ਤੁਸੀਂ ਵੀ ਮੰਨੋਂਗੇ ਕਿ ਇਥੋਂ ਦੀ ਖੁਸ਼ਹਾਲੀ ਵਿਚ ਬਸਤੀਆਂ ਦੀ ਲੁੱਟੀ ਹੋਈ ਦੌਲਤ ਵੀ ਹੈ।**

ਪਾਸ਼; ਅਜੇ ਵੀ ਤਾਂ ਲੁੱਟ ਹੀ ਰਹੇ ਹਨ।

**ਸਾਥੀ; ਸਾਡੀ ਭਾਰਤ ਵਿਚ ਏਨੀ ਅਬਾਦੀ ਹੋਵੇ। ਹਿੰਮਤੀ ਵੀ ਹੋਈਏ। ਫਿਰ ਵੀ ਕਿਉਂ ਪਿੱਛੇ ਹਾਂ? ਤੁਸੀਂ ਚੀਨ ਦੀ ਹੀ ਮਿਸਾਲ ਲੈ ਲਓ, 1949 ਵਿਚ ਆਜ਼ਾਦ ਹੋ ਕੇ ਹੁਣ ਤੀਕ ਉਹ ਕਿਥੋਂ ਦੇ ਕਿਥੇ ਪੁਜ ਗਏ। ਰੂਸ ਨੇ 1917 ਦੇ ਇਨਕਲਾਬ ਤੋਂ ਬਾਅਦ ਸਟਾਲਿਨ ਤੀਕ ਹੀ ਕਾਫੀ ਤਰੱਕੀ ਕਰ ਲਈ ਸੀ ਪਰ ਅਸੀਂ ਇਕ ਥਾਂ ਖੜੋਤੇ ਹੋਏ ਸਟੈਗਨੈਟ ਹੋ ਰਹੇ ਹਾਂ। ਅਜਿਹਾ ਕਿਉਂ ਹੈ?**

ਪਾਸ਼; ਭਾਰਤ ਵਿਚ ਆਜ਼ਾਦੀ ਕੁਝ ਲੋਕਾਂ ਨੂੰ ਹੀ ਮਿਲੀ ਹੋਈ ਹੈ। ਤਾਕਤ ਬੁਰਜ਼ਵਾ ਜਮਾਤਾਂ ਦੇ ਹੱਥ ਵਿਚ ਹੈ। ਉਹਨਾਂ ਦਾ ਮਨੋਰਥ ਲੋਕ ਭਲਾਈ ਨਹੀਂ। ਰੂਸ ਤੇ ਚੀਨ ਵਿਚ ਤਾਕਤ ਲੋਕਾਂ ਦੇ ਹੱਥ ਵਿਚ ਹੈ। ਉਹਨਾਂ ਦੇ ਪ੍ਰਬੰਧ ਦਾ ਕੋਈ ਮੁਕਾਬਲਾ ਨਹੀਂ।

**ਸਾਥੀ; ਸਾਡੀ ਏਡੀ ਅਬਾਦੀ ਹੋਵੇ, ਮਿਹਨਤੀ ਵੀ ਹੋਈਏ, ਸੁਚੇਤ ਵੀ ਹੋਈਏ, ਫਿਰ ਵੀ ਸਾਡਾ ਕਿਉਂ ਇਹ ਹਾਲ ਹੈ? ਕਿਉਂ ਲੋਕੀਂ ਠੀਕ ਆਗੂ ਨਹੀਂ ਚੁਣ ਸਕੇ? ਕਿਉਂ ਲੋਕੀਂ ਠੀਕ ਸਰਕਾਰਾਂ ਨਹੀਂ ਬਣਾ ਸਕੇ?**

ਪਾਸ਼; ਮੈਨੂੰ ਪਤਾ ਹੈ ਕਿ ਤੁਹਾਡਾ ਇਸ਼ਾਰਾ ਕਿਧਰ ਹੈ। ਤੁਸੀਂ ਕਹਿਣਾ ਚਾਹੁੰਦੇ ਹੋ ਕਿ ਕਮਿਊਨਿਸਟ ਪਾਰਟੀਆਂ ਲੋਕ ਸਰਕਾਰਾਂ ਕਿਉਂ ਨਹੀਂ ਕਾਇਮ ਕਰ ਸਕੀਆਂ। ਦਰਅਸਲ ਸਾਥੀ ਜੀ, ਭਾਰਤ ਵਿਚ ਕਮਿਊਨਿਸਟ ਪਾਰਟੀਆਂ ਪਹਿਲਾਂ ਤੋਂ ਹੀ ਲਾਈ ਲੱਗ ਰਹੀਆਂ ਹਨ।

**ਸਾਥੀ; ਲਾਈਲੱਗ ਕਿਹਨਾਂ ਦੀਆਂ?**

ਪਾਸ਼; ਬਾਹਰਲੇ ਦੇਸ਼ਾਂ ਦੀਆਂ।

**ਸਾਥੀ; ਭਾਵ ਤੁਸੀਂ ਕਹਿ ਰਹੇ ਹੋ ਕਿ ਭਾਰਤ ਦੀਆਂ ਕਮਿਊਨਿਸਟ ਪਾਰਟੀਆਂ ਆਪਣੀਆਂ ਸਮੱਸਿਆਵਾਂ ਮਾਸਕੋ ਤੇ ਪੀਕਿੰਗ ਦਿਆਂ ਗਜ਼ਾਂ ਨਾਲ ਮਾਪ ਰਹੀਆਂ ਹਨ ਤੇ ਆਪਣੇ ਲੋਕਾਂ ਦੀ ਸਾਈਕੀ ਨੂੰ ਨਹੀਂ ਸਮਝ ਸਕੀਆਂ।**

ਪਾਸ਼; ਤੁਸੀਂ ਠੀਕ ਕਿਹਾ। ਇਹ ਨਹੀਂ, ਇਹ ਪਾਰਟੀਆਂ ਆਪਾ-ਪੜਚੋਲ ਕਰਨ ਵੇਲੇ ਵੀ ਬਾਹਰਲੀਆਂ ਮਿਸਾਲਾਂ ਹੀ ਦਿੰਦੀਆਂ ਹਨ। ਮਿਸਾਲ ਵਜੋਂ ਅਖੇ ਜੀ ਸਟਾਲਿਨ ਵੇਲੇ ਅਸੀਂ ਗਲਤ ਸੋਚ ਲਿਆ ਸੀ ਆਦਿ। ਰੂਸ ਨੇ ਤਾਂ ਆਪਣੇ ਪ੍ਰਸੰਗ ਵਿਚ ਮਾਰਕਸ ਨੂੰ ਜਿਉਂਦੇ ਢੰਗ ਨਾਲ ਸਿਸਟਮ 'ਤੇ ਅਪਲਾਈ ਕੀਤਾ ਤੇ ਅਸੀਂ ਮਕੈਨੀਕਲ ਢੰਗ ਨਾਲ ਕੀਤਾ ਤੇ ਗਿਣੇ ਮਿਥੇ ਪੈਮਾਨਿਆਂ ਨਾਲ। ਦੋਹਾਂ ਵਿਚ ਫਰਕ ਬੜਾ ਹੈ। ਏਸ ਕਰਕੇ ਭਾਰਤੀ ਲੋਕਾਂ ਉਤੇ ਵੀ ਇਹਨਾਂ ਪਾਰਟੀਆਂ ਦਾ ਇਹੋ ਪ੍ਰਭਾਵ ਰਿਹਾ ਹੈ ਕਿ ਐਵੇਂ ਬਾਹਰਲੇ ਲੋਕਾਂ ਦੇ ਪਿਛਲੱਗ ਹਨ। ਦੂਜੇ ਪਾਸੇ ਇਹ ਵੀ ਗੱਲ ਹੈ ਕਿ ਬੁਰਜਵਾ ਜਮਾਤਾਂ ਭਾਰਤ ਵਿਚ ਚਲਾਕ ਹੋ ਗਈਆਂ ਹਨ ਤੇ ਸਾਡੇ ਕਮਿਊਨਿਸਟਾਂ ਵਿਚ ਅਕਲ ਦੀ ਘਾਟ ਰਹੀ ਹੈ।

**ਸਾਥੀ; ਤੁਸੀਂ ਇਹ ਕਹਿ ਰਹੇ ਲਗਦੇ ਹੋ ਕਿ ਕਮਿਊਨਿਸਟ ਲਹਿਰਾਂ ਚੰਗੇ ਈਮਾਨਦਾਰ ਤੇ ਜੁਝਾਰੂ ਆਗੂ ਪੈਦਾ ਨਹੀਂ ਕਰ ਸਕੀਆਂ?**

ਪਾਸ਼; ਠੀਕ ਹੈ।

**ਸਾਥੀ; ਕੀ ਇਹ ਗੱਲ ਵੀ ਠੀਕ ਹੈ ਕਿ ਕਮਿਊਨਿਸਟਾਂ ਨੇ ਲੋਕਾਂ ਦੀ ਸਾਈਕੀ ਨੂੰ ਨਹੀਂ ਸਮਝਿਆ?**

ਪਾਸ਼; ਜੀ।

**ਸਾਥੀ; ਇਸੇ ਕਰਕੇ ਪੰਜਾਬ ਦੀ ਅੱਜ ਇਹ ਹਾਲਤ ਐ?**

ਪਾਸ਼; ਠੀਕ ਹੈ।

**ਸਾਥੀ; ਕੀ ਤੁਸੀਂ ਇਸ ਗੱਲ ਨਾਲ ਸਹਿਮਤ ਹੋ ਕਿ ਪੰਜਾਬ ਦੀ ਅਜੋਕੀ ਹਾਲਤ ਵਿਚੋਂ ਕਮਿਊਨਿਸਟਾਂ ਦੀ ਨਿਪੁੰਸਕਤਾ ਝਲਕਦੀ ਹੈ?**

ਪਾਸ਼; ਮੈਂ ਕਹਿੰਨਾ ਬਹੁਤ ਸਾਰੇ ਐਲੀਮੈਂਟਸ ਹੋਣਗੇ ਜਿਹਨਾਂ ਵਿਚੋਂ ਇਕ ਇਹ ਵੀ ਬਹੁਤ ਵੱਡਾ ਤੇ ਵਜ਼ਨਦਾਰ ਐਲੀਮੈਂਟ ਹੈ।

**ਸਾਥੀ; ਪਿਛਲੇ ਸਾਲ ਮੈਂ ਇਕ ਸਤਿਕਾਰਯੋਗ ਦੋਸਤ ਤੇ ਕਾਮਰੇਡ ਨੂੰ ਇੰਟਰਵਿਊ ਕੀਤਾ ਸੀ। ਉਹਨਾਂ ਨੇ ਕਿਹਾ ਕਿ ਪੰਜਾਬ ਵਿਚ ਸੌ ਵਿਚੋਂ ਛਿਆਨਵੇਂ ਸਿੱਖ ਗੁਰਦਵਾਰਿਆਂ ਵਿਚ ਬੈਠੇ ਹਨ। ਯਾਨੀ ਧਾਰਮਕ ਝੁਕਾਅ ਵਾਲੇ ਹਨ। ਅਸੀਂ ਸਿਰਫ ਚਾਰ ਫੀਸਦੀ ਸਾਂਭੀ ਬੈਠੇ ਹਾਂ। ਸਗੋਂ ਸਾਨੂੰ ਫਿਕਰ ਹੈ ਕਿ ਕਿਧਰੇ ਇਹ ਚਾਰ ਵੀ ਨਾ ਗੁਆ ਬੈਠੀਏ। ਕੀ ਤੁਸੀਂ ਇਸ ਗੱਲ ਨਾਲ ਸਹਿਮਤ ਹੋ?**

ਪਾਸ਼; ਮੈਨੂੰ ਨਹੀਂ ਇਦਾਂ ਲਗਦਾ। ਉਹਨਾਂ ਵਲੋਂ ਭਾਵ ਛਿਆਨਵਿਆਂ ਵਿਚੋਂ ਹੀ ਟੁਟਣਗੇ।

**ਸਾਥੀ; ਉਹ ਕਿਉਂ ਟੁਟਣਗੇ ਜੀ? ਉਹਨਾਂ ਨੂੰ ਤੁਸੀਂ ਕੀ ਦਲੀਲ ਦਿੰਦੇ ਹੋ ਤੋੜਨ ਵਾਸਤੇ?**

ਪਾਸ਼; ਉਹਨਾਂ ਨੂੰ ਤੋੜਨ ਲਈ ਕਮਿਊਨਿਸਟ ਪਾਰਟੀਆਂ ਵਲੋਂ ਬੜੀ ਸਟਰਗਲ ਹੋ ਰਹੀ ਹੈ। ਕਿੰਨੇ ਹੀ ਕਮਿਊਨਿਸਟ ਪਾਰਟੀਆਂ ਵਲੋਂ ਜਨੂੰਨਵਾਦ ਨਾਲ ਬੜੀ ਫਾਈਟ ਹੋ ਰਹੀ ਹੈ। ਸੀ.ਪੀ.ਆਈ. ਜਿਸ ਤੋਂ ਉਮੀਦ ਹੀ ਨਹੀਂ ਸੀ, ਵੀ ਤਕੜਾ ਆਹਢਾ ਲੈ ਰਹੀ ਹੈ। ਸੀ.ਪੀ.ਆਈ. (ਐਮ.ਐਲ.) ਨੇ ਵੀ ਤੇ ਸੀ.ਪੀ.ਐਮ. ਨੇ ਵੀ। ਪਰ ਸੀ.ਪੀ.ਐਮ. ਬਾਰੇ ਮੈਂ ਬਹੁਤਾ ਸੰਤੁਸ਼ਟ ਨਹੀਂ ਹਾਂ। ਵੈਸੇ ਉਹਨਾਂ ਨੇ ਨਾਂਹ ਪੱਖੀ ਰੋਲ ਵੀ ਅਦਾ ਨਹੀਂ ਕੀਤਾ।

**ਸਾਥੀ; ਤੁਸੀਂ ਛਿਆਨਵੇਂ ਫੀਸਦੀ ਜਿਸ ਨਾਲ ਮੈਂ ਖੁਦ ਸਹਿਮਤ ਨਹੀਂ ਹਾਂ ਕਿ ਏਨੇ ਲੋਕ ਅਗਾਂਹਵਧੂ ਲਹਿਰਾਂ ਤੋਂ ਬੇਮੁਖ ਹੋ ਸਕਦੇ ਹਨ, ਨੂੰ ਆਪਣੇ ਵਲ ਖਿੱਚਣ ਦੀ ਜਦੋ ਜਹਿਦ ਦੀ ਗੱਲ ਕੀਤੀ ਹੈ ਪਰ ਅੱਜ ਜ਼ਮਾਨਾ ਮੀਡੀਆ ਤੇ ਪਬਲਿਸਿਟੀ ਦਾ ਹੈ। ਕੀ ਕਮਿਊਨਿਸਟਾਂ ਕੋਲ ਅਜਿਹੇ ਮਾਧਿਅਮ ਹੈਨ?**

ਪਾਸ਼; ਭਾਰਤ ਦਾ ਵਧੇਰੇ ਮਾਧਿਅਮ ਬੁਰਜਵਾਜ਼ੀ ਕੋਲ ਹੈ।

**ਸਾਥੀ; ਤੁਸੀਂ ਕਿਹਾ ਕਿ ਪੰਜਾਬ ਵਿਚ ਕਮਿਊਨਿਸਟ ਪਾਰਟੀਆਂ ਦੀ ਚੜ੍ਹਤ ਵਿਚ ਵਾਧਾ ਹੋ ਰਿਹਾ ਹੈ ਤੇ ਲੋਕਾਂ ਨੂੰ ਆਪਣੇ ਵਲ ਖਿੱਚ ਰਹੀਆਂ ਹਨ ਪਰ ਸਾਨੂੰ ਇਧਰ ਕੋਈ ਅਜਿਹੀ ਖਬਰ ਨਹੀਂ ਪਹੁੰਚਦੀ। ਕਮਿਊਨਿਸਟ ਅਖਬਾਰਾਂ ਲੋਕ ਪ੍ਰਿਯ ਕਿਉਂ ਨਹੀਂ?**

ਪਾਸ਼; ਪੰਜਾਬੀ ਦੀਆਂ ਕਮਿਊਨਿਸਟ ਅਖਬਾਰਾਂ ਨੂੰ ਉਹਨਾਂ ਦਾ ਆਪਣਾ ਕੈਡਰ ਹੀ ਪੜ੍ਹਦਾ ਹੈ। ਉਹਨਾਂ ਵਿਚ ਫਲਾਣੇ ਸਾਥੀ ਦਾ ਬਿਆਨ ਤੇ ਫਲਾਣੇ ਸਾਥੀ ਦੇ ਖਤ ਹੀ ਛਪਦੇ ਹਨ ਤੇ ਸਾਥੀ ਲੋਕ ਹੀ ਪੜ੍ਹਕੇ ਰਿਐਕਸ਼ਨ ਕਰਦੇ ਹਨ। ਤੁਸੀਂ ਰਾਤ ਦੀ ਮਹਿਫਲ ਵਿਚ ਆਪਣੀ ਇਕ ਗਜ਼ਲ ਪੜ੍ਹੀ ਸੀ ਜਿਸ ਦਾ ਸ਼ੇਅਰ ਸੀ, 'ਜਿਹੜੇ ਨਾ ਲਿਖਦੇ ਗੱਲ ਹਾਦਸਿਆਂ ਦੀ, ਵਿਕਦੇ ਉਹ ਅਖਬਾਰ ਹੌਲੀ ਹੌਲੀ।' ਬਸ ਇੰਝੇ ਸਮਝੋ ਕਿ ਕਮਿਊਨਿਸਟ ਅਖਬਾਰਾਂ ਲੋਕਾਂ ਦੀ ਦਿਲਚਸਪੀ ਦੀਆਂ ਗੱਲਾਂ ਨਹੀਂ ਲਿਖਦੀਆਂ। ਇਹ ਲੋਕਾਂ ਦੀਆਂ ਅਖਬਾਰਾਂ ਬਣ ਹੀ ਨਹੀਂ ਸਕੀਆਂ। ਉਂਝ ਬੁਰਜਵਾ ਪ੍ਰੈਸ ਦੀ ਇਕ ਚਾਲ ਜਿਹੀ ਵੀ ਹੈ ਕਿ ਇਸ ਲੜਾਈ ਵਿਚੋਂ ਕਿਤੇ ਕਾਮਰੇਡ ਨਾਮਣਾ ਨਾ ਖੱਟ ਜਾਣ। ਸੋ ਉਹਨਾਂ ਦੀ ਕੋਸ਼ਿਸ਼ ਇਹੋ ਹੁੰਦੀ ਹੈ ਕਿ ਕਮਿਊਨਿਸਟ ਪਾਰਟੀਆਂ ਦੀ ਖਬਰ ਨੂੰ ਡਿਸਟੋਰਟ ਕਰਕੇ ਛਾਪਦੇ ਹਨ। ਕਾਮਰੇਡਾਂ ਦੇ ਆਪਸੀ ਵਖਰੇਵਿਆਂ ਨੂੰ ਉਛਾਲਦੇ ਹਨ। ਇਹਨਾਂ ਦੀ ਕੰਮ ਦੀ ਖਬਰ ਉਹ ਲਾਉਂਦੇ ਹੀ ਨਹੀਂ। ਮੈਂ ਤੁਹਾਨੂੰ ਇਕ ਮਿਸਾਲ ਦਿੰਦਾ ਹਾਂ। ਅੱਤਵਾਦੀਆਂ ਨੇ ਇਕ ਨਕਸਲੀਆਂ ਦਾ ਬੰਦਾ ਮਾਰ ਦਿੱਤਾ। ਮਾਰ ਕੇ ਉਹਨਾਂ ਇਸ਼ਤਿਹਾਰ ਵੀ ਵੰਡ ਦਿੱਤੇ ਕਿ ਜਿਹੜਾ ਉਹਦੀ ਅਰਥੀ ਨਾਲ ਗਿਆ, ਉਹਦੇ ਨਾਲ ਅਸੀਂ ਸਿੱਝਾਂਗੇ। ਪਰ ਤਿੰਨ ਚਾਰ ਪਿੰਡਾਂ ਦੇ ਲੋਕ ਗਏ। ਅਗਾਂਹ ਵਧੂ ਲਹਿਰਾਂ ਵਿਚ ਕੋਈ ਗੱਲ ਸੀ ਤਾਂ ਹੀ ਗਏ। ਖ਼ੈਰ ਬੀ.ਐਮ.ਐਫ. ਤੇ ਪੰਜਾਬ ਪੁਲੀਸ ਦੇ ਟੈਰਰ ਦੇ ਬਾਵਜੂਦ ਉਹਨਾਂ ਨੇ ਉਹ ਬੰਦੇ ਭਾਲ਼ੇ ਤੇ ਤਿੰਨਾਂ ਵਿਚੋਂ ਦੋ ਮਾਰ ਦਿੱਤੇ। ਤੀਜੇ ਦੀ ਪਿੱਠ ਵਿਚ ਗੋਲੀ ਲੱਗੀ। ਇਹ ਖਬਰ ਉਹਨਾਂ ਸਾਰੀਆਂ ਅਖਬਾਰਾਂ ਨੂੰ ਸਰਕੂਲੇਟ ਕੀਤੀ। ਤੁਸੀਂ ਹੈਰਾਨ ਹੋਵੋਂਗੇ ਕਿ 'ਜੱਗਬਾਣੀ' ਤੋਂ ਸਿਵਾਏ ਕਿਸੇ ਨੇ ਵੀ ਇਹ ਖਬਰ ਨਹੀਂ ਲਾਈ। ਕਮਿਊਨਿਸਟ ਅਖਬਾਰਾਂ ਨੇ ਤਾਂ ਖੈਰ ਲਾਉਣੀ ਹੀ ਸੀ। ਸੋ ਇਹ ਸੋਚੀ ਸਮਝੀ ਚਾਲ ਵੀ ਹੋ ਸਕਦੀ ਹੈ ਕਿ ਕਿਧਰੇ ਕਾਮਰੇਡ ਨਾ ਨਾਮਣਾ ਖੱਟ ਜਾਣ ਇਸ ਲੜਾਈ ਵਿਚੋਂ।

**ਸਾਥੀ; ਪੰਜਾਬ ਵਿਚ ਕਮਿਊਨਿਸਟਾਂ ਦਾ ਰੋਲ ਕਾਫੀ ਸੀਮਤ ਹੈ ਫਿਰ ਵੀ।**

ਪਾਸ਼; ਬੜੀ ਸੀਮਤ ਜਿਹੀ ਕੋਸ਼ਿਸ਼ ਹੈ ਜੀ ਪਰ ਗੱਲ ਭਾਵੁਕ ਜਿਹੀ ਵੀ ਹੈ। ਲੜਨਾ ਸੌਖਾ ਵੀ ਨਹੀਂ। ਵੱਖਵਾਦੀਆਂ ਦਾ ਵਿਰੋਧ ਕਰੋ ਤਾਂ ਸਰਕਾਰ ਦੇ ਏਜੰਟ ਕਹਿ ਕੇ ਭੰਡਦੇ ਹਨ। ਮਨੁੱਖਤਾ ਦੇ ਏਜੰਟ ਉਹ ਕਦੇ ਨਹੀਂ ਆਖਦੇ।

**ਸਾਥੀ; ਝੂਠੀਆਂ ਤੁਹਮਤਾਂ ਅਜਕਲ ਬੜੀਆਂ ਲੱਗ ਰਹੀਆਂ ਹਨ। ਵੀਅਤਨਾਮ ਵਿਚ ਸਿਤਮ ਹੋਵੇ, ਨਿਕਰਾਗੂਆ ਤੇ ਐਲ ਸਲਵਾਡੋਰ ਵਿਚ ਜ਼ੁਲਮ ਢਹੇ, ਤੇ ਉਸ ਦੀ ਗੱਲ ਕਰੋ ਤਾਂ ਵੱਡੇ ਕਾਮਰੇਡ ਹੋ ਗਏ ਪਰ ਦਿੱਲੀ ਵਿਚ ਕਤਲ ਹੋਏ ਸਿੱਖਾਂ ਬਾਰੇ ਨਾਅਰਾ ਮਾਰੀਏ ਤਾਂ ਖਾਲਿਸਤਾਨੀ ਹੋ ਗਏ। ਪੰਜਾਬ ਵਿਚੋਂ ਹਿੰਦੂ ਭੱਜੇ ਜਾਂ ਹਰਿਆਣੇ ਤੇ ਹੋਰ ਹਿੰਦੁਸਤਾਨ ਵਿਚੋਂ ਸਿੱਖ ਭੱਜੇ ਜਾਂ ਕਤਲ ਹੋਏ ਯਾਨੀ ਮਾਈਨੌਰਿਟੀ ਦੀ ਹੱਤਿਆ ਹੋਵੇ ਤਾਂ ਹਰ ਅਗਾਂਹ ਵਧੂ ਬੰਦੇ ਨੂੰ ਇਸ ਦਾ ਖੰਡਨ ਕਰਨਾ ਚਾਹੀਦਾ ਹੈ। ਕੁਝ ਲੋਕ ਇਸ ਦੁਖੀ ਦੌਰ ਵਿਚੋਂ ਸਿਆਸੀ ਖੱਟੀ ਖੱਟ ਰਹੇ ਹਨ ਤੇ ਸ਼ਰਾਰਤਾਂ ਕਰਦੇ ਹਨ। ਹੋਰਨਾਂ ਨੇ ਤੇ ਤੁਸੀਂ ਵੀ ਦੱਸਿਆ ਕਿ 'ਜੱਗਬਾਣੀ' ਵਿਚ ਮੇਰੇ ਬਾਰੇ ਊਲ ਜਲੂਲ ਲਿਖਿਆ ਗਿਆ ਸੀ ਕਿ ਮੈਂ ਗੰਗਾ ਸਿੰਘ ਢਿਲੋਂ ਨੂੰ ਵਾਸ਼ਿੰਗਟਨ ਵਿਚ ਇੰਟਰਵਿਊ ਕਰਕੇ ਮਾੜਾ ਕੀਤਾ ਹੈ ਤੇ ਵੱਖਵਾਦੀਆਂ ਦਾ ਪੱਖ ਪੂਰਿਆ ਹੈ। ਕਮਾਲ ਹੈ ਇਕ ਜਰਨਲਿਸਟ ਕਿਸੇ ਸਬਜੈਕਟ ਨੂੰ ਇੰਟਰਵਿਊ ਕਰਕੇ ਉਹਦੇ ਖਿਆਲਾਂ ਦਾ ਕਿੱਦਾਂ ਹੋ ਸਕਦਾ ਹੈ?**

ਪਾਸ਼; ਏਸ ਅਖਬਾਰ ਦੇ ਮਾਲਕਾਂ ਦਾ ਪੰਜਾਬ ਦੀ ਘਿਨਾਉਣੀ ਜੰਗ ਵਿਚ ਬਹੁਤ ਵੱਡਾ ਰੋਲ ਹੈ। ਉਧਰ ਦੂਜੀਆਂ ਅਖਬਾਰਾਂ ਨੇ ਵੀ ਘੱਟ ਨਹੀਂ ਕੀਤੀ। ਖੈਰ ਏਸ ਅਖਬਾਰ ਨੇ ਤਾਂ ਹਿੰਦੀ ਲਿਖਾਉਣ ਲਈ ਪਰਚਾਰ ਕੀਤਾ ਸੀ। ਤੁਸੀਂ ਇਦਾਂ ਦੀਆਂ ਅਖਬਾਰਾਂ ਨੂੰ ਸੀਰੀਅਸਲੀ ਨਾ ਲਿਆ ਕਰੋ। ਸਗੋਂ ਤੁਸੀਂ ਇਥੇ ਕੋਈ ਆਪਣਾ ਮਾਧਿਅਮ ਪੈਦਾ ਕਰੋ। ਤੁਹਾਡੀ ਗੁਰਸ਼ਰਨ ਭਾਜੀ ਦੀ ਇੰਟਰਵਿਊ ਵਿਚ ਉਹ ਇਹ ਸੁਝਾਅ ਦੇ ਕੇ ਗਏ ਸਨ। ਤੁਸੀਂ ਇਥੇ ਬਹੁਤ ਬਹੁਤ ਜਣੇ ਹੋ। ਪੈਸੇ ਵੀ ਹੈਗੇ ਤੁਹਾਡੇ ਕੋਲ। ਸਾਥੀ ਜੀ, ਤੁਹਾਨੂੰ ਸਥਾਪਤ ਹੋਣ ਦੀ ਵੀ ਲੋੜ ਨਹੀਂ। ਤੁਸੀਂ ਸਥਾਪਤ ਲੇਖਕ ਹੋ। ਤੁਹਾਡੀ ਕਲਮ ਦੀ ਲੋੜ ਇਥੋਂ ਦੀਆਂ ਅਖਬਾਰਾਂ ਨੂੰ ਹੋਊ। ਤੁਹਾਨੂੰ ਉਹਨਾਂ ਦੀ ਨਹੀਂ। ਤੁਸੀਂ ਉਹਨਾਂ ਅਖਬਾਰਾਂ ਦਾ ਬਾਈਕਾਟ ਕਰੋ ਜਿਹੜੀਆਂ ਲੋਕਾਂ ਵਿਚ ਪਾੜਾ ਪਾਉਂਦੀਆਂ ਹਨ।


ਪਾਸ਼ ਨਾਲ ਇਕ ਯਾਦਗਾਰੀ ਇੰਟਰਵਿਊ

**ਸਾਥੀ; ਮੈਂ ਕਿਸੇ ਵੀ ਲੋਕ ਵਿਰੋਧੀ ਅਖਬਾਰ ਦੀ ਪਾਲਸੀ ਦਾ ਸਮਰਥੱਕ ਨਹੀਂ ਹਾਂ। ਮੈਂ ਮਾਧਿਅਮ ਦੀ ਇਥੇ ਘਾਟ ਹੋਣ ਕਾਰਨ ਆਪਣੀ ਗੱਲ ਜ਼ਰੂਰ ਕਹਿੰਦਾ ਹਾਂ ਤੇ ਇਹ ਲੋਕਾਂ ਤਕ ਪਹੁੰਚਦੀ ਹੈ। ਇਹ ਅਖਬਾਰਾਂ ਮੇਰਾ ਲਿਖਿਆ ਕਟਦੀਆਂ ਨਹੀਂ। ਇਥੇ ਇਹਨਾਂ ਦਾ ਬਦਲ ਵੀ ਨਹੀਂ। ਸੋ ਇਕ ਅਖਬਾਰ ਸਿੱਖ ਪੱਖੀ ਹੈ ਤਾਂ ਦੂਜੀ ਹਿੰਦੂ ਪੱਖੀ ਤੇ ਕਾਂਗਰਸ ਪੱਖੀ ਹੈ ਤੇ ਪ੍ਰਗਤੀਵਾਦ ਦਾ ਵਿਰੋਧ ਕਰਨ ਵਾਲੀ ਹੈ। ਮੇਰੇ ਖਿਆਲ ਵਿਚ ਜੇਕਰ ਕੋਈ ਹੋਰ ਮਾਧਿਅਮ ਨਾ ਹੋਵੇ ਤਾਂ ਚਾਲੂ ਮਾਧਿਅਮ ਵਰਤ ਕੇ ਆਪਣੀ ਗੱਲ ਕਰ ਲੈਣੀ ਚਾਹੀਦੀ ਹੈ।**

ਪਾਸ਼; ਤੁਸੀਂ ਹੋਰ ਕੋਈ ਮਾਧਿਅਮ ਵਰਤੋ।

**ਸਾਥੀ; ਕਿਹੜਾ?**

ਪਾਸ਼; ਹੋਰ ਕੋਈ ਹੈ ਹੀ ਨਹੀਂ?

**ਸਾਥੀ; ਮੈਨੂੰ ਤਾਂ ਕੋਈ ਨਹੀਂ ਦਿਸਦਾ ਜਿਹੜਾ ਅਗਾਂਹ ਵਧੂ ਹੋਵੇ।**

ਪਾਸ਼; ਤੁਸੀਂ ਆਪਣਾ ਮਾਧਿਅਮ ਪੈਦਾ ਕਰੋ।

**ਸਾਥੀ; ਇਹ ਤਾਂ ਪਿਆਸ ਲੱਗਣ 'ਤੇ ਖੂਹ ਪੁੱਟਣ ਵਾਲੀ ਗੱਲ ਹੈ। ਏਸ ਮੁਲਕ ਵਿਚ ਇਹ ਗੱਲ ਏਨੀ ਸੌਖੀ ਨਹੀਂ। ਪੰਜਾਬ ਸੜ ਰਿਹਾ ਹੈ। ਅਸੀਂ ਬੰਸਰੀ ਕਿਉਂ ਵਜਾਈ ਜਾਈਏ? ਇਹਨਾਂ ਪੇਪਰਾਂ ਵਿਚ ਅਸੀਂ ਉਸਾਰੂ ਗੱਲ ਕਰਦੇ ਹਾਂ। ਅਸੀਂ ਜਨੂੰਨਵਾਦ ਦੇ ਸਮਰਥਕ ਨਹੀਂ ਹਾਂ।**

ਪਾਸ਼; ਏਸ ਗੱਲ ਦਾ ਤਾਂ ਮੈਨੂੰ ਵਿਸ਼ਵਾਸ ਹੈ ਕਿ ਤੁਸੀਂ ਵੱਖਵਾਦ ਦੇ ਸਮਰਥਕ ਨਹੀਂ ਹੋ। ਕੱਲ ਸਾਡੇ ਇਕ ਪੁਰਾਣੇ ਸਾਥੀ ਜਿਹੜੇ ਅੱਜ ਕੱਲ ਇਥੇ ਰਹਿ ਰਹੇ ਹਨ, ਨੇ ਦਸਿਆ ਸੀ ਕਿ ਜੀ ਅਸੀਂ ਤਾਂ ਲਕੀਰ ਖਿੱਚੀ ਹੋਈ ਹੈ ਕਿ ਜਿਹੜਾ 'ਦੇਸ ਪਰਦੇਸ' ਲਈ ਲਿਖੇ ਉਹ ਖਾਲਿਸਤਾਨੀ, ਜਿਹੜਾ ਨਾ ਲਿਖੇ ਉਹ ਨਹੀਂ। ਭਾਜੀ, ਮੈਨੂੰ ਤਾਂ ਇਹ ਦਲੀਲ ਕੋਈ ਚੰਗੀ ਨਹੀਂ ਲੱਗੀ। ਪ੍ਰਗਤੀਵਾਦੀ ਸੋਚ ਵਾਲਿਆਂ ਨੂੰ ਇਹ ਗੱਲਾਂ ਨਹੀਂ ਜਚਦੀਆਂ।

**ਸਾਥੀ; ਤੁਹਾਡੇ ਉਸੇ ਸਾਥੀ ਨੇ 'ਦੇਸ ਪਰਦੇਸ' ਵਿਚ ਕੰਮ ਕੀਤਾ ਤੇ ਉਹਦੇ ਸੰਪਾਦਕ ਰਾਹੀਂ ਆਪਣਾ ਪਾਸਪੋਰਟ ਸਿੱਧਾ ਕਰਵਾਇਆ। 'ਦੇਸ ਪਰਦੇਸ' ਦੀ ਪਾਲਸੀ ਤਾਂ ਪਹਿਲਾਂ ਤੋਂ ਹੀ ਪਰੋ-ਸਿਖ ਹੈ ਜਿਸ ਨਾਲ ਮੈਂ ਫਿਰ ਕਹਿੰਦਾ ਹਾਂ ਕਿ ਮੈਂ ਸਹਿਮਤ ਨਹੀਂ ਹਾਂ। ਪੰਜਾਬੀ ਦੀਆਂ ਅਖਬਾਰਾਂ ਦੀ ਪਾਲਸੀ ਪਰੋ-ਪੰਜਾਬੀ ਹੋਣੀ ਚਾਹੀਦੀ ਹੈ। ਇਹ ਮੁਨੱਖਵਾਦੀ ਗੱਲ ਕਰਨ। ਉਹ ਸੈਕੂਲਰ ਹੋਣ।**

ਪਾਸ਼; ਰਾਤੀਂ ਇਥੇ ਤੁਸੀਂ ਗੱਲ ਕਰਦੇ ਸੀ ਕਿ ਛਪਾਈ ਦੇ ਹਿਸਾਬ ਨਾਲ 'ਦੇਸ ਪਰਦੇਸ' ਹੀ ਸਭ ਤੋਂ ਵਧ ਛਪਦਾ ਹੈ।

**ਸਾਥੀ; ਇਹ ਠੀਕ ਹੈ। ਜੇ ਲੋਕਾਂ ਤੱਕ ਪਹੁੰਚਣਾ ਹੈ ਤਾਂ ਇਸੇ ਰਾਹੀਂ ਹੀ ਪੁੱਜਿਆ ਜਾ ਸਕਦਾ ਹੈ। ਇਥੋਂ ਦੇ ਕੁਝ ਪੇਪਰਾਂ ਨੂੰ ਪੜ੍ਹਨ ਵਾਲੇ ਵੀ ਉਸੇ ਤਰ੍ਹਾਂ ਦੇ ਹਨ ਜਿਹੋ ਜਿਹੇ ਤੁਸੀਂ ਆਪਣੀ ਗੱਲਬਾਤ ਵਿਚ ਜ਼ਿਕਰ ਕੀਤਾ ਕਿ ਕਮਿਊਨਿਸਟ ਅਖਬਾਰਾਂ ਨੂੰ ਪੜ੍ਹਨ ਵਾਲੇ ਵੀ ਉਹੋ ਹੀ ਬੰਦੇ ਹਨ ਜੋ ਆਪਸ ਵਿਚ ਵਾਹ ਵਾਹ ਕਰ ਛੱਡਦੇ ਹਨ। 'ਦੇਸ ਪਰਦੇਸ' ਦਾ ਸਾਧਨ ਵਰਤ ਕੇ ਅਸੀਂ ਏਕੇ ਅਤੇ ਮਨੁੱਖਵਾਦ ਦੀ ਗੱਲ ਕਰਦੇ ਹਾਂ।**

ਪਾਸ਼; ਮੈਂ ਇਹ ਗੱਲ ਕਦੇ ਨਹੀਂ ਵੇਖੀ ਕਿ ਦੁਸ਼ਮਣ ਦਾ ਹਥਿਆਰ ਵਰਤ ਕੇ ਕੋਈ ਕਾਮਯਾਬ ਹੋਇਆ ਹੋਵੇ। ਮੇਰੀ ਆਪਣੀ ਨੀਤੀ ਇਹ ਹੈ ਕਿ ਮੈਂ ਦੁਸ਼ਮਣ ਦਾ ਮਾਧਿਅਮ ਨਹੀਂ ਵਰਤਦਾ। ਮੈਂ ਕਦੇ ਰੇਡੀਓ, ਟੀਵੀ ਤੋਂ ਨਹੀਂ ਬੋਲਿਆ ਕਿਉਂਕਿ ਇਸ ਉਤੇ ਬੋਲ ਕੇ ਅਸੀਂ ਰੂਲਿੰਗ ਕਲਾਸ ਦੇ ਖਿਲਾਫ ਨਹੀਂ ਬੋਲ ਸਕਦੇ। ਦੇਸ਼ ਵਿਚ ਇਹ ਮਾਧਿਅਮ ਹਕੂਮਤ ਦੇ ਬੁਲਾਰੇ ਹਨ।

**ਸਾਥੀ; ਇਹ ਠੀਕ ਹੈ ਕਿ ਭਾਰਤ ਦਾ ਰੇਡੀਓ ਤੇ ਟੀਵੀ ਹਕੂਮਤ ਦੇ ਅਧੀਨ ਹੈ ਪਰ ਕੀ ਇਹ ਠੀਕ ਨਹੀਂ ਹੋਵੇਗਾ ਕਿ ਤੁਸੀਂ ਉਹਨਾਂ ਦੇ ਸਾਧਨ ਵਰਤ ਕੇ ਲੋਕਾਂ ਤੀਕ ਆਪਣੀ ਗੱਲ ਪੁਜਾ ਸਕੋਂ? ਤੁਸੀਂ ਆਪਣਾ ਟੀਵੀ, ਰੇਡੀਓ ਵੀ ਤਾਂ ਕਾਇਮ ਕਰ ਸਕਦੇ ਹੋ।**

ਪਾਸ਼; ਇਹ ਸਾਧਨ ਵਰਤਣ ਵਾਸਤੇ ਮੈਨੂੰ ਆਪਣੇ ਆਪ ਨੂੰ ਕਿਹੋ ਜਿਹਾ ਬਣਾਉਣਾ ਪਊ? ਇਹ ਵੀ ਪਤਾ ਮੈਨੂੰ।

**ਸਾਥੀ; ਪਰ ਤੁਸੀਂ ਆਪਣੀ ਨਜ਼ਮ ਜਾਂ ਖਿਆਲ ਦੱਸ ਕੇ ਉਹਨਾਂ ਜਿਹੇ ਕਿੱਦਾਂ ਹੋ ਜਾਵੋਂਗੇ?**

ਪਾਸ਼; ਪਰ ਉਹ ਮੈਨੂੰ ਆਪਣੇ ਖਿਆਲ ਦੱਸ ਲੈਣ ਦੇਣਗੇ?

**ਸਾਥੀ; ਤੁਸੀਂ ਕੋਸ਼ਿਸ਼ ਨਹੀਂ ਕੀਤੀ ਲਗਦੀ।**

ਪਾਸ਼; ਉਹਨਾਂ ਨੇ ਕਈ ਵੇਰੀ ਲਿਖਿਆ ਕਿ ਤੁਸੀਂ ਤਿੰਨ ਜਾਂ ਚਾਰ ਕਵਿਤਾਵਾਂ ਭੇਜੋ ਤਾਂ ਜੁ ਅਸੀਂ ਦੇਖ ਸਕੀਏ ਕਿ ਕਦੋਂ ਆਓ ਤੇ ਕਿਹੜੀਆਂ ਕਵਿਤਾਵਾਂ ਬੋਲੋਂ।

**ਸਾਥੀ; ਫਿਰ ਤੁਸੀਂ ਭੇਜੀਆਂ?**

ਪਾਸ਼; ਨਹੀਂ।

**ਸਾਥੀ; ਫਿਰ ਤੁਸੀਂ ਇਕ ਟੁੱਕ ਕਿਵੇਂ ਕਹਿ ਸਕਦੇ ਹੋ ਕਿ ਉਹ ਤੁਹਾਨੂੰ ਤੁਹਾਡੀਆਂ ਨਜ਼ਮਾਂ ਨਹੀਂ ਬੋਲਣ ਦੇਣਗੇ?**

ਪਾਸ਼; ਮੈਂ ਦੇਖਿਆ ਕਿ ਜਿੰਨੇ ਲੋਕ ਬੋਲੇ

ਹਨ ਅਜੇ ਤੱਕ ਉਹ ਦੋਸ਼ੀ ਉਤੇ ਉਂਗਲ ਨਹੀਂ ਰੱਖ ਸਕੇ ਕਿ ਇਹ ਜ਼ਹਿਰ ਫੈਲਾਉਣ ਵਾਲੇ ਕੌਣ ਹਨ। ਮੈਂ ਬਿਨਾਂ ਉਂਗਲ ਰੱਖਿਆਂ ਬੋਲ ਨਹੀਂ ਸਕਦਾ।

**ਸਾਥੀ; ਪਾਸ਼ ਜੀ, ਤੁਸੀਂ ਨੈਕਸਲਾਇਟ ਲਹਿਰ ਦੀ ਚੜ੍ਹਤ ਵੇਲੇ ਬੜੇ ਸਰਗਰਮ ਰਹੇ ਸਾਓ, ਅਜ ਕੱਲ ਇਹਦਾ ਕੀ ਹਾਲ ਹੈ? ਉਹ ਮੁੰਡੇ ਸਭ ਕਿਥੇ ਗਏ?**

ਪਾਸ਼; ਸੱਤਰ-ਇਕੱਤਰ ਤੋਂ ਬਾਅਦ ਧੜੇ ਬਣਨੇ ਸ਼ੁਰੂ ਹੋ ਗਏ ਸਨ। ਕਈ ਸਿਧਾਂਤਕ ਗੱਲਾਂ ਕਰਕੇ ਵੀ ਧੜੇ ਬਣੇ ਤੇ ਫਿਰ ਲੀਡਰਸ਼ਿੱਪ ਦੀ ਕਮਜ਼ੋਰ ਨੀਤੀ ਕਰਕੇ ਵੀ। ਦੂਰੋਂ ਦੇਖਣ ਵਾਲਿਆਂ ਨੂੰ ਨਿਘਾਰ ਲਗਦਾ ਸੀ ਪਰ ਨਿਘਾਰ ਨਹੀਂ ਸੀ ਹੋਇਆ। ਸਿਰਫ ਨੁਕਤਾਚੀਨੀ ਦੀ ਸਟੇਜ ਵਿਚੋਂ ਪਾਰਟੀ ਲੰਘ ਰਹੀ ਸੀ। ਜਿੰਨੀ ਅਜਕੱਲ ਇਹ ਪਾਰਟੀ ਉਭਾਰ ਵਿਚ ਹੈ ਓਨੀ ਕਦੇ ਵੀ ਨਹੀਂ ਸੀ। ਪਰ ਲੋਕੀਂ ਮਾਰਕਾਟ ਦੀਆਂ ਖਬਰਾਂ ਦੇ ਆਦੀ ਹਨ। ਇਸ ਲਈ ਵੀ ਇਹਦੇ ਉਭਾਰ ਬਾਰੇ ਲੋਕੀਂ ਬਹੁਤੇ ਸੁਚੇਤ ਨਹੀਂ ਹਨ।

**ਸਾਥੀ; ਏਸ ਖਬਰ ਨੂੰ ਅਸੀਂ ਇਧਰ ਨਹੀਂ ਜਾਣਦੇ।**

ਪਾਸ਼; ਸਾਰੀਆਂ ਅਗਾਂਹ ਵਧੂ ਪਾਰਟੀਆਂ ਨੇ ਹਕੂਮਤ ਤੇ ਜਨੂੰਨਵਾਦ ਦੇ ਖਿਲਾਫ ਜੰਗ ਲੜੀ ਤੇ ਲੜ ਰਹੀਆਂ ਹਨ। ਪਰ ਇਥੇ ਫੇਰ ਪਹਿਲਾਂ ਵਾਲੀ ਗੱਲ ਆ ਜਾਂਦੀ ਹੈ ਕਿ ਬੁਰਜਵਾ ਪ੍ਰੈਸ ਸਾਨੂੰ ਹੀਰੋ ਕਿਉਂ ਬਣਾਵੇ? ਅਸੀਂ ਰੈਲੀਆਂ, ਕਾਨਫਰੰਸਾਂ, ਇਸ਼ਤਿਹਾਰਬਾਜ਼ੀ ਤੇ ਮੁਜ਼ਾਹਰਿਆਂ ਰਾਹੀਂ ਸੰਘਰਸ਼ ਕਰ ਰਹੇ ਹਾਂ ਬਲਕਿ ਹਥਿਆਰਬੰਦ ਘੋਲ ਵੀ।

**ਸਾਥੀ; ਹਥਿਆਰਬੰਦ ਘੋਲ ਕਿਸ ਦੇ ਖਿਲਾਫ?**

ਪਾਸ਼; ਅੱਤਵਾਦੀਆਂ ਦੇ ਖਿਲਾਫ, ਜਨੂੰਨੀਆਂ ਦੇ ਖਿਲਾਫ।

**ਸਾਥੀ; ਯਾਨੀ ਜਦੋਂ ਕੋਈ ਅੱਤਵਾਦੀ ਮਰਦਾ ਹੈ ਤਾਂ ਇਹਦੇ ਵਿਚ ਨੈਕਸਲਾਈਟਾਂ ਦਾ ਵੀ ਹੱਥ ਹੋ ਸਕਦਾ ਹੈ?**

ਪਾਸ਼; ਪਰ ਪੁਲਸ ਦਾ ਵੀ ਹੁੰਦਾ ਹੈ। 'ਪੁਲਸ ਮੁਕਾਬਲੇ ਵਿਚ ਮਰ ਗਿਆ' ਦੀ ਪਾਲਿਸੀ ਸਾਡੇ 70-71 ਵੇਲੇ ਵੀ ਸੀ ਤੇ ਹੁਣ ਵੀ ਹੈ। ਅਜਕੱਲ ਸਾਡੀਆਂ ਖਾਲਿਸਤਾਨੀਆਂ ਦੇ ਖਿਲਾਫ ਏਨੀਆਂ ਟੱਕਰਾਂ ਨਹੀਂ ਹੋਈਆਂ ਪਰ ਇਹ ਵੀ ਨਹੀਂ ਕਿ ਨਹੀਂ ਹੋਈਆਂ। ਸੰਤ ਜਰਨੈਲ ਸਿੰਘ ਦੀ ਪਾਲਿਸੀ ਸੀ ਕਿ ਨੈਕਸਲਾਈਟਾਂ ਨੂੰ ਨਾ ਛੇੜੋ।

**ਸਾਥੀ; ਪਾਸ਼, ਲੋਕੀਂ ਕਹਿੰਦੇ ਹਨ ਕਿ ਸੰਤ ਦੇ ਕਈ ਚੇਲੇ ਤੁਹਾਡੀ ਮੂਵਮੈਂਟ ਤੋਂ ਫਰੱਸਟਰੇਟ ਹੋ ਕੇ ਓਧਰ ਗਏ ਸਨ। ਕੀ ਇਹ ਗਲਤ ਗੱਲ ਹੈ?**

ਪਾਸ਼; ਇਹ ਸਰਕਾਰ ਵਲੋਂ ਸਾਡੀ ਲਹਿਰ ਨੂੰ ਬਦਨਾਮ ਕਰਨ ਦੀ ਇਕ ਚਾਲ ਸੀ। ਇਹਨਾਂ ਨਾਲ ਸਾਡੀ ਪੁਲੀਟੀਕਲੀ ਕੋਈ ਸਾਂਝ ਹੋ ਹੀ ਨਹੀਂ ਸਕਦੀ। ਹਾਂ, ਇਕ ਦੋ ਜਣੇ ਜ਼ਰੂਰ ਓਧਰ ਗਏ ਸਨ। ਹਰ ਕਿਸਮ ਦੇ ਬੰਦੇ ਕਿਸੇ ਨਾ ਕਿਸੇ ਲਹਿਰ ਵਿਚ ਆ ਸਕਦੇ ਹਨ ਜਿਹੜੇ ਬਾਅਦ ਵਿਚ ਧੋਖਾ ਵੀ ਦੇ ਸਕਦੇ ਹਨ। ਪਰ ਸਮੁੱਚੇ ਤੌਰ ਤੇ ਉਧਰ ਕੋਈ ਨੈਕਸਲੀ ਨਹੀਂ ਗਿਆ।

**ਸਾਥੀ; ਨੈਕਸਲੀ ਲਹਿਰ ਦੀ ਜਦੋਂ ਬਹੁਤ ਚੜ੍ਹਤ ਸੀ ਤਾਂ ਤੁਸੀਂ ਲੋਕਾਂ ਨੂੰ ਆਪਣੇ ਨਾਲ ਨਹੀਂ ਜੋੜ ਸਕੇ। ਕੀ ਇਹ ਠੀਕ ਹੈ?**

ਪਾਸ਼; ਠੀਕ ਹੈ।

**ਸਾਥੀ; ਇੱਕਾ ਦੁਕਾ ਠਾਣੇਦਾਰ ਮਾਰਨ ਨਾਲ ਹੀ ਮਸਲੇ ਹੱਲ ਨਹੀਂ ਹੁੰਦੇ?**

ਪਾਸ਼; ਨਹੀਂ ਹੁੰਦੇ।

**ਸਾਥੀ; ਤੁਸੀਂ ਤਕੜੀ ਲੀਡਰਸ਼ਿਪ ਵੀ ਕਾਇਮ ਨਹੀਂ ਕਰ ਸਕੇ?**

ਪਾਸ਼; ਦਰੁਸਤ।

**ਸਾਥੀ; ਜਸਵੰਤ ਸਿੰਘ ਕੰਵਲ ਦੇ 'ਲਹੂ ਦੀ ਲੋਅ' ਬਾਰੇ ਕੀ ਖਿਆਲ ਹੈ?**

ਪਾਸ਼; ਇਹ ਲਹਿਰ ਦਾ ਅਨੈਲਿਸਜ਼ ਨਹੀਂ ਹੈ। ਕਹਾਣੀਆਂ ਜਿਹੀਆਂ ਲਿਖ ਦਿਤੀਆਂ ਹਨ। ਉਸ ਬੰਦੇ ਦੀ ਸਮਝ ਹੋਰ ਸੀ। ਹੋਰ ਪਾਸੇ ਨੂੰ ਹੀ ਤੁਰ ਗਿਆ।

**ਸਾਥੀ; ਸੇਖੋਂ?**

ਪਾਸ਼; ਸੇਖੋਂ ਜੀ ਜਨੂੰਨੀਆਂ ਨਾਲ ਤਾਂ ਨਹੀਂ ਜਾ ਰਲੇ ਪਰ ਦੁਖ ਹੁੰਦਾ ਹੈ ਕਿ ਏਡਾ ਵੱਡਾ ਮਨੁੱਖ ਸਿੱਖਾਂ ਨਾਲ ਆਈਡੈਂਟੀਫਾਈ ਕਰਦਾ ਹੈ ਆਪਣੇ ਆਪ ਨੂੰ। ਕਾਮਰੇਡਾਂ ਦਾ ਧਰਮ ਤਾਂ ਸਾਰੀ ਦੁਨੀਆਂ ਵਿਚ ਫੈਲਿਆ ਹੋਇਆ ਹੁੰਦਾ ਹੈ। ਉਹ ਦਾਦੇ-ਪੜਦਾਦੇ ਐਸੇ ਸਨ, ਵੈਸੇ ਸਨ ਦੀਆਂ ਬਾਤਾਂ ਪਾਉਣ ਲੱਗ ਪਏ ਹਨ। ਹਰਿਭਜਨ ਸਿੰਘ ਤਾਂ ਬਿਲਕੁਲ ਹੀ ਨਿੱਘਰ ਗਿਆ। ਹੁਣ ਉਹਨੂੰ ਚੇਤਾ ਆ ਗਿਆ ਕਿ ਫੌਜਾਂ ਕਿਹੜੇ ਦੇਸ਼ ਤੋਂ ਆਈਆਂ। ਉਦੋਂ ਕਿਥੇ ਸੀ ਜਦ ਨਾਗਾਲੈਂਡ ਤੇ ਆਸਾਮ ਵਿਚ ਫੌਜਾਂ ਧਾਈਆਂ ਸਨ? ਅੰਮ੍ਰਿਤਾ ਪ੍ਰੀਤਮ ਕੋਲ ਇੰਦਰਾ ਗਾਂਧੀ ਲਈ ਬੜਾ ਸੌਫਟ ਕਾਰਨਰ ਹੈ। ਹਾਲਾਂ ਕਿ ਉਹ ਔਰਤ ਬੜੀ ਚਲਾਕ ਸਿਆਸਤਦਾਨ ਸੀ ਤੇ ਉਸ ਨੇ ਲੋਕਾਂ ਦਾ ਘਾਣ ਕਰ ਦਿਤਾ। ਇਹ ਸਭ ਕੁਝ ਉਹਦੀ ਦੇਣ ਹੈ। ਅੰਮ੍ਰਿਤਾ ਪ੍ਰੀਤਮ ਸਥਾਪਤੀ ਦਾ ਅੰਗ ਬਣ ਗਈ ਹੈ। ਉਸ ਤੋਂ ਮਨੁੱਖਵਾਦ ਦੀ ਆਸ ਨਹੀ ਕੀਤੀ ਜਾ ਸਕਦੀ। ਮੂਲੀਆਂ-ਗਾਜਰਾਂ ਵਾਂਗੂੰ ਸਰਕਾਰੀ ਤੇ ਜਨੂੰਨੀ ਧਾੜਾਂ ਵਲੋਂ ਲੋਕ ਕੱਟੇ ਜਾ ਰਹੇ ਹਨ ਤੇ ਉਹ ਚੁੱਪ ਐ। ਏਨੀ ਪ੍ਰਸਿੱਧੀ ਖੱਟ ਕੇ ਵੀ ਉਹਨੇ ਕੁਝ ਨਹੀਂ ਕੀਤਾ। ਐਵੇਂ ਸਿੰਬੌਲਿਕ ਜਿਹੇ ਢੰਗ ਨਾਲ ਪੀੜਾਂ ਜਿਹੀਆਂ ਜ਼ਾਹਰ ਕਰੀ ਜਾਂਦੀ ਐ। ਪੰਜਾਬੀ ਲੇਖਕ ਪੀੜ ਹੀ ਜ਼ਾਹਰ ਕਰੀ ਜਾਂਦੇ ਐ ਤੇ...

**ਸਾਥੀ; ਕਰਦੇ ਕੁਝ ਨਹੀਂ। ਕਲਮਾਂ ਨਾਲ ਨਹੀਂ ਲੜਦੇ। ਸੱਚ ਨਹੀਂ ਬੋਲਦੇ। ਚੁੱਪ ਹਨ। ਪੰਜਾਬ ਦੀ ਅੱਜ ਦੀ ਸਥਿਤੀ ਵਿਚ ਇਹਨਾਂ ਚੁੱਪ-ਕਲਮਾਂ ਦਾ ਵੀ ਘਿਨਾਉਣਾ ਰੋਲ ਹੈ।**

ਪਾਸ਼; ਬਿਲਕੁਲ ਠੀਕ ਭਾਜੀ। ਬਸ ਰੋਈ ਜਾਂਦੇ ਹਨ। ਦੁਸ਼ਮਣ 'ਤੇ ਉਂਗਲ ਨਹੀਂ ਰੱਖਦੇ। ਦੋਸ਼ੀ ਵਲ ਇਸ਼ਾਰਾ ਨਹੀਂ ਕਰਦੇ।

**ਸਾਥੀ; ਦੋ ਕੁ ਨਜ਼ਮਾ ਤੁਸੀਂ ਲਿਖੀਆਂ ਹਨ, ਪਾਤਰ ਜਾਂ ਹੁੰਦਲ ਤੇ ਜਗਤਾਰ ਨੇ ਲਿਖੀਆਂ ਹਨ ਪੰਜਾਬ ਦੀ ਸਥਿਤੀ ਬਾਰੇ ਤੇ ਕੁਝ ਕੁ ਹੋਰਾਂ ਨੇ। ਸਿੱਕੇਬੰਦ ਵਾਰਤਕ ਕਿਸੇ ਨੇ ਨਹੀਂ ਲਿਖੀ।**

ਪਾਸ਼; ਵਰਿਆਮ ਸੰਧੂ ਨੇ 'ਭੱਜੀਆਂ ਬਾਹੀਂ' ਕਹਾਣੀ ਬੜੀ ਵਧੀਆ ਲਿਖੀ ਹੈ। ਪਰ ਸਮੁਚੇ ਤੌਰ ਤੇ ਤੁਹਾਡੀ ਗੱਲ ਠੀਕ ਹੈ ਕਿ ਕੁਝ ਨਹੀਂ ਲਿਖਿਆ ਗਿਆ।

**ਸਾਥੀ; ਇਸੇ ਕਰਕੇ ਸਭ ਤੋਂ ਵੱਡੇ ਦੋਸ਼ੀ ਸਮਝਦਾਰ ਲੇਖਕ ਹਨ ਪੰਜਾਬ ਦੇ। ਜਿਹੜੇ ਚੁੱਪ ਰਹੇ। ਇਵੇਂ ਹੀ ਅਗਾਂਹਵਧੂ ਲਹਿਰਾਂ ਨੇ ਕੀਤੀ।**

ਪਾਸ਼; ਇਹ ਠੀਕ ਹੈ। ਕੋਸ਼ਿਸ਼ ਸੀਮਤ ਹੀ ਹੈ।

**ਸਾਥੀ; ਜੁਝਾਰੂ ਕਵਿਤਾ ਅਜਕੱਲ ਕਿਥੇ ਖੜੀ ਹੈ?**

ਪਾਸ਼; ਇਹ ਪਹਿਲਾਂ ਤੋਂ ਅੱਗੇ ਹੀ ਵਧ ਰਹੀ ਹੈ।

**ਸਾਥੀ; ਕੀ ਇਹ ਗੱਲ ਕਹਿਣੀ ਜਾਇਜ਼ ਹੈ ਕਿ ਸਾਡੇ ਸ਼ਾਇਰਾਂ ਦੀਆਂ ਰਚਨਾਵਾਂ ਚਿਰਜੀਵੀਂ ਨਹੀਂ ਹੁੰਦੀਆਂ? ਉਹ ਇਕ ਘਟਨਾ ਨੂੰ ਲੈ ਕੇ ਨਜ਼ਮ ਲਿਖਦੇ ਹਨ। ਜਦੋਂ ਉਹ ਘਟਨਾ ਪਾਪੂਲਰ ਪ੍ਰੈਸ ਵਿਚ ਆਉਣੋਂ ਹਟ ਜਾਂਦੀ ਹੈ ਤਾਂ ਉਹ ਨਜ਼ਮਾਂ ਗੈਰ-ਜ਼ਰੂਰੀ ਹੋ ਜਾਂਦੀਆਂ ਹਨ। ਜੁਝਾਰੂ ਜਾਂ ਲੋਕ ਪੱਖੀ ਕਵਿਤਾਵਾਂ ਇਨਫਿਨਾਈਟ ਇੰਟਲੈਕਚੂਅਲਿਜ਼ਮ ਤੋਂ ਕੋਰੀਆਂ ਹੁੰਦੀਆਂ ਹਨ। ਕੀ ਇਹ ਠੀਕ ਹੈ?**

ਪਾਸ਼; ਇਹ ਠੀਕ ਹੈ। ਸਮੁੱਚੀ ਕਵਿਤਾ ਵਿਚ ਹੀ ਇਹ ਘਾਟ ਹੈ। ਕਿਤੇ ਕਿਤੇ ਹੀ ਕੋਈ ਚੰਗੀ ਗੱਲ ਅਪੀਲ ਕਰਨ ਵਾਲੀ ਹੁੰਦੀ ਹੈ।

**ਸਾਥੀ; ਤੁਹਾਡੀ ਇਕ ਨਜ਼ਮ 'ਮਰਦ ਮੇਰਾ ਸਿਰ 'ਤੇ ਨਹੀਂ ਰਿਹਾ' ਮਿਆਰੀ ਕਵਿਤਾ ਹੋਣ ਦੇ ਬਾਵਜੂਦ ਵੀ ਪੰਜਾਬ ਦੇ ਦੁਖਾਂਤ ਤੋਂ ਬਾਅਦ ਖਤਮ ਹੋ ਜਾਵੇਗੀ ਤੇ ਇਹ ਸਿਰਫ ਰੈਫਰੈਂਸ ਲਈ ਹੀ ਵਰਤੀ ਜਾਵੇਗੀ। ਕੀ ਤੁਸੀਂ ਕੋਈ ਇਹੋ ਜਿਹੀ ਨਜ਼ਮ ਲਿਖੀ ਹੈ ਜਿਹੜੀ ਚਿਰ-ਜੀਵੀ ਹੋਵੇ?**

ਪਾਸ਼; ਮੈਂ ਅਜਿਹੀ ਕੋਈ ਨਜ਼ਮ ਨਹੀਂ ਲਿਖੀ। ਥੋੜ-ਚਿਰਾ ਪ੍ਰਭਾਵ ਹੀ ਹੁੰਦਾ ਉਹਨਾਂ ਦਾ। ਇਸ ਗੱਲ ਵਾਸਤੇ ਬਾਬੇ ਨਾਨਕ ਵਰਗਾ ਟੇਲੈਂਟ ਚਾਹੀਦਾ ਹੈ।

**ਸਾਥੀ; ਤੁਸੀਂ ਬੜਾ ਘੱਟ ਲਿਖਦੇ ਹੋ। ਕਿਉਂ?**

ਪਾਸ਼; ਮੈਨੂੰ ਸੰਤੁਸ਼ਟਤਾ ਨਹੀਂ ਹੈ। ਮੈਨੂੰ ਸਦਾ ਇਹ ਸ਼ਿਕਾਇਤ ਰਹੀ ਹੈ ਕਿ ਸਾਡੀਆਂ ਨਜ਼ਮਾ ਸੀਮਤ ਜਿਹੇ ਲੋਕ ਹੀ ਪੜ੍ਹਦੇ ਹਨ। ਉਹੋ ਵਾਹਵਾ ਕਰਦੇ ਹਨ। ਚਿੱਠੀਆਂ ਲਿਖਦੇ ਹਨ। ਉਹੋ ਕਵੀ ਦਰਬਾਰਾਂ ਵਿਚ ਤਾਰੀਫ ਦੀਆਂ ਤਾਲੀਆਂ ਮਾਰਦੇ ਹਨ। ਆਮ ਲੋਕਾਂ ਤੱਕ ਪੁੱਜਦੀ ਹੀ ਨਹੀਂ ਸਾਡੀ ਨਜ਼ਮ ਜਾਂ ਧਾਰਾ। ਇਹ ਮਜ਼ਾ ਚਾਰ-ਪੰਜ ਸਾਲ ਤਾਂ ਰਹਿੰਦਾ ਹੈ ਤੇ ਫਿਰ ਬੰਦਾ ਸਟੈਗਨੈਂਟ ਹੋਇਆ ਸਮਝਦਾ ਹੈ। ਸਾਡੀ ਸਾਰੀ ਪਹੁੰਚ ਵਿਚ ਕਿਤੇ ਗਲਤੀ ਰਹਿ ਗਈ ਹੈ। ਮੇਰਾ ਭਾਵ ਹੈ ਕਿ ਸਾਡੀ ਕਵਿਤਾ ਵਿਚ ਤੇ ਸਾਡੀ ਧਾਰਾ ਵਿਚ ਵੀ।

**ਸਾਥੀ; ਮੈਨੂੰ ਲਗਦਾ ਹੈ ਕਿ ਤੁਹਾਡੇ ਵਿਚ ਅਹਿਸਾਸੇ-ਕਮਤਰੀ ਹੈ। ਕਵਿਤਾ ਦਾ ਏਨਾ ਨਿਰਾਸ਼ਾਵਾਦੀ ਸੀਨ ਨਹੀਂ ਹੈ। ਉਂਝ ਹੀ ਕਵਿਤਾ ਘੱਟ ਪੜ੍ਹੀ ਜਾਂਦੀ ਹੈ।**

ਪਾਸ਼; ਇਹਨਾਂ ਮੁਲਕਾਂ ਵਿਚ ਵੀ?

**ਸਾਥੀ; ਹਾਂ, ਇਹਨਾਂ ਮੁਲਕਾਂ ਵਿਚ ਵੀ। ਅੱਛਾ ਪਾਸ਼, ਤੁਸੀਂ ਇਥੋਂ ਦੇ ਪੰਜਾਬੀ ਲੇਖਕਾਂ ਨੂੰ ਵੀ ਪੜ੍ਹਿਆ ਹੋਵੇਗਾ। ਇਹਨਾਂ ਦਾ ਕੀ ਪ੍ਰਭਾਵ ਬਣਦੈ ਤੁਹਾਡੇ 'ਤੇ?**

ਪਾਸ਼; ਇਥੋਂ ਦੀ ਮੁਖ ਸ਼ਿਕਾਇਤ ਹੈ ਕਿ ਇਹ ਹਰ ਵੇਲੇ ਉਦਰੇਵੇਂ ਦੀਆਂ ਗੱਲਾਂ ਕਰਦੇ ਹਨ। ਜੇ ਏਨਾ ਹੀ ਉਦਰੇਵਾਂ ਹੈ ਤਾਂ ਵਾਪਸ ਚਲੇ ਜਾਓ। ਆਏ ਹੀ ਕਿਉਂ ਸੀ? ਐਵੇਂ ਕੀਰਨੇ ਪਾਈ ਜਾਂਦੇ ਹਨ। ਫਿਰ ਆਖਣਗੇ ਕਿ ਮੈਨੂੰ ਖੂਹ ਯਾਦ ਆਉਂਦਾ। ਮੈਨੂੰ ਟਿੱਬੇ ਯਾਦ ਆਉਂਦੇ ਐ। ਇਹ ਕਿਉਂ ਨਹੀਂ ਸੋਚਦੇ ਕਿ ਖੂਹਾਂ ਦੀ ਥਾਂ ਟਿਊਵੈਲ ਲੱਗ ਜਾਣ, ਟਿੱਬਿਆਂ ਦੀ ਥਾਂ ਫਸਲਾਂ ਉਗਣ ਲੱਗ ਪੈਣ। ਨੈਗੇਟਿਵ ਸੋਚਾਂ ਹਨ ਤੇ ਰੋਣ ਸਿਆਪੇ ਹਨ। ਤੁਸੀਂ ਤਾਂ ਭਲਾ ਇਥੇ ਰਹਿੰਦੇ ਹੋ ਵੀਹਾਂ ਪੰਝੀਆਂ ਸਾਲਾਂ ਤੋਂ। ਤੁਹਾਡੇ ਕੋਲ ਇਥੇ ਸੰਤੋਖ ਸਿੰਘ ਧੀਰ ਆਇਆ। ਮਰ ਕੇ ਟਿਕਟ ਲਿਆ ਤੇ ਵੀਜ਼ਾ ਲਿਆ ਤੇ ਇਥੇ ਆ ਕੇ ਕਵਿਤਾ ਲਿਖੀ ਕਿ 'ਹੇ ਭਾਰਤ, ਤੂੰ ਸੁੰਦਰ ਮੋਰ'। ਇਹ ਸੂਡੋ ਕਿਸਮ ਦੀ ਫੀਲਿੰਗ ਹੈ। ਐਪਰ ਦੂਜੇ ਪਾਸੇ ਤੁਸੀਂ ਜਿਵੇਂ 'ਪ੍ਰੀਤ ਲੜੀ' ਵਿਚ ਇਥੋਂ ਬਾਰੇ ਗਿਆਨ ਦਿਤਾ ਤੇ ਹੋਰ ਕੁਝ ਲੇਖਕਾਂ ਨੇ ਵੀ ਬੜਾ ਸੁਹਣਾ ਜਾਣਕਾਰੀ ਭਰਪੂਰ ਲਿਖਿਆ, ਉਹ ਸਭ ਵਾਹਵਾ ਸੀ।

**ਸਾਥੀ; ਤੁਹਾਡੀ ਸਾਧਨਾ ਜਾਂ ਮਾਧਿਅਮ ਵਾਲੀ ਗੱਲ ਤੋਂ ਇਕ ਸਵਾਲ ਹੋਰ ਕਿਸੇ ਨਾ ਕਿਸੇ ਤਰ੍ਹਾਂ ਉਭਰਿਆ ਹੈ ਕਿ ਜਿਹੜੇ ਖੱਬੀ ਵਿਚਾਰਧਾਰਾ ਵਾਲੇ ਬੰਦੇ ਇਹਨਾਂ ਸਰਮਾਏਦਾਰ ਮੁਲਕਾਂ ਵਿਚ ਰੁਗਜ਼ਾਰ ਲਈ ਆਉਂਦੇ ਹਨ ਕੀ ਉਹਨਾਂ ਦਾ ਇਹ ਕਰਤੱਵ ਠੀਕ ਹੈ?**

ਪਾਸ਼; ਜੇ ਖੱਬੀ ਵਿਚਾਰਧਾਰਾ ਵਾਲੇ ਇਧਰ ਰੁਗਜ਼ਾਰ ਲਈ ਆਉਂਦੇ ਹਨ ਤਾਂ ਉਹ ਸਰਾਸਰ ਗਲਤ ਹਨ ਤੇ ਆਪਣੇ ਉਦੇਸ਼ ਨਾਲ ਧਰੋ ਕਰਦੇ ਹਨ।

**ਸਾਥੀ; ਜੀਹਨੂੰ ਜਦ ਦੇਸ਼ ਵਿਚ ਰੁਗਜ਼ਾਰ ਨਾ ਮਿਲੂ ਤਾਂ ਉਹ ਕਿਤੇ ਤਾਂ ਨਿਕਲੂ? ਨਿਆਣੇ ਕਿਵੇਂ ਪਾਲੂ? ਉਦੇਸ਼ ਦਾ ਕੀ ਕਰੂ?**

ਪਾਸ਼; ਖੱਬੇ ਵਿਚਾਰਧਾਰਾ ਵਾਲੇ ਬੰਦੇ ਦਾ ਪ੍ਰਮੁੱਖ ਉਦੇਸ਼ ਇਹ ਨਹੀਂ ਹੋਣਾ ਚਾਹੀਦਾ। ਉਥੇ ਰੋਟੀ ਤੋਂ ਭੁੱਖੇ ਤਾਂ ਨਹੀਂ ਮਰਨ ਲੱਗੇ। ਇਹ ਐ ਕਿ ਏਨੀਆਂ ਸਹੂਲਤਾਂ ਨਾ ਮਿਲਣਗੀਆਂ। ਇਨਕਲਾਬ ਨਾਲ ਕੁਮਿਟਿਡ ਬੰਦੇ ਨੂੰ ਰੁਗਜ਼ਾਰ ਲਈ ਬਾਹਰ ਨਹੀਂ ਆਉਣਾ ਚਾਹੀਦਾ।

**ਸਾਥੀ; ਪਾਸ਼, ਇੰਟਰਵਿਊ ਲਈ ਸਮਾਂ ਕੱਢਣ ਲਈ ਸ਼ੁਕਰੀਆ।**

ਪਾਸ਼; ਲਓ ਭਾਜੀ, ਇਹ ਤਾਂ ਖੁਸ਼ੀ ਤੇ ਮਾਣ ਵਾਲੀ ਗੱਲ ਹੈ, ਤੁਹਾਨੂੰ ਤਾਂ ਮੈਂ ਛੋਟੇ ਹੁੰਦਿਆਂ ਤੋਂ ਪੜ੍ਹਦਾ ਆ ਰਿਹਾਂ। ਮੈਂ ਤਾਂ ਤੁਹਾਡਾ ਫੈਨ ਆਂ।

**ਸਾਥੀ; ਮੈਂ ਵੀ ਤੇਰੀ ਸ਼ਾਇਰੀ ਦਾ ਫੈਨ ਆਂ ਪਿਆਰੇ ਦੋਸਤ!**

---

### *ਸਮੁੱਚੀ ਲੀਡਰਸ਼ਿਪ ਨੂੰ ਉਮਰ ਕੈਦ ਦੀ ਸਜਾ ਦਾ ਪਹਿਲਾ ਸਾਲ*

# ਮਾਰੂਤੀ ਕਾਮਿਆਂ ਦੀ ਜਥੇਬੰਦੀ ਤੇ ਸੰਘਰਸ਼ ਦਾ ਅਹਿਦ ਕਾਇਮ, ਨਵੀਂ ਚੋਣ 'ਚ ਸੰਘਰਸ਼ ਪੱਖੀ ਲੀਡਰਸ਼ਿਪ ਅੱਗੇ ਆਈ!

15 ਮਾਰਚ 2018 ਨੂੰ ਮਾਰੂਤੀ ਆਟੋ ਫੈਕਟਰੀ ਮਾਨੇਸਰ, ਗੁੜਗਾਉਂ 'ਚ ਮਜ਼ਦੂਰ ਯੂਨੀਅਨ ਦੀ ਚੋਣ ਵਿੱਚ ਸੰਘਰਸ਼-ਪੱਖੀ ਮਜ਼ਦੂਰ ਪੈਨਲ ਦੀ ਜਿੱਤ ਦੀਆਂ ਰਿਪੋਰਟਾਂ ਮਿਲੀਆਂ ਹਨ (ਦੇਖੋ ਲਿੰਕ)। ਰਿਪੋਰਟਾਂ ਅਨੁਸਾਰ ਨਵੀਂ ਲੀਡਰਸ਼ਿਪ ਨੇ ਲਗਾਤਾਰ ਜਮਹੂਰੀ ਢੰਗ ਨਾਲ ਮਜ਼ਦੂਰਾਂ ਤੇ ਵਰਕਰਾਂ ਦੀ ਆਵਾਜ਼ ਬੁਲੰਦ ਕਰਨ ਦਾ ਫ਼ੈਸਲਾ ਲਿਆ ਹੈ। ਉਮਰ ਕੈਦ ਦੀ ਸਜ਼ਾ ਕੱਟ ਰਹੇ ਵਰਕਰਾਂ ਦੇ ਕੇਸ ਲੜਨ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਮਾਇਕ ਮਦਦ ਕਰਨ ਦਾ ਫੈਸਲਾ ਵੀ ਲਿਆ ਗਿਆ ਹੈ। 18 ਮਾਰਚ 2018 ਨੂੰ ਹੋਰ ਯੂਨੀਅਨਾਂ ਨੂੰ ਪ੍ਰੋਟੈਸਟ ਰੈਲੀਆਂ ਕਰਨ ਲਈ ਬੇਨਤੀ ਕੀਤੀ ਗਈ ਅਤੇ ਮਰੂਤੀ ਵਰਕਰ ਯੂਨੀਅਨ ਵਲੋਂ ਖੁਦ ਪ੍ਰੋਟੈਸਟ ਰੈਲੀ ਕਰਨ ਦਾ ਫ਼ੈਸਲਾ ਕੀਤਾ ਗਿਆ। ਇਹਨਾਂ ਰਿਪੋਰਟਾਂ ਤੋਂ ਪਤਾ ਲਗਦਾ ਹੈ ਕਿ ਮਨੇਜਮੈਂਟ ਵੱਲੋਂ ਦਿੱਤੇ ਜਾ ਰਹੇ ਡਰਾਵਿਆਂ ਅਤੇ ਵਰਕਰਾਂ ਨੂੰ ਯੂਨੀਅਨ ਤੋਂ ਤੋੜਨ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਮਾਰੂਤੀ ਸੁਜ਼ੂਕੀ ਵਰਕਰਾਂ ਦਾ ਏਕਾ ਤੇ ਸੰਘਰਸ਼ ਬਰਕਰਾਰ ਹੈ। ਹਾਲਾਂਕਿ ਇਨ੍ਹਾਂ ਹਾਲਤਾਂ ਵਿੱਚ ਕੀ ਕੁਝ ਪ੍ਰਾਪਤ ਕੀਤਾ ਜਾ ਸਕਦਾ ਹੈ ਇਸ ਦੀਆਂ ਸੀਮਤਾਈਆਂ ਵੀ ਹਨ ਅਤੇ ਕੇਵਲ ਵੱਡੇ ਪੱਧਰ ਦੀ ਵਰਕਰਾਂ ਦੀ ਏਕਤਾ ਵਰਕਿੰਗ ਕਲਾਸ ਦੀਆਂ ਬੇਹੱਦ ਚੁਭਵੀਆਂ ਤੇ ਤਿੱਖੀਆਂ ਹੋ ਰਹੀਆਂ ਲੋੜਾਂ ਨੂੰ ਸੰਬੋਧਤ ਹੋ ਸਕਦੀ ਹੈ।



ਯਾਦ ਰਹੇ 2011 ਤੋਂ ਮਾਰੂਤੀ ਸੁਜ਼ੂਕੀ ਫੈਕਟਰੀ ਮਾਨੇਸਰ ਦੇ ਵਰਕਰ, ਯੂਨੀਅਨ ਦੀ ਰਜਿਸਟ੍ਰੇਸ਼ਨ, ਗੈਰ ਕਾਨੂੰਨੀ ਠੇਕਾ ਪ੍ਰਣਾਲੀ ਨੂੰ ਖਤਮ ਕਰਨ, ਨਵੀਆਂ ਤੇਜ਼ ਰਫਤਾਰ ਮਸ਼ੀਨਾਂ ਦੇ ਆਉਣ ਕਾਰਣ ਵਰਕਰਾਂ ਦੀ ਪੈਦਾਵਾਰ ਯੋਗਤਾ ਤੇ ਪੈਦਾਵਾਰ ਦੇ ਵਧਣ ਕਾਰਣ ਤਨਖਾਹਾਂ ਦੇ ਵਾਧੇ ਦੀ ਮੰਗ, ਕੰਮ ਘੰਟਿਆਂ ਦੀ ਹੱਦ ਮਿੱਥਣ ਦੀ ਮੰਗ ਅਤੇ ਵਰਕਰਾਂ ਦੇ ਕੰਮ ਕਰਨ ਲਈ ਮਾੜੀਆਂ ਹਾਲਤਾਂ ਨੂੰ ਦੂਰ ਕਰਨ ਦੀ ਮੰਗ ਨੂੰ ਲੈ ਕੇ ਸੰਘਰਸ਼ ਚੱਲ ਰਿਹਾ ਸੀ। ਇਸ ਦੌਰਾਨ, 18 ਮਾਰਚ 2012 ਨੂੰ ਹਾਲਾਤ ਉਸ ਸਮੇਂ ਗੰਭੀਰ ਮੋੜ ਲੈ ਗਏ ਜਦੋਂ ਮਜ਼ਦੂਰਾਂ ਦੇ ਸੰਘਰਸ਼ ਨੂੰ ਤੋੜਨ ਲਈ ਮਾਲਕਾਂ ਦੀ ਗੁੰਡਾ ਫੋਰਸ ਪਹਿਲਾਂ ਮਿਥੀ ਸਾਜਿਸ਼ ਤਹਿਤ ਫੈਕਟਰੀ ਅੰਦਰ ਆ ਵੜੀ। ਫੈਕਟਰੀ ਮਜ਼ਦੂਰਾਂ ਨੂੰ ਉਲਝਾਉਣ ਲਈ ਪੂਰੇ ਵਿਉਂਤਬਧ ਢੰਗ ਨਾਲ ਹਿੰਸਾ ਭੜਕਾਈ ਗਈ ਜਿਸ ਦੌਰਾਨ ਸੀਨੀਅਰ ਸੋਰਸਿਜ਼ ਮੈਨੇਜਰ ਦੀ ਅੱਗ 'ਚ ਝੁਲਸਣ ਕਰਕੇ ਸ਼ੱਕੀ ਹਾਲਤਾਂ 'ਚ ਮੌਤ ਹੋ ਗਈ ਤੇ ਮੈਨੇਜਰ ਦੀ ਮੌਤ ਲਈ ਮਜ਼ਦੂਰਾਂ ਨੂੰ ਜੁੰਮੇਵਾਰ ਠਹਿਰਾਇਆ ਗਿਆ ਜਦੋਂ ਕਿ ਇਹ ਮੈਨੇਜਰ ਮਜ਼ਦੂਰ ਪੱਖੀ ਸਟੈਂਡ ਲੈਂਦਾ ਆ ਰਿਹਾ ਸੀ। ਮਜ਼ਦੂਰਾਂ ਪਾਸ ਇਸ ਤਰ੍ਹਾਂ ਹਿੰਸਾ ਭੜਕਾਉਣ ਤੇ ਮੈਨੇਜਰ ਦੀ ਹਤਿਆ ਕਰਨ ਦੀ ਨਾ ਕੋਈ ਵਜਾਹ ਮੌਜੂਦ ਸੀ ਨਾ ਹੀ ਇਸ ਸਬੰਧੀ ਕੋਈ ਠੋਸ ਸਬੂਤ ਮੌਜਦ ਸਨ।

ਉਕਤ ਮੈਨੇਜਰ ਦੀ ਹੱਤਿਆ ਸਬੰਧੀ ਕੇਸ ਦਾ ਫੈਸਲਾ ਸੈਸ਼ਨ ਕੋਰਟ ਗੁੜਗਾਉਂ ਨੇ 18 ਮਾਰਚ 2017 ਨੂੰ ਸੁਣਾਇਆ ਜਿਸ ਵਿੱਚ 13 ਵਰਕਰਾਂ ਨੂੰ ਉਮਰ ਕੈਦ ਦੀ ਸਜਾ ਸੁਣਾਈ ਗਈ। ਇਹਨਾਂ ਵਿੱਚੋਂ 12 ਵਰਕਰ ਯੂਨੀਅਨ ਦੇ ਆਗੂ ਕਮੇਟੀ ਦੇ ਅਹੁਦੇਦਾਰ ਸਨ। ਸੰਘਰਸ਼ ਦੀ ਅਗਵਾਈ ਕਰ ਰਹੀ ਸਮੁਚੀ ਕਮੇਟੀ ਨੂੰ ਉਮਰ ਕੈਦ ਦੀ ਸਜਾ ਦੇਕੇ ਜੇਲ੍ਹ 'ਚ ਸੁਟ ਦਿਤਾ ਗਿਆ। ਹੋਰ 14 ਵਰਕਰਾਂ ਨੂੰ ਤਿੰਨ ਸਾਲ ਦੀ ਕੈਦ ਤੇ 4 ਵਰਕਰਾਂ ਨੂੰ ਪੰਜ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ। ਘਟਨਾ ਤੋਂ ਬਾਅਦ ਤੋਂ ਜੇਲ੍ਹ 'ਚ ਡੱਕੇ ਹੋਏ ਕੁੱਲ 117 ਵਰਕਰਾਂ ਨੂੰ ਬਰੀ ਕਰ ਦਿੱਤਾ ਗਿਆ।

ਇਸ ਤਰ੍ਹਾਂ 148 ਮਜ਼ਦੂਰਾਂ ਨੂੰ ਬਗੈਰ ਜ਼ਮਾਨਤ ਦਿੱਤੇ ਚਾਰ ਸਾਲ ਗ਼ੈਰਸਵਿਧਾਨਕ ਤੌਰ ਤੇ ਹਿਰਾਸਤ ਵਿੱਚ ਰੱਖਿਆ ਗਿਆ। ਬਰੀ ਕੀਤੇ ਗਏ ਵਰਕਰਾਂ ਨੂੰ ਕੋਈ ਮੁਆਵਜ਼ਾ ਤੱਕ ਨਹੀਂ ਦਿੱਤਾ ਗਿਆ। ਇਹਨਾਂ ਮਜ਼ਦੂਰਾਂ ਦੀ ਜ਼ਿੰਦਗੀ ਨਾਲ ਕੀਤੇ ਖਿਲਵਾੜ ਲਈ ਕਿਸੇ ਨੂੰ ਵੀ ਦੋਸ਼ੀ ਨਹੀਂ ਠਹਿਰਾਇਆ ਗਿਆ।

ਕੰਮ ਹਾਲਤਾਂ, ਉਜਰਤਾਂ ਤੇ ਜਥੇਬੰਦ ਹੋਣ ਦੀਆਂ ਆਮ ਮੰਗਾਂ ਲਈ ਸੰਘਰਸ਼ ਕਰ ਰਹੇ ਮਜ਼ਦੂਰਾਂ ਨੂੰ ਦਿਤੀਆਂ ਇਹਨਾਂ ਸਜਾਵਾਂ ਰਾਹੀਂ ਦਰਅਸਲ ਮਜ਼ਦੂਰ ਜਮਾਤ ਨੂੰ ਇਕ ਸੰਦੇਸ਼ ਦਿੱਤਾ ਗਿਆ ਹੈ। ਫੈਕਟਰੀ ਵਰਕਰਾਂ ਨੂੰ ਏਨੀਆਂ ਸੰਗੀਨ ਸਜਾਵਾਂ ਦੇਣ ਲਈ ਫੈਕਟਰੀ ਦੇ ਸਾਮਰਾਜੀ ਮਾਲਕ, ਅਧਿਕਾਰੀ, ਮਾਲਕਾਂ ਦੇ ਗੁੰਡੇ, ਸਰਕਾਰ, ਪ੍ਰਸ਼ਾਸਨ, ਨਿਆਂ ਵਿਵਸਥਾ ਅਤੇ ਪੁਲਿਸ ਪ੍ਰਸ਼ਾਸਨ ਇਕਜੁੱਟ ਹੋ ਗਏ ਤਾਂ ਜੋ ਮੇਕ ਇਨ ਇੰਡੀਆ ਪ੍ਰਧਾਨ ਮੰਤਰੀ ਦੇ ਨਾਅਰੇ ਨੂੰ ਆਂਚ ਨਾ ਆਉਣ ਦਿੱਤੀ ਜਾਵੇ। ਮੁੱਖ ਧਰਾਈ ਮੀਡੀਆ ਨੇ ਲੋਕ ਰਾਇ ਮਜ਼ਦੂਰਾਂ ਦੇ ਉਲਟ ਬਨਾਉਣ ਤੇ ਉਹਨਾਂ ਦੇ ਸੰਘਰਸ਼ ਨੂੰ ਭਰਾਤਾਰੀ ਹਮਾਇਤ ਤੋਂ ਵਾਂਝਾ ਕਰਨ ਲਈ ਆਪਣੀ ਪੂਰੀ ਤਾਕਤ ਝੋਕ ਦਿਤੀ। ਇਹ ਸਿਆਸੀ ਸਜ਼ਾਵਾਂ ਹਨ ਤੇ ਸੰਕਟ ਦੇ ਇਸ ਸਮੇਂ ਸਾਰੀਆਂ ਜਮਹੂਰੀ ਸ਼ਕਤੀਆਂ ਨੂੰ ਇਸ ਸੰਘਰਸ਼ ਦੀ ਮਦਦ ਕਰਨੀ ਚਾਹੀਦੀ ਹੈ ਤੇ ਹਾਕਮ ਜਮਾਤਾਂ ਨੂੰ ਦ੍ਰਿੜਤਾ ਤੇ ਵਿਸ਼ਾਲ ਏਕਤਾ ਦਾ ਜਵਾਬੀ ਸੁਨੇਹਾ ਦੇਣਾ ਚਾਹੀਦਾ ਹੈ। ਇਹ ਸੰਘਰਸ਼ ਪੂੰਜੀ ਤੇ ਕਿਰਤ ਦੀ ਲੜਾਈ ਹੈ, ਦੁਸ਼ਮਣ ਜਮਾਤਾਂ ਦੀ ਲੜਾਈ ਹੈ। ਵਿਕਸਤ ਮੁਲਕ ਆਪਣੇ ਸੰਕਟ ਨੂੰ ਗਰੀਬ ਮੁਲਕਾਂ ਤੇ ਸੁੱਟ ਰਹੇ ਹਨ ਅਤੇ ਹੱਥਠੋਕਾ ਰਾਜ-ਭਾਗ ਰਾਹੀਂ ਕਾਮਿਆਂ ਦੀ ਅਸਹਿਣਯੋਗ ਲੁੱਟ ਕਰ ਰਹੇ ਹਨ। ਕਿਰਤੀਆਂ ਦੇ ਖ਼ੂਨ ਦਾ ਆਖ਼ਰੀ ਤੁਪਕਾ ਵੀ ਚੂਸ ਲੈਣ ਤੱਕ ਜਾਣਾ ਇਸ ਦਾ ਸੁਭਾਅ ਹੈ।

ਦੂਜੇ ਪਾਸੇ ਮਾਰੂਤੀ ਫੈਕਟਰੀ ਦੇ ਵਰਕਰਾਂ ਨੇ ਸੰਘਰਸ਼ ਵਿੱਚ ਦ੍ਰਿੜ੍ਹਤਾ ਨਾਲ ਨਿਭਣ ਨੇ ਦਿਖਾ ਦਿੱਤਾ ਹੈ ਕਿ ਮਜ਼ਦੂਰ ਜਮਾਤ ਉਜਵਲ ਭਵਿੱਖ ਲਈ ਇਕ ਅਗਾਂਹਵਧੂ ਜਮਾਤ ਹੈ ਅਤੇ ਹੋਰ ਅਗਾਂਹਵਧੂ ਸ਼ਕਤੀਆਂ ਲਈ ਰਾਹ ਦਰਸਾਵਾ ਹੈ। ਮਾਰੂਤੀ ਸੁਜ਼ੂਕੀ ਦੇ ਕਾਮਿਆਂ ਨੇ ਸਿਰੇ ਦਾ ਜ਼ਬਰ ਜ਼ੁਲਮ ਝੱਲਦੇ ਹੋਏ ਸੰਘਰਸ਼ ਦੀ ਮਸ਼ਾਲ ਨੂੰ ਜਗਦਾ ਰੱਖਦੇ ਹੋਏ ਸੁਨੇਹਾ ਦਿੱਤਾ ਹੈ ਕਿ ਵੱਡੇ ਪੱਧਰ ਤੇ ਦ੍ਰਿੜ ਇਰਾਦਿਆਂ ਨਾਲ ਲੈਸ ਕਾਮਿਆਂ ਦੀ ਏਕਤਾ ਹੀ ਇਨ੍ਹਾਂ ਬੇਹੱਦ ਤੇ ਤਿੱਖੀਆਂ ਚੁਣੌਤੀਆਂ ਨੂੰ ਸੰਬੋਧਤ ਹੋ ਸਕਦੀ ਹੈ।

## ਇਸ ਸੁਲੱਖਣੇ ਵਰਤਾਰੇ ਨੂੰ ਖ਼ੁਸ਼ਆਮਦੀਦ



ਸੰਸਾਰ ਭਰ 'ਚ ਅਬਾਦੀ ਦੇ ਵੱਡੇ ਹਿੱਸੇ ਨੂੰ ਆਪਣੀ ਬਾਰੂਦੀ ਤਾਕਤ ਜ਼ਰੀਏ ਰਾਖ ਕਰ ਦੇਣ ਵਾਲੇ ਆਦਮਖੋਰ ਅਮਰੀਕੀ ਸਾਮਰਾਜ ਦੇ ਅੰਦਰ ਵੀ ਲਾਵੇ ਦੀਆਂ ਚਿਣਗਾਂ ਸੁਲਗ ਰਹੀਆਂ ਹਨ। ਅਮਰੀਕੀ ਸਾਮਰਾਜੀ ਹਾਕਮਾਂ ਦੇ ਬੀਜੇ ਕੰਡੇ ਅੱਜ ਖ਼ੁਦ ਅਮਰੀਕਾ ਨਿਵਾਸੀਆਂ ਨੂੰ ਵੀ ਚੁਗਣੇ ਪੈ ਰਹੇ ਹਨ। ਦੁਨੀਆਂ ਭਰ 'ਚ ਹਥਿਆਰਾਂ ਦਾ ਵਪਾਰ ਕਰਨ ਵਾਲੇ ਅਮਰੀਕਾ 'ਚ ਗੰਨ ਕਲਚਰ ਕਾਰਨ ਲੱਖਾਂ ਲੋਕਾਂ ਦੀਆਂ ਮੌਤਾਂ ਹੋ ਚੁੱਕੀਆਂ ਹਨ। ਗੋਲੀ ਬਰੂਦ ਹੁਣ 'ਵਿੱਦਿਆ ਮੰਦਰਾਂ' ਤੱਕ ਵੀ ਦਸਤਕ ਦੇ ਚੁੱਕਾ ਹੈ। ਅਮਰੀਕਾ ਦੀਆਂ ਸੜਕਾਂ ਤੇ ਲੱਖਾਂ ਲੋਕ ਭਵਿੱਖ ਦੇ ਵਾਰਸਾਂ ਦੀ ਖ਼ੈਰ ਲਈ ਲਾਮਬੰਦੀ ਕਰ ਰਹੇ ਹਨ।

------------



ਬੀਤੀ 22 ਮਾਰਚ ਤੋਂ ਫਰਾਂਸ ਦੇ ਦੋ ਲੱਖ ਦੇ ਲੱਗਭੱਗ ਮਜ਼ਦੂਰ-ਮੁਲਾਜ਼ਮ ਹੜਤਾਲ਼ ਤੇ ਹਨ। ਮਜ਼ਦੂਰਾਂ-ਮੁਲਾਜ਼ਮਾਂ ਦੇ ਇਸ ਵਿਸ਼ਾਲ ਰੋਸ ਮੁਜਾਹਰਿਆਂ ਤੇ ਸਰਕਾਰੀ ਜਬਰ ਦੇ ਬਾਵਜੂਦ ਇਹ ਰੋਸ ਮੁਜ਼ਾਹਰੇ ਜਾਰੀ ਹਨ। ਕਿਰਤ ਕਾਨੂੰਨਾਂ 'ਚ ਮਜ਼ਦੂਰ ਵਿਰੋਧੀ ਸੋਧਾਂ, ਤਨਖਾਹਾਂ 'ਚ ਕਟੌਤੀ' ਨੌਕਰੀਆਂ ਦੀ ਦਰ ਘੱਟ ਕਰਨ ਆਦਿ ਮੰਗਾਂ ਨੂੰ ਲੈ ਕੇ ਮਜ਼ਦੂਰਾਂ-ਮੁਲਾਜ਼ਮਾਂ ਦੇ ਇਹ ਵੱਡੇ ਘੋਲ ਲਗਾਤਾਰ ਜਾਰੀ ਹਨ। ਵਿਸ਼ਵ ਪੱਧਰ ਤੇ ਸੰਘਰਸ਼ਾਂ ਦਾ ਪਿੜ ਲਗਾਤਾਰ ਵੱਧ-ਫੁੱਲ ਰਿਹਾ ਹੈ ਪਰ ਇਹ ਲੋਕ ਰੋਹ ਸਰਮਾਏਦਾਰੀ ਸਾਮਰਾਜੀ ਤਾਕਤਾਂ ਖ਼ਿਲਾਫ਼ ਜਮਾਤੀ ਚੇਤਨਾ ਤਹਿਤ ਸੇਧਤ ਹੋਵੇ, ਇਸ ਲਈ ਸੰਸਾਰ ਕਮਿਊਨਿਸਟ ਇਨਕਲਾਬੀ ਲਹਿਰ ਨੂੰ ਬਹੁਤ ਮਿਹਨਤ ਕਰਨ ਦੀ ਜ਼ਰੂਰਤ ਹੈ।

# ਓਨਟਾਰੀਓ 'ਚ 100,000 ਡਾਲਰ ਤੋਂ ਵੱਧ ਕਮਾਈ ਕਰਨ ਵਾਲੇ ਮੁਲਾਜ਼ਮਾਂ ਦੀ ਗਿਣਤੀ ਵਿੱਚ ਹੋਇਆ ਵਾਧਾ !

ਟੋਰਾਂਟੋ : ਓਨਟਾਰੀਓ ਪਾਵਰ ਜੈਨਰੇਸ਼ਨ ਦੇ ਸੀਈਓ ਨੇ ਪਿਛਲੇ ਸਾਲ 1.6 ਮਿਲੀਅਨ ਡਾਲਰ ਦੇ ਨੇੜੇ ਤੇੜੇ ਕਮਾਈ ਕੀਤੀ। ਅਜਿਹਾ ਕਰਕੇ ਉਹ ਪ੍ਰੋਵਿੰਸ ਵਿੱਚ ਪਬਲਿਕ ਸੈਕਟਰ ਦਾ ਸੱਭ ਤੋਂ ਵੱਧ ਤਨਖਾਹ ਲੈਣ ਵਾਲਾ ਮੁਲਾਜ਼ਮ ਬਣਿਆ। ਇੱਥੇ ਦੱਸਣਾ ਬਣਦਾ ਹੈ ਕਿ ਇਹ ਇੱਕਲੀ ਮਿਸਾਲ ਨਹੀਂ ਹੈ, ਪ੍ਰੋਵਿੰਸ ਵਿੱਚ ਪਬਲਿਕ ਸੈਕਟਰ ਦੇ ਅਜਿਹੇ ਕਰਮਚਾਰੀਆਂ ਦੀ ਗਿਣਤੀ ਦਿਨੋਂ ਦਿਨ ਵੱਧਦੀ ਜਾ ਰਹੀ ਹੈ ਜਿਹੜੇ 100,000 ਡਾਲਰ ਜਾਂ ਇਸ ਤੋਂ ਵੱਧ ਕਮਾਈ ਕਰਦੇ ਹਨ। ਜੈੱਫ ਲਿਆਸ, ਜਿਸਦੀ ਤਨਖਾਹ 1,554,456 ਤੇ ਟੈਕਸਯੋਗ ਬੈਨੇਫਿਟਜ਼ ਵਜੋਂ 6,864 ਡਾਲਰ ਸੀ, 2017 ਵਿੱਚ ਓਨਟਾਰੀਓ ਦੀ ਤਥਾ ਕਥਿਤ ਸਨਸ਼ਾਈਨ ਸੂਚੀ ਵਿੱਚ ਸੱਭ ਤੋਂ ਵੱਧ ਕਮਾਈ ਕਰਨ ਵਾਲਾ ਪਬਲਿਕ ਸੈਕਟਰ ਕਰਮਚਾਰੀ ਬਣਿਆ ਸੀ। ਇਹ ਸੂਚੀ ਸ਼ੁੱਕਰਵਾਰ ਨੂੰ ਜਾਰੀ ਕੀਤੀ ਗਈ। ਲਿਆਸ ਦੀ ਤਨਖਾਹ ਉਸ ਨਾਲੋਂ 400,000 ਡਾਲਰ ਜ਼ਿਆਦਾ ਸੀ ਜੋ ਉਸ ਨੇ ਪਿਛਲੇ ਸਾਲ ਕਮਾਏ ਸੀ। ਉਸ ਸਮੇਂ ਵੀ ਉਹ ਸੱਭ ਤੋਂ ਵੱਧ ਕਮਾਈ ਕਰਨ ਵਾਲੇ ਕਰਮਚਾਰੀਆਂ ਦੀ ਸੂਚੀ ਵਿੱਚ ਸੱਭ ਤੋਂ ਉੱਪਰ ਸੀ। ਇਸ ਸੂਚੀ ਵਿੱਚ ਕਈ ਹੋਰ ਓਨਟਾਰੀਓ ਪਾਵਰ ਜੈਨਰੇਸ਼ਨ ਐਗਜ਼ੈਕਟਿਵਜ਼ ਤੋਂ ਇਲਾਵਾ ਹਸਪਤਾਲ ਦੇ ਸੀਈਓਜ਼ ਦਾ ਜੋੜਾ ਤੇ ਯੂਨੀਵਰਸਿਟੀ ਦੇ ਨਿਵੇਸ਼ ਨੂੰ ਸਾਂਭਣ ਵਾਲੀ ਕਾਰਪੋਰੇਸ਼ਨ ਦਾ ਪ੍ਰੈਜ਼ੀਡੈਂਟ ਵੀ ਸ਼ਾਮਲ ਹਨ।



ਲਿਬਰਲ ਪ੍ਰੀਮੀਅਰ ਕੈਥਲੀਨ ਵਿੰਨ, ਜਿਨ੍ਹਾਂ ਨੂੰ 7 ਜੂਨ ਨੂੰ ਪ੍ਰੋਵਿੰਸ਼ੀਅਲ ਚੋਣਾਂ ਦਾ ਸਾਹਮਣਾ ਕਰਨਾ ਹੋਵੇਗਾ, ਨੇ ਇਸ ਸੂਚੀ ਵਿੱਚ ਸਿਖਰਲੀਆਂ ਥਾਂਵਾਂ ਮੱਲਣ ਵਾਲਿਆਂ ਲਈ ਆਖਿਆ ਕਿ ਸਾਨੂੰ ਇਨ੍ਹਾਂ ਵਿੱਚੋਂ ਕੁੱਝ ਦਾ ਪ੍ਰੀਮੀਅਮ ਦੇਣਾ ਪੈਂਦਾ ਹੈ ਕਿਉਂਕਿ ਕੁੱਝ ਹਾਲਾਤ ਵਿੱਚ ਸਾਨੂੰ ਖਾਸ ਕਿਸਮ ਦੇ ਹੁਨਰਮੰਦ ਲੋਕਾਂ ਦੀ ਲੋੜ ਹੁੰਦੀ ਹੈ ਤੇ ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਸਾਡੇ ਕੋਲ ਬਿਹਤਰੀਨ ਲੋਕ ਹਨ। ਟੋਰਾਂਟੋ ਵਿੱਚ ਸਿੱਕਕਿਡਜ਼ ਹਾਸਪਿਟਲ ਵਿੱਚ ਐਲਾਨ ਕਰਦੇ ਸਮੇਂ ਵਿੰਨ ਨੇ ਇਹ ਟਿੱਪਣੀਆਂ ਕੀਤੀਆਂ। ਹਸਪਤਾਲ ਦੇ ਸੀਈਓ ਮਾਈਕਲ ਐਪਕੌਨ ਨੇ ਪਿਛਲੇ ਸਾਲ 719,694 ਡਾਲਰ ਬਣਾਏ ਤੇ 20,586 ਟੈਕਸੇਬਲ ਬੈਨੇਫਿਟਸ ਵੀ ਕਮਾਏ। ਅਜਿਹਾ ਕਰਕੇ ਉਹ ਓਨਟਾਰੀਓ ਵਿੱਚ ਸੱਭ ਤੋਂ ਵੱਧ ਤਨਖਾਹ ਪਾਉਣ ਵਾਲੇ ਕਰਮਚਾਰੀਆਂ ਦੀ ਸੂਚੀ ਵਿੱਚ ਦਸਵੇਂ ਸਥਾਨ ਉੱਤੇ ਪਹੁੰਚ ਗਿਆ। 2017 ਵਿੱਚ ਇਸ ਸੂਚੀ ਵਿੱਚ 131,741 ਕਰਮਚਾਰੀ ਅਜਿਹੇ ਸਨ ਜਿਨ੍ਹਾਂ ਨੇ 16.8 ਬਿਲੀਅਨ ਡਾਲਰ ਤੋਂ ਵੱਧ ਦੀਆਂ ਤਨਖਾਹਾਂ ਤੇ ਬੈਨੇਫਿਟਜ਼ ਹਾਸਲ ਕੀਤੇ।

ਪਿਛਲੇ ਸਾਲ ਸੱਭ ਤੋਂ ਵੱਧ ਕਮਾਈ ਕਰਨ ਵਾਲਿਆਂ ਦੀ ਸੂਚੀ ਵਿੱਚ ਦੂਜੇ ਸਥਾਨ ਉੱਤੇ ਰਹਿਣ ਵਾਲੇ ਡੈਰਨ ਸਮਿੱਥ ਸੀ ਜੋ ਕਿ ਯੂਨੀਵਰਸਿਟੀ ਆਫ ਟੋਰਾਂਟੋ ਦੀ ਐਸੇਟ ਮੈਨੇਜਮੈਂਟ ਕਾਰਪੋਰੇਸ਼ਨ ਦਾ ਪ੍ਰੈਜ਼ੀਡੈਂਟ ਹੈ ਤੇ ਉਸ ਦੀ ਤਨਖਾਹ 936,089 ਹੈ। ਓਪੀਜੀ ਦੇ ਚੀਫ ਨਿਊਕਲੀਅਰ ਆਫੀਸਰ ਗਲੈਨ ਜੈਗਰ ਨੂੰ ਸੂਚੀ ਵਿੱਚ ਤੀਸਰਾ ਸਥਾਨ ਹਾਸਲ ਹੋਇਆ ਤੇ ਉਸ ਨੇ 858,445 ਡਾਲਰ ਦੀ ਕਮਾਈ ਕੀਤੀ। ਜ਼ਿਕਰਯੋਗ ਹੈ ਕਿ ਵਿੰਨ ਨੇ ਪਿਛਲੇ ਸਾਲ 208,974 ਡਾਲਰ ਕਮਾਏ ਤੇ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਦੇ ਸਾਬਕਾ ਆਗੂ ਪੈਟਰਿਕ ਬ੍ਰਾਊਨ ਨੇ 180,885 ਡਾਲਰ ਦੀ ਕਮਾਈ ਕੀਤੀ ਜਦਕਿ ਐਨਡੀਪੀ ਆਗੂ ਐਂਡਰੀਆ ਹਾਰਵਥ ਨੇ 158,157 ਡਾਲਰ ਕਮਾਏ। ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਦੇ ਆਗੂ ਡੱਗ ਫੋਰਡ ਦਾ ਕਹਿਣਾ ਹੈ ਕਿ ਇਹ ਓਨਟਾਰੀਓ ਦੇ ਸੱਭ ਤੋਂ ਅਮੀਰ ਸਿਆਸਤਦਾਨਾਂ ਦੀ ਸੂਚੀ ਹੈ। ਉਨ੍ਹਾਂ ਆਖਿਆ ਕਿ ਇੱਕ ਪਾਸੇ ਤਾਂ ਮੌਜੂਦਾ ਪ੍ਰੋਵਿੰਸ਼ੀਅਲ ਸਰਕਾਰ ਦੇ ਭਰੋਸੇਮੰਦ ਵਾਧੂ ਸਰਮਾਇਆ ਇੱਕਠਾ ਕਰਨ ਵਿੱਚ ਲੱਗੇ ਹੋਏ ਹਨ ਤੇ ਦੂਜੇ ਪਾਸੇ ਪ੍ਰੋਵਿੰਸ ਦੇ ਲੋਕਾਂ ਨੂੰ ਹਾਈਡਰੋ ਬਿੱਲ ਅਦਾ ਕਰਨ ਲਈ ਸੰਘਰਸ਼ ਕਰਨਾ ਪੈ ਰਿਹਾ ਹੈ।

ਪੰਜਾਬੀ ਪੋਸਟ 'ਚੋਂ ਧੰਨਵਾਦ ਸਹਿਤ

# ਮਾਓ ਤਸੇ-ਤੁੰਗ ਦੀ ਸਿੱਖਿਆ 'ਤੇ - ਨੇਪਾਲੀ ਡੈਲੀਗੇਸ਼ਨ ਦੇ ਸਿੱਖਿਆਵਾਦੀਆਂ ਨਾਲ ਗੱਲਬਾਤ (1964)

ਸਾਡੀ ਸਿੱਖਿਆ ਸਮੱਸਿਆਵਾਂ ਨਾਲ ਭਰੀ ਹੋਈ ਹੈ, ਜਿਸ ਵਿੱਚੋਂ ਸਭ ਤੋਂ ਪ੍ਰਮੁੱਖ ਕੱਟੜਪੁਣਾ ਹੈ? ਅਸੀਂ ਆਪਣੀ ਵਿੱਦਿਅਕ ਪ੍ਰਣਾਲੀ ਵਿੱਚ ਸੁਧਾਰ ਕਰਨ ਦੇ ਅਮਲ ਵਿੱਚ ਹਾਂ? ਸਕੂਲੀ ਵਰ੍ਹੇ ਬਹੁਤ ਲੰਬੇ ਹਨ, ਬਹੁਤ ਸਾਰੇ ਕੋਰਸ ਹਨ, ਅਤੇ ਅਸੰਤੋਖਜਨਕ ਸਿੱਖਣ ਦੇ ਵੱਖੋ-ਵੱਖਰੇ ਢੰਗ ਹਨ? ਬੱਚੇ ਪਾਠ ਪੁਸਤਕਾਂ ਅਤੇ ਸੰਕਲਪ ਸਿੱਖਦੇ ਹਨ ਜੋ ਸਿਰਫ਼ ਪਾਠ ਪੁਸਤਕਾਂ ਅਤੇ ਸੰਕਲਪ ਹੀ ਰਹਿੰਦੇ ਹਨ; ਉਹ ਹੋਰ ਕੁਝ ਨਹੀਂ ਜਾਣਦੇ? [ਉਹ] ਆਪਣੇ ਚਾਰ ਅੰਗਾਂ ਨੂੰ ਨਹੀਂ ਵਰਤਦੇ; ਨਾ ਹੀ ਉਹ ਪੰਜ ਕਿਸਮ ਦੇ ਅਨਾਜ ਨੂੰ ਪਛਾਣਦੇ ਹਨ?[1] ਬਹੁਤ ਸਾਰੇ ਬੱਚਿਆਂ ਨੂੰ ਇਹ ਵੀ ਪਤਾ ਨਹੀਂ ਹੁੰਦਾ ਕਿ ਗਾਵਾਂ, ਘੋੜੇ, ਕੁੱਕੜ, ਕੁੱਤੇ ਅਤੇ ਸੂਰ ਕੀ ਹਨ; ਨਾ ਹੀ ਉਹ ਚਾਵਲ, ਘਾਹ, ਬੀਜਾਂ, ਮੱਕੀ, ਕਣਕ, ਬਾਜਰੇ ਅਤੇ ਚਰ੍ਹੀ ਵਿੱਚ ਫ਼ਰਕ ਦੱਸ ਸਕਦੇ ਹਨ?[2] ਜਦੋਂ ਇੱਕ ਵਿਦਿਆਰਥੀ ਆਪਣੀ ਯੂਨੀਵਰਸਿਟੀ ਤੋਂ ਗਰੈਜੂਏਟ ਹੁੰਦਾ ਹੈ, ਉਹ ਪਹਿਲਾਂ ਹੀ 20 ਸਾਲਾਂ ਤੋਂ ਉੱਪਰ ਹੁੰਦਾ ਹੈ? ਸਕੂਲੀ ਸਾਲ ਬਹੁਤ ਲੰਬੇ ਹਨ, ਬਹੁਤ ਸਾਰੇ ਕੋਰਸ ਹਨ, ਅਤੇ ਸਿੱਖਿਆ ਦੀ ਵਿਧੀ ਕਲਪਨਾ ਦੇ ਬਜਾਏ ਟੀਕੇ ਲਗਾਉਣਾ ਹੈ? ਇਮਤਿਹਾਨ ਦਾ ਤਰੀਕਾ ਉਮੀਦਵਾਰਾਂ ਨੂੰ ਦੁਸ਼ਮਣਾਂ ਦੇ ਤੌਰ 'ਤੇ ਮੰਨਣਾ ਅਤੇ ਉਹਨਾਂ ਦੀ ਘਾਤ ਲਗਾਉਣਾ ਹੈ? (ਹੱਸਿਆ) ਇਸ ਲਈ ਮੈਂ ਤੁਹਾਨੂੰ ਸਲਾਹ ਦਿੰਦਾ ਹਾਂ ਕਿ ਤੁਸੀਂ ਚੀਨੀ ਵਿੱਦਿਅਕ ਪ੍ਰਣਾਲੀ ਵਿੱਚ ਕਿਸੇ ਅੰਨ੍ਹੇ ਭਰੋਸੇ ਦੀ ਧਾਰਨਾ ਨਾ ਬਣਾਇਓ? ਇਸਨੂੰ ਕੋਈ ਇੱਕ ਚੰਗੀ ਪ੍ਰਣਾਲੀ ਦੇ ਤੌਰ 'ਤੇ ਨਾ ਸਮਝੋ? ਕੋਈ ਵੀ ਕਠੋਰ ਤਬਦੀਲੀ ਕਰਨਾ ਮੁਸ਼ਕਲ ਹੈ, [ਜਿਵੇਂ ਕਿ] ਬਹੁਤ ਸਾਰੇ ਲੋਕ ਇਸਦਾ ਵਿਰੋਧ ਕਰਨਗੇ? ਮੌਜੂਦਾ ਸਮੇਂ ਵਿੱਚ ਕੁਝ ਕੁ ਨਵੇਂ ਢੰਗ ਅਪਣਾਉਣ ਲਈ ਸਹਿਮਤ ਹੋ ਸਕਦੇ ਹਨ, ਪਰ ਬਹੁਤ ਸਾਰੇ ਇਸ ਨਾਲ ਅਸਹਿਮਤ ਹੋਣਗੇ? ਮੈਂ ਹੋ ਸਕਦਾ ਹੈ ਤੁਹਾਡੇ 'ਤੇ ਠੰਡਾ ਪਾਣੀ ਡੋਲ੍ਹ ਦਿੱਤਾ ਹੋਵੇ? ਤੁਹਾਨੂੰ ਕੁਝ ਚੰਗਾ ਦੇਖਣ ਦੀ ਉਮੀਦ ਹੈ, ਪਰ ਮੈਂ ਤੁਹਾਨੂੰ ਸਿਰਫ਼ ਇਹ ਦਸਦਾ ਹਾਂ ਕਿ ਬੁਰਾ ਕੀ ਹੈ? (ਹੱਸਿਆ)

ਹਾਲਾਂਕਿ, ਮੈਂ ਇਹ ਨਹੀਂ ਕਹਿ ਰਿਹਾ ਹਾਂ ਕਿ ਇੱਥੇ ਕੁਝ ਵੀ ਵਧੀਆ ਨਹੀਂ ਹੈ? ਮਿਸਾਲ ਲਈ ਉਦਯੋਗ ਅਤੇ ਭੂ-ਵਿਗਿਆਨ ਲਓ? ਪੁਰਾਣਾ ਸਮਾਜ ਸਾਡੇ ਲਈ ਸਿਰਫ 200 ਭੂ-ਵਿਗਿਆਨੀ ਅਤੇ ਤਕਨੀਸ਼ੀਅਨ ਛੱਡ ਗਿਆ; ਹੁਣ ਸਾਡੇ ਕੋਲ 2,00,000 ਤੋਂ ਵੱਧ ਹਨ?

ਆਮ ਤੌਰ 'ਤੇ ਗੱਲ ਕਰਦਿਆਂ, ਇੰਜੀਨੀਅਰਿੰਗ ਵਿੱਚ ਮੁਹਾਰਤ ਰੱਖਣ ਵਾਲੇ ਬੁੱਧੀਜੀਵੀ ਵਧੀਆ ਹੁੰਦੇ ਹਨ, ਕਿਉਂਕਿ ਉਹ ਅਸਲੀਅਤ ਦੇ ਸੰਪਰਕ ਵਿੱਚ ਹੁੰਦੇ ਹਨ? ਵਿਗਿਆਨੀ, ਸ਼ੁੱਧ ਵਿਗਿਆਨਿਕ, ਭੈੜੇ ਹੁੰਦੇ ਹਨ, ਪਰ ਉਹ ਹਾਲੇ ਵੀ ਆਰਟਸ ਵਿਸ਼ਿਆਂ ਵਿੱਚ ਮੁਹਾਰਤ ਵਾਲੇ ਲੋਕਾਂ ਨਾਲੋਂ ਬਿਹਤਰ ਹਨ? [ਉਦਾਰਵਾਦੀ] ਆਰਟਸ ਵਿਸ਼ੇ ਪੂਰੀ ਤਰ੍ਹਾਂ ਅਸਲੀਅਤ ਤੋਂ ਅੱਡ ਹਨ? ਇਤਿਹਾਸ, ਫ਼ਲਸਫ਼ੇ ਅਤੇ ਅਰਥਸ਼ਾਸਤਰ ਦੇ ਵਿਦਿਆਰਥੀਆਂ ਨੂੰ ਅਸਲੀਅਤ ਦੀ ਪੜ੍ਹਾਈ ਨਾਲ ਕੋਈ ਸਰੋਕਾਰ ਨਹੀਂ ਹੈ; ਉਹ ਇਸ ਦੁਨੀਆਂ ਦੇ ਸਭ ਤੋਂ ਅਣਜਾਣ ਹਨ?

ਜਿਵੇਂ ਮੈਂ ਪਹਿਲਾਂ ਕਿਹਾ ਹੈ, ਸਾਡੇ ਕੋਲ ਅਨੋਖਾ ਕੁਝ ਵੀ ਨਹੀਂ ਹੈ, ਸਿਰਫ ਸਾਧਾਰਣ ਲੋਕਾਂ ਤੋਂ ਹੀ ਸਿੱਖਿਆ ਹੈ? ਬੇਸ਼ੱਕ, ਅਸੀਂ ਥੋੜਾ ਮਾਰਕਸਵਾਦ-ਲੈਨਿਨਵਾਦ ਸਿੱਖਿਆ ਹੈ, ਪਰ ਸਿਰਫ ਮਾਰਕਸਵਾਦ-ਲੈਨਿਨਵਾਦ ਨਹੀਂ ਚੱਲੇਗਾ? [ਸਾਨੂੰ] ਚੀਨ ਦੀਆਂ ਸਮੱਸਿਆਵਾਂ ਦੀ ਪੜ੍ਹਾਈ, ਚੀਨ ਦੀਆਂ ਖਾਸੀਅਤਾਂ ਅਤੇ ਤੱਥਾਂ ਤੋਂ ਸ਼ੁਰੂ ਕਰਨੀ ਚਾਹੀਦੀ ਹੈ? ਅਸੀਂ ਚੀਨੀ ਜਿਨ੍ਹਾਂ ਵਿੱਚ ਮੈਂ ਖੁਦ ਵੀ ਸ਼ਾਮਲ ਹਾਂ, ਚੀਨ ਬਾਰੇ ਬਹੁਤ ਕੁਝ ਨਹੀਂ ਜਾਣਦੇ ਸੀ? ਅਸੀਂ ਜਾਣਦੇ ਸੀ ਕਿ ਸਾਨੂੰ ਸਾਮਰਾਜਵਾਦ ਅਤੇ ਇਸ ਦੇ ਝੋਲੀ-ਚੱਕਾਂ ਨਾਲ ਲੜਨਾ ਚਾਹੀਦਾ ਹੈ, ਪਰ ਸਾਨੂੰ ਇਹ ਨਹੀਂ ਸੀ ਪਤਾ ਕਿ ਇਹ ਕਿਵੇਂ ਕਰਨਾ ਹੈ? ਇਸ ਲਈ ਸਾਨੂੰ ਚੀਨ ਦੀਆਂ ਹਾਲਤਾਂ ਦਾ ਅਧਿਐਨ ਕਰਨਾ ਪਿਆ, ਜਿਵੇਂ ਤੁਸੀਂ ਆਪਣੇ ਦੇਸ਼ ਦੀਆਂ ਹਾਲਤਾਂ ਦਾ ਅਧਿਐਨ ਕਰਦੇ ਹੋ? ਅਸੀਂ ਚੀਨੀ ਹਾਲਤਾਂ ਦੇ ਅਨੁਕੂਲ ਨੀਤੀਆਂ ਨੂੰ ਇੱਕ-ਇੱਕ ਪੜਾਅ ਵਿੱਚ ਪਾ ਕੇ, ਪੂਰੇ ਦੇਸ਼ ਦੀ ਮੁਕਤੀ ਲਈ ਸੀ.ਪੀ.ਸੀ. ਦੀ ਬੁਨਿਆਦ ਤੋਂ ਪੂਰੇ ਅਠਾਈ ਵਰ੍ਹੇ ਦਾ ਲੰਬਾ ਸਮਾਂ ਬਿਤਾਇਆ?

[ਸਾਡੀ] ਤਾਕਤ ਦਾ ਸੋਮਾ ਜਨਤਾ ਹੈ? ਜੇ ਕੋਈ ਚੀਜ਼ ਲੋਕਾਂ ਦੀ ਇੱਛਾ ਨੂੰ ਜ਼ਾਹਿਰ ਨਹੀਂ ਕਰਦੀ, ਤਾਂ ਇਹ ਕੋਈ ਚੰਗਾ ਨਹੀਂ ਹੈ? [ਸਾਨੂੰ] ਜਨਤਾ ਤੋਂ ਸਿੱਖਣਾ, ਆਪਣੀਆਂ ਨੀਤੀਆਂ ਤਿਆਰ ਕਰਨਾ, ਅਤੇ ਫਿਰ ਜਨਤਾ ਨੂੰ ਸਿੱਖਿਆ ਦੇਣੀ ਚਾਹੀਦੀ ਹੈ? ਇਸ ਲਈ, ਜੇ ਅਸੀਂ ਅਧਿਆਪਕ ਬਣਨਾ ਚਾਹੁੰਦੇ ਹਾਂ ਤਾਂ ਸਾਨੂੰ ਵਿਦਿਆਰਥੀਆਂ ਦੇ ਤੌਰ 'ਤੇ ਸ਼ੁਰੂਆਤ ਕਰਨੀ ਚਾਹੀਦੀ ਹੈ? ਕੋਈ ਵੀ ਅਧਿਆਪਕ [ਆਪਣਾ ਕੈਰੀਅਰ] ਕਿਸੇ ਅਧਿਆਪਕ ਦੇ ਤੌਰ 'ਤੇ ਸ਼ੁਰੂ ਨਹੀਂ ਕਰਦਾ? ਅਧਿਆਪਕ ਬਣਨ ਤੋਂ ਬਾਅਦ, ਇਹ ਸਮਝਣ ਲਈ ਕਿ ਉਹ ਖੁਦ ਕਿਵੇਂ ਸਿੱਖਿਆ, ਜਨਤਾ ਤੋਂ ਸਿੱਖਣਾ ਜਾਰੀ ਰੱਖਣਾ ਚਾਹੀਦਾ ਹੈ? ਇਹੀ ਕਾਰਨ ਹੈ ਕਿ ਅਧਿਆਪਕਾਂ ਦੀ ਸਿਖਲਾਈ ਵਿੱਚ ਮਨੋਵਿਗਿਆਨ ਅਤੇ ਸਿੱਖਿਆ 'ਤੇ ਕੋਰਸ ਹਨ? ਕਿਸੇ ਦਾ ਕੁਝ ਸਿੱਖਿਆ ਉਦੋਂ ਬੇਕਾਰ ਹੋ ਜਾਂਦਾ ਹੈ ਜਦੋਂ ਉਹ ਅਸਲੀਅਤ ਨੂੰ ਨਹੀਂ ਸਮਝਦਾ? ਤਸਿੰਗੁਆ ਯੂਨੀਵਰਸਿਟੀ ਵਿੱਚ ਵਿਗਿਆਨ ਅਤੇ ਇੰਜੀਨੀਅਰਿੰਗ ਦੇ ਵਿਭਾਗਾਂ ਨਾਲ ਇੱਕ ਫੈਕਟਰੀ ਜੁੜੀ ਹੈ ਕਿਉਂਕਿ ਵਿਦਿਆਰਥੀਆਂ ਨੂੰ ਕਿਤਾਬਾਂ ਅਤੇ ਕੰਮ [ਦੋਹਾਂ] ਤੋਂ ਸਿੱਖਣਾ ਚਾਹੀਦਾ ਹੈ?[3] ਪਰ [ਅਸੀਂ] ਆਰਟ ਵਿਭਾਗਾਂ ਨਾਲ ਫੈਕਟਰੀਆਂ ਨਹੀਂ ਸਥਾਪਤ ਕਰ ਸਕਦੇ; ਜਿਵੇਂ ਸਾਹਿਤ ਫੈਕਟਰੀ, ਇਤਿਹਾਸ ਫੈਕਟਰੀ, ਅਰਥਸ਼ਾਸਤਰ ਦੀ ਫੈਕਟਰੀ, ਜਾਂ ਇੱਕ ਨਾਵਲ ਫੈਕਟਰੀ; ਇਨ੍ਹਾਂ ਵਿਭਾਗਾਂ ਨੂੰ ਪੂਰੇ ਸਮਾਜ ਨੂੰ ਆਪਣੀ ਫੈਕਟਰੀ ਦੇ ਤੌਰ 'ਤੇ ਦੇਖਣਾ ਚਾਹੀਦਾ ਹੈ? ਉਨ੍ਹਾਂ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਕਿਸਾਨਾਂ ਅਤੇ ਸ਼ਹਿਰੀ ਕਾਮਿਆਂ ਦੇ ਨਾਲ-ਨਾਲ ਖੇਤੀਬਾੜੀ ਅਤੇ ਉਦਯੋਗਾਂ ਨਾਲ ਵੀ ਜੁੜਨਾ ਚਾਹੀਦਾ ਹੈ? ਉਨ੍ਹਾਂ ਦੇ ਗਰੈਜੂਏਟ ਕਿਸੇ ਹੋਰ ਵਰਤੋਂ ਲਈ ਕਿਵੇਂ ਹੋ ਸਕਦੇ ਹਨ? ਮਿਸਾਲ ਲਈ, ਕਾਨੂੰਨ ਦੇ ਵਿਦਿਆਰਥੀਆਂ ਨੂੰ ਲਓ, ਜੇ ਉਹ ਕਿਸੇ ਸਮਾਜ ਵਿੱਚ ਜੁਰਮ ਨਹੀਂ ਸਮਝਦੇ, ਤਾਂ ਉਹ ਕਾਨੂੰਨ ਦੇ ਚੰਗੇ ਵਿਦਿਆਰਥੀ ਨਹੀਂ ਬਣ ਸਕਦੇ? ਕਾਨੂੰਨ ਫੈਕਟਰੀ ਸਥਾਪਤ ਕਰਨਾ ਸਵਾਲ ਤੋਂ ਪਰ੍ਹੇ ਹੈ; ਸੋ ਉਨ੍ਹਾਂ ਦੀ ਫੈਕਟਰੀ ਸਮਾਜ ਹੈ? ਤੁਲਨਾਤਮਕ ਤੌਰ 'ਤੇ ਕਹੀਏ ਤਾਂ, ਅਸਲੀਅਤ ਨਾਲ ਜੁੜਾਵ ਦੀ ਘਾਟ ਕਾਰਨ ਸਾਡੇ ਆਰਟਸ ਦੇ ਵਿਭਾਗ ਸਭ ਤੋਂ ਵੱਧ ਪੱਛੜੇ ਹਨ? ਵਿਦਿਆਰਥੀ ਅਤੇ ਅਧਿਆਪਕ ਸਿਰਫ ਜਮਾਤ ਦੇ ਹੀ ਕੰਮ ਕਰਦੇ ਹਨ? ਫ਼ਲਸਫ਼ਾ ਇੱਕ ਕਿਤਾਬ ਫ਼ਲਸਫ਼ਾ ਹੈ? ਫ਼ਲਸਫ਼ੇ ਦੀ ਕੀ ਵਰਤੋਂ ਹੈ ਜੇ ਇਹ ਸਮਾਜ, ਜਨਤਾ ਅਤੇ ਕੁਦਰਤ ਤੋਂ ਨਹੀਂ ਸਿੱਖਿਆ ਜਾਂਦਾ? ਇਹ ਸਿਰਫ ਅਸਪਸ਼ਟ ਵਿਚਾਰਾਂ ਨਾਲ ਰਚਿਆ ਜਾ ਸਕਦਾ ਹੈ? ਤਰਕ ਵੀ ਇੱਦਾਂ ਹੀ ਹੈ? [ਕੋਈ] ਬਹੁਤਾ ਕੁਝ ਸਮਝ ਨਹੀਂ ਸਕਦਾ ਜੇ ਕੋਈ ਪਾਠ ਪੁਸਤਕਾਂ ਵਿੱਚੋਂ ਸਿਰਫ ਇੱਕ ਵਾਰ ਪੜ੍ਹਦਾ ਹੈ? ਪਰ ਕੋਈ ਇਸ ਨੂੰ ਵਰਤੋਂ ਦੁਆਰਾ ਹੌਲੀ-ਹੌਲੀ ਸਮਝਦਾ ਹੈ? ਮੈਨੂੰ ਬਹੁਤਾ ਕੁਝ ਸਮਝ ਨਹੀਂ ਆਉਂਦਾ ਜਦੋਂ ਮੈਂ ਤਰਕ ਪੜ੍ਹਦਾ ਹਾਂ? ਪਰ ਜਦੋਂ ਮੈਂ ਇਸ ਨੂੰ ਵਰਤਿਆ ਤਾਂ ਮੈਨੂੰ ਸਮਝ ਆ ਗਈ?

ਮੈਂ ਤਰਕ ਬਾਰੇ ਗੱਲ ਕਰਦਾ ਰਿਹਾ ਹਾਂ? ਵਿਆਕਰਣ ਵੀ ਅਜਿਹੀ ਹੈ, ਜਿਸ ਨੂੰ ਕੋਈ ਨਿਰਾ ਪੜ੍ਹ ਕੇ ਨਹੀਂ ਸਮਝ ਸਕਦਾ? ਪਰ ਕੋਈ ਜਦੋਂ ਅਸਲ ਵਿੱਚ ਲਿਖ ਰਿਹਾ ਹੁੰਦਾ ਹੈ ਤਾਂ ਕੋਈ ਵਾਕ ਦੇ ਢਾਂਚੇ ਦੀ ਵਰਤੋਂ ਨੂੰ ਸਮਝਦਾ ਹੈ? ਅਸੀਂ ਪ੍ਰਚਲਿਤ ਵਰਤੋਂ ਅਨੁਸਾਰ ਲਿਖਦੇ ਅਤੇ ਬੋਲਦੇ ਹਾਂ ਅਤੇ ਇਸ ਲਈ ਦਰਅਸਲ ਕੋਈ ਵਿਆਕਰਣ ਪੜ੍ਹਨਾ ਜ਼ਰੂਰੀ ਨਹੀਂ ਹੁੰਦਾ? ਜਿਵੇਂ ਕਿ ਅਲੰਕਾਰ ਵਿੱਦਿਆ ਲਈ, ਇਹ ਇੱਕ ਇੱਛਕ ਵਿਸ਼ਾ ਹੈ? ਮਹਾਨ ਲੇਖਕ ਸਦਾ ਅਲੰਕਾਰ ਸ਼ਾਸਤਰੀ ਨਹੀਂ ਹੁੰਦੇ? ਮੈਂ ਖ਼ੁਦ ਅਲੰਕਾਰ ਵਿੱਦਿਆ ਪੜ੍ਹੀ ਹੈ, ਪਰ ਇਹ ਬਿਲਕੁਲ ਵੀ ਸਮਝ ਨਹੀਂ ਆਈ? ਕੀ ਤੁਸੀਂ ਲਿਖਣ ਤੋਂ ਪਹਿਲਾਂ ਇਸਨੂੰ ਪੜ੍ਹਦੇ ਹੋ?

## ਸ਼ੋਕ ਸਮਾਚਾਰ



ਪਿਛਲੇ ਦਿਨੀਂ 'ਅਦਾਰਾ ਸਿੱਖ ਵਿਰਸਾ' ਦੇ ਮੁੱਖ ਸੰਪਾਦਕ ਸ ਹਰਚਰਨ ਸਿੰਘ ਪਰਹਾਰ ਦੇ ਪਿਤਾ ਜੀ ਸ. ਸਵਰਨ ਸਿੰਘ ਪਰਹਾਰ ਆਪਣੀ ਇੰਡੀਆ ਫੇਰੀ ਦੌਰਾਨ 79 ਸਾਲ ਦੀ ਉਮਰ ਭੋਗ ਕੇ ਆਪਣੇ ਜੱਦੀ ਪਿੰਡ ਕਾਲਰਾ (ਜ਼ਿਲ੍ਹਾ ਜਲੰਧਰ) ਵਿੱਚ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਸਦੀਵੀ ਵਿਛੋੜਾ ਦੇ ਗਏ ਸਨ।ਅਸੀਂ ਅਦਾਰਾ 'ਸਰੋਕਾਰਾਂ ਦੀ ਆਵਾਜ' ਵਲੋਂ ਪਰਹਾਰ ਪਰਿਵਾਰ ਨਾਲ ਦਿਲੋਂ ਹਮਦਰਦੀ ਤੇ ਅਫਸੋਸ ਪ੍ਰਗਟ ਕਰਦੇ ਹਾਂ। ਸ. ਸਵਰਨ ਸਿੰਘ ਪਰਹਾਰ ਇੱਕ ਬਹੁਤ ਹੀ ਸ਼ਰੀਫ ਇਨਸਾਨ ਸਨ, ਜੋ ਕਿ ਪਹਿਲਾਂ ਪੰਜਾਬ ਪੁਲਿਸ ਤੇ ਫਿਰ ਬੀ. ਐਸ. ਐਫ. ਤੋਂ ਡੀ ਐਸ ਪੀ ਦੇ ਅਹੁਦੇ ਤੋਂ ਰਿਟਾਇਰ ਹੋ ਕੇ ਪਿਛਲੇ 25 ਸਾਲ ਤੋਂ ਕੈਲਗਰੀ ਵਿੱਚ ਰਹਿ ਰਹੇ ਸਨ। ਡੀ ਐਸ ਪੀ ਹੁੰਦੇ ਹੋਏ ਵੀ ਉਨ੍ਹਾਂ ਆਪਣੀ ਨੌਕਰੀ ਹਮੇਸ਼ਾਂ ਬੜੀ ਇਮਾਨਦਾਰੀ ਨਾਲ ਨਿਭਾਈ ਅਤੇ ਆਪਣੇ ਦਾਮਨ ਤੇ ਰਿਸ਼ਵਤਖੋਰੀ ਜਾਂ ਭ੍ਰਿਸ਼ਟਾਚਾਰ ਦਾ ਦਾਗ ਨਹੀਂ ਲੱਗਣ ਦਿੱਤਾ। ਅਸੀਂ ਅਜਿਹੇ ਇਨਸਾਨ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਮਾਣ ਮਹਿਸੂਸ ਕਰਦੇ ਹਾਂ।

• • •



ਘਰ ਵਿਚ ਬਜ਼ੁਰਗਾਂ ਦੀ ਹੋਂਦ ਬੋਹੜ ਦੇ ਦਰਖ਼ਤ ਵਾਂਗ ਹੁੰਦੀ ਹੈ ਜਿਨ੍ਹਾਂ ਦੀ ਛਤਰ ਛਾਇਆ ਹੇਠ ਸਾਰਾ ਪਰਿਵਾਰ ਸਰਦੀ ਵਿਚ ਨਿੱਘ ਅਤੇ ਗਰਮੀ ਵਿਚ ਠੰਢਕ ਮਾਣਦਾ ਹੋਇਆ ਅੱਗੇ ਵਧਦਾ ਰਹਿੰਦਾ ਹੈ। ਪਿਛਲੇ ਦਿਨੀਂ 'ਸਰੋਕਾਰਾਂ ਦੀ ਆਵਾਜ਼' ਦੇ ਗ੍ਰਾਫਿਕ ਡਿਜ਼ਾਇਨਰ ਬਲਜਿੰਦਰ ਸਿੰਘ ਦੇ ਪਿਤਾ ਸ੍ਰ. ਮੁਖਤਿਆਰ ਸਿੰਘ ਜੀ ਦਾ 12 ਮਾਰਚ 2018 ਨੂੰ ਅਚਾਨਕ ਸਦੀਵੀ ਵਿਛੋੜਾ ਦੇ ਗਏ ਸਨ। ਉਹ ਕਰੀਬ 85 ਵਰ੍ਹਿਆਂ ਦੇ ਸਨ। ਅਦਾਰਾ 'ਸਰੋਕਾਰਾਂ ਦੀ ਆਵਾਜ਼' ਵਲੋਂ ਪਰਿਵਾਰ ਨਾਲ ਦਿਲੋਂ ਹਮਦਰਦੀ ਤੇ ਅਫਸੋਸ ਪ੍ਰਗਟ ਕਰਦਾ ਹੋਇਆ ਸ਼ਰਧਾਂਜਲੀ ਭੇਟ ਕਰਦਾ ਹਾਂ।

• • •



ਗੁਰਬਚਨ ਬਰਾੜ ਦੇ ਮਾਤਾ ਕਰਤਾਰ ਕੌਰ ਬਰਾੜ 24 ਮਾਰਚ 2018 ਨੂੰ 88 ਸਾਲ ਦੀ ਉਮਰ ਭੋਗ ਕੇ ਸਦਾ ਲਈ ਵਿਛੜ ਗਏ। ਅਦਾਰਾ 'ਸਰੋਕਾਰਾਂ ਦੀ ਆਵਾਜ਼' ਉਨ੍ਹਾਂ ਦੇ ਪਰਿਵਾਰ ਨਾਲ ਦੁੱਖ 'ਚ ਸਰੀਕ ਹੋਇਆ।

• • •



ਉਘੇ ਨਾਟਕਕਾਰ ਅਜਮੇਰ ਔਲਖ ਦੀ ਬੇਟੀ ਰੰਗਕਰਮੀ ਸਹਿਜਪ੍ਰੀਤ ਬਰਾੜ ਦੀ ਅਚਨਚੇਤੀ ਹੋਈ ਮੌਤ 'ਤੇ ਅਦਾਰਾ 'ਸਰੋਕਾਰਾਂ ਦੀ ਆਵਾਜ਼' ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਾ ਹੈ।

# ਮੂਲਵਾਸੀ ਚੀਫਾਂ ਦੀ ਦੋਸ਼ ਮੁਕਤੀ ਪੁਰਾਣੀ ਚੀਸ ਦੇ ਘੱਟ ਹੋਣ ਦੇ ਆਸਾਰ

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੱਲ ਪਾਰਲੀਮੈਂਟ ਵਿੱਚ ਉਹਨਾਂ 6 ਫਸਟ ਨੇਸ਼ਨ ਚੀਫ਼ਾਂ ਨੂੰ ਦੋਸ਼ ਮੁਕਤ ਕਰਾਰ ਦੇ ਕੇ ਮੁਆਫੀ ਮੰਗੀ ਹੈ ਜਿਹਨਾਂ ਨੂੰ ਤਕਰੀਬਨ 150 ਸਾਲ ਪਹਿਲਾਂ 1864 ਵਿੱਚ ਬ੍ਰਿਟਿਸ਼ ਕੋਲੰਬੀਆ ਦੀ ਤਤਕਾਲੀ ਸਰਕਾਰ ਵੱਲੋਂ 14 ਸੜਕ ਵਰਕਰਾਂ ਦੀ ਹੱਤਿਆ ਦੇ ਦੋਸ਼ ਵਿੱਚ ਫਾਂਸੀ ਲਾਈ ਗਈ ਸੀ। ਇਹ ਚੀਫ ਸਿਲਕੋਟਿਨ (Tsilhqot'in) ਜਾਂ ਚਿਲਕੋਟਿਨ (Chilcotin) ਕਬੀਲੇ ਨਾਲ ਸਬੰਧਿਤ ਸਨ। ਇਹ ਕਬੀਲਾ ਪੱਛਮੀ ਕੇਂਦਰੀ ਬ੍ਰਿਟਿਸ਼ ਕੋਲੰਬੀਆ ਵਿੱਚ ਫਰੇਜ਼ਰ ਰਿਵਰ ਅਤੇ ਕੋਸਟ ਮਾਊਂਟੇਨ ਦਰਮਿਆਨ ਵੱਸਦਾ ਹੈ।

ਫਾਂਸੀ ਲਾਏ ਜਾਣ ਦਾ ਉਹ ਦੌਰ ਸੀ ਜਦੋਂ ਇਸ ਕਬੀਲੇ ਵੱਲੋਂ ਆਪਣੀ ਜ਼ਮੀਨ ਉੱਤੇ ਸੜਕਾਂ ਬਣਾਉਣ ਦਾ ਵਿਰੋਧ ਕੀਤਾ ਜਾਂਦਾ ਸੀ। ਆਪਣੀ ਜ਼ਮੀਨ ਦੇ ਹੱਕ ਨੂੰ ਬਣਾਈ ਰੱਖਣ ਲਈ ਕਬੀਲੇ ਦੇ ਮੈਂਬਰਾਂ ਹੱਥੋਂ 14 ਸੜਕ ਬਣਾਉਣ ਵਾਲੇ ਮੁਲਾਜ਼ਮ ਮਾਰੇ ਗਏ ਸਨ। ਬਾਅਦ ਵਿੱਚ ਇਹ ਚੀਫ ਤਤਕਾਲੀ ਸਰਕਾਰ ਦੇ ਸੱਦੇ ਉੱਤੇ ਇਸ ਇਰਾਦੇ ਨਾਲ ਮੁਲਾਕਾਤ ਕਰਨ ਚਲੇ ਗਏ ਕਿ ਸ਼ਾਇਦ ਦੋਵਾਂ ਧਿਰਾਂ ਦਰਮਿਆਨ ਚੱਲ ਰਹੀ ਜੰਗੀ ਸਥਿਤੀ ਨੂੰ ਕਾਬੂ ਕਰਨ ਲਈ ਉਹਨਾਂ ਦੀ ਸਲਾਹ ਲਈ ਜਾਵੇਗੀ। ਇਸਤੋਂ ਉਲਟ ਅਧਿਕਾਰੀਆਂ ਨੇ ਉਹਨਾਂ ਨੂੰ ਬੰਦੀ ਬਣਾ ਕੇ ਕਤਲ ਦੇ ਦੋਸ਼ ਹੇਠ ਫਾਂਸੀ ਲਾ ਦਿੱਤਾ। ਹੁਣ ਫੈਡਰਲ ਸਰਕਾਰ ਵੱਲੋਂ ਇਹ ਗੱਲ ਕਬੂਲ ਕੀਤੀ ਗਈ ਹੈ ਕਿ ਉਹ ਚੀਫ ਕੋਈ ਕਾਤਲ ਜਾਂ ਠੱਗ ਨਹੀਂ ਸਨ ਸਗੋਂ ਆਪਣੀ ਮਾਂ ਭੂਮੀ ਦੀ ਰਖਵਾਲੀ ਕਰਨ ਵਾਲੇ ਬਹਾਦਰ ਸਪੂਤ ਸਨ, ਜਰਵਾਣੇ ਤਾਂ ਬਲਕਿ ਵਿਦੇਸ਼ਾਂ ਚੋਂ ਆਏ ਹੁਕਮਰਾਨ ਸਨ। ਬ੍ਰਿਟਿਸ਼ ਕੋਲੰਬੀਆ ਸਰਕਾਰ ਚੀਫ਼ਾਂ ਨੂੰ ਲਾਈ ਗਈ ਫਾਂਸੀ ਲਈ 1993 ਵਿੱਚ ਹੀ ਮੁਆਫੀ ਮੰਗ ਚੁੱਕੀ ਹੈ। ਕਬੀਲੇ ਦੇ ਲੋਕ ਲੰਬੇ ਸਮੇਂ ਤੋਂ ਅਦਾਲਤਾਂ ਅਤੇ ਸਰਕਾਰਾਂ ਕੋਲ ਮੁੱਦਾ ਚੁੱਕਦੇ ਆ ਰਹੇ ਸਨ ਕਿ ਉਹਨਾਂ ਦੇ ਪੁਰਖੇ ਅਪਰਾਧੀ ਨਹੀਂ ਸਗੋਂ ਧਰਤੀ ਲਈ ਮਰ ਮਿਟਣ ਵਾਲੇ ਸੂਰਬੀਰ ਸਨ।

ਮਨੁੱਖੀ ਅਧਿਕਾਰਾਂ ਦੀ ਗੱਲ ਕਰਨ ਵਾਲੇ ਲੋਕ ਇਸ ਤੱਥ ਨੂੰ ਸਮਝਦੇ ਹਨ ਕਿ ਜਿਵੇਂ ਜ਼ਮੀਨ ਉੱਤੇ ਸੱਭ ਤੋਂ ਪਹਿਲਾ ਹੱਕ ਉਸ ਇਲਾਕੇ ਦੇ ਮੂਲ ਵਾਸੀਆਂ ਦਾ ਹੁੰਦਾ ਹੈ, ਉਵੇਂ ਹੀ ਫਸਟ ਨੇਸ਼ਨ ਵਾਸੀਆਂ ਦਾ ਸੀ। ਹਡਸਨ ਬੇਅ ਵੱਲੋਂ ਜੱਤ ਅਤੇ ਹੋਰ ਕੰਪਨੀਆਂ ਵੱਲੋਂ ਇਸ ਇਲਾਕੇ ਵਿੱਚ ਪਾਏ ਜਾਂਦੇ ਸੋਨੇ ਦੇ ਭੰਡਾਰਾਂ ਕਾਰਣ ਮੂਲਵਾਸੀਆਂ ਉੱਤੇ ਤਸ਼ੱਦਦ ਢਾਹੇ ਜਾਂਦੇ ਸਨ। ਮਿਸਾਲ ਵਜੋਂ ਯੂਰਪੀਅਨਾਂ ਵੱਲੋਂ ਲਿਆਂਦੀ ਗਈ ਛੋਟੀ ਚੇਚਕ ਦੀ ਬਿਮਾਰੀ ਨਾਲ ਇਸ ਕਬੀਲੇ ਦੀ 62% ਵੱਸੋਂ ਮਰ ਗਈ ਸੀ ਕਿਉਂਕਿ ਇਹਨਾਂ ਦੇ ਸਰੀਰ-ਸਿਸਟਮ ਵਿੱਚ ਇਹਨਾਂ ਬਿਮਾਰੀਆਂ ਨਾਲ ਲੜਨ ਦੇ ਤੱਤ ਮੌਜੂਦ ਨਹੀਂ ਸਨ। ਇਸਤੋਂ ਇਲਾਵਾ 1845 ਵਿੱਚ ਕਾਲੀ ਖਾਂਸੀ, 1850 ਵਿੱਚ ਖਸਰੇ, 1855 ਵਿੱਚ ਛੋਟੀ ਚੇਚਕ (ਚੇਚਕ ਦੇ ਜਿਵਾਣੂਆਂ ਵਾਲੇ ਕੰਬਲ ਵਰਤਣ ਕਾਰਣ ਜੋ ਕਿ ਇੱਕ ਵੱਡੀ ਸਾਜ਼ਸ਼ ਸੀ) ਆਦਿ ਮਹਾਂਮਾਰੀਆਂ ਦਾ ਸੰਤਾਪ ਇਹਨਾਂ ਲੋਕਾਂ ਨੂੰ ਹੰਢਾਉਣਾ ਪਿਆ। ਸੜਕਾਂ ਅਤੇ ਹੋਰ ਵਿਕਾਸ ਕਾਰਜਾਂ ਵਿੱਚ ਮੁਲਾਜ਼ਮਤ ਕਰਨ ਵਾਲੇ ਲੋਕ ਅਕਸਰ ਫਸਟ ਨੇਸ਼ਨ ਔਰਤਾਂ ਨੂੰ ਜਬਰੀ ਚੁੱਕ ਕੇ ਲੈ ਜਾਂਦੇ ਅਤੇ ਬਲਾਤਕਾਰ ਕਰਦੇ। ਚਿਲਕੋਟਿਨ ਲੋਕਾਂ ਨੂੰ ਪ੍ਰੋਵਿੰਸ਼ੀਅਲ ਚੋਣਾਂ ਵਿੱਚ ਵੋਟ ਪਾਉਣ ਦਾ ਅਧਿਕਾਰ ਮਸਾਂ ਜਾ ਕੇ 1949 ਵਿੱਚ ਜਾ ਕੇ ਮਿਲਿਆ ਜਦੋਂ ਕਿ ਫੈਡਰਲ ਚੋਣਾਂ ਵਿੱਚ ਇਹ ਹੱਕ 1960 ਤੱਕ ਨਹੀਂ ਸੀ। ਕੈਥੋਲਿਕ ਮਿਸ਼ਨਰੀਆਂ ਅਤੇ ਰੇਜ਼ੀਡੈਂਸ਼ੀਅਲ ਸਕੂਲਾਂ ਵੱਲੋਂ ਕੀਤਾ ਗਿਆ ਨੁਕਸਾਨ ਆਪਣੀ ਥਾਂ ਵੱਖਰਾ ਹੈ। ਅੱਜ ਜੋ ਸਾਡੇ ਲੋਕ ਨਸਲੀ ਵਿਤਕਰੇ ਦੀਆਂ ਵਾਰਦਾਤਾਂ ਅਤੇ ਆਰਥਕ ਤਰੱਕੀ ਦੇ ਅਵਸਰ ਨਾ ਮਿਲਣ ਕਾਰਣ ਨਿਰਾਸ਼ ਹੋ ਜਾਂਦੇ ਹਨ, ਉਹਨਾਂ ਨੂੰ ਫਸਟ ਨੇਸ਼ਨ ਵਾਸੀਆਂ ਵੱਲੋਂ ਹੰਢਾਏ ਗਏ ਕਾਲੇ ਇਤਿਹਾਸ ਤੋਂ ਸਬਕ ਸਿੱਖਣਾ ਚਾਹੀਦਾ ਹੈ।

ਕੱਲ ਮੰਗੀ ਗਈ ਮੁਆਫ਼ੀ ਦਾ ਮੁੱਢ 2014 ਵਿੱਚ ਸੁਪਰੀਮ ਕੋਰਟ ਆਫ ਕੈਨੇਡਾ ਵੱਲੋਂ ਕੀਤਾ ਉਹ ਫੈਸਲਾ ਹੈ ਜਿਸ ਵਿੱਚ ਕਿਹਾ ਗਿਆ ਸੀ ਕਿ ਉਸ 1700 ਸਕੂਐਰ ਕਿਲੋਮੀਟਰ ਉੱਤੇ ਚਿਲਕੋਟਿਨ ਲੋਕਾਂ ਦਾ ਹੱਕ ਹੈ ਜੋ ਇੰਡੀਅਨ ਰੀਜ਼ਰਵ ਤੋਂ ਬਾਹਰ ਪੈਂਦੀ ਸੀ। ਫੈਡਰਲ ਅਤੇ ਪ੍ਰੋਵਿੰਸ਼ੀਅਲ ਸਰਕਾਰਾਂ ਇਸ ਜ਼ਮੀਨ ਉੱਤੇ ਆਪਣਾ ਦਾਅਵਾ ਜਤਾਉਂਦੀਆਂ ਆ ਰਹੀਆਂ ਸਨ।

ਪ੍ਰਧਾਨ ਮੰਤਰੀ ਵੱਲੋਂ ਕੱਲ ਮੰਗੀ ਮੁਆਫ਼ੀ ਉਸ ਕੌੜੇ ਸੱਚ ਨੂੰ ਹੋਰ ਪੱਕਿਆਂ ਕਰਦੀ ਹੈ ਕਿ ਕੈਨੇਡਾ ਵਿੱਚ ਧਰਤੀ ਹਥਿਆਉਣ ਦਾ ਕਾਰਜ ਬਹੁਤ ਦਰਦਨਾਕ ਅਤੇ ਘਿਨਾਉਣਾ ਰਿਹਾ ਹੈ। ਮੁਆਫੀ ਮੰਗਣਾ ਮਹਿਜ਼ ਦੋ ਬੋਲ ਨਹੀਂ ਸਗੋਂ ਪੀੜਤਾਂ ਦੇ ਸੀਨੇ ਵਿੱਚ ਘੁੱਟੇ ਹੋਏ ਦਰਦ ਨੂੰ ਮੱਲ੍ਹਮ ਲਾਉਣ ਬਰਾਬਰ ਹੈ ਜਿਹੜੇ ਆਪਣੇ ਪੁਰਖਿਆਂ ਦੇ ਜ਼ਮਾਨੇ ਤੋਂ ਧੱਕੇਸ਼ਾਹੀ ਦਾ ਸ਼ਿਕਾਰ ਹੁੰਦੇ ਆ ਰਹੇ ਹਨ। ਕੀ ਮੰਗੀ ਗਈ ਇਸ ਮੁਆਫੀ ਨਾਲ ਕਰਾਊਨ ਅਤੇ ਮੂਲਵਾਸੀਆਂ ਦਰਮਿਆਨ ਸਬੰਧ ਸੁਧਰਨਗੇ? ਇਹ ਨਿਰਭਰ ਕਰੇਗਾ ਫੈਡਰਲ ਸਰਕਾਰ ਦੀ ਮੂਲਵਾਸੀਆਂ ਨਾਲ ਮਿਲ ਕੇ ਕੰਮ ਕਰਨ ਦੀ ਦਿਆਨਤਦਾਰੀ ਉੱਤੇ।

ਪੰਜਾਬੀ ਪੋਸਟ 'ਚੋਂ ਧੰਨਵਾਦ ਸਹਿਤ

# ਪਾਕਿਸਤਾਨ ਵਿੱਚ ਇਸਤ੍ਰੀ ਦੀਆਂ ਖੁਵਾਰੀਆਂ ਅਤੇ ਪਰਦਾ

**"ਜਦ ਤਕ ਔਰਤ ਆਪ ਆਪਣੀ ਆਜ਼ਾਦੀ ਲਈ ਕਦਮ ਨਹੀਂ ਪੁੱਟਦੀ, ਉਸ ਨੂੰ ਕੋਈ ਆਜ਼ਾਦ ਨਹੀਂ ਕਰ ਸਕਦਾ, ਬੇਸ਼ਕ ਇਹ ਭਾਰਤ ਹੋਵੇ ਜਾਂ**

**ਡਾ: ਐਸ: ਨਾਜ਼**

ਮਨੁੱਖੀ ਸਾਈਕੀ ਦਾ ਇਹ ਇੱਕ ਅਜੀਬ ਭਾਗ ਹੈ ਕਿ ਉਹ ਅਪਣੇ ਤੋਂ ਵਧੇਰੇ ਕੰਮਜ਼ੋਰ ਅਤੇ ਨਿਥਾਣੇ ਭਾਗ ਨੂੰ ਅਪਣੀ ਅਧੀਨਗੀ ਅਤੇ ਗੁਲਾਮੀ ਦਾ ਭਾਗ ਬਣਾਉਂਦਾ ਹੈ। ਇਹ ਵਿਰਤੀ ਅਸੀਂ ਹਰ ਸਮਾਜ ਕਲਚਰ ਅਤੇ ਧਰਮਧਾਰੀ ਸਮਾਜ ਵਿੱਚ ਵੇਖੀ ਹੈ। ਹਜ਼ਾਰਾਂ ਸਾਲ ਮਸੀਹ ਤੋਂ ਪਹਿਲੋਂ ਵੀ ਗੁਲਾਮੀ ਦੀਆਂ ਰੁਚੀਆਂ ਨੇ ਮਨੁੱਖ ਨੇ ਮਨੁੱਖ ਨੂੰ ਗੁਲਾਮ ਕੀਤਾ ਹੈ ਅਤੇ ਅੱਜ ਵੀ। ਅਜੇ ਪਿੱਛਲੀ ਸਦੀ ਵਿੱਚ ਹੀ ਸਾਡੇ ਵੇਖਦੇ ਵੇਖਦੇ ਹੀ ਬਸਤੀਵਾਦ ਹੇਠੋਂ ਲੋਕਾਂ ਅਪਣੀ ਸਿਆਸੀ ਹੋਂਦ ਪਛਾਣੀ ਹੈ। ਬੇਸ਼ਕ ਅੱਜ ਜੇ ਬਾਦਸ਼ਾਹੀ ਰਾਜ ਦਾ ਬਿਸਤਰਾ ਗੋਲ ਹੋਇਆ ਹੈ, ਫਿਰ ਵੀ ਡਿਕਟੇਰੀ ਰਾਜ ਪ੍ਰੋਹਲਤਾਰੀ ਤਾਨਾਸ਼ਾਹੀ ਅਤੇ ਧਾਰਮਿਕ ਜਮਾਤੀ ਰਾਜ ਅੱਜ ਵੀ ਕਾਇਮ ਹਨ। ਇਸ ਦੇ ਨਾਲ ਨਾਲ ਇਸ ਦਲੀਲ ਤੋਂ ਵੀ ਮੁੱਕਰਿਆ ਨਹੀਂ ਜਾ ਸਕਦਾ ਕਿ ਸਿਆਸੀ ਤੌਰ ਤੇ ਤਾਂ ਬੇਸ਼ਕ ਦੇਸ਼ ਅਪਣੇ ਆਪ ਨੂੰ ਆਜ਼ਾਦ ਆਖਦੇ ਹਨ, ਪਰ ਆਰਥਿਕਤਾ ਅਤੇ ਅੰਤ੍ਰਰਾਸ਼ਟਰੀ ਵਿਪਾਰ ਦੀ ਗੁਲਾਮੀ ਵਾਲੀ ਹਾਲਤ ਅਜੇ ਤਕ ਸਖ਼ਤੀ ਨਾਲ ਕਾਇਮ ਹੈ। ਇਸ ਪ੍ਰਕਾਰ ਹੀ ਅਜੇਹੇ ਸਮਾਜ ਅਤੇ ਦੇਸ਼ ਜੋ ਅਪਣੇ ਆਪ ਨੂੰ ਸਿਆਸੀ ਤੌਰ 'ਤੇ ਵਦੇਸ਼ੀ ਗੁਲਾਮੀ ਤੋਂ ਬੇਸ਼ਕ ਆਜ਼ਾਦ ਸਮਝਦੇ ਹਨ, ਇਹਨਾਂ ਦੇ ਜ਼ਿਹਨ ਵਿੱਚ ਆਰਥਕ, ਧਾਰਮਿਕ ਅਤੇ ਸਮਾਜੀ ਗੁਲਾਮੀ ਬਾਹਰੀ ਗੁਲਾਮੀ ਨਾਲੋਂ ਵੀ ਵਧੇਰੇ ਘਾਤਕ ਅਤੇ ਖਤਰਨਾਕ ਹੈ। ਅਜੇਹੀ ਹੀ ਇੱਕ ਗੁਲਾਮੀ ਮਨੁਖੀ ਸਮਾਜ ਵਿੱਚ ਗੁਲਾਮੀ ਅੰਦਰ ਗੁਲਾਮੀ ਦੀ ਗੁਲਾਮ ਔਰਤ ਦੀ ਹੈ। ਬੇਸ਼ਕ ਭਾਰਤ ਵਿੱਚ ਵੀ ਇਸਤ੍ਰੀ ਦੀ ਹਾਲਤ ਗੁਲਾਮੀ ਵਰਗੀ ਹੀ ਹਾਲਤ ਵਿੱਚ ਹੈ, ਪਰ ਇਸ ਦੀਆਂ ਰੁਚੀਆਂ ਅਤੇ ਇਲਾਮਤਾਂ ਪਾਕਿਸਤਾਨ ਵਿਚਲੀਆਂ ਹਾਲਤਾਂ ਨਾਲੋਂ ਭਿੰਨਤਾ ਰੱਖਦੀਆਂ ਹਨ। ਭਾਰਤ ਵਿਚਲੀ ਇਸਤ੍ਰੀਆਂ ਦੀ ਗੁਲਾਮੀ ਉੱਪਰ ਅਸੀਂ ਵਧੇਰੇ ਕਰਕੇ ਲਿਖ ਚੁਕੇ ਹਾਂ। ਕੁੱਝ ਅਜਿਹੀਆਂ ਇਸਲਾਮੀ ਦੇਸ਼ਾ ਵਿੱਚ ਪੰਚਾਇਤਾਂ ਅਤੇ ਪੰਚ ਪ੍ਰਧਾਨੀਆਂ ਹਨ ਜਿਸ ਅੰਦਰ ਔਰਤ ਪਾਕਿਸਤਾਨ ਵਿੱਚ ਅਪਣਾ ਦਮ ਤੋੜ ਰਹੀ ਹੈ। ਇਹਨਾਂ ਜਰਗਾਹਾਂ (ਪੰਚਾਇਤਾਂ) ਵਿੱਚ ਪਾਕਿਸਤਾਨ ਅੰਦਰ ਚਲ ਰਹੀਆਂ ਰਸਮਾਂ ਵੱਲ ਧਾਅਨ ਮਾਰਕੇ ਵੇਖੋ।

**ਪਰਦਾ, ਬੁਰਕਾ ਅਤੇ ਨਿਕਾਬ :** ਔਰਤ ਦੀ ਪਰਦਾ ਦਾਰੀ; ਮਰਦ ਪ੍ਰਧਾਨ ਸਮਾਜ ($ ਫੀ ਦਾ ਪੈਦਾ ਕੀਤਾ ਰਿਵਾਜ ਹੈ, ਜੋ ਵਧੇਰੇ ਕਰਕੇ ਪਾਕਿਸਤਾਨ ਦੀ ਸਮਾਜ ਵਿੱਚ ਕਿਸਮ ਕਿਸਮ ਦੇ ਤਰੀਕਾ ਕਾਰ ਨਾਲ ਨਿਭਾਇਆ ਜਾਂਦਾ ਹੈ। ਇਹ ਹਰ ਕਿਸੇ ਟੱਬਰ ਜਾਂ ਇਲਾਕੇ ਦੇ ਲੋਕਾ ਅਤੇ ਨਸਲ ਨਾਲ ਸਬੰਧਤ ਹੈ ਕਿ ਇਹ ਕਿਸ ਕਿਸਮ ਦਾ ਨਕਾਬ ਜਾਂ ਬੁਰਕੇ ਨੂੰ ਮੰਜ਼ੂਰ ਕਰਦੇ ਹਨ।

**ਨਾਬਾਲਿਗ ਸ਼ਾਦੀ (ਵਾਣੀ) :** ਬੇਸ਼ਕ ਬਚਪਨ ਵਿੱਚ ਕਿਸੇ ਕੁੜੀ ਦਾ ਵਿਆਹੇ ਜਾਣਾ ਪਾਕਿਸਤਾਨ ਵਿੱਚ ਕਾਨੂੰਨੀ ਤੌਰ ਤੇ ਮਨਾਹੀ ਹੈ(ਚਾਈਡ ਮੈਰਿਜ ਰੈਸਟ੍ਰੇਂਟ ਐਕਟ ਕਿ 16 ਸਾਲ ਤੋਂ ਹੇਠ ਕਿਸੇ ਲੜਕੀ ਦੀ ਸ਼ਾਦੀ ਨਾ ਕੀਤੀ ਜਾਵੇ, ਫਿਰ ਵੀ ਇਸ ਦੀ ਕੌਣ ਪ੍ਰਵਾਹ ਕਰਦਾ ਹੈ। ਇਸ ਕਿਸਮ ਦੇ ਵਿਆਹ ਸ਼ਾਦੀ ਨੂੰ ਕਬਾਇਲੀ ਸਰਹੱਦੀ ਸੂਬੇ ਅਤੇ ਪੰਜਾਬ ਵਿੱਚਲੇ ਲੋਕ ਵਾਣੀ ਦੇ ਨਾਂ ਨਾਲ ਆਖਦੇ ਹਨ। ਕਈ ਵਾਰ ਦੋ ਕਬੀਲਿਆਂ ਵਿੱਚ ਦੁਸ਼ਮਣੀ ਨੂੰ ਖਤਮ ਕਰਨ ਲਈ ਇੱਕ ਧਿਰ ਅਪਣੀ ਛੋਟੀ ਜਾਂ ਅਪਣੀ ਕੁੜੀ ਨੂੰ ਇਸ ਦੇ ਬਦਲੇ ਦੇ ਦਿੰਦੇ ਹਨ। ਅਪਣੀ ਕੁੜੀ ਨਾ ਹੋਣ ਤੇ ਰਿਸ਼ਤੇ ਵਿੱਚੋਂ ਕੁੜੀ ਨੂੰ ਇਸ ਦੁਸ਼ਮਣੀ ਬਦਲੇ ਦਿੱਤਾ ਜਾਂਦਾ ਹੈ। ਇਸ ਰਸਮ ਹੇਠ ਹੀ ਪੰਜਾਬੀ ਵਿੱਚ ਕੁਝ ਸ਼ਬਦ ਜੰਮੇ ਹਨ। "ਬੰਨਾ" "ਬੰਨੀ" "ਬਰਨਾ" ਕੇ ਲੈ ਜਾਣਾ, ਇਸ ਹੀ ਰਸਮ ਦੀ ਉਪਜ ਹੈ। ਇਸ ਰਸਮ ਅਧੀਨ ਜ਼ਬਰਦਸਤੀ ਕੁੜੀ ਨੂੰ ਦੇ ਦਿੱਤਾ ਜਾਂਦਾ ਹੈ ਤਾਂ ਜੋ ਦੁਸ਼ਮਣੀ ਅਤੇ ਝਗੜੇ ਦਾ ਇਵਜ਼ਾਨਾ ਦਿੱਤਾ ਜਾ ਸਕੇ। ਕਈ ਵਾਰੀ ਕੁੜੀ ਵਾਲੇ ਜੇ ਨਕਦੀ ਦੇ ਸਕਦੇ ਹੋਣ ਤਾਂ ਇਸ ਕੁੜੀ ਨੂੰ ਬਚਾਇਆ ਜਾ ਸਕਦਾ ਹੈ। ਇਸ ਨਕਦੀ ਇਵਜ਼ਾਨੇ ਨੂੰ "ਦਈਤ" ਆਖਦੇ ਹਨ। ਭਾਵ ਦਾਅਵਤ ਵਿੱਚਲੀ ਪੇਸ਼ਗੀ ਜਾਂ "ਦਈਤ" ਅਜੇਹੇ ਹੀ ਹੋਰ ਕਬਾਇਲੀ ਔਰਤ ਦੇ ਵੇਚਣ ਦਾ ਤਰੀਕਾ ਕਾਰ ਹੈ ਜਿਸ ਨੂੰ "ਸਓਰਾ" "ਪੈਤਲਿੱਖੀ" ਜਾਂ "ਅੱਦੋ ਬੱਦੋ" ਅਦਲਾ ਬਦਲੀ ਵੀ ਆਖਦੇ ਹਨ। ਅਸਲ ਵਿੱਚ ਕਈ ਵਾਰ ਮੈਂ ਇਸ ਗੱਲ ਤੇ ਸੋਚਦਾ ਸੀ ਕਿ ਸ਼ਬਦ ਸੁਹਰਾ ਜਾਂ ਸਓਰਾ ਕਿਵੇਂ ਬਣਿਆ! ਜੋ ਇਸ ਰਸਮ ਵਿੱਚ ਅਪਣੀ ਬੇਟੀ ਨੂੰ ਇਸ ਦਾਅਵਤ ਦੀ ਨਜ਼ਰ ਚਾੜ੍ਹਦਾ ਹੈ ਜਿਸ ਨੂੰ ਸਾਓਰਾ ਆਖਦੇ ਹਨ, ਇਸ ਰਸਮ ਵਿੱਚੋਂ ਹੀ ਜੰਮਿਆ ਹੈ।

(ਬਾਕੀ ਸਫ਼ਾ 36 'ਤੇ)

# ਕੀੜੇਮਾਰ ਦਵਾਈਆਂ - ਖੇਤਾਂ ਵਿੱਚ ਉੱਗੇ 'ਮੌਤ ਦੇ

## (ਹਰ ਸਾਲ 10000 ਤੋਂ ਵੱਧ ਮੌਤਾਂ ਦਾ ਖਦਸ਼ਾ)

**ਸਵਜੀਤ**

ਜੁਲਾਈ 2017 ਤੋਂ ਲੈ ਕੇ ਹੁਣ ਤੱਕ ਮਹਾਰਾਸ਼ਟਰ ਦੇ ਵਿਦਰਭਾ ਤੇ ਮਾਰਥਵਾੜਾ ਖਿੱਤੇ ਵਿੱਚ ਕੀੜੇਮਾਰ ਦਵਾਈਆਂ ਦਾ ਛਿੜਕਾਅ ਕਰਦੇ ਸਮੇਂ ਦਵਾਈ ਚੜ੍ਹਨ ਕਾਰਨ 40 ਤੋਂ ਜ਼ਿਆਦਾ ਕਿਸਾਨਾਂ ਦੀ ਮੌਤ ਦੀ ਖਬਰ ਹੈ ਜਦਕਿ ਹਜ਼ਾਰਾਂ ਕਿਸਾਨ ਇਸ ਜਹਿਰ ਤੋਂ ਪੀੜਤ ਹਸਪਤਾਲਾਂ ਜਾਂ ਘਰਾਂ ਵਿੱਚ ਪਏ ਤੜਫ ਰਹੇ ਹਨ। ਇਹ ਕੋਈ ਅਚਨਚੇਤੀ ਵਾਪਰੀ ਘਟਨਾ ਨਹੀਂ ਹੈ, ਪਿਛਲੇ ਢਾਈ ਦਹਾਕਿਆਂ ਤੋਂ ਹਰ ਸਾਲ ਹੀ ਇਹਨਾਂ ਮਹੀਨਿਆਂ ਵਿੱਚ ਪੂਰੇ ਭਾਰਤ ਵਿੱਚ ਹਜ਼ਾਰਾਂ ਛੋਟੇ ਕਿਸਾਨ ਤੇ ਖੇਤ ਮਜ਼ਦੂਰ ਮੌਤ ਦੇ ਮੂੰਹ ਵਿੱਚ ਜਾ ਡਿੱਗਦੇ ਹਨ। 'ਨੈਸ਼ਨਲ ਕਰਾਈਮ ਬਿਊਰੋ' ਦੇ ਅੰਕੜਿਆਂ ਮੁਤਾਬਿਕ ਸਾਲ 2014 ਵਿੱਚ 5915 ਅਤੇ 2015 ਵਿੱਚ ਕੋਈ 7060 ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਸਪਰੇਅ ਚੜ੍ਹਨ ਕਾਰਨ ਮੌਤ ਹੋਈ। ਅਸਲ ਗਿਣਤੀ ਇਸ ਤੋਂ ਕਿਤੇ ਜ਼ਿਆਦਾ ਹੋਣ ਦਾ ਖਦਸ਼ਾ ਹੈ। ਮੀਡੀਆ ਵਿੱਚ ਕਦੇ-ਕਦਾਈਂ ਕੋਈ ਖ਼ਬਰ ਨਸ਼ਰ ਹੋਣ ਜਾਂ ਕੋਈ ਰਿਪੋਰਟ ਬਾਹਰ ਆਉਣ ਤੋਂ ਬਾਅਦ ਪ੍ਰਸ਼ਾਸ਼ਨ ਨੂੰ ਮਜ਼ਬੂਰਨ ਜਾਗਣਾ ਪੈਂਦਾ ਹੈ ਅਤੇ ਖੇਤੀਬਾੜੀ ਅਧਿਕਾਰੀ ਪਿੰਡਾਂ ਵੱਲ ਨੂੰ ਭੱਜਦੇ ਹਨ। ਕੁਝ ਦਿਨਾਂ ਦੀਆਂ ਰਸਮੀ ਕਾਰਵਾਈਆਂ ਤੋਂ ਬਾਅਦ ਸਭ ਕੁਝ ਫਿਰ ਪਹਿਲਾਂ ਵਾਂਗ ਹੀ ਚੱਲ ਪੈਂਦਾ ਹੈ, ਉਹੀ ਦਵਾਈਆਂ, ਉਹੀ ਜਹਿਰਾਂ ਫਿਰ ਦੁਕਾਨਾਂ ਤੇ ਖੇਤਾਂ ਵਿੱਚ ਦਿਸਣੀਆਂ ਸ਼ੁਰੂ ਹੋ ਜਾਂਦੀਆਂ ਹਨ।

ਇਹ ਕਿਸੇ ਇੱਕ ਖਿੱਤੇ ਜਾਂ ਰਾਜ ਦੀ ਕਹਾਣੀ ਨਹੀਂ ਹੈ, ਪੂਰੇ ਦੇਸ਼ ਵਿੱਚ ਹੀ ਘੱਟ ਜਾਂ ਵੱਧ ਸਕੇਲ 'ਤੇ ਇਹ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ। ਕਿਸਾਨਾਂ ਦੁਆਰਾ ਖੁਦਕੁਸ਼ੀਆਂ ਨਾਲ ਹੋਣ ਵਾਲੀਆਂ ਮੌਤਾਂ ਦੇ ਨਾਲ-ਨਾਲ ਸਪਰੇਹਾ ਚੜ੍ਹਨ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਵੀ ਪ੍ਰੇਸ਼ਾਨ ਕਰਨ ਵਾਲੀ ਹੈ, ਪਰ ਤਾਂ ਵੀ ਕਿਸਾਨ ਖੁਦਕੁਸ਼ੀਆਂ ਦੇ ਮਾਮਲੇ ਨੂੰ ਜਿਸ ਤਰ੍ਹਾਂ ਮੀਡੀਆ ਦੁਆਰਾ ਉਭਾਰਿਆ ਗਿਆ ਹੈ ਉਨੀ ਕਵਰੇਜ ਇਸ ਮਸਲੇ ਨੂੰ ਨਹੀਂ ਦਿੱਤੀ ਗਈ। ਇਸ ਪੂਰੇ ਅਰਸੇ ਦੌਰਾਨ ਕੀੜੇਮਾਰ ਦਵਾਈਆਂ ਦੇ ਕਾਰੋਬਾਰ ਵਿੱਚ ਜੁਟੀਆਂ ਦੇਸੀ ਵਿਦੇਸ਼ੀ ਕੰਪਨੀਆਂ ਲਗਾਤਾਰ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਸਾਹਾਂ ਚੋਂ ਆਪਣਾ ਮੁਨਾਫਾ ਖਿੱਚਣ ਵਿੱਚ ਕਾਮਯਾਬ ਰਹੀਆਂ ਹਨ। ਅਤੇ ਜ਼ਿਆਦਾਤਰ ਕੇਸਾਂ ਵਿੱਚ ਕਿਸਾਨਾਂ ਜਾਂ ਮਜ਼ਦੂਰਾਂ ਦੀ ਅਣਗਹਿਲੀ ਦਿਖਾ ਕੇ



ਮਾਮਲਾ ਰਫ਼ਾ-ਦਫ਼ਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਪੂਰੇ ਦੇਸ਼ ਵਾਂਗ ਹੀ ਮਹਾਂਰਾਸ਼ਟਰ ਦੀ ਬਹੁਗਿਣਤੀ ਕਿਸਾਨੀ ਵੀ ਛੋਟੇ ਪੱਧਰ ਤੇ ਕਪਾਹ ਦੀ ਖੇਤੀ ਕਰਦੇ ਹਨ। ਕਪਾਹ ਦੀ ਫਸਲ ਨੂੰ ਕੀੜਿਆਂ ਤੋਂ ਬਚਾਉਣ ਲਈ ਅਤੇ ਵੱਧ ਝਾੜ ਲੈਣ ਲਈ ਬੇਹੱਦ ਤੇਜ ਕੀੜੇਮਾਰ ਦਵਾਈਆਂ ਦੀ ਵਰਤੋਂ ਕਰਨੀ ਪੈਂਦੀ ਹੈ। ਜਿਵੇਂ ਕਿ ਇਹ ਦੋ ਅਜਿਹੇ ਕੀਟਨਾਸ਼ਕ ਹਨ ਜਿਹਨਾਂ ਨੂੰ ਸੰਸਾਰ ਸਿਹਤ ਸੰਗਠਨ ਵੱਲੋਂ ਕਲਾਸ-1 ਕੀਟਨਾਸ਼ਕ ਦੀ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ, ਜਿਸਦਾ ਅਰਥ ਇਹ ਹੈ ਕਿ ਇਹ ਬੇਹੱਦ ਖਤਰਨਾਕ ਅਤੇ ਜਾਨਲੇਵਾ ਕੈਮੀਕਲ ਹਨ, ਇਹਨਾਂ ਦੀ ਬਹੁਤ ਥੋੜੀ ਜਿਹੀ ਮਾਤਰਾ ਹੀ ਕਿਸੇ ਵਿਅਕਤੀ ਦੀ ਮੌਤ ਦਾ ਕਾਰਨ ਬਣ ਸਕਦੀ ਹੈ, ਜਾਂ ਉਸਨੂੰ ਉਮਰ ਭਰ ਲਈ ਰੋਗੀ, ਅੰਨ੍ਹਾ ਬਣਾ ਸਕਦੀ ਹੈ। ਭਾਰਤ ਵਿੱਚ ਧੜੱਲੇ ਨਾਲ ਵਿਕਣ ਵਾਲੇ ਇਹਨਾਂ ਕੀਟਨਾਸ਼ਕਾਂ 'ਤੇ ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਨੇ ਪਾਬੰਦੀ ਲਗਾਈ ਹੋਈ ਹੈ। ਪਰ 'ਡਾਇਰੈਕਟੋਰੇਟ ਆਫ ਪਲਾਂਟ ਪ੍ਰੋਟੈਕਸ਼ਨ, ਕੁਆਰਨਟਾਈਨ ਐਂਡ ਸਟੋਰੇਜ' ਦੇ ਅੰਕੜਿਆਂ ਮੁਤਾਬਿਕ ਸਾਡੇ ਦੇਸ਼ ਵਿੱਚ ਕੀਟਨਾਸ਼ਕਾਂ ਦੀ ਕੁੱਲ ਖਪਤ ਦੇ ਲਗਭਗ 30% ਕੀਟਨਾਸ਼ਕ ਕਲਾਸ-1 ਦੀ ਸ਼੍ਰੇਣੀ ਵਿੱਚ ਆਉਂਦੇ ਹਨ। ਗੱਲ ਇੱਥੇ ਹੀ ਖ਼ਤਮ ਨਹੀਂ ਹੁੰਦੀ, ਆਪਣੇ ਮੁਨਾਫੇ ਵਧਾਉਣ ਲਈ ਇਹ ਕੰਪਨੀਆਂ ਕਿਸ ਹੱਦ ਤੱਕ ਜਾ ਸਕਦੀਆਂ ਹਨ ਇਹ ਸਮਝਣ ਲਈ ਸਿਰਫ ਐਨਾ ਹੀ ਦੇਖਣਾ ਕਾਫੀ ਹੈ ਕਿ ਕੁਝ ਸਾਲ ਪਹਿਲਾਂ ਤੱਕ ਜ਼ਿਆਦਾ ਜਹਿਰੀਲੀਆਂ ਕੀੜੇਮਾਰ ਦਵਾਈਆਂ ਨਾਲ ਕੁਝ ਦਸਤਾਨੇ ਜਾਂ ਹੋਰ ਸੁਰੱਖਿਆ ਕਵਰ ਕੰਪਨੀਆਂ ਵੱਲੋਂ ਦਿੱਤੇ ਜਾਂਦੇ ਸਨ, ਜਿਹੜੇ ਕਿ ਹੁਣ ਕਈ ਸਾਲਾਂ ਤੋਂ ਦੇਖਣ ਨੂੰ ਵੀ ਨਹੀਂ ਮਿਲਦੇ। ਆਮ ਤੌਰ ਤੇ ਗਰੀਬ ਕਿਸਾਨਾਂ ਜਾਂ ਖੇਤ ਮਜ਼ਦੂਰਾਂ ਕੋਲ ਸਪਰੇਅ ਕਰਨ ਸਮੇਂ ਵਰਤੇ ਜਾਣ ਵਾਲੇ ਸੁਰੱਖਿਆ ਔਜ਼ਾਰ ਖਰੀਦਣ ਦੀ ਤਾਕਤ ਨਹੀਂ ਹੁੰਦੀ, ਅਕਸਰ ਹੀ ਮੂੰਹ 'ਤੇ ਕੋਈ ਕੱਪੜਾ ਬੰਨ੍ਹ ਕੇ ਕੰਮ ਸਾਰ ਲਿਆ ਜਾਂਦਾ ਹੈ। 'ਮੌਤ ਦੇ ਖੂਹ' ਵਿੱਚ ਉੱਤਰਨ ਵਾਲੇ ਮੋਟਰਸਾਈਕਲ ਸਵਾਰਾਂ ਵਾਂਗ ਇਹ ਗਰੀਬ ਕਿਸਾਨ ਜਾਂ ਖੇਤ ਮਜ਼ਦੂਰ ਅਣਗਹਿਲੀ ਦੀ ਨਹੀਂ, ਮਜ਼ਬੂਰੀ ਦੀ ਮੌਤ ਮਰਦੇ ਹਨ। ਭਾਰਤ ਵਿੱਚ 1 ਹੈਕਟੇਅਰ (2.47 ਏਕੜ) ਤੋਂ ਘੱਟ ਜ਼ਮੀਨ ਤੇ ਖੇਤੀ ਕਰਨ ਵਾਲੇ ਕਿਸਾਨਾਂ ਦੀ ਗਿਣਤੀ ਕੁੱਲ ਕਿਸਾਨੀ ਦਾ 67% ਬਣਦੀ ਹੈ, ਇਸ ਤੋਂ ਉੱਪਰਲੇ ਲਗਭਗ 18% ਕਿਸਾਨ 1 ਤੋਂ 2 ਹੈਕਟੇਅਰ ਜ਼ਮੀਨ ਤੇ ਖੇਤੀ ਕਰਦੇ ਹਨ। ਕੁੱਲ ਮਿਲਾ ਕੇ ਭਾਰਤ ਦੇ 85% ਕਿਸਾਨ ਛੋਟੇ ਪੱਧਰ 'ਤੇ ਖੇਤੀ ਕਰਦੇ ਹਨ, ਯਾਨੀ 85 ਫੀਸਦ ਕਿਸਾਨ ਛੋਟੇ ਕਿਸਾਨ ਕਹੇ ਜਾ ਸਕਦੇ ਹਨ। ਜਦਕਿ ਉੱਪਰਲੇ 0.7% ਧਨੀ ਕਿਸਾਨ ਭਾਰਤ ਦੀ ਕੁੱਲ ਵਾਹੀਯੋਗ ਜ਼ਮੀਨ ਚੋਂ 10.50% ਜ਼ਮੀਨ ਦੇ ਮਾਲਿਕ ਹਨ। ਭਾਰਤ ਦੀ ਕੁੱਲ ਕਿਸਾਨੀ ਦੇ 85 ਫੀਸਦ ਕਿਸਾਨ ਛੋਟੇ ਛੋਟੇ ਜ਼ਮੀਨ ਦੇ ਟੁਕੜਿਆਂ ਤੇ ਖੇਤੀ ਕਰਕੇ ਆਪਣੇ ਪਰਿਵਾਰ ਪਾਲਣ ਲਈ ਮਜ਼ਬੂਰ ਹਨ। ਜ਼ਾਹਿਰ ਹੈ ਕਿ ਇਹਨਾਂ ਗਰੀਬ ਕਿਸਾਨਾਂ ਕੋਲ ਸਿੰਜਾਈ ਦੇ ਵੀ ਪੂਰੇ ਸਾਧਨ ਨਹੀਂ ਹੋਣਗੇ, ਜਿਸ ਕਾਰਨ ਉਹ ਕਣਕ ਜਾਂ ਚੌਲ ਵਰਗੀਆਂ ਫਸਲਾਂ ਉਗਾਉਣ ਤੋਂ ਅਸਮਰੱਥ ਹਨ। ਅਜਿਹੀ ਸਥਿਤੀ ਵਿੱਚ ਉਹਨਾਂ ਕੋਲ ਇੱਕ ਹੀ ਰਾਸਤਾ ਬਚਦਾ ਹੈ ਕਪਾਹ ਦੀ ਖੇਤੀ। ਕਪਾਹ ਦੀ ਖੇਤੀ ਲਈ ਪਾਣੀ ਦੀ ਬਹੁਤ ਘੱਟ ਲੋੜ ਹੁੰਦੀ ਹੈ। ਪਰ ਇਸਦਾ ਦੂਜਾ ਪੱਖ ਇਹ ਵੀ ਹੈ ਕਿ ਕਪਾਹ ਦੀ ਫਸਲ ਤੋਂ ਸਹੀ ਝਾੜ ਲੈਣ ਲਈ ਜਾਂ ਕੀੜਿਆਂ/ਸੁੰਡੀਆਂ ਤੋਂ ਬਚਾਉਣ ਲਈ ਕਾਫੀ ਜ਼ਿਆਦਾ ਮਾਤਰਾ ਵਿੱਚ ਕੈਮੀਕਲਾਂ ਦੀ ਵਰਤੋਂ ਕਰਨੀ ਪੈਂਦੀ ਹੈ। ਹੁਣ ਇਸ ਪੂਰੇ ਵਰਤਾਰੇ ਨੂੰ ਸਮਝਣ ਲਈ ਇੱਕ ਹੋਰ ਅੰਕੜੇ ਤੇ ਨਜ਼ਰ ਮਾਰੀਏ: 'ਫੂਡ ਐਂਡ ਐਗਰੀਕਲਚਰ ਆਰਗੇਨਾਈਜੇਸ਼ਨ' ਦੀ ਇੱਕ ਰਿਪੋਰਟ ਦੱਸਦੀ ਹੈ ਕਿ ਸਹੀ ਸਿੰਜਾਈ ਨਾਲ ਫਸਲ ਦੇ ਝਾੜ ਵਿੱਚ 100 ਤੋਂ 400% ਤੱਕ ਦਾ ਵਾਧਾ ਕੀਤਾ ਜਾ ਸਕਦਾ ਹੈ। ਪਰ ਸਾਡੇ ਦੇਸ਼ ਵਿੱਚ ਕੁੱਲ ਵਾਹੀਯੋਗ ਜ਼ਮੀਨ ਦਾ ਕਰੀਬ 60% ਹਿੱਸਾ ਅਜਿਹਾ ਹੈ ਜਿੱਥੇ ਖੇਤੀ ਕਰਨ ਲਈ ਸਿੰਜਾਈ ਦਾ ਕੋਈ ਵੀ ਸ੍ਰੋਤ ਨਹੀਂ ਹੈ, ਖੇਤੀ ਲਈ ਇਸ ਜ਼ਮੀਨ ਨੂੰ ਕੇਵਲ ਮੀਂਹ ਦੇ ਪਾਣੀ ਦਾ ਹੀ ਆਸਰਾ ਹੈ। ਅਜਿਹੀਆਂ ਹਾਲਤਾਂ ਵਿੱਚ ਇੱਕ ਛੋਟੇ ਕਿਸਾਨ ਸਿਰ ਆਪਣੇ ਪਰਿਵਾਰ ਨੂੰ ਪਾਲਣ ਦਾ ਕਿੰਨਾ ਦਬਾਅ ਰਹਿੰਦਾ ਹੋਵੇਗਾ, ਇਸਦਾ ਮਹਿਜ ਅੰਦਾਜਾ ਹੀ ਲਗਾਇਆ ਜਾ ਸਕਦਾ ਹੈ। ਖੇਤੀਬਾੜੀ ਮਹਿਕਮੇ ਦੀ ਆਪਣੀ ਹੀ ਰਿਪੋਰਟ (ਸਟੇਟ ਆਫ ਇੰਡੀਅਨ ਐਗਰੀਕਲਚਰ) ਅਨੁਸਾਰ 1990 ਤੋਂ ਬਾਅਦ ਸਰਕਾਰਾਂ ਲਗਾਤਾਰ ਸਿੰਜਾਈ ਵਾਲੇ ਪੱਖ ਦੀ ਅਣਦੇਖੀ ਕਰ ਰਹੀਆਂ ਹਨ ਅਤੇ ਹਰ ਸਾਲ ਹੀ ਸਿੰਜਾਈ ਨਾਲ ਸਬੰਧਿਤ ਫੰਡਾਂ/ਗਰਾਂਟਾਂ ਵਿੱਚ ਕਟੌਤੀ ਕੀਤੀ ਜਾ ਰਹੀ ਹੈ।

ਅਜਿਹੀ ਸਥਿਤੀ ਵਿੱਚ ਛੋਟੇ ਗਰੀਬ ਕਿਸਾਨ ਮਜ਼ਬੂਰੀ ਵੱਸ ਅਜਿਹੀਆਂ ਫਸਲਾਂ ਦੀ ਖੇਤੀ ਕਰਦੇ ਹਨ ਜਿਹਨਾਂ ਲਈ ਪਾਣੀ ਦੀ ਬਹੁਤ ਹੀ ਘੱਟ ਵਰਤੋਂ ਕਰਨੀ ਪਵੇ। ਇਸ ਤੋਂ ਇਲਾਵਾ ਖੇਤੀ ਨਾਲ ਸਬੰਧਿਤ ਹੋਰ ਖਰਚਿਆਂ ਲਈ ਵੀ ਉਹ ਸ਼ਾਹੂਕਾਰਾਂ 'ਤੇ ਹੀ ਨਿਰਭਰ ਹਨ। ਲਗਾਤਾਰ ਕਰਜੇ ਦੇ ਬੋਝ ਹੇਠ ਦੱਬੇ ਇਹ ਲੋਕ ਆਪਣੀ ਫਸਲ ਤੋਂ ਸਹੀ ਝਾੜ ਲੈਣ ਲਈ ਬੇਹੱਦ ਤਣਾਅ ਹੇਠ ਕੰਮ ਕਰਦੇ ਹਨ। ਇਸ ਹਾਲਤ ਵਿੱਚ ਅਕਸਰ ਹੀ ਕੀੜੇਮਾਰ ਦਵਾਈਆਂ ਤੇ ਉਹਨਾਂ ਦੀ ਨਿਰਭਰਤਾ ਹੋਰ ਵੀ ਵਧ ਜਾਂਦੀ ਹੈ, ਜਿਸਨੂੰ ਕਈ ਵਾਰ ਗਲਤ ਢੰਗ ਨਾਲ ਵੀ ਵਰਤ ਬੈਠਦੇ ਹਨ। ਜਾਂ ਖੇਤ ਮਜ਼ਦੂਰਾਂ ਤੋਂ ਜ਼ਿਆਦਾ ਕੰਮ ਲੈਣ ਦੇ ਲਾਲਚ ਵਿੱਚ ਧਨੀ ਕਿਸਾਨਾਂ ਵੱਲੋਂ ਉਹਨਾਂ ਨੂੰ ਕਈ-ਕਈ ਘੰਟੇ ਲਗਾਤਾਰ ਕੀੜੇਮਾਰ ਦਵਾਈਆਂ ਦੇ ਛਿੜਕਾਅ ਲਈ ਮਜ਼ਬੂਰ ਕੀਤਾ ਜਾਂਦਾ ਹੈ, ਜਿਸਦਾ ਖਾਮਿਆਜਾ ਉਹ ਆਪਣੀ ਜਾਨ ਦੇ ਕੇ ਚੁਕਾਉਂਦੇ ਹਨ ਜਾਂ ਅਪਾਹਜ ਹੋ ਕੇ। ਕਿਸੇ ਵੀ ਹਾਲ ਵਿੱਚ ਇਹਨਾਂ ਮੌਤਾਂ ਦਾ ਕਾਰਨ ਅਣਗਹਿਲੀ ਜਾਂ ਅਗਿਆਨਤਾ ਨਹੀਂ ਮੰਨਿਆ ਜਾ ਸਕਦਾ। ਇਹ ਇਸ ਪ੍ਰਬੰਧ ਦੁਆਰਾ ਕੀਤੀਆਂ ਗਈਆਂ ਬਰਬਰ ਹੱਤਿਆਵਾਂ ਹਨ।

# ਧਾਰਮਿਕ ਸਮਾਜਿਕ ਰੁਚੀਆਂ ਦੀ ਕੱਟੜਤਾ ਦੇ ਪਰਖਚੇ ਉਧੇੜਦੀ ਸਰਬਜੀਤ ਅੱਠਵਾਲ ਦੀ ਇਹ ਇਤਿਹਾਸਕ ਪੁਸਤਕ 'ਬੇ-ਇੱਜ਼ਤ'



ਹਰੀਪਾਲ
403-714-4816

ਸਮਾਜਿਕ, ਧਾਰਮਿਕ ਕੱਟੜਤਾ, ਜਗੀਰੂ ਸੋਚ ਦੇ ਪਰਖਚੇ ਉਧੇੜਦੀ ਕਿਤਾਬ ਹੈ 'ਬੇ-ਇੱਜ਼ਤ'। ਗੱਲ ਇਹ ਹੈ ਕਿ ਸਾਡਾ ਅੱਜ ਦਾ ਸਮਾਜ ਪੈਸਾ ਪ੍ਰਧਾਨ ਸਮਾਜ ਹੈ, ਪੈਸਾ ਹੀ ਪਾਵਰ ਹੈ, ਪੈਸਾ ਹੀ ਕਮਿਊਨਿਟੀ 'ਚ ਤੁਹਾਡਾ ਰੁਤਬਾ ਨਿਰਧਾਰਿਤ ਕਰਦਾ ਹੈ। ਇਸੇ ਪਾਵਰ ਨੂੰ ਕਾਇਮ ਰੱਖਣ ਲਈ ਇਸ ਨਾਵਲ ਦੀ ਖਲਨਾਇਕਾ ਬਚਨ ਕੌਰ, ਨੂੰਹਾਂ ਪੁੱਤਾਂ ਨੂੰ ਆਪਦੇ ਗੁਲਾਮ ਸਮਝਦੀ ਹੈ, ਉਨ੍ਹਾਂ ਦੀ ਕਮਾਈ ਦੀਆਂ ਚਿੱਕਾਂ ਫੜਦੀ ਹੈ ਅਤੇ ਘਰ ਨੂੰ ਇਕ ਸਟੇਟ ਦੀ ਤਰ੍ਹਾਂ ਚਲਾਉਂਦੀ ਹੈ। ਖ਼ੂਹ ਦੇ ਡੱਡੂ ਦੀ ਤਰ੍ਹਾਂ ਉਸ ਦਾ ਇਕ ਛੋਟਾ ਜਿਹਾ ਸਰਕਲ ਹੈ ਜਿਥੇ ਉਹ ਇਕ ਝੂਠੀ ਵਡਿਆਈ ਵਿਚ ਰਹਿ ਰਹੀ ਹੈ। ਉਹ ਨਹੀਂ ਚਾਹੁੰਦੀ ਕਿ ਉਸਦੇ ਬਾਲਗ ਨੂੰਹ ਪੁੱਤ ਆਪਣੇ ਖੰਭਾਂ ਤੇ ਉਡਣ, ਇਸ ਕਰਕੇ ਘਰ ਵਿਚੋਂ ਪੈਦਾ ਹੋਣ ਵਾਲੀ ਹਰ ਬਗਾਵਤ ਨੂੰ ਉਹ ਸੁੰਘਦੀ ਰਹਿੰਦੀ ਹੈ। ਪੈਸੇ ਦੀ ਪ੍ਰਧਾਨਗੀ ਵਾਲਾ ਸਮਾਜ ਇਹੋ ਜਿਹੇ ਪਾਤਰਾਂ ਦੀ ਸਿਰਜਣਾ ਕਰਦਾ ਰਹੇਗਾ। ਇਕ ਸਵਾਲ ਸਾਡੀ ਕਮਿਊਨਿਟੀ ਵਿਚ ਵਾਰ-ਵਾਰ ਉਠਾਇਆ ਜਾਂਦਾ ਹੈ ਕਿ ਜੇਕਰ ਧਾਰਮਿਕ ਸਥਾਨਾਂ 'ਤੇ ਜੋ ਲੜਾਈਆਂ ਹੁੰਦੀਆਂ ਹਨ ਉਨ੍ਹਾਂ ਨੂੰ ਖਤਮ ਕਰਨ ਲਈ ਗੋਲਕ ਚੱਕ ਦੇਣੀ ਚਾਹੀਦੀ ਹੈ। ਫਿਰ ਹਾਂ ਸਮਾਜ ਵਿਚ ਬਚਨ ਕੌਰ ਵਰਗੇ ਪਾਤਰਾਂ ਨੂੰ ਪੈਦਾ ਹੋਣ ਤੋਂ ਰੋਕਣ ਲਈ ਸਾਨੂੰ ਇਹੋ ਜਿਹੇ ਸਮਾਜ ਦੀ ਸਿਰਜਣਾ ਕਰਨ ਲਈ ਯਤਨ ਕਰਨੇ ਪੈਣਗੇ ਜਿਥੇ ਕਿ ਧਾਰਮਿਕ ਸਮਾਜਿਕ ਕੱਟੜਤਾ ਦਾ ਭੋਗ ਪੈ ਜਾਵੇ। ਇਹ ਧਾਰਮਿਕ ਸਮਾਜਿਕ ਕੱਟੜਤਾ ਮਨੁੱਖ ਦੀ ਅਜ਼ਾਦੀ ਦਾ ਦੁਸ਼ਮਣ ਹੈ।


ਜਦ ਇਹ ਨਾਵਲ ਪੜ੍ਹਿਆ ਜਾਂਦਾ ਹੈ ਤਾਂ ਜੋ ਸੁਰਜੀਤ ਅਠਵਾਲ ਦਾ ਜੋ ਕਰੈਕਟਰ ਉਭਰਦਾ ਹੈ, ਉਹ ਬਿਲਕੁਲ ਹੀ ਬਦ-ਚੱਲਣ ਨਹੀਂ ਲੱਗਦਾ। ਸੁਰਜੀਤ ਦਾ ਹਸਬੈਂਡ ਸੁਖਦੇਵ ਜੋ ਕੁਝ ਕਰ ਰਿਹਾ ਹੈ, ਉਹ ਸਾਡੇ ਸਮਾਜ ਵਿਚ ਮਾਫ਼ ਹੈ। ਸੁਖਦੇਵ ਵਰਗੇ ਪੁੱਤ ਦੀ ਮਾਂ ਵਰਗੀਆਂ ਸਾਡੇ ਸਮਾਜ ਵਿਚ ਬਹੁਤ ਸਾਰੀਆਂ ਮਾਵਾਂ ਅਜਿਹੀਆਂ ਹਨ ਜਿਹੜੀ ਨੂੰਹ ਜਦੋਂ ਆਪਦੇ ਹਸਬੈਂਡ ਦੀ ਸ਼ਿਕਾਇਤ ਆਪਦੀ ਸੱਸ ਕੋਲ ਕਰਦੀਆਂ ਹਨ ਤਾਂ ਇਨ੍ਹਾਂ ਮਾਵਾਂ ਦਾ ਜਵਾਬ ਇਹੀ ਹੁੰਦਾ ਹੈ ਕਿ ਕੋਈ ਨਾ ਬੰਦੇ ਜੁਆਈ 'ਚ ਇਹੋ ਜਿਹੀਆਂ ਗਲਤੀਆਂ ਕਰਦੇ ਹੀ ਹਨ। ਬਹੁਤ ਵਾਰੀ ਲੋਕ ਆਪਦੇ ਪਰਵਾਸੀ ਵਿਗੜੇ ਮੁੰਡਿਆਂ ਨੂੰ ਠੀਕ ਰਾਹ 'ਤੇ ਲਿਆਉਣ ਲਈ, ਉਨ੍ਹਾਂ ਦੀ ਇੰਡੀਆ ਲਿਜਾ ਕੇ ਸ਼ਾਦੀ ਕਰਦੇ ਹਨ। ਜਦ ਇੰਡੀਆ ਤੋਂ ਆਈ ਨੂੰਹ ਤੇ ਉਨ੍ਹਾਂ ਦੇ ਪੁੱਤ ਦਾ ਰੌਲਾ ਪੈਂਦਾ ਤਾਂ ਸਾਰਾ ਦੋਸ਼ ਨੂੰਹ 'ਤੇ ਹੀ ਮੜ੍ਹ ਦਿੱਤਾ ਜਾਂਦਾ ਹੈ।

ਸਾਡੇ ਸਮਾਜ ਦਾ ਇਹ ਹੈ ਕਿ ਕੁੜੀ ਨੇ ਜੰਮਣਾ ਹੈ ਜਾਂ ਨਹੀਂ ਜੰਮਣਾ, ਉਸਨੇ ਕਿਹੋ ਜਿਹੇ ਕੱਪੜੇ ਪਹਿਨਣੇ ਹਨ, ਉਸ ਨੂੰ ਕਿਹੜੇ ਸਕੂਲ ਜਾਣਾ ਹੈ, ਉਹ ਕਿਸੇ ਮੁੰਡੇ ਨਾਲ ਕੀ ਗੱਲ ਕਰਦੀ ਹੈ ਸਾਰੀ ਉਮਰ ਉਸਦਾ ਪਿਛਾ ਕਦੇ ਮਾਂ ਪਿਓ ਕਦੇ ਭੈਣ ਭਾਈ ਅਤੇ ਕਦੇ ਉਸਦਾ ਆਦਮੀ ਕਰਦਾ ਰਹਿੰਦਾ ਹੈ। ਸਾਡੀਆਂ ਬਹੁਤ ਸਾਰੀਆਂ ਔਰਤਾਂ ਹਸਬੈਂਡ ਦੀ ਮੌਤ ਤੋਂ ਬਾਅਦ ਦੁਬਾਰਾ ਸ਼ਾਦੀ ਨਹੀਂ ਕਰਾਉਂਦੀਆਂ ਜਦ ਕਿ ਇਹੀ ਹਾਲਤ ਵਿਚ ਆਦਮੀ ਛੇ ਮਹੀਨੇ ਵੀ ਨਹੀਂ ਲੰਘਾਉਂਦੇ।

ਜੋ ਵੀ ਬਚਨ ਕੌਰ ਨੇ ਕੀਤਾ ਹੈ, ਇਸ ਦੀ ਦੋਸ਼ੀ ਇਕੱਲੀ ਬਚਨ ਕੌਰ ਨਹੀਂ ਇਸ ਦੀ ਦੋਸ਼ੀ ਸਾਡੀ ਸਾਰੀ ਧਾਰਮਿਕ, ਸਮਾਜਿਕ ਕੱਟੜਤਾ, ਜਗੀਰੂ ਸੋਚ ਜ਼ਿੰਮੇਵਾਰ ਹੈ। ਅਸੀਂ ਪੱਛਮੀ ਮੁਲਕਾਂ ਵਿਚ ਰਹਿ ਰਹੇ ਹਾਂ ਜਿਥੇ ਘੱਟੋ ਘੱਟ ਔਰਤਾਂ ਨੂੰ ਕੁਝ ਹੱਦ ਤੱਕ ਅਜ਼ਾਦੀ ਹੈ ਪਰ ਸਾਡਾ ਦੋਗਲਾਪਣ ਦੇਖੋ ਕਿ ਜੇਕਰ ਮੁੰਡਾ ਕਿਸੇ ਗੋਰੀ ਨਾਲ ਘੁੰਮਦਾ ਹੈ ਤਾਂ ਪਿਓ ਮੁੱਛਾਂ ਨੂੰ ਵਟਾ ਦੇ ਲੈਂਦਾ ਹੈ ਤੇ ਕਹਿੰਦਾ ਹੈ ਕਿ ਪੁੱਤ ਗੱਭਰੂ ਹੋ ਗਿਆ ਪਰ ਜੇਕਰ ਕੁੜੀ ਕਿਸੇ ਗੋਰੇ ਨਾਲ ਘੁੰਮਦੀ ਹੋਵੇ ਤਾਂ ਬਾਪ ਦਾ ਹੀ ਨਹੀਂ ਸਾਰੇ ਰਿਸ਼ਤੇਦਾਰਾਂ ਦਾ ਨਮੋਸ਼ੀ ਨਾਲ ਸਿਰ ਝੁਕ ਜਾਂਦਾ ਹੈ ਅਜਿਹਾ ਕਿਉਂ ਹੈ? ਜੇਕਰ ਮੁੰਡਾ ਜਵਾਨ ਹੋਇਆ ਹੈ ਤਾਂ ਕੁੜੀ ਨੇ ਵੀ ਮੁਟਿਆਰ ਹੋਣਾ ਹੈ। ਹਮੇਸ਼ਾ ਹੀ ਇਹ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਕੁੜੀ ਇੰਡੀਆ ਜਾ ਕੇ ਵਿਆਹ ਕਰਾਵੇ ਜਾਂ ਇਥੇ ਬਾਹਰ ਆਪਦੀ ਜਾਤ ਵਿਚ ਵਿਆਹ ਕਰਾਵੇ। ਇਥੇ ਕੁੜੀ ਦੀ ਖੁਸ਼ੀ ਜਾਂ ਉਸਦੀ ਚੋਣ ਦਾ ਬਹੁਤ ਘੱਟ ਖ਼ਿਆਲ ਰੱਖਿਆ ਜਾਂਦਾ ਹੈ। ਆਪਦੀ ਮਰਜ਼ੀ ਨਾਲ ਵਿਆਹ ਕਰਾਉਣ ਵਾਲੀਆਂ ਕਿੰਨੀਆਂ ਹੀ ਕੁੜੀਆਂ ਅਸੀਂ ਮਾਰੀਆਂ ਹਨ, ਕਿੰਨੀਆਂ ਹੀ ਇੰਡੀਆ ਲਿਜਾ ਕੇ ਮਾਰੀਆਂ ਹਨ, ਕਿੰਨੀਆਂ ਹੀ ਇਥੇ ਚਾਕੂ ਮਾਰਕੇ ਮਾਰੀਆਂ ਹਨ ਜਾਂ ਨਹਿਰਾਂ ਵਿਚ ਸੁੱਟੀਆਂ ਹਨ। ਬਚਨ ਕੌਰ ਜਿਹੜੀ ਕਿ ਉਸ ਧਰਮ ਦੀ ਪੈਰੋਕਾਰ ਹੈ ਜਿਹੜਾ ਔਰਤ ਨੂੰ ਉਚਾ ਰੁਤਬਾ ਦਿੰਦਾ ਹੈ, ਹਰ ਇਕ ਦਾ ਭਲਾ ਮੰਗਦਾ ਹੈ ਉਸੇ ਧਰਮ ਦੀ ਪੈਰੋਕਾਰ ਆਖਦੀ ਨੂੰਹ ਦੇ ਕਤਲ ਦਾ ਹੁਕਮ ਦਿੰਦੀ ਹੈ। ਕਿੰਨੀ ਬੇਦਰਦੀ ਅਤੇ ਲੂੰਬੜ ਚਲਾਕੀ ਨਾਲ ਉਸ ਨੂੰ ਇੰਡੀਆ ਭੇਜਦੀ ਹੈ ਕਹਿੰਦੀ ਹੈ ਹੁਣ ਉਸਦਾ ਫਸਤਾ ਵੱਡਣਾ ਹੀ ਪੈਣਾ ਹੈ। ਇੱਜ਼ਤ ਦੀ ਖਾਤਰ ਕਤਲ-ਬਹੁਤ ਕਲਚਰ ਜਿਹੜੇ ਕਿ 20ਵੀਂ 21ਵੀਂ ਸਦੀ ਵਿਚ ਵੀ, ਮੱਧ ਯੁਗ ਦੀਆਂ ਪ੍ਰੰਪਰਾਵਾਂ 'ਤੇ ਖੜ੍ਹੇ ਹਨ ਅਜੇ ਵੀ ਇੱਜ਼ਤ ਦੀ ਖਾਤਿਰ ਕਰਨ ਜਾਂ Honour killing ਨੂੰ ਮਾੜਾ ਨਹੀਂ ਸਮਝਦੇ। ਬਹੁਤ ਵਾਰੀ ਇਸ ਤਰ੍ਹਾਂ ਵੀ ਹੋਇਆ ਕਿ ਆਦਮੀ ਨੇ ਆਪਣੀ ਔਰਤ ਨੂੰ ਤਲਾਕ ਵੀ ਦੇ ਦਿੱਤਾ ਪਰ ਫਿਰ ਵੀ ਉਸਦਾ ਕਤਲ ਕੀਤਾ। ਅਜੇ ਵੀ ਸਾਡੀ ਸੋਚ ਇਹ ਹੈ ਕਿ ਜੇਕਰ ਅਸੀਂ ਪਤਨੀ ਨੂੰ ਤਲਾਕ ਦੇ ਦਿੱਤਾ, ਫਿਰ ਵੀ ਉਸ ਨੂੰ ਕਿਸੇ ਹੋਰ ਦੀ ਹੁੰਦਿਆਂ ਦੇਖ ਨਹੀਂ ਸਕਦੇ। ਇਹ ਕਤਲ ਇੰਨੇ ਜ਼ਿਆਦਾ ਹੁੰਦੇ ਹਨ ਕਿ ਯੂ.ਐਨ.ਓ. ਦੀ 2000 ਦੀ ਰਿਪੋਰਟ ਮੁਤਾਬਿਕ ਇਸ ਸਾਲ ਯਾਨੀਕਿ 2000 ਵਿਚੋਂ 5000 ਔਰਤਾਂ ਔਨਰ ਕਿਲਿੰਗ ਦੀ ਭੇਟ ਚੜ੍ਹੀਆਂ ਪਰ ਇਸ ਤੋਂ ਵੀ ਵੱਡੀ ਫਿਗਰ ਵੂਮੈਨ ਐਡਵੋਕੇਸੀ ਗਰੁੱਪ ਦੀ ਹੈ, ਉਸ ਗਰੁੱਪ ਦੇ ਮੁਤਾਬਿਕ ਹਰ ਸਾਲ 20,000 ਔਰਤਾਂ ਔਨਰ ਕਿਲਿੰਗ ਦੀ ਭੇਟਾ ਚੜ੍ਹਦੀਆਂ ਹਨ। ਇਨ੍ਹਾਂ ਵਿਚ 139♦ 19"13™ ਕੁੱਟ ਕੇ ਮਾਰਨਾ, ਗੋਲੀ ਨਾਲ ਮਾਰਨਾ ਇਹ ਵੱਖਰੀਆਂ ਫਿੱਗਰਾਂ ਹਨ। ਬਹੁਤ ਵਾਰੀ ਕਈ ਦੇਸ਼ਾਂ ਵਿਚ ਔਰਤ ਨੂੰ ਪੱਥਰ ਮਾਰ ਮਾਰ ਕੇ ਮਾਰਿਆ ਜਾਂਦਾ ਹੈ, ਕਈ ਵਾਰ ਸਿਰ ਕਲਮ ਕੀਤਾ ਜਾਂਦਾ ਹੈ, ਕਿਤੇ ਜਿਉਂਦਾ ਹੀ ਜਾਲਿਆ ਜਾਂਦਾ ਹੈ ਕਿਤੇ ਸ਼ਾਹ ਰੱਗ ਵੱਢ ਕੇ ਤੜਪਾ ਤੜਪਾ ਕੇ ਮਾਰਿਆ ਜਾਂਦਾ ਹੈ। ਇਕ ਕੁਦਰਤੀ ਪ੍ਰਕਿਰਤੀ ਸਰੀਰਕ ਲੋੜ ਹੈ ਸੈਕਸ, ਭੁੱਖ ਅਤੇ ਤੇਹਦੀ ਤਰ੍ਹਾਂ ਉਸਦੀ ਐਡੀ ਵੱਡੀ ਸਜ਼ਾ ਇਕ ਮਨੁੱਖ ਪ੍ਰਧਾਨ ਸਮਾਜ ਨੇ ਔਰਤ ਲਈ ਰੱਖੀ ਹੈ। ਸਵਾਲ ਇਹ ਹੈ ਕਿ ਇਨ੍ਹਾਂ ਸਾਰੀਆਂ ਐਕਟੀਵਿਟੀਆਂ ਵਿਚੋਂ ਆਦਮੀ ਨੂੰ ਬਿਲਕੁਲ ਮਾਫ਼ ਕਰ ਦਿੱਤਾ ਜਾਂਦਾ ਹੈ। ਦੁਨੀਆਂ ਦੇ ਬਹੁਤੇ ਧਰਮ ਵੀ ਆਦਮੀ ਨੇ ਹੀ ਬਣਾਏ ਹਨ ਅਤੇ ਬਹੁਤੀਆਂ ਪ੍ਰੰਪਰਾਵਾਂ ਵੀ ਆਦਮੀ ਨੇ ਆਪਦੇ ਹਿੱਤ ਅਨੁਸਾਰ ਹੀ ਬਣਾਈਆਂ ਹਨ।

ਹੁਣ ਜੇਕਰ ਸਰਬਜੀਤ ਦੇ ਨਾਵਲ ਬੇਇੱਜ਼ਤ ਵੱਲ ਦੁਬਾਰਾ ਆਈਏ ਤਾਂ ਬਚਨ ਕੌਰ ਨੂੰ ਕੋਈ ਪ੍ਰਵਾਹ ਨਹੀਂ ਕਿ ਸੁਰਜੀਤ ਦੇ ਬੱਚੇ ਮਾਂ ਤੋਂ ਬਿਨਾਂ ਕਿਵੇਂ ਪਲਣਗੇ ਬੱਸ ਉਸ ਨੇ ਰੱਬੀ ਫਰਮਾਨ ਜਾਰੀ ਕਰਤਾ 'ਹੁਣ ਉਸਦਾ ਫਸਤਾ ਵੱਡਣਾ ਪੈਣਾ ਹੈ'। ਅਸਲ ਵਿਚ ਸੁਰਜੀਤ ਇਸ ਕੁੱਟ ਮਾਰ ਤੋਂ ਤੰਗ ਆ ਕੇ ਆਪਦੀ ਜ਼ਿੰਦਗੀ ਦੀ ਮਲਾਹ ਬਣ ਗਈ ਸੀ ਪਰ ਧਾਰਮਿਕ ਸਮਾਜਿਕ ਕੱਟੜਤਾ ਦੀ ਪੁਜਾਰਨ ਬਚਨ ਕੌਰ ਇਹ ਵੀ ਝੱਲ ਨਾ ਸਕੀ। ਬਚਨ ਕੌਰ ਆਪਦਾ ਵੰਸ਼ ਤੋਰਨ ਲਈ ਸੁਰਜੀਤ ਦੇ ਮੁੰਡੇ ਨੂੰ ਤਾਂ ਅਪਣਾ ਲੈਂਦੀ ਹੈ, ਭਾਵੇਂ ਕਿ ਮੁੰਡੇ ਦੇ ਜਾਇਜ਼ ਜਾਂ ਨਜਾਇਜ਼ ਸਬੰਧਾਂ ਦੀ ਪੈਦਾਇਸ਼ ਹੋਣ ਦਾ ਬਚਨ ਕੌਰ ਨੂੰ ਸਾਰਾ ਪਤਾ ਸੀ। ਪਰ ਉਹ ਸੁਰਜੀਤ ਦੀ ਹੋਂਦ ਤੋਂ ਹੀ ਆਪਦੇ ਪਰਿਵਾਰ ਲਈ ਲਾਹਣਤ ਸਮਝਦੀ ਹੈ।

ਸਾਡੇ ਸਮਾਜ ਵਿਚ ਬਾਹਰ ਆ ਕੇ ਵੀ ਸਭਿਆਚਾਰ ਦਾ ਵਾਵੇਲਾ ਮਚਾਇਆ ਜਾਂਦਾ ਹੈ। ਉਹ ਸਭਿਆਚਾਰ ਜਿਹੜਾ ਧਾਰਮਿਕ ਸਮਾਜਿਕ ਕੱਟੜਤਾ ਜਾਂ ਜਗੀਰੂ ਰੁਚੀਆਂ ਜਿਥੇ ਕਿ ਮੁੰਡਾ ਹੀ ਘਰ ਬਾਰ ਦਾ ਵਾਰਿਸ ਹੈ, ਸਾਡੇ ਲਈ ਵਧੀਆ ਭਵਿੱਖ ਨਹੀਂ ਸਿਰਜ ਸਕਦਾ। ਅਸੀਂ ਜਿਸ ਮੁਲਕ ਵਿਚ ਆਏ ਹਾਂ, ਥੋੜ੍ਹਾ ਬਹੁਤ ਇਥੋਂ ਵੀ ਕੁਝ ਸਿੱਖੀਏ, ਜੇਕਰ ਸਾਨੂੰ ਫੇਰ ਵੀ ਸਭਿਆਚਾਰ ਦਾ ਭੂਤ ਚੰਬੜਿਆ ਅਸੀਂ ਵਾਪਸ ਹੀ ਚਲੇ ਜਾਈਏ ਅਤੇ ਇਥੇ ਜੰਮਪਲ ਬੱਚਿਆਂ ਦੀ ਜ਼ਿੰਦਗੀ ਨਰਕ ਨਾ ਬਣਾਈਏ। ਅੰਤ ਵਿਚ ਇਸ ਨਾਵਲ ਦੀ ਲੇਖਿਕਾ ਦੀ ਬਹਾਦਰੀ ਅਤੇ ਹਿੰਮਤ ਦੀ ਦਾਦ ਦੇਣੀ ਬਣਦੀ ਹੈ ਜਿਸ ਨੇ ਪਰਿਵਾਰਕ ਜ਼ਿੰਦਗੀ ਦੀ ਪ੍ਰਵਾਹ ਕੀਤੇ ਬਿਨਾਂ ਸੱਚ ਸਾਹਮਣੇ ਲਿਆਂਦਾ। ਬਚਨ ਕੌਰ ਜਾਂ ਸੁਖਦੇਵ ਵਰਗਿਆਂ ਨੂੰ ਹੋਈ ਸਜ਼ਾ ਸੁਰਜੀਤ ਵਰਗੀਆਂ ਨੂੰਹਾਂ ਦੇ ਕਤਲਾਂ ਨੂੰ ਘਟਾਉਣ ਵਿਚ ਜ਼ਰੂਰ ਸਹਾਈ ਹੋਊਗੀ। ਅੰਤ ਵਿਚ ਸੁਖਵੰਤ ਹੁੰਦਲ, ਸਾਧੂ ਬਿੰਨਿੰਗ, ਗੁਰਮੇਲ ਰਾਏ ਦੀ ਤਿੱਕੜੀ ਦਾ ਇਸ ਕਿਤਾਬ ਦੇ ਇੰਨੇ ਵਧੀਆ ਅਨੁਵਾਦ ਲਈ ਦਾਦ ਦੇਣੀ ਬਣਦੀ ਹੈ। ਅੰਗਰੇਜ਼ੀ ਤੋਂ ਪੰਜਾਬੀ ਵਿਚ ਇੰਨਾ ਵਧੀਆ ਅਨੁਵਾਦ ਕੀਤਾ ਗਿਆ ਲੱਗਦਾ ਹੈ ਜਿਵੇਂ ਇਹ ਕਿਤਾਬ ਪੰਜਾਬੀ ਵਿਚ ਹੀ ਲਿਖੀ ਗਈ ਹੋਵੇ। ਪਾਠਕਾਂ ਦਾ ਵੀ ਫਰਜ਼ ਬਣਦਾ ਹੈ ਕਿ ਇਸ ਕਿਤਾਬ ਨੂੰ ਹਰ ਘਰ ਵਿਚ ਰੱਖਿਆ ਜਾਵੇ ਤਾਂ ਕਿ ਸਾਨੂੰ ਆਪਦੇ ਨੂੰਹਾਂ ਧੀਆਂ ਪੁੱਤਾਂ ਦੇ ਹੱਕ ਯਾਦ ਰਹਿਣ।














# ‘ਬੇਇੱਜ਼ਤ’ ਕਿਤਾਬ ਦੇ ਰਿਲੀਜ਼ ਸਮਾਗਮਾਂ ਨੂੰ ਕੈਨੇਡਾ ਵਿੱਚ ਭਰਵਾਂ ਹੁੰਗਾਰਾ

## ਲੇਖਿਕਾ ਸਰਬਜੀਤ ਕੌਰ ਨੇ ਸਰੀ, ਵਿੰਨੀਪੈਗ ਤੇ ਕੈਲਗਰੀ ਵਿੱਚ ਪਾਠਕਾਂ ਨਾਲ਼ ਸਾਂਝ ਪਾਈ



‘ਬੇਇੱਜ਼ਤ’ ਕਿਤਾਬ ਦੇ ਸਰੀ ਅਤੇ ਕੈਲਗਰੀ ਵਿਚਲੇ ਸਮਾਗਮਾਂ ਦੌਰਾਨ ਸਰਬਜੀਤ ਅਠਵਾਲ ਅਤੇ ਸੁਖਵੰਤ ਹੁੰਦਲ ਜੱਥੇਬੰਦੀਆਂ ਦੇ ਮੈਂਬਰਾਂ ਨਾਲ਼।

ਸਰੀ/ਵਿੰਨੀਪੈਗ/ ਕੈਲਗਰੀ (ਸੁਖਵੰਤ ਹੁੰਦਲ਼/ ਸੁਰਿੰਦਰ ਮਾਵੀ/ ਸੁਖਵੀਰ ਗਰੇਵਾਲ) : ਇੰਗਲੈਂਡ ਵਿੱਚ ਅਣਖ ਦੀ ਖਾਤਿਰ ਕੀਤੇ ਗਏ ਕਤਲ ਦੀ ਕਹਾਣੀ ਨੂੰ ਬਿਆਨ ਕਰਦੀ ਚਰਚਿਤ ਕਿਤਾਬ ‘ਬੇਇੱਜ਼ਤ’ ਕੈਨੇਡਾ ਦੇ ਤਿੰਨ ਸ਼ਹਿਰਾਂ ਸਰੀ, ਵਿੰਨੀਪੈਗ ਅਤੇ ਕੈਲਗਰੀ ਵਿੱਚ ਰਿਲੀਜ਼ ਕੀਤੀ ਗਈ। ਇਹ ਕਿਤਾਬ ਇੰਗਲੈਂਡ ਵਾਸੀ ਸਰਬਜੀਤ ਕੌਰ ਅਠਵਾਲ ਅਤੇ ਜੈਫ ਹਡਸਨ ਦੁਆਰਾ ਲਿਖੀ ਅੰਗਰੇਜ਼ੀ ਕਿਤਾਬ ‘ਸ਼ੇਮਡ’ ਦਾ ਪੰਜਾਬੀ ਅਨੁਵਾਦ ਹੈ। ਇਹ ਕਿਤਾਬ ਸੁਰਜੀਤ ਕੌਰ ਅਠਵਾਲ ਦੇ ਅਣਖ ਲਈ ਕੀਤੇ ਕਤਲ ਦੀ ਕਹਾਣੀ ਹੈ। ਸਰਬਜੀਤ ਕੌਰ ਅਠਵਾਲ ਇਹਨਾਂ ਤਿੰਨਾਂ ਸਮਾਗਮਾਂ ਵਿੱਚ ਭਾਗ ਲੈਣ ਲਈ ਇੰਗਲੈਂਡ ਤੋਂ ਵਿਸ਼ੇਸ਼ ਤੌਰ ’ਤੇ ਪੁੱਜੇ। ਵੈਨਕੂਵਰ ਵਾਸੀ ਸੁਖਵੰਤ ਹੁੰਦਲ, ਸਾਧੂ ਬਿਨਿੰਗ ਅਤੇ ਗੁਰਮੇਲ ਰਾਏ ਨੇ ਇਸ ਕਿਤਾਬ ਨੂੰ ਪੰਜਾਬੀ ਵਿੱਚ ਅਨੁਵਾਦ ਕੀਤਾ ਹੈ।

ਪਹਿਲਾ ਰਿਲੀਜ਼ ਸਮਾਗਮ ਸਰੀ ਦੇ ਧਾਲੀਵਾਲ ਬੈਂਕੁਅਟ ਹਾਲ ਵਿੱਚ 17 ਮਾਰਚ ਨੂੰ ਰੱਖਿਆ ਗਿਆ ਜਿਹੜਾ ਵਤਨ ਆਨ ਲਾਈਨ ਅਤੇ ਮਮਤਾ ਫਾਊਂਡੇਸ਼ਨ ਦੇ ਸਹਿਯੋਗ ਨਾਲ਼ ਕਰਵਾਇਆ ਗਿਆ। ਸਾਧੂ ਬਿਨਿੰਗ ਦੇ ਸਵਾਗਤੀ ਭਾਸ਼ਣ ਤੋਂ ਬਾਅਦ ਸੁਖਵੰਤ ਹੁੰਦਲ ਨੇ ਇਸ ਕਿਤਾਬ ਨੂੰ ਪੰਜਾਬੀ ਵਿੱਚ ਅਨੁਵਾਦ ਕਰਨ ਦੀ ਲੋੜ ਬਾਰੇ ਚਾਨਣਾ ਪਾਇਆ। ਉਹਨਾਂ ਦੱਸਿਆ ਕਿ ਇਹ ਕਿਤਾਬ ਇੱਕ ਆਮ ਔਰਤ ਵਲੋਂ ਸਮਾਜ ਦੀ ਨਾਇਕਾ ਬਣਨ ਦੀ ਕਹਾਣੀ ਹੈ ਜਿਹੜੀ ਆਮ ਲੋਕਾਂ ਨੂੰ ਜ਼ੁਲਮ ਵਿਰੁੱਧ ਡਟਣ ਲਈ ਪ੍ਰੇਰਿਤ ਕਰਦੀ ਹੈ। ਇਸ ਉਪਰੰਤ ਅੰਜੂ ਹੁੰਦਲ ਨੇ ਕਿਤਾਬ ਵਿੱਚੋਂ ਕੁਝ ਅੰਸ਼ ਪੜ ਕੇ ਸੁਣਾਏ। ਸਰਬਜੀਤ ਨੇ ਕਿਤਾਬ ਲਿਖਣ ਤੋਂ ਪਹਿਲਾਂ ਵਾਪਰੇ ਸਾਰੇ ਘਟਨਾਕ੍ਰਮ ਦਾ ਬਿਆਨ ਕੀਤਾ ਜਿਸ ਨੂੰ ਸੁਣ ਕੇ ਸਰੋਤੇ ਭਾਵੁਕ ਹੋ ਗਏ। ਸਮਾਗਮ ਵਿੱਚ ਹਾਜ਼ਿਰ ਸਰੋਤਿਆਂ ਨੇ ਸਵਾਲ ਜਵਾਬ ਵੀ ਕੀਤੇ ਅਤੇ ਸਰਬਜੀਤ ਦੁਆਰਾ ਦਿਖਾਏ ਹੌਂਸਲੇ ਦੀ ਪ੍ਰਸੰਸ਼ਾ ਕੀਤੀ।

24 ਮਾਰਚ ਨੂੰ ਪੰਜਾਬੀ ਸਾਹਿੱਤ ਅਤੇ ਸਭਿਆਚਾਰਕ ਸਭਾ ਵਿੰਨੀਪੈਗ ਦੇ ਸਹਿਯੋਗ ਨਾਲ਼ ਰਿਲੀਜ਼ ਸਮਾਗਮ ਵਿੰਨੀਪੈਗ ਵਿੱਚ ਕਰਵਾਇਆ ਗਿਆ ਜਿਸ ਵਿੱਚ ਸ਼ਹਿਰ ਵਾਸੀਆਂ ਨੇ ਭਾਗ ਲਿਆ। ਇਸ ਸਮਾਗਮ ਵਿੱਚ ਵੀ ਸਰਬਜੀਤ ਅਠਵਾਲ ਅਤੇ ਸੁਖਵੰਤ ਹੁੰਦਲ ਨੇ ਵਿਚਾਰ ਰੱਖੇ। ਸੁਖਵੰਤ ਹੁੰਦਲ ਨੇ ਕਿਹਾ ਕਿ ਪੱਛਮੀ ਮੁਲਕਾਂ ਵਿੱਚ ਸਾਡੇ ਭਾਈਚਾਰੇ ਹਰ ਪੱਖੋਂ ਪੈਰ ਪਸਾਰੇ ਹਨ ਪਰ ਵਿਆਹ ਦੇ ਸੰਕਲਪ ਨੂੰ ਇਹਨਾਂ ਮੁਲਕਾਂ ਦੇ ਸਿਸਟਮ ਮੁਤਾਬਿਕ ਸਮਝਣ ਦੀ ਵੀ ਲੋੜ ਹੈ। ਇਸ ਸਮਾਗਮ ਦਾ ਮੰਚ ਸੰਚਾਲਨ ਮੰਗਤ ਸਿੰਘ ਸਹੋਤਾ ਨੇ ਕੀਤਾ। ਹਰਨੇਕ ਧਾਲੀਵਾਲ ਨੇ ਸਾਰੇ ਸਰੋਤਿਆਂ ਦਾ ਧੰਨਵਾਦ ਕੀਤਾ।

25 ਮਾਰਚ ਨੂੰ ਕੈਲਗਰੀ ਵਿਚਲਾ ਰਿਲੀਜ਼ ਸਮਾਗਮ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਅਤੇ ਮਾਸਿਕ ਰਸਾਲੇ ਸਿੱਖ ਵਿਰਸਾ ਦੇ ਸਹਿਯੋਗ ਨਾਲ਼ ਇੰਡੀਅਨ ਐਕਸ ਸਰਵਿਸਮੈਨ ਸੁਸਾਇਟੀ ਦੇ ਹਾਲ ਵਿੱਚ ਕਰਵਾਇਆ ਗਿਆ। ਹਰੀਪਾਲ ਨੇ ਕਿਤਾਬ ਬਾਰੇ ਪਰਚਾ ਪੜ੍ਹਿਆ। ਸੁਰਜੀਤ ਕੌਰ ਨੂੰ ਕਤਲ ਕਰਨ ਤੋਂ ਪਹਿਲਾਂ ਤੋਂ ਲੈ ਕੇ ਦੋਸ਼ੀਆਂ ਨੂੰ ਸਜ਼ਾ ਹੋਣ ਤੱਕ ਦੀ ਕਹਾਣੀ ਸਰਬਜੀਤ ਨੇ ਸੁਣਾਈ ਤਾਂ ਸਰੋਤਿਆਂ ਨੇ ਖੜ੍ਹੇ ਹੋ ਕੇ ਉਹਨਾਂ ਦੀ ਦਲੇਰੀ ਦੀ ਦਾਦ ਦਿੱਤੀ। ਸੁਖਵੰਤ ਹੁੰਦਲ ਨੇ ਕਿਹਾ ਕਿ ਸ਼ਰਮ, ਇੱਜ਼ਤ ਤੇ ਅਣਖ ਵਰਗੇ ਸ਼ਬਦਾਂ ਨੂੰ ਬਦਲ ਰਹੇ ਸਮੀਕਰਨਾਂ ਅਨੁਸਾਰ ਨਵੇਂ ਸਿਰੇ ਤੋਂ ਪਰਿਭਾਸ਼ਿਤ ਕਰਨ ਦੀ ਲੋੜ ਹੈ। ਪ੍ਰੌਗਰੈਸਿਵ ਕਲਾ ਮੰਚ ਵਲੋਂ ਇਸ ਕਿਤਾਬ ਦੇ ਆਧਾਰਿਤ ਇੱਕ ਨਾਟਕ ਕਮਲਪ੍ਰੀਤ ਪੰਧੇਰ ਦੀ ਨਿਰਦੇਸ਼ਨਾ ਹੇਠ ਖੇਡਿਆ ਗਿਆ ਜਿਹੜਾ ਸਿਰਫ ਪੰਜ ਦਿਨਾਂ ਵਿੱਚ ਤਿਆਰ ਕੀਤਾ ਗਿਆ ਸੀ। ਹਰਨੇਕ ਬੱਧਣੀ ਨੇ ਕਵਿਤਾ ਪੇਸ਼ ਕੀਤੀ। ਹਰਚਰਨ ਪਰਹਾਰ ਨੇ ਪੰਜਾਬੀ ਗਾਇਕੀ ਵਿੱਚ ਲੱਚਰਤਾ ਬਾਰੇ ਇੱਕ ਮਤਾ ਪੇਸ਼ ਕੀਤੀ ਜਿਸ ਨੂੰ ਸਰੋਤਿਆਂ ਨੇ ਹੱਥ ਖੜੇ ਕਰਕੇ ਭਰਵਾਂ ਹੁੰਗਾਰਾ ਦਿੱਤਾ। ਮਾਸਟਰ ਭਜਨ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ 23 ਅਪਰੈਲ ਨੂੰ ਵਿਸ਼ਵ ਪੁਸਤਕ ਦਿਹਾੜੇ ਨੂੰ ਸਮਰਪਿਤ ਕੈਲਗਰੀ ਵਿੱਚ ਪੁਸਤਕ ਮੇਲਾ ਸ਼ਹੀਦ ਭਗਤ ਸਿੰਘ ਲਾਇਬਰੇਰੀ ਦੇ ਬੈਨਰ ਹੇਠ ਲਗਾਇਆ ਜਾ ਰਿਹਾ ਹੈ। ਇਸ ਪੁਸਤਕ ਮੇਲਾ 21 ਅਤੇ 22 ਅਪਰੈਲ ਨੂੰ ਗਰੀਨ ਪਾਲਜ਼ਾ (ਭੁੱਲਰ ਪਲਾਜ਼ਾ) ਵਿੱਚ ਲਵਲੀ ਸਵੀਟਸ, ਬੈੱਲ ਕੁਨੈਕਸ਼ਨ ਅਤੇ ਢਿੱਲੋਂ ਫੈਸ਼ਨਜ਼ ਦੇ ਸਾਹਮਣੇ ਲਗਾਇਆ ਜਾਵੇਗਾ।

ਅੱਠ ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

**ਸਰੋਕਾਰਾਂ ਦੀ ਆਵਾਜ਼**

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ ਅਤੇ ਕੈਲਗਰੀ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ। ਇਸ ਅਖ਼ਬਾਰ ਈਮੇਲ ’ਤੇ ਮੰਗਵਾਉਣ ਲਈ ਜਾਂ ਕਾਪੀ ਪ੍ਰਾਪਤ ਕਰਨ ਲਈ ਸਾਡੀ ਟੀਮ ਨਾਲ ਸੰਪਰਕ ਕਰੋ।



ਹਰਬੰਸ ਸਿੰਘ (ਟੋਰਾਂਟੋ)
416-817-7142



ਮਾਸਟਰ ਭਜਨ (ਕੈਲਗਰੀ)
403-455-4220



ਸੁਖਵੀਰ ਗਰੇਵਾਲ (ਵੈਨਕੂਵਰ)
403-402-0770



ਸੁਰਿੰਦਰ ਮਾਵੀ (ਵਿੰਨੀਪੈਗ)
204-510-6284

ਨੋਟ: ਅਦਾਰਾ ‘ਸਰੋਕਾਰਾਂ ਦੀ ਆਵਾਜ਼’ ਨੂੰ ਟੋਰਾਂਟੋ, ਐਡਮਿੰਟਨ, ਵਿੰਨੀਪੈਗ ਸ਼ਹਿਰਾਂ ਤੋਂ ਮਾਰਕੀਟਿੰਗ ਲਈ ਪ੍ਰਤੀਨਧਾਂ ਦੀ ਲੋੜ ਹੈ। ਵਾਜਬ ਕਮਿਸ਼ਨ ਦਿੱਤਾ ਜਾਵੇਗਾ। ਐਡਮਿੰਟਨ ਅਤੇ ਵਿੰਨੀਪੈਗ ਤੋਂ ਪੱਤਰਕਾਰਾਂ ਦੀ ਵੀ ਲੋੜ ਹੈ।






# ਕੈਲਗਰੀ ਵਾਸੀ ਪਾਲ ਸੇਖੋਂ ਨੇ ਆਪਣੇ ਪਿੰਡ ਭੈਣੀ ਬੜਿੰਗਾਂ ਵਿਖੇ 14 ਕੁੜੀਆਂ ਦੇ ਵਿਆਹ ਕੀਤੇ

## ਫਰੀ ਮੈਡੀਕਲ ਚੈਕਅਪ ਕੈਂਪ ਦਾ ਆਯੋਜਨ ਵੀ ਕੀਤਾ ਗਿਆ





ਭੈਣੀ ਬੜਿੰਗਾਂ : ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਮਾਜ ਸੇਵੀ ਕੈਲਗਰੀ ਵਾਸੀ ਪਾਲ ਸੇਖੋਂ ਵਲੋਂ ਆਪਣੇ ਪਿੰਡ ਭੈਣੀ ਬੜਿੰਗਾਂ ਵਿਖੇ ਗਰੀਬ ਕੁੜੀਆਂ ਦੇ ਵਿਆਹ ਕਰਨ ਦੀ ਲੜੀ ਤਹਿਤ 6ਵੇਂ ਸਲਾਨਾ ਸਮਾਗਮ ਦਾ ਆਯੋਜਨ ਕੀਤਾ ਗਿਆ। 3 ਮਾਰਚ ਨੂੰ 14 ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਆਨੰਦ ਕਾਰਜ ਕੀਤੇ ਗਏ। 4 ਮਾਰਚ 2018 ਨੂੰ ਫਰੀ ਮੈਡੀਕਲ ਚੈਕਅਪ ਕੈਂਪ ਵੀ ਲਗਾਏ ਗਏ ਜਿਸ ਦੌਰਾਨ ਤਕਰੀਬਨ 750 ਮਰੀਜ਼ਾਂ ਦੀ ਵੱਖੋ-ਵੱਖ ਬਿਮਾਰੀਆਂ ਕਾਰਨ ਚੈਕਅਪ ਕੀਤੀ ਗਈ। ਜਨਰਲ ਚੈਕਅਪ ਤੋਂ ਇਲਾਵਾ ਥਾਇਓਰਾਈਡ, ਹੈਪੇਟਾਈਟਸ ਬੀ, ਹਾਰਟ ਸਬੰਧੀ, ਈਸੀਜੀ, ਗਿਟਿਆਂ ਗੋਢਿਆਂ ਦੇ ਦਰਦ ਅੱਖਾਂ ਦੀ ਚੈਕਅਪ ਅਤੇ ਔਰਤਾਂ ਦੇ ਰੋਗਾਂ ਦੇ ਮਾਹਿਰ ਡਾਕਟਰਾਂ ਵਲੋਂ ਵਿਸ਼ੇਸ਼ ਜਾਂਚ ਕੀਤੀ ਗਈ। ਐਨਕਾਂ ਅਤੇ ਲੈਨਜ਼ ਵੀ ਮੁਫ਼ਤ ਵੰਡੇ ਗਏ। ਗਲੋਬਲ ਹਾਰਟ ਲੁਧਿਆਣਾ, ਪਰੇਮ ਅੱਖਾਂ ਦਾ ਹਸਪਤਾਲ ਬਰਨਾਲਾ, ਲਾਈਫ਼ ਕੇਅਰ ਰਾਇਕੋਟ, ਓਰੀਸਨ ਹਸਪਤਾਲ ਲੁਧਿਆਣਾ ਅਤੇ ਰਾਇਕੋਟ ਤੋਂ ਡਾ. ਸੇਲੀ ਜੈਨ ਸਮੇਤ ਮਾਹਿਰਾਂ ਦੀਆਂ ਟੀਮਾਂ ਨੇ ਆਪਣੀਆਂ ਸੇਵਾਵਾਂ ਦਿੱਤੀਆਂ। ਇਸ ਮੌਕੇ ਪ੍ਰਸਿੱਧ ਪੱਤਰਕਾਰ ਸਵਰਨ ਟਹਿਣਾ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ। ਕੈਲਗਰੀ ਤੋਂ ਵਿਸ਼ੇਸ਼ ਤੌਰ 'ਤੇ ਜਰਨੈਲ ਤੱਗੜ ਅਤੇ ਵਰਿੰਦਰ ਧਾਲੀਵਾਲ ਵੀ ਪੁੱਜੇ ਹੋਏ ਸਨ। ਪਾਲ ਸ਼ੇਖੋਂ ਨੇ ਐਨ. ਆਰ. ਆਈ. ਭਰਾਵਾਂ ਅਤੇ ਗੁਰੂ ਘਰ ਦੀ ਕਮੇਟੀ ਦਾ ਵਿਸ਼ੇਸ਼ ਧੰਨਵਾਦ ਕੀਤਾ ਜਿਨ੍ਹਾਂ ਦੇ ਸਹਿਯੋਗ ਸਦਕਾ ਇਹ ਸਮਾਗਮ ਹਰ ਸਾਲ ਨੇਪਰੇ ਚੜ੍ਹਦੇ ਹਨ।






# ਵਿਨੀਪੈਗ 'ਚ ਸ਼ਹੀਦ ਭਗਤ ਸਿੰਘ ਸ਼ਹੀਦੀ ਦਿਹਾੜਾ ਮਨਾਇਆ



ਵਿਨੀਪੈਗ (ਸੁਰਿੰਦਰ ਮਾਵੀ)- 'ਇੰਡੋ ਕੈਨੇਡੀਅਨ ਵਰਕਰਜ਼ ਐਸੋਸੀਏਸ਼ਨ' ਵਿਨੀਪੈਗ ਵੱਲੋਂ ਦੇਸ਼ ਦੀ ਆਜ਼ਾਦੀ ਲਈ ਆਪਾ ਵਾਰਨ ਵਾਲੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਪ੍ਰੋਫ਼ੈਸਰ ਗੁਰਮੁਖ ਸਿੰਘ ਘੁੰਮਣ 'ਤੇ ਜਸਵੰਤ ਸਿੰਘ ਸਿੱਧੂ ਨੇ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਦੋ ਮਿੰਟ ਦਾ ਮੋਨ ਰੱਖ ਕਿ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਪ੍ਰੋਗਰਾਮ ਵਿਚ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਦੀ ਮੌਜੂਦਾ ਸਮੇਂ ਦੇ ਸੰਦਰਭ ਵਿਚ ਮਹੱਤਤਾ ਬਾਰੇ ਵਿਚਾਰ ਕੀਤੇ ਗਏ ਅਤੇ ਦੇਸ਼-ਪਿਆਰ ਦੇ ਗੀਤਾਂ 'ਤੇ ਕਵਿਤਾਵਾਂ ਰਾਹੀਂ ਸ਼ਹੀਦਾਂ ਨੂੰ ਸ਼ਰਧਾ ਦੇ ਫ਼ੁੱਲ ਭੇਟ ਕੀਤੇ ਗਏ। ਇਸ ਮੌਕੇ ਡਾਕਟਰ ਮਹਿੰਦਰ ਸਿੰਘ ਢਿੱਲੋਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਸ਼ਹਾਦਤ ਦੇਸ਼ ਲਈ ਇਕ ਮਿਸਾਲ ਹੈ ਇਨ੍ਹਾਂ ਦੇਸ਼ ਭਗਤਾਂ ਕਰ ਕੇ ਹੀ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਉਨ੍ਹਾਂ ਨੇ ਕਿਹਾ ਕਿ ਅੱਜ ਦੇ ਨੌਜਵਾਨਾਂ ਨੂੰ ਵੀ ਇਨ੍ਹਾਂ ਸ਼ਹੀਦਾਂ ਦੇ ਜੀਵਨ ਦੀ ਸੇਧ ਲੈਣੀ ਚਾਹੀਦੀ ਹੈ ਅਤੇ ਆਪਣੇ ਦੇਸ਼ ਦੇ ਨਾਂਅ ਨੂੰ ਉੱਚਾ ਚੁੱਕਣ ਲਈ ਹਮੇਸ਼ਾ ਤਿਆਰ ਰਹਿਣਾ ਚਾਹੀਦਾ ਹੈ। ਇਨ੍ਹਾਂ ਮਹਾਨ ਦੇਸ਼ ਭਗਤਾਂ ਦੇ ਸੁਫ਼ਨੇ ਅਜੇ ਵੀ ਅਧੂਰੇ ਹਨ, ਕਿਉਂਕਿ ਅੱਜ ਵੀ ਭ੍ਰਿਸ਼ਟ ਰਾਜਨੀਤਕ ਲੋਕ ਤੇ ਸਰਮਾਏਦਾਰ ਮਿਹਨਤਕਸ਼ ਲੋਕਾਂ ਦੀ ਦਿਨ ਰਾਤ ਲੁੱਟ ਖਸੁੱਟ ਕਰ ਰਹੇ ਹਨ ਜਿਸ ਕਾਰਨ ਸਾਨੂੰ ਉਨ੍ਹਾਂ ਮਹਾਨ ਸ਼ਹੀਦ ਸੂਰਮਿਆਂ ਦੇ ਸੁਫ਼ਨੇ ਸਾਕਾਰ ਕਰਨ ਲਈ ਉਨ੍ਹਾਂ ਦੇ ਪਦ ਚਿੰਨ੍ਹਾਂ 'ਤੇ ਚੱਲਣ ਦੀ ਲੋੜ ਹੈ। ਯੁਵਰਾਜ ਰਤਨ ਭਾਰਤ ਦੇ ਅਰਥਚਾਰੇ 'ਤੇ ਚਾਨਣਾਂ ਬਾਖ਼ੂਬੀ ਪਾਇਆ। ਇਸ ਮੌਕੇ ਸਾਰਿਆਂ ਵੱਲੋਂ ਮਤਾ ਪਾਸ ਕਰ ਭਾਰਤ ਵਿਚ ਬੁੱਤ ਤੋੜਨ ਦੀਆਂ ਘਟਨਾਵਾਂ ਤੇ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ 'ਤੇ ਚੰਡੀਗੜ੍ਹ ਇਟੰਰਨੈਸ਼ਨਲ ਏਅਰ ਪੋਰਟ ਦਾ ਨਾਂਅ ਸ਼ਹੀਦ ਭਗਤ ਸਿੰਘ ਦੇ ਨਾਂਅ ਤੇ ਰੱਖਣ ਦੀ ਪੁਰਜ਼ੋਰ ਮੰਗ ਕੀਤੀ। ਇਸ ਮੌਕੇ ਤੇ ਉਨ੍ਹਾਂ ਦੇ ਨਾਲ ਹੋਰਨਾਂ ਤੋ ਇਲਾਵਾ ਜਗਮੋਹਨ ਸਿੰਘ ਢੁੱਡੀਕੇ, ਰਾਨਾ ਚਾਨਾ ਅਤੇ ਰਾਜ ਧਾਲੀਵਾਲ ਆਦਿ ਮੌਜੂਦ ਸਨ। ਸੁਖਵੀਰ ਕਾਲਕੱਟ ਵੱਲੋਂ ਸਟੇਜ ਦਾ ਸੰਚਾਲਨ ਬਾਖ਼ੂਬੀ ਨਿਵਾਇਆ।













# ਅੰਤਰਰਾਸ਼ਟਰੀ ਔਰਤ ਦਿਵਸ ’ਤੇ ਦੂਜਾ ਸਫ਼ਲ ਸਭਿਆਚਾਰਕ ਨਾਟਕ ਸਮਾਗਮ ਕੈਲਗਰੀ ’ਚ 23 ਮਾਰਚ ਦੇ ਸ਼ਹੀਦਾਂ ਭਗਤ ਸਿੰਘ ਹੋਰਨਾਂ ਨੂੰ ਕੀਤਾ ਯਾਦ



**ਕੈਲਗਰੀ/ਮਾ. ਭਜਨ**

ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਇਥੇ ਜੈਨਸਸ ਸੈਂਟਰ ਵਿਖੇ ਦੂਜਾ ਸਲਾਨਾ ਸਭਿਆਚਾਰਕ ਨਾਟਕ ਸਮਾਗਮ ‘ਅੰਤਰਰਾਸ਼ਟਰੀ ਔਰਤ ਦਿਵਸ’ ਨੂੰ ਸਮਰਪਿਤ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਮਾ. ਭਜਨ ਨੇ ਔਰਤ ਦਿਵਸ ਦੇ ਸੰਖੇਪ ਇਤਿਹਾਸ ਦੀ ਜਾਣਕਾਰੀ ਦਿੰਦਿਆਂ ਕਿਹਾ ਕਿ 8 ਮਾਰਚ 1857 ਨੂੰ ਅਮਰੀਕਾ ਦੇ ਨਿਊਯਾਰਕ ਸ਼ਹਿਰ ਵਿਚ ਔਰਤ ਕੱਪੜਾ ਮਜ਼ਦੂਰਾਂ ਨੇ 10 ਘੰਟੇ ਦੀ ਕੰਮ ਦਿਹਾੜੀ, ਔਰਤਾਂ ਲਈ ਮਰਦਾਂ ਬਰਾਬਰ ਹੱਕ ਆਦਿ ਮੰਗਾਂ ਨੂੰ ਲੈ ਕੇ ਵਿਸ਼ਾਲ ਮੁਜ਼ਾਹਰਾ ਕੀਤਾ ਜਿਸ ’ਤੇ ਪੁਲਿਸ ਵਲੋਂ ਭਾਰੀ ਜਬਰ ਢਾਹਿਆ ਗਿਆ। 51 ਸਾਲ ਬਾਅਦ 8ਮਾਰਚ ਨੂੰ ਹੀ ਨਿਊਯਾਰਕ ’ਚ 20 ਹਜ਼ਾਰ ਔਰਤਾਂ ਨੇ ਬਿਹਤਰ ਮਜ਼ਦੂਰੀ ਅਤੇ ਵੋਟ ਦੇ ਹੱਕ ਨੂੰ ਲੈ ਕੇ ਮੁਜ਼ਾਹਰਾ ਕੀਤਾ। ਦੋ ਸਾਲਾਂ ਬਾਅਦ 8 ਮਾਰਚ 1910 ਕੋਪਟਹੇਗੇਨ ਵਿਚ ਮਜ਼ਦੂਰ ਜਮਾਤੀ ਪਾਰਟੀਆਂ ਦੇ ਕੌਮਾਂਤਰੀ ਮੰਚ ਵਲੋਂ ਸੰਮੇਲਨ ਕੀਤਾ ਗਿਆ। ਇਸ ਸੰਮੇਲਨ ਵਿਚ ਜਰਮਨ ਪਾਰਟੀ ਦੀ ਇਨਕਲਾਬੀ ਆਗੂ ਕਲਾਰਾ ਜੈਟਕਿਨ ਨੇ 8 ਮਾਰਚ ਨੂੰ ‘ਕੌਮਾਂਤਰੀ ਔਰਤ ਦਿਵਸ’ ਮਨਾਉਣ ਦਾ ਮਤਾ ਪੇਸ਼ ਕੀਤਾ ਜੋ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਉਦੋਂ ਤੋਂ ਇਹ ਦਿਨ ਸੰਸਾਰ ਪੱਧਰ ’ਤੇ ਮਨਾਇਆ ਜਾਂਦਾ ਹੈ।

ਪ੍ਰੋਗਰੈਸਿਵ ਕਲਾ ਮੰਚ ਵਲੋਂ ਪਹਿਲੀ ਪੇਸ਼ਕਾਰੀ ਕੈਲਗਰੀ ਦੇ ਜੰਮਪਲ ਬੱਚਿਆਂ ਵਲੋਂ ਪੇਸ਼ ਕੀਤੀ ਗਈ ਜੋ ਜਸਵੀਰ ਜੱਸੀ ਦੇ ਗਾਏ ਗੀਤ ’ਤੇ ਆਧਾਰਿਤ ਸੀ ਜਿਸ ਦੇ ਬੋਲ ‘ਮਾਏ ਨੀ ਇਕ ਲੌਰੀ ਦੇ ਦੇ, ਬਾਬਲ ਤੋਂ ਭਾਵੇਂ ਚੋਰੀ ਨੀ’ ਸਨ। ਦੂਜੀ ਪੇਸ਼ਕਾਰੀ ਨਾਮਵਾਰ ਨਾਟਕਕਾਰ ਅਜਮੇਰ ਔਲਖ ਦੇ ਲਿਖੇ ਨਾਟਕ ‘ਸੁੱਕੀ ਕੁੱਖ’ ਦੀ ਸੀ। ਜਿਸ ਵਿਚ ਬੱਚਾ ਪੈਦਾ ਨਾ ਹੋਣ ਵਾਲੀ ਔਰਤ ਦੀ ਤਰਾਸਦੀ ਬਾਖ਼ੂਬੀ ਪੇਸ਼ ਕੀਤੀ ਗਈ। ਸਾਰੇ ਹੀ ਪਾਤਰਾਂ ਦੀ ਮਿਹਨਤ ਅਤੇ ਪੇਸ਼ਕਾਰੀ ਨੇ ਸਰੋਤਿਆਂ ’ਤੇ ਡੂੰਘਾ ਅਸਰ ਛੱਡਿਆ। ਟੀਮ ਵਲੋਂ ਤੀਜੀ ਅਤੇ ਆਖਰੀ ਪੇਸ਼ਕਾਰੀ ਨਛੱਤਰ ਗਿੱਲ ਦੇ ਗਾਏ ਗੀਤ ਤੇ ਆਧਾਰਿਤ ‘ਸਾਨੂੰ ਮਹਿੰਗਾ ਪਿਆ ਕੈਨੇਡਾ’ ਸੀ। ਉਪਰੰਤ ਪ੍ਰਧਾਨ ਜੀਤਇੰਦਰ ਪਾਲ, ਜਸਵਿੰਦਰ ਕੌਰ ਮਾਨ, ਹਰੀਪਾਲ ਆਦਿ ਵਲੋਂ ਟੀਮ ਕਲਾਕਾਰਾਂ ਨੂੰ ਪ੍ਰਸੰਸਾ ਪੱਤਰ ਅਤੇ ਛੋਟੇ ਬੱਚਿਆਂ ਨੂੰ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ। ਕਮਲਪ੍ਰੀਤ ਪੰਧੇਰ, ਜਸ ਲੰਮੇ, ਕੁਸਮ ਸ਼ਰਮਾ, ਨਵਕਿਰਨ ਢੁੱਡੀਕੇ, ਕਮਲ ਸਿੱਧੂ, ਜਸ਼ਨਪ੍ਰੀਤ ਸਿੰਘ ਗਿੱਲ, ਅਮਨ ਗਿੱਲ, ਸੁਖਜੀਤ ਖਹਿਰਾ, ਸਹਿਜ ਪੰਧੇਰ, ਸਾਹਿਬ ਪੰਧੇਰ, ਵੀਰਪਾਲ ਨੇ ਨਾਟਕ ’ਚ ਭੂਮਿਕਾ ਨਿਭਾਈ। ਕੋਰੀਓਗਰਾਫੀ ਅਤੇ ਐਕਸ਼ਨ ਗੀਤ ਵਿਚ ਕਮਲਜੀਤ ਡੇਹਲੋਂ, ਰਵਨੀਕ ਕੌਰ, ਚੰਨਪ੍ਰੀਤ ਮੁੰਜਲ, ਅਮਰੀਤ ਗਿੱਲ, ਰਿਸ਼ੂ ਸ਼ਰਮਾ, ਜਸਲੀਨ ਸਿੱਧੂ, ਪੁਨੀਤ ਢੱਡਾ, ਅੰਸ਼ ਗਿੱਲ, ਸੁਖਮਨੀ, ਸਾਹਿਬ ਪੰਧੇਰ, ਜੋਬਨ, ਸਹਿਜ ਪੰਧੇਰ ਨੇ ਭੂਮਿਕਾ ਨਿਭਾਈ। ਪਾਤਰਾਂ ਵਿਚ ਸਭ ਤੋਂ ਛੋਟੀ ਬੱਚੀ ਸੁਖਮਨੀ ਸਿੱਧੂ ਅਤੇ ਸਹਿਜ ਪੰਧੇਰ ਦੀ ਕਲਾ ਅੱਜ ਦੇ ਸਮਾਗਮ ਦੀ ਸਿੱਖਰ ਸੀ। ਰੁਪਿੰਦਰਪਾਲ ਪੰਧੇਰ ਨੇ ਮਿਊਜਕ ਦੀ ਡਿਊਟੀ ਬਹੁਤ ਹੀ ਜ਼ਿੰਮੇਵਾਰੀ ਨਾਲ ਨਿਭਾਈ।

ਬਲਜਿੰਦਰ ਸੰਘਾ, ਸੁਖਜੀਤ ਖਹਿਰਾ ਨੇ ਢੁਕਵੀਆਂ ਕਵਿਤਾਵਾਂ ਨਾਲ ਹਾਜ਼ਰੀ ਲਗਵਾਈ। ਹਰੀਪਾਲ ਨੇ ਸੰਸਾਰ ਭਰ ਦੀਆਂ ਜੁਝਾਰੂ ਔਰਤਾਂ ਦਾ ਸੰਖੇਪ ਵੇਰਵਾ ਸਾਂਝਾ ਕੀਤਾ। ਮਾ. ਭਜਨ ਵਲੋਂ ਦਰਸ਼ਨ ਸਿੰਘ ਕੰਗ (ਐਮ. ਪੀ.) ਵਿਵਾਦ ਦੀਆਂ ਪੀੜਤਾਂ ਦੇ ਹੱਕ ’ਚ ਐਸੋਸੀਏਸ਼ਨ ਵਲੋਂ ਖੜ੍ਹਨ ਦਾ ਮਤਾ ਪੜ੍ਹ ਕੇ ਸੁਣਾਇਆ ਅਤੇ ਦਰਸ਼ਨ ਸਿੰਘ ਕੰਗ ਤੋਂ ਅਸਤੀਫ਼ੇ ਦੀ ਮੰਗ ਕੀਤੀ। ਮੀਡੀਆ ਵਲੋਂ ਸ੍ਰੀ ਰਿਸ਼ੀ ਨਾਗਰ ਜੀ (ਰੈਡ ਐਫ.ਐਮ.), ਸ੍ਰੀ ਹਰਬੰਸ ਬੁੱਟਰ ਚੈਨਲ ਪੰਜਾਬੀ, ਪੰਜਾਬੀ ਅਖ਼ਬਾਰ, ਬਲਜਿੰਦਰ ਸੰਘਾ (ਮੈਪਲ ਮੀਡੀਆ) ਦਾ ਫੋਟੋਗਰਾਫੀ ਅਤੇ ਕਵਰੇਜ਼ ਕਰਨ’ਤੇ ਧੰਨਵਾਦ ਕੀਤਾ ਗਿਆ। ਜੈਨਸਸ ਸੈਂਟਰ ਵਲੋਂ ਸਹਿਯੋਗ ਕਰਨ ਅਤੇ ਵਰਕਿੰਗ ਡੇਅ ਹੋਣ ਦੇ ਬਾਵਜੂਦ ਭਾਰੀ ਗਿਣਤੀ ’ਚ ਪੁੱਜੇ ਕੈਲਗਰੀ ਨਿਵਾਸੀ ਵੀਰਾਂ, ਭੈਣਾਂ, ਬੱਚਿਆਂ ਦਾ ਧੰਨਵਾਦ ਕੀਤਾ ਗਿਆ। ਸ੍ਰੀ ਹਰਚਰਨ ਪਰਹਾਰ ਸੰਪਾਦਕ ‘ਸਿੱਖ ਵਿਰਸਾ’ ਦੇ ਸਤਿਕਾਰਯੋਗ ਪਿਤਾ ਸ੍ਰ. ਸਵਰਨ ਸਿੰਘ ਪਰਹਾਰ ਦੇ ਅਚਨਚੇਤ ਵਿਛੋੜੇ ’ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਔਰਤ ਹੱਕਾਂ ਦੀ ਵਕਾਲਤ ਕਰਦਾ, ਭਗਤ, ਸਰਾਭਿਆਂ, ਗ਼ਦਰੀ ਬਾਬਿਆਂ ਦੀ ਵਿਰਾਸਤ ਨੂੰ ਸਾਂਭਣ ਦਾ ਪ੍ਰਣ ਕਰਦਾ ਇਹ ਔਰਤ ਦਿਵਸ ਸਮਾਗਮ ਲੱਚਰਤਾ ਨੂੰ ਅਮਲੀ ਰੂਪ ’ਚ ਸੱਟ ਮਾਰਨ ’ਚ ਕਾਮਯਾਬ ਰਿਹਾ। ਹੋਰ ਜਾਣਕਾਰੀ ਲਈ ਮਾ. ਭਜਨ ਨਾਲ 403-455-4240 ’ਤੇ ਸੰਪਰਕ ਕਰੋ।

ਪੰਜਾਬੀ ਸਿੱਖਣ ਦੀਆਂ ਮੁਫਤ ਕਲਾਸਾਂ
ਯੰਗਸਿਤਾਨ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ ਕੈਲਗਰੀ
ਦੇ ਸਾਂਝੇ ਉੱਦਮ ਤੇ ਤਹਿਤ ਪੰਜਾਬੀ ਬੋਲੀ ਸਿਖਾਉਣ ਦੀਆਂ ਮੁਫਤ ਕਲਾਸਾਂ ਹਰ ਐਤਵਾਰ ਜੈਨੇਸਿਸ ਸੈਂਟਰ ਵਿਚ 1000 ਵਾਇਸਜ਼ ਵਿੰਗ ਲਗਾਈਆਂ ਜਾਂਦੀਆਂ ਹਨ।
ਕਲਾਸਾਂ ਦਾ ਸਮਾਂ ਸਵੇਰੇ 10:30 ਤੋਂ ਬਾਅਦ ਦੁਪਿਹਰ 12 ਵਜੇ ਤੱਕ
ਹੋਰ ਜਾਣਕਾਰੀ ਲਈ ਸੰਪਰਕ ਕਰੋ:
ਸੁਖਵੀਰ ਗਰੇਵਾਲ: 403-402-0770

FOR ALL YOUR REAL ESTATE NEEDS
Contact Long time trusted name in the community
Gurbachan Singh Brar
* RESIDENTIAL * BUSINESS * LAND
* COMMERCIAL * INDUSTRIAL * INVESTMENT
403-470-2628
gsbrar@gsbrar.com
www.gsbrar.com
* Free no obligation evaluation
* Full time commitment
* Assistance to arrange best mortgage rates
urban 1A-4101 19 ST N.E. CALGARY, AB T2E 6X8
Ph: 403-590-2233 Fax: 403-776-1942



For Honest and Best Results
Please Call:
Cell. (403)-680-1895
Fax. (403)-776-7970
Bus. (403)-457-1216
Email:taranmand@shaw.ca
MAXVALUE
REAL ESTATE BOARD
MaxValue Reality Ltd.



Taranjit "T.J" Mand
Real Estate Associate

1996 ਤੋਂ ਨਿਰਵਿਘਨ ਮਾਂ ਬੋਲੀ ਪੰਜਾਬੀ, ਗੁਰਬਾਣੀ ਦੀ ਵਿਚਾਰਧਾਰਾ ਅਤੇ ਮਾਨਵੀ ਕਦਰਾਂ-ਕੀਮਤਾਂ ਦੀ ਤਰਜਮਾਨੀ ਕਰਦਾ ਮਾਸਿਕ ਮੈਗਜ਼ੀਨ...
ਸਿੱਖ ਵਿਰਸਾ
ਸਾਡਾ ਵਿਰਸਾ
Ph: 403-250-8898 Fax: 403-250-8825
24 ਘੰਟੇ ਆਨ ਲਾਈਨ
ਰੇਡੀਓ ਸਾਂਝ
www.radiosanjh.com
Website : www.sikhvirsa.com, Email : virsa@sikhvirsa.com



ਡਾ. ਸੁਖਦਰਸ਼ਨ ਸਿੰਘ ਚਹਿਲ

# ਭਾਰਤੀ ਫਿਲਮਾਂ ਦਾ ਸ਼ਿੰਗਾਰ ਬਣਨ ਲੱਗੀ : ਹਾਕੀ

*ਭਾਰਤ ਨੇ ਇਸ ਸਾਲ ਦੇ ਅੰਤ ਵਿੱਚ ਵਿਸ਼ਵ ਹਾਕੀ ਕੱਪ ਦੀ ਮੇਜ਼ਬਾਨੀ ਕਰਨੀ ਹੈ। ਹਾਕੀ ਬੁਖ਼ਾਰ ਨੂੰ ਹੋਰ ਤਿੱਖਾ ਕਰਨ ਲਈ ਇਸ ਸਾਲ ਹਾਕੀ ਉਪਰ ਚਾਰ ਫਿਲਮਾਂ ਰਿਲੀਜ਼ ਹੋ ਰਹੀਆਂ ਹਨ। ਇਹਨਾਂ ਫਿਲਮਾਂ ਬਾਰੇ ਰੌਸ਼ਨੀ ਪਾਉਂਦਾ ਇਹ ਲੇਖ।*

ਫਿਲਮਸਾਜ਼ੀ ਕਲਾ ਦਾ ਅਜਿਹਾ ਪੱਖ ਹੈ, ਜੋ ਸਮਾਜ ਦੇ ਹਰ ਵਰਗ ਨੂੰ ਵੱਡੇ ਪਰਦੇ 'ਤੇ ਰੂਪਮਾਨ ਕਰਨ ਲਈ ਯਤਨਸ਼ੀਲ ਰਹਿੰਦਾ ਹੈ। ਜਿਸ ਤਹਿਤ ਭਾਰਤੀ ਫਿਲਮਸਾਜ਼ ਵੀ ਸਮੇਂ-ਸਮੇਂ ਸਿਰ ਖੇਡ ਸਰਗਰਮੀਆਂ ਅਤੇ ਸ਼ਖਸ਼ੀਅਤਾਂ ਨੂੰ ਆਪਣੀਆਂ ਕ੍ਰਿਤਾਂ ਰਾਹੀਂ ਪੇਸ਼ ਕਰਦੇ ਆ ਰਹੇ ਹਨ। ਸਾਡੇ ਦੇਸ਼ 'ਚ ਸੰਚਾਰ ਸਾਧਨਾਂ 'ਚ ਜਿਸ ਤਰ੍ਹਾਂ ਕ੍ਰਿਕਟ ਨੂੰ ਵਧੇਰੇ ਤਰਜੀਹ ਦਿੱਤੀ ਜਾਂਦੀ ਹੈ, ਉਸ ਤਹਿਤ ਸਾਡੇ ਦੇਸ਼ 'ਚ ਖੇਡਾਂ 'ਤੇ ਬਣੀਆਂ ਫਿਲਮਾਂ 'ਚ ਵੀ ਕ੍ਰਿਕਟ ਹੀ ਭਾਰੂ ਰਹੀ ਹੈ। ਪਰ ਪਿਛਲੇ ਕੁਝ ਸਮੇਂ ਦੌਰਾਨ ਭਾਰਤੀ ਲੋਕਾਂ ਦੀ ਦੁਨੀਆ 'ਚ ਪਹਿਚਾਣ ਬਣਾਉਣ ਵਾਲੀ ਖੇਡ ਹਾਕੀ ਨੂੰ ਵੀ ਭਾਰਤੀ ਫਿਲਮਸਾਜ਼ਾਂ ਨੇ ਆਪਣੀਆਂ ਫਿਲਮਾਂ ਦਾ ਵਿਸ਼ਾ-ਵਸਤੂ ਬਣਾਇਆ ਹੈ। ਜੋ ਹਾਕੀ ਪ੍ਰੇਮੀਆਂ ਅਤੇ ਖਿਡਾਰੀਆਂ ਲਈ ਉਤਸ਼ਾਹਵਰਧਕ ਸਾਬਤ ਹੋ ਰਿਹਾ ਹੈ।

ਪਹਿਲੀ ਵਾਰ 1975 'ਚ ਵਿਸ਼ਵ ਚੈਂਪੀਅਨ ਬਣੀ ਭਾਰਤੀ ਹਾਕੀ ਟੀਮ ਨੂੰ ਬਾਲੀਵੁੱਡ ਦੇ ਸਿਤਾਰਿਆਂ ਨੇ ਸਤਿਕਾਰ ਦਿੱਤਾ। ਇਸ ਆਦਰ ਮਾਣ ਤਹਿਤ ਫਿਲਮੀ ਸਿਤਾਰਿਆਂ ਅਤੇ ਹਾਕੀ ਖਿਡਾਰੀਆਂ ਦੌਰਾਨ ਇੱਕ ਪ੍ਰਦਰਸ਼ਨੀ ਮੈਚ ਖੇਡਿਆ ਗਿਆ। ਜਿਸ ਵਿੱਚ ਉਸ ਵੇਲੇ ਦੀ ਅੱਵਲ ਨੰਬਰ ਅਭਿਨੇਤਰੀ ਪਰਵੀਨ ਬਾਬੀ ਵਰਗਿਆਂ ਨੇ ਵੀ ਹਿੱਸਾ ਲਿਆ। ਇਸ ਉਪਰੰਤ ਭਾਰਤੀ ਹਾਕੀ ਟੀਮ ਨੇ 1980 ਦੀਆਂ ਮਾਸਕੋ ਉਲੰਪਿਕਸ 'ਚ ਸੋਨ ਤਗਮਾ ਜਿੱਤਿਆ ਅਤੇ ਫਿਰ ਇਹ ਨਿਵਾਣਾਂ ਵੱਲ ਆ ਗਈ। ਜਿਸ ਕਾਰਨ ਫਿਲਮੀ ਸਿਤਾਰਿਆਂ ਨੇ ਵੀ ਹਾਕੀ ਨਾਲ ਮੋਹ ਘਟਾ ਲਿਆ। ਪਿਛਲੇ ਦਹਾਕੇ ਦੌਰਾਨ 2007 'ਚ ਯਸ਼ ਰਾਜ ਫਿਲਮਜ਼ ਨੇ ਸ਼ਿਮਿਤ ਅਮੀਨ ਨਿਰਦੇਸ਼ਨਾ 'ਚ ਹਿੰਦੀ ਫਿਲਮ 'ਚੱਕ ਦੇ ਇੰਡੀਆ' ਬਣਾਈ। ਇਹ ਫਿਲਮ ਇੱਕ ਭਾਰਤੀ ਹਾਕੀ ਕੋਚ ਦੀ ਦੇਸ਼ ਪ੍ਰਤੀ ਵਫਾਦਾਰੀ 'ਤੇ ਅਧਾਰਤ ਸੀ। ਕਬੀਰ ਖਾਨ ਨਾਮ ਦੇ ਕੋਚ ਦੀ ਮੁੱਖ ਭੂਮਿਕਾ ਸ਼ਾਹਰੁਖ ਖਾਨ ਨੇ ਨਿਭਾਈ। ਕਬੀਰ ਖਾਨ ਭਾਰਤੀ ਔਰਤਾਂ ਦੀ ਹਾਕੀ ਨੂੰ ਕਿਵੇਂ ਬੁਲੰਦੀਆਂ 'ਤੇ ਲੈ ਕੇ ਜਾਂਦਾ ਹੈ ਅਤੇ ਹਾਕੀ 'ਚ ਮੌਜੂਦ ਖੇਤਰੀਵਾਦ ਤੇ ਹੋਰ ਅਲਾਮਤਾਂ ਨੂੰ ਇਸ ਫਿਲਮ ਰਾਹੀਂ ਬਹੁਤ ਹੀ ਬਾਰੀਕੀ ਨਾਲ ਦਰਸਾਇਆ ਗਿਆ ਸੀ। ਜੈਦੀਪ ਸਾਹਨੀ ਦੀ ਲਿਖੀ ਇਸ ਫਿਲਮ 'ਚ ਸੁਖਵਿੰਦਰ ਸਿੰਘ ਦੁਆਰਾ ਗਾਇਆ ਗੀਤ 'ਚੱਕ ਦੇ ਇੰਡੀਆ' ਅੱਜ ਵੀ ਹਰੇਕ ਖੇਡ ਉਤਸਵ 'ਚ ਵਾਰ-ਵਾਰ ਵਜਦਾ ਹੈ। ਇਸ ਫਿਲਮ ਨੇ ਭਾਰਤੀ ਹਾਕੀ 'ਚ ਨਵੀਂ ਰੂਹ ਫੂਕੀ।ਖਾਸ ਤੌਰ 'ਤੇ ਔਰਤਾਂ ਦੀ ਹਾਕੀ ਨੂੰ ਬਹੁਤ ਉਤਸ਼ਾਹਿਤ ਕੀਤਾ। ਅਜੋਕੇ ਦੌਰ 'ਚ ਭਾਰਤੀ ਜੂਨੀਅਰ ਹਾਕੀ ਟੀਮ ਦੇ ਵਿਸ਼ਵ ਚੈਂਪੀਅਨ ਬਣਨ, ਸੀਨੀਅਰ ਟੀਮ ਦੇ ਏਸ਼ੀਅਨ ਚੈਂਪੀਅਨ ਬਣਨ ਅਤੇ ਹੋਰਨਾਂ ਵਿਸ਼ਵ ਪੱਧਰੀ ਟੂਰਨਾਮੈਂਟਾਂ 'ਚ ਮੋਹਰੀ ਟੀਮਾਂ 'ਚ ਸ਼ਾਮਲ ਹੋਣ ਨਾਲ, ਜਿੱਥੇ ਖੇਡ ਪ੍ਰੇਮੀ ਦਾ ਹਾਕੀ ਪ੍ਰਤੀ ਮੋਹ ਵਧਿਆ ਹੈ, ਉੱਥੇ ਭਾਰਤੀ ਫਿਲਮਸਾਜ਼ ਵੀ ਮੁੜ ਹਾਕੀ 'ਤੇ ਅਧਾਰਤ ਫਿਲਮਾਂ ਬਣਾਉਣ ਵੱਲ ਤੁਰੇ ਹਨ। ਅੱਜ-ਕੱਲ੍ਹ ਮਸ਼ਹੂਰ ਡਰੈਗ ਫਲਿੱਕਰ ਸੰਦੀਪ ਸਿੰਘ 'ਤੇ ਅਧਾਰਤ ਹਿੰਦੀ ਫਿਲਮ ਬਣ ਰਹੀ ਹੈ। ਇਸ ਫਿਲਮ ਦਾ ਨਾਮ ਵੀ 'ਸੂਰਮਾ' ਰੱਖਿਆ ਗਿਆ। ਅਦਾਕਾਰਾ ਚਿੱਤਰਗੰਦਾ ਦੁਆਰਾ ਬਣਾਈ ਜਾ ਰਹੀ ਇਸ ਫਿਲਮ 'ਚ ਸੰਦੀਪ ਸਿੰਘ ਦੀ ਭੂਮਿਕਾ ਨਾਮਵਰ ਪੰਜਾਬੀ ਗਾਇਕ ਤੇ ਬਾਲੀਵੁੱਡ 'ਚ ਸਥਾਪਤੀ ਵੱਲ ਵਧ ਰਿਹਾ ਦਿਲਜੀਤ ਦੁਸਾਂਝ ਨਿਭਾ ਰਿਹਾ ਹੈ। ਇਸ ਦੀ ਨਾਇਕਾ ਅਨੁਸ਼ਕਾ ਸ਼ਰਮਾ ਹੈ। ਇਸ ਫਿਲਮ 'ਚ ਸੰਦੀਪ ਸਿੰਘ ਦੇ ਰੇਲ ਗੱਡੀ 'ਚ ਅਚਾਨਕ ਗੋਲੀ ਲੱਗਣ ਵਾਲੀ ਘਟਨਾ ਸਮੇਤ ਉਸ ਦੇ ਬੁਲੰਦੀਆਂ ਤੱਕ ਪੁੱਜਣ ਦੇ ਸਫਰ ਨੂੰ ਇਸ ਤਰੀਕੇ ਨਾਲ ਦਰਸਾਇਆ ਜਾ ਰਿਹਾ ਹੈ, ਜੋ ਨਵੀਂ ਪੀੜ੍ਹੀ ਲਈ ਪ੍ਰੇਰਨਾਸ੍ਰੋਤ ਸਾਬਤ ਹੋਵੇਗਾ। ਇਸ ਦੇ ਨਾਲ ਬਾਲੀਵੁੱਡ ਦੀ ਫਿਲਮਸਾਜ਼ ਰੀਮਾ ਕਾਗਤੀ ਵੱਲੋਂ ਭਾਰਤੀ ਹਾਕੀ ਸ਼ਹਿਨਸ਼ਾਹ ਬਲਵੀਰ ਸਿੰਘ ਸੀਨੀਅਰ ਦੀ ਜੀਵਨੀ 'ਤੇ ਅਧਾਰਤ ਹਿੰਦੀ ਫਿਲਮ 'ਗੋਲਡ' ਬਣਾਈ ਜਾ ਰਹੀ ਹੈ। ਰਿਤੇਸ਼ ਸਿੰਧਵਾਨੀ ਤੇ ਫਰਹਾਨ ਅਖਤਰ ਦੁਆਰਾ ਬਣਾਈ ਜਾ ਰਹੀ ਇਸ ਫਿਲਮ 'ਚ ਮੁੱਖ ਭੂਮਿਕਾ ਅਕਸ਼ੈ ਕੁਮਾਰ ਨਿਭਾ ਰਿਹਾ ਹੈ। ਇਸ ਤੋਂ ਇਲਾਵਾ ਕੁਨਾਲ ਕਪੂਰ, ਮੋਨੀ ਰਾਏ, ਅਮਿਤ ਸਾਧ, ਸੰਨੀ ਕੌਸ਼ਲ ਤੇ ਗੌਹਰ ਖਾਨ ਵੀ ਅਹਿਮ ਭੂਮਿਕਾਵਾਂ 'ਚ ਨਜ਼ਰ ਆਉਣਗੇ। ਇਹ ਫਿਲਮ ਅਗਲੇ ਵਰ੍ਹੇ 15 ਅਗਸਤ 2018 ਨੂੰ ਰਿਲੀਜ਼ ਹੋਵੇਗੀ।


ਇਸ ਦੇ ਨਾਲ ਹੀ ਭਾਰਤੀ ਹਾਕੀ ਦਾ ਹਮੇਸ਼ਾ ਹੀ ਧੁਰਾ ਰਹੇ ਪੰਜਾਬ ਦੇ ਫਿਲਮਸਾਜ਼ ਵੀ ਹਾਕੀ ਨੂੰ ਆਪਣੀਆਂ ਫਿਲਮਾਂ ਦਾ ਵਿਸ਼ਾ-ਵਸਤੂ ਬਣਾਉਣ ਵੱਲ ਤੁਰੇ ਹਨ। ਭਾਰਤੀ ਹਾਕੀ ਦੀ ਨਰਸਰੀ ਮੰਨੇ ਜਾਂਦੇ ਜਲੰਧਰ ਸ਼ਹਿਰ ਦੀ ਬੁੱਕਲ 'ਚ ਵਸੇ ਪਿੰਡ ਸੰਸਾਰਪੁਰ ਦੇ ਹਾਕੀ ਸਿਤਾਰਿਆਂ ਤੇ ਸਰਗਰਮੀਆਂ 'ਤੇ ਅਧਾਰਤ ਪੰਜਾਬੀ ਫਿਲਮ 'ਖਿੰਦੋ-ਖੂੰਡੀ' ਰੋਹਿਤ ਜੁਗਰਾਜ ਦੁਆਰਾ ਬਣਾਈ ਜਾ ਰਹੀ ਹੈ। ਸੰਸਾਰਪੁਰ ਪਿੰਡ ਦੇ 1920 ਤੋਂ 1968 ਤੱਕ 12 ਖਿਡਾਰੀ ਵੱਖ-ਵੱਖ ਦੇਸ਼ਾਂ ਵੱਲੋਂ ਉਲੰਪਿਕ ਖੇਡਾਂ 'ਚ ਖੇਡੇ। ਇਸ ਪਿੰਡ ਦੇ 15 ਖਿਡਾਰੀ ਵੱਖ-ਵੱਖ ਉਲੰਪਿਕ ਖੇਡਾਂ 'ਚੋਂ 8 ਸੋਨ ਅਤੇ ਇੱਕ ਚਾਂਦੀ ਦਾ ਤਗਮਾ ਜਿੱਤ ਚੁੱਕੇ ਹਨ ਅਤੇ ਹੋਰਨਾਂ ਕੌਮਾਂਤਰੀ ਟੂਰਨਾਮੈਂਟਾਂ 'ਚ ਇਸ ਪਿੰਡ ਦੇ ਤਗਮਾ ਜੇਤੂਆਂ ਦੀ ਗਿਣਤੀ ਕਾਫੀ ਵੱਡੀ ਹੈ। ਇਹ ਸਾਰੇ ਤੱਥ 'ਖਿੰਦੋ-ਖੂੰਡੀ' ਫਿਲਮ 'ਚ ਦਿਖਾਏ ਜਾਣੇ ਹਨ। ਇਸ ਫਿਲਮ 'ਚ ਨਾਮਵਰ ਗਾਇਕ ਰਣਜੀਤ ਬਾਵਾ ਨਾਇਕ ਦੀ ਭੂਮਿਕਾ ਰਿਹਾ ਹੈ। ਇਸ ਦੇ ਨਾਲ ਹੀ ਜੂਨੀਅਰ ਵਿਸ਼ਵ ਚੈਂਪੀਅਨ ਬਣੀ ਭਾਰਤੀ ਹਾਕੀ ਟੀਮ ਦੇ ਕਪਤਾਨ ਹਰਜੀਤ ਸਿੰਘ ਦੀ ਸ਼ੰਘਰਸ਼ਮਈ ਗਾਥਾ 'ਤੇ ਅਧਾਰਤ ਪੰਜਾਬੀ ਫਿਲਮ 'ਹਰਜੀਤਾ' ਬਣ ਰਹੀ ਹੈ। ਨਿੱਕ ਬਹਿਲ ਤੇ ਵਿਜੇ ਕੁਮਾਰ ਅਰੋੜਾ ਹੋਰਾਂ ਦੀ ਟੀਮ ਵੱਲੋਂ ਬਣਾਈ ਜਾ ਰਹੀ ਇਸ ਫਿਲਮ 'ਚ ਹਰਜੀਤ ਦਾ ਕਿਰਦਾਰ ਨਾਮਵਰ ਗਾਇਕ ਤੇ ਨਾਇਕ ਐਮੀ ਵਿਰਕ ਨਿਭਾ ਰਿਹਾ ਹੈ।


ਇਸ ਤਰ੍ਹਾਂ ਭਾਰਤੀ ਫਿਲਮਸਾਜ਼ਾਂ ਵੱਲੋਂ ਦੇਸ਼ ਨੂੰ ਖੇਡ ਜਗਤ 'ਚ ਵੱਡੀ ਪਹਿਚਾਣ ਦੇਣ ਵਾਲੀ ਖੇਡ ਹਾਕੀ ਨੂੰ ਆਪਣੀਆਂ ਫਿਲਮਾਂ ਦਾ ਹਿੱਸਾ ਬਣਾਉਣਾ, ਸ਼ਲਾਘਾਯੋਗ ਅਤੇ ਸਵਾਗਤਯੋਗ ਹੈ। ਉਮੀਦ ਕਰਦੇ ਹਾਂ ਕਿ ਭਾਰਤੀ ਹਾਕੀ ਦੇ ਨਾਇਕਾਂ ਅਤੇ ਇਤਿਹਾਸਿਕ ਘਟਨਾਵਾਂ 'ਤੇ ਅਧਾਰਤ ਨਿਰੰਤਰ ਫਿਲਮਾਂ ਬਣਦੀਆਂ ਰਹਿਣਗੀਆਂ, ਜਿਸ ਨਾਲ ਭਾਰਤੀ ਹਾਕੀ ਨੂੰ ਹੁਲਾਰਾ ਮਿਲਦਾ ਰਹੇਗਾ ਅਤੇ ਨਵੀਂ ਪੀੜ੍ਹੀ ਇਸ ਖੇਡ ਨਾਲ ਨਿਰੰਤਰ ਜੁੜਦੀ ਰਹੇਗੀ।













## ਪਾਕਿਸਤਾਨ ਵਿੱਚ ਇਸਤ੍ਰੀ ਦੀਆਂ ਖੁਵਾਰੀਆਂ ਅਤੇ ਪਰਦਾ ਦਾਰੀਆਂ (ਸਫ਼ਾ 31 ਦੀ ਬਾਕੀ)

ਅਜੇਹੇ ਹੀ ਹੋਰ ਵਧੇਰੇ ਰਿਵਾਜ ਹਨ ਹੋ ਛੋਟੀ ਉਮਰ ਜਾਂ ਬਚਪਨ ਵਿੱਚਲੀ ਸ਼ਾਦੀ ਨੂੰ ਕਬਾਇਲੀ ਲੋਕ ਬੜ੍ਹਾਵਾ ਦੇਂਦੇ ਹਨ।

**ਵੱਟਾ ਸੱਟਾ** : ਇਹ ਇੱਕ ਹੋਰ ਅਜੇਹਾ ਰਿਵਾਜ ਕਬਾਈਲੀ ਕਬੀਲਿਆਂ ਵਿੱਚ ਵੱਟੇ ਸੱਟ ਦੇ ਵਿਆਹ ਦਾ ਚਾਲੂ ਹੈ। ਇਸ ਦਾ ਭਾਵ ਇਹ ਹੋਇਆ ਕਿ ਇੱਕ ਕਬੀਲਾ ਦੂਜੇ ਕਬੀਲੇ ਨਾਲ ਅਪਣੀ ਕੁੜੀ ਦੇ ਕੇ ਮੁੰਡੇ ਦਾ ਵਿਆਹ ਕਰਦਾ ਹੈ। ਇਹ ਰਿਵਾਜ ਦੋ ਕਰਣਾ ਲਈ ਭੈੜੀ ਹਾਲਤ ਧਾਰ ਜਾਂਦਾ ਹੈ। ਇੱਕ ਤਾਂ ਇਹ ਹੈ ਕਿ ਜੇ ਇੱਕ ਜੋੜੇ ਨੇ ਕਿਸੇ ਵੀ ਕਾਰਣ ਤਲਾਕ ਦੇ ਦਿੱਤਾ ਹੈ, ਦੂਜੇ ਜੋੜੇ ਦਾ ਅਣਖੀ ਹਾਲਤ ਵਿੱਚ ਅਪਣੇ ਆਪ ਹੀ ਤਲਾਕ ਹੋ ਜਾਂਦਾ ਹੈ। ਅਸਲ ਵਿੱਚ ਇਸਤ੍ਰੀ ਦੀ ਸਮਾਜ ਵਿੱਚ ਕਿਸੇ ਕਦਰੇ ਵੀ ਕਦਰ ਨਾ ਹੋਣ ਦਾ ਇਹ ਇੱਕ ਕੋੜ੍ਹ ਜੇਡਾ ਸਮਾਜੀ ਦਾਗ਼ ਹੈ। ਬੇਸ਼ਕ ਇਸਲਾਮੀ ਸ਼ਰੀਅੱਤ ਇਹ ਆਖਦੀ ਹੈ ਕਿ ਵਿਆਹ ਸਮੇਂ ਦੋਵੇਂ ਧਿਰਾਂ ਵਿਆਹ ਲਈ ਇਕਰਾਰ ਕਰਨ, ਪਰ ਇਸ ਦੀ ਕੋਈ ਪ੍ਰਵਾਹ ਨਹੀਂ ਕਰਦਾ। ਵਿਆਹ ਜਬਰਨ ਮਾਂ ਬਾਪ ਬਾਲਿਕਾ ਨੂੰ ਮਜਬੂਰ ਕਰਕੇ ਹੀ ਕਰਦੇ ਹਨ।

**ਆਨਰ ਕਿਲਿੰਗ- ਕਾਰੋ ਕਾਰੀ** (**ਲੱਜਤ ਕਤਲ**) : ਇਹ ਰਿਵਾਜ ਵਧੇਰੇ ਕਰਕੇ ਸਰਹੱਦੀ ਸੂਬਿਆਂ ਅਤੇ ਬਲੋਚਸਤਾਨ ਵਿੱਚ ਚਾਲੂ ਹੈ। ਇਹਨਾ ਇਲਾਕਿਆਂ ਵਿੱਚ ਇਸ ਨੂੰ ਕਾਰੋਕਾਰੀ ਰਿਵਾਇਤ ਆਖਦੇ ਹਨ। ਅਸਲ ਵਿੱਚ "ਕਾਰੋ" ਉਸ ਮਰਦ ਨੂੰ ਆਖਦੇ ਹਨ ਜੋ ਜ਼ਨਾਹ ਕਾਰੀ, ਮੁੰਡੇ ਬਾਜ਼ੀ ਅਤੇ ਧਰਮ ਦੀ ਅਵਿੱਗਿਆ ਕਰਦਾ ਹੋਇਆ ਜਾਂ ਕਿਸੇ ਹੋਰ ਧਰਮ ਨੂੰ ਸਵੀਕਾਰ ਕਰਦਾ ਫੜਿਆ ਜਾਵੇ। ਕਾਰੀ ਉਸ ਨੂੰ ਆਖਦੇ ਹਨ ਜੇ ਇਹ ਕੁੜੀ ਹੋਵੇ। ਅਸਲ ਵਿੱਚ ਵਧੇਰੇ ਕਰਕੇ ਮਨੁੱਖ ਅਜੇਹੀ ਸਜ਼ਾ ਵਿੱਚੋਂ ਬਚ ਨਿਕਲਦੇ ਹਨ। ਪਰ ਇਸਤ੍ਰੀਆਂ ਇਸ ਦਾ ਖਮਿਆਜ਼ਾ ਭਰਦੀਆਂ ਹਨ। ਵਧੇਰੇ ਕਰਕੇ ਆਨਰ ਕਿਲਿੰਗ ਇਸ ਵਿੱਚ ਵਾਪਰਦੀ ਹੈ ਜਦ ਇੱਕ ਇਸਤ੍ਰੀ ਤਲਾਕ ਲਈ ਆਖਦੀ ਹੈ ਜਾਂ ਕਿਸੇ ਵੀ ਤਰ੍ਹਾਂ ਨਾਲ ਅਪਣੇ ਖਾਨਦਾਨ ਨੂੰ (ਮਾਪਿਆਂ ਦਾ ਸਹੁਰੇ) ਲਾਜ ਲਾਉਂਦੀ ਹੈ ਇਸ ਨੂੰ ਕਤਲ ਕਰ ਦਿੱਤਾ ਜਾਂਦਾ ਹੈ। ਵਧੇਰੇ ਕਰਕੇ ਸਜ਼ਾ ਇੱਕ ਸੌ ਚਮੜੇ ਦੇ ਕੋਟਲੇ, ਅਤੇ ਇਸ ਮਗਰੋਂ ਪਥਰਾਓ ਕਰਕੇ ਮਾਰਨਾ ਜਾਂ ਜੀਂਦੀ ਨੂੰ ਦਫਨਾ ਦਿੱਤਾ ਜਾਂਦਾ ਹੈ। ਕਈ ਵਾਰ ਔਰਤ ਦਾ ਸਿਰ ਮੁੰਨਿਆ ਜਾਂਦਾ ਹੈ, ਇਸ ਦੇ ਭਰਵੱਟੇ ਵੀ ਮੁੰਨ ਦਿੱਤੇ ਜਾਂਦੇ ਹਨ ਅਤੇ ਪਿੰਡ ਦੇ ਸਾਹਮਣੇ ਇਸ ਨੂੰ ਬੇਇੱਜ਼ਤ ਕੀਤਾ ਜਾਂਦਾ ਹੈ। ਹਰ ਸਾਲ ਪਾਕਿਸਤਾਨ ਵਿੱਚ ਅਜੇਹੀਆਂ ਲੱਜਤ ਮੌਤਾਂ ਦੀ ਤਦਾਦ ਕੋਈ 5000 ਤੋਂ ਵੀ ਵਧੀਕ ਹੈ।

**ਕੁਰਾਨ ਨਾਲ ਵਿਆਹ** : ਇਹ ਰਿਵਾਜ ਵਧੇਰੇ ਕਰਕੇ ਪਾਕਿਸਤਾਨ ਵਿੱਚ ਸੂਬਾ ਸਿੰਧ, ਬਲੋਚਿਸਤਾਨ ਅਤੇ ਪੰਜਾਬ ਵਿੱਚ ਚਾਲੂ ਹੈ। ਜੇ ਕਿਸੇ ਤਰਾਂ ਇੱਕ ਘਰ ਵਿੱਚ ਕੇਵਲ ਲੜਕੀ ਹੀ ਜ਼ਮੀਨ ਦੀ ਵਾਰਿਸ ਹੈ, ਇਸ ਦਾ ਬਾਪ ਜਾਂ ਭਰਾ ਅਪਣੀ ਫੋਟੋ ਰੱਖ ਕੇ ਕੁਰਾਨ ਨਾਲ ਇਸ ਦਾ ਵਿਆਹ ਕਰ ਲੈਂਦਾ ਹੈ। ਇਸ ਵਿਆਹ ਅਧੀਨ ਉਹ ਇਸ ਦੇ ਹਿੱਸੇ ਦੀ ਜ਼ਮੀਨ ਜਾਂ ਜਾਇਦਾਦ ਦਾ ਮਾਲਿਕ ਬਣ ਜਾਂਦਾ ਹੈ। ਇਸ ਕਿਸਮ ਦੇ ਨਿਕਾਅ ਦੀ ਰਸਮ ਅਧੀਨ ਅੱਜ ਕੈਨੇਡਾ ਵਿੱਚ ਵੀ ਮੁੰਡੇ ਅਤੇ ਕੁੜੀਆਂ ਵਿਆਹ ਕਰਵਾ ਕੇ ਇਸ ਦੇਸ਼ ਵਿੱਚ ਦਾਖਿਲ ਹੁੰਦੇ ਹਨ।

ਕੁਝ ਤੱਤਾਂ ਦਾ ਵੇਰਵਾ ਇਸ ਪ੍ਰਕਾਰ ਵੀ ਨਿੱਕਦਾ ਹੈ, ਕਿ ਆਖਿਰ ਇਹ ਕਿਸ ਦੀ ਬੇਰਹਿਮੀ ਅਤੇ ਜ਼ੁਲਮ ਪਿੱਛੇ ਕਿਸ ਕਿਸਮ ਦੀ ਸਾਜ਼ਿਸ਼ ਦਾ ਹੱਥ ਹੈ? ਆਖਿਰ ਇਹ ਸਮਾਜ ਅਜੇਹੇ ਕਿਸਮ ਦੇ ਰਿਵਾਜ ਅਤੇ ਰਸਮਾਂ ਅਧੀਨ ਕਿਉਂ ਬਝੇ ਪਏ ਹਨ? ਅਸੀਂ ਸੋਚਦੇ ਹਾਂ ਕਿ ਅਜੇਹੀਆਂ ਰਸਮਾਂ ਪਿੱਛੇ ਧਰਮ ਦੀ ਕੱਟਰਤਾ ਅਤੇ ਸਮਾਜੀ ਜਹਾਲਤ ਦਾ ਵੱਡਾ ਹੱਥ ਹੈ। ਪਰ ਕੁਰਾਨ ਅਜੇਹੀਆਂ ਸਜ਼ਾਵਾਂ ਨੂੰ ਸਿੱਧੇ ਤੌਰ ਤੇ ਸਵੀਕਾਰ ਨਹੀਂ ਕਰਦਾ।

ਦੇਸ਼ ਅਤੇ ਕੌਮਾਂ ਦੇ ਬਦਲਣ ਵਿੱਚ ਸਦੀਆਂ ਲੱਗਦੀਆਂ ਹਨ। ਇਸ ਪ੍ਰਕਾਰ ਹੀ ਕਿਸੇ ਕੌਮ ਦੇ ਗ਼ੁਲਾਮ ਹੋਣ ਵਿੱਚ ਸਦੀਆਂ ਲੱਗਦੀਆਂ ਹਨ। ਇਹ ਹੀ ਹਾਲ ਇਸ ਦੀ ਆਜ਼ਦੀ ਦੀ ਹੈ। ਧਰਮ ਬੇਸ਼ਕ ਇਹ ਕੋਈ ਵੀ ਹੋਵੇ, ਜੇ ਲੋਕਾਂ ਨੂੰ ਅਪਣੇ ਹੁੱਕਮ ਨਾਮਿਆਂ, ਰਹਿਤ ਮਰਿਆਦਾ, ਸ਼ਰੀਅਤ ਦੀਆਂ ਦੀਵਾਰਾਂ ਵਿੱਚ ਕੈਦ ਕਰਦਾ ਹੈ, ਇਹ ਕਿਸੇ ਦਰਜੇ ਵੀ ਧਰਮ ਨਹੀਂ। ਇਹ ਇੱਕ ਆਪਣੇ ਆਪ ਤੇ ਸਵੈ ਸੰਤਾਪੀ ਕੈਦ ਹੈ, ਜੇ ਧਰਮ ਲੋਕਾਂ ਨੂੰ ਕਬਰਾਂ ਵਿੱਚੋਂ ਜੀਉਂਦਾ ਨਹੀਂ ਕਰਦਾ, ਇਹ ਕੋਈ ਧਰਮ ਨਹੀਂ, ਸ਼ਾਸਤਰਾਂ ਵਾਲਿਆਂ ਧਰਮ ਨੂੰ "ਵਿੱਦ" ਦਾ ਨਾਂ ਦਿੱਤਾ ਹੈ। ਇਸ ਤੋਂ ਹੀ ਸ਼ਬਦ ਵਿੱਦਿਆ ਜੰਮਿਆ ਹੈ। ਵਿੱਦ ਦਾ ਅਸਲੀ ਅਰਥ ਹੈ ਵੇਖਣਾ, ਚਾਨਣ। ਜੇ ਹੁਕਮ ਨਾਮੇ ਅੱਖਾਂ ਨੂੰ ਖੋਲ੍ਹਣ ਵਿੱਚ ਅਸਫਲ ਹਨ, ਲੋਕ ਜ਼ਰੂਰ ਹੀ ਅੰਨ੍ਹੇ ਹੋਣਗੇ ਅਤੇ ਅਜੇਹੇ ਕਾਰਨਾਮਿਆਂ ਦੇ ਪੁਜਾਰੀ ਹੋਣ ਗੇ ਜੋ ਇਹਨਾਂ ਨੂੰ ਅੰਧਕਾਰ ਦੇ ਪੁਜਾਰੀ ਬਣਾਉਂਦਾ ਹੈ।

ਅਜੇਹੇ ਹੀ ਹਾਲਤ ਵਿੱਚ ਗਿਆਰਵੀਂ ਸਦੀ ਤੋਂ ਲੈ ਕੇ ਸੋਹਲਵੀਂ ਸਦੀ ਤਕ ਸਾਰਾ ਯੂਰਪ, ਇੰਗਲੈਂਡ ਅਤੇ ਅਮਰੀਕਾ ਗੁਜ਼ਰਿਆ ਹੈ, ਜਿਸ ਵਿੱਚ ਪੋਪ ਅਤੇ ਇਸ ਦੇ ਚਰਚ ਨੇ ਲੋਕਾਂ ਤੇ ਅਪਣੇ ਕਬਜ਼ੇ ਅਧੀਨ ਰਾਜ ਕੀਤਾ। ਚਰਚ ਇੱਕ ਕਾਬਿਜ਼ ਹੁਕਮਰਾਨ ਰਿਹਾ ਹੈ। ਸਾਰੇ ਦਾ ਸਾਰਾ ਚਰਚ ਇੱਕ ਅੰਧਕਾਰ ਵਿੱਚ ਫੱਸਿਆ ਰਿਹਾ। ਰੇਨੇਸੈਂਸ ਦੇ ਇਨਕਲਾਬ ਨੇ ਫਰਾਂਸ, ਜਰਮਨੀ ਅਤੇ ਇੰਗਲੈਂਡ ਵਿੱਚ ਇਸ ਆਜ਼ਾਦੀ ਦਾ ਪ੍ਰਚਮ ਖੜਾ ਕਰ ਦਿੱਤਾ। ਧਰਮ ਦੀਆਂ ਬੇੜੀਆਂ ਟੁੱਟੀਆਂ, ਲੋਕਾਂ ਆਜ਼ਾਦੀ ਦਾ ਸਾਹ ਲਿਆ।

ਇਹ ਹੀ ਹਾਲਤ ਪੂਰਬੀ ਕੌਮਾਂ ਅਤੇ ਲੋਕਾਂ ਦੀ ਹੈ, ਜਦ ਤਕ ਇਹ ਅਪਣੀ ਸਮਾਜਿਕ ਧਾਰਮਿਕ ਅਤੇ ਆਰਥਕ ਗੁਲਾਮੀ ਤੋਂ ਬਾਹਿਰ ਨਹੀਂ ਆਉਂਦੇ ਇਹ ਕੌਮਾਂ ਗੁਬੁਲਾਮ ਰਹਿਣ ਗਈਆਂ। ਔਰਤ ਅਪਣੇ ਆਪ ਲਈ ਕਦੀ ਵੀ ਨਿਜਾਤ ਦਾ ਬੂਹਾ ਨਹੀਂ ਖੋਲ੍ਹ ਸਕਦੀ ਜਦ ਤਕ ਉਹ ਆਪ ਇਸ ਦਰਵਾਜ਼ੇ ਤੇ ਦਸਤਕ ਨਹੀਂ ਦੇਂਦੀ।

(416-271-1040)



ਡਾ. ਅਜੀਤਪਾਲ ਸਿੰਘ
ਬਠਿੰਡਾ
98156-29301



# ਵਧਦੀ ਉਮਰ ਦੇ ਤੰਤੂ ਪ੍ਰਣਾਲੀ ਦੇ ਰੋਗ

ਹਰ ਸਾਲ ਉਨੱਤੀ ਮਈ ਨੂੰ ਵਿਸ਼ਵ ਮਲਟੀਪਲ ਸਕਲੀਰੋਸਿਸ ਦਿਵਸ ਮਨਾਇਆ ਜਾਂਦਾ ਹੈ। ਬੀਤੇ ਦਿਨੀਂ ਭਾਰਤ ਚ ਕਈ ਥਾਈਂ ਇਹ ਦਿਵਸ ਮਨਾਇਆ ਵੀ ਗਿਆ ਹੈ ਅਤੇ ਲਗਪਗ ਹਰ ਪ੍ਰੋਗਰਾਮਾ ਚ ਇਹ ਗੱਲ ਸਾਹਮਣੇ ਆਈ ਕਿ ਦੇਸ਼ ਚ ਤੰਤੂ ਪ੍ਰਣਾਲੀ ਦੇ ਰੋਗੀਆਂ ਦੀ ਗਿਣਤੀ ਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਹਾਲਾਂਕਿ ਇਸ ਦਾ ਬਿਓਰਾ ਹੋਇਆ ਨਹੀਂ ਹੈ। ਪਰ ਮੋਟੇ ਅਨੁਮਾਨ ਮੁਤਾਬਕ ਦੇਸ਼ ਚ ਵੱਖ ਵੱਖ ਤਰ੍ਹਾਂ ਦੇ ਤੰਤੂ ਪ੍ਰਣਾਲੀ ਦੇ ਰੋਗਾਂ ਨਾਲ ਗ੍ਰਸਤ ਰੋਗੀਆਂ ਦੀ ਗਿਣਤੀ ਦੋ ਲੱਖ ਤੋਂ ਵੱਧ ਹੈ। ਇਸ ਦੇ ਬਾਵਜੂਦ ਇਸ ਤੋਂ ਖਹਿੜਾ ਛੁਡਾਉਣ ਦੇ ਇਲਾਜ ਦੇ ਸਮੁਚੇ ਪ੍ਰਬੰਧ ਦੀ ਬੇਹੱਦ ਘਾਟ ਹੈ। ਇਸ ਵਾਰੇ ਜਾਣਕਾਰੀ ਵੀ ਨਹੀਂ ਹੈ। ਬਹੁਤੇ ਲੋਕ ਅੱਜ ਵੀ ਇਸ ਦੇ ਕਾਰਨਾਂ ਤੋਂ ਅਣਭਿੱਜ ਹਨ। ਅਤੇ ਸਾਲ ਦਰ ਸਾਲ ਤੰਤੂ ਪ੍ਰਬੰਧ ਦੇ ਰੋਗਾਂ ਦੀ ਮਾਰ ਚ ਆਉਣ ਵਾਲਿਆਂ ਦੀ ਗਿਣਤੀ ਵਧਦੀ ਜਾ ਰਹੀ ਹੈ। ਅਕਸਰ ਯਾਦ ਸ਼ਕਤੀ ਕਮਜ਼ੋਰ ਪੈਣ ਤੇ ਬੋਲਣ ਸਮਝਣ ਚ ਸੰਤੁਲਨ ਨਾ ਬਿਠਾ ਸਕਣ ਦੀ ਕਮਜ਼ੋਰੀ ਨੂੰ ਉਮਰ ਦਾ ਲਿਹਾਜ਼ ਸਮਝ ਲਿਆ ਜਾਂਦਾ ਹੈ। ਪਰ ਜਦ ਬੰਦਾ ਚਾਲੀ ਪੰਤਾਲੀ ਦੀ ਉਮਰ ਵਿੱਚ ਹੀ ਅਜਿਹੇ ਦੋਸ਼ ਦਾ ਸ਼ਿਕਾਰ ਹੋ ਜਾਵੇ ਤਾਂ ਤੁਸੀਂ ਕੀ ਕਹੋਗੇ ? ਜੀ ਹਾਂ ਇਹ ਵਧਦੇ ਤੰਤੂ ਪ੍ਰਬੰਧ ਦਾ ਮਾੜਾ ਅਸਰ ਹੀ ਹੈ। ਇਸ ਗੱਲ ਤੇ ਮੈਡੀਕਲ ਵਿਗਿਆਨੀ ਦਰਮਿਆਨ ਬਹਿਸ ਚੱਲ ਰਹੀ ਹੈ। ਤਿਆਰ ਕਰ ਤੰਤੂ ਪ੍ਰਣਾਲੀ ਦੇ ਰੋਗ ਇੰਨੀ ਤੇਜ਼ੀ ਨਾਲ ਕਿਉਂ ਵਧ ਰਹੇ ਹਨ? ਕੁੱਝ ਇਸ ਨੂੰ ਐਸ਼ਪ੍ਰਸਤ ਜ਼ਿੰਦਗੀ, ਬਦਲਦੇ ਖਾਣ-ਪਾਣ, ਸਮਾਜਿਕ ਆਰਥਿਕ ਤਣਾਅ,ਵਧਦੇ ਪ੍ਰਦੂਸ਼ਣ ਤੇ ਵਿਗੜਦੇ ਵਾਤਾਵਰਨ ਦਾ ਮਾੜਾ ਅਸਰ ਦੱਸ ਰਹੇ ਹਨ ਤਾਂ ਕੁਝ ਦਾ ਕਹਿਣਾ ਹੈ ਕਿ ਬੀਮਾਰੀ 'ਚ ਵਾਧਾ ਨਹੀਂ ਹੋ ਰਿਹਾ ਬਲਕਿ ਹੁਣ ਬਿਮਾਰੀਆਂ ਦੀ ਸ਼ਨਾਖ਼ਤ ਵੱਧ ਹੋ ਰਹੀ ਹੈ। ਇਸ ਲਈ ਅੰਕੜੇ ਵਧ ਰਹੇ ਹਨ।ਇਸ ਕਰਕੇ ਹੀ ਭਰਮ ਹੈ ਕਿ ਕਿਹੜੇ ਕਿਹੜੇ ਰੋਗ ਲੱਛਣਾਂ ਨੂੰ ਤੰਤੂ ਪ੍ਰਬੰਧ ਦਾ ਰੂਪ ਮੰਨਿਆ ਜਾਵੇ? ਇਸ ਬਾਰੇ ਕੁਝ ਸਮਾਂ ਪਹਿਲਾਂ ਵਿਸ਼ਵ ਸਿਹਤ ਸੰਸਥਾ (ਡਬਲਯੂ ਐੱਚ ਓ) ਨੇ ਇੱਕ ਰਿਪੋਰਟ ਜਾਰੀ ਕੀਤੀ ਸੀ ਜਿਸ ਵਿੱਚ ਕਈ ਤਰ੍ਹਾਂ ਦੇ ਸਰੀਰਕ ਰੋਗਾਂ ਨੂੰ ਤੰਤੂ ਪ੍ਰਣਾਲੀ ਦੀ ਸ਼੍ਰੇਣੀ ਵਿੱਚ ਰੱਖਿਆ ਗਿਆ ਸੀ। ਇਨ੍ਹਾਂ ਚ ਡਿਮੇਂਸ਼ੀਆ, ਅਲਜ਼ਾਈਮਰ, ਐਪੀਲੈਪਸੀ, ਹੈਂਡਏਕ, ਡਿਸਆਰਡਰ ਮਲਟੀਪਲ ਸਕਲੀਰੋਸਿਸ, ਨਿਊਰੋ ਇਨਫੈਕਸ਼ਨ, ਪਾਰਕਿਨਸਨ, ਸਟਰੋਕ, ਟ੍ਰਾਮੇਟਿਕ ਬਰੇਨ ਇੰਜਰੀ ਆਦਿ ਰੋਗ ਮੁੱਖ ਹਨ। ਡਬਲਯੂ ਐੱਚ ਓ ਨੇ ਵਧੇ ਤੰਤੂ ਸਬੰਧ ਦੇ ਰੋਗਾਂ ਲਈ ਕਈ ਕਾਰਕਾਂ ਨੂੰ ਜ਼ਿੰਮੇਵਾਰ ਠਹਿਰਾ ਹੈ। ਪਰ ਸਭ ਤੋਂ ਮੁੱਖ ਕਾਰਕ ਬ੍ਰੇਨ ਸਟਰੋਕ ਹੀ ਦੱਸਿਆ ਗਿਆ ਹੈ। ਕਿਹਾ ਗਿਆ ਹੈ ਕਿ ਅੰਸ਼ਿਕ ਬ੍ਰੇਨ ਸਟ੍ਰੋਕ ਜਿਵੇਂ ਯਾਦ ਸ਼ਕਤੀ ਦੀ ਘਾਟ। ਸਰੀਰਕ ਮਾਨਸਿਕ ਅਸੰਤੁਲਨ ਲਈ ਜ਼ਿੰਮੇਵਾਰ ਹੈ। ਉੱਥੇ ਜਾਨਲੇਵਾ ਸਟਰੋਕ ਮੌਤ ਲਈ ਜ਼ਿੰਮੇਵਾਰ ਹੋਣ ਤੋਂ ਇਲਾਵਾ ਵਿਅਕਤੀ ਨੂੰ ਮਾਨਸਿਕ ਸਰੀਰਕ ਤੌਰ 'ਤੇ ਅਪਾਹਜ ਬਣਾ ਦਿੰਦਾ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਦੁਨੀਆ ਭਰ 'ਚ ਲੱਗਭਗ ਸੌ ਕਰੋੜ ਲੋਕ ਤੰਤੂ ਰੋਗਾਂ ਦੀ ਮਾਰ ਹੇਠ ਹਨ। ਕਰੀਬ ਪੰਜਾਹ ਕਰੋੜ ਲੋਕ ਐਪੀਲੈਪਸੀ ਮਿਰਗੀ ਦੇ ਅਤੇ ਦੋ ਤੋਂ ਚਾਰ ਕਰੋੜ ਲੋਕ ਡਿਮੈਂਸ਼ੀਆ ਦਿਮਾਗੀ ਸੂਝ ਬੂਝ ਦੀ ਘਾਟ ਨਾਲ ਪੀੜਤ ਹਨ। ਕਰੀਬ ਅੱਠ ਲੱਖ ਲੋਕ ਹਰ ਸਾਲ ਤੰਤੂ ਪ੍ਰਬੰਧ ਰੋਗਾਂ ਕਾਰਨ ਮੌਤ ਦੇ ਮੂੰਹ ਵਿੱਚ ਚਲੇ ਜਾਂਦੇ ਹਨ। ਕਿਹਾ ਗਿਆ ਹੈ ਕਿ ਪੱਛਮੀ ਦੇਸ਼ਾਂ ਵਿੱਚ ਜਿਥੇ ਇਨ੍ਹਾਂ ਰੋਗਾਂ ਦੀ ਰੋਕਥਾਮ ਲਈ ਕਾਫੀ ਕੰਮ ਹੋਏ ਹਨ। ਉੱਥੇ ਏਸ਼ੀਆ ਅਤੇ ਅਫਰੀਕੀ ਦੇਸ਼ਾਂ ਵਿੱਚ ਹਾਲਾਤ ਬਹੁਤ ਖਰਾਬ ਹਨ। ਏਸ਼ੀਆ ਦੇ ਅਫਰੀਕੀ ਦੇਸ਼ ਵਿੱਚੋਂ ਦਸ ਤੋਂ ਨੌਂ ਮਰੀਜ਼ਾਂ ਨੂੰ ਮੁਢਲਾ ਇਲਾਜ ਵੀ ਨਸੀਬ ਨਹੀਂ ਹੁੰਦਾ। ਰਿਪੋਰਟ ਨੂੰ ਤਿਆਰ ਕਰਨ ਵਾਲੇ ਬੋਰਡ ਵਰਲਡ ਫੈਡਰੇਸ਼ਨ ਆਫ ਨਿਰੋਲੋਜੀ ਦੇ ਮੁਖੀ ਪ੍ਰੋਫੈਸਰ ਜੋਹਨ ਆਰਲੀ ਕਹਿੰਦੇ ਹਨ "ਤੰਤੂ ਪ੍ਰਬੰਧ ਦੇ ਰੋਗਾਂ ਨਾਲ ਹੋਣ ਵਾਲੀ ਮੌਤ ਤੇ ਅਪਾਹਜਤਾ ਨੂੰ ਘੱਟ ਕੀਤਾ ਜਾ ਸਕਦਾ ਹੈ" ਪਰ ਅਫਰੀਕਾ ਤੇ ਏਸ਼ੀਆ ਮਹਾਂਦੀਪ ਦੇ ਬਹੁਤੇ ਦੇਸ਼ਾਂ ਚ ਇਸ ਲਈ ਬੁਨਿਆਦੀ ਡਾਕਟਰੀ ਸੇਵਾ ਦੀ ਘਾਟ ਬਹੁਤ ਜ਼ਿਆਦਾ ਹੈ। ਪਿੱਛੇ ਜਿਹੇ ਤੰਤੂ ਰੋਗਾਂ ਤੇ ਕਾਬੂ ਪਾਉਣ ਲਈ ਕਈ ਤਰ੍ਹਾਂ ਦੀਆਂ ਦਵਾਈਆਂ ਅਤੇ ਇਲਾਜ ਤਕਨੀਕ ਵਿਕਸਤ ਹੋਈ ਹੈ। ਪ੍ਰਭਾਵਿਤ ਦੇਸ਼ਾ ਦੀਆਂ ਸਰਕਾਰਾਂ ਤੇ ਮੁੱਢਲੇ ਸਿਹਤ ਕੇਂਦਰਾਂ ਤੱਕ ਜੋ ਇੱਕ ਦਵਾ ਤਕਨੀਕ ਤੇ ਹੁਨਰਮੰਦ ਸਿਹਤ ਕਾਮੇ ਪਹੁੰਚਾ ਦੇਵੇ ਤਾਂ ਇਸ ਬਲਾ ਨੂੰ ਕਾਫ਼ੀ ਹੱਦ ਤਕ ਘੱਟ ਕੀਤਾ ਜਾ ਸਕਦਾ ਹੈ। "ਹਾਲਾਂਕਿ ਕੌਮੀ ਪੱਧਰ ਤੇ ਤੰਤੂ ਪ੍ਰਬੰਧ ਦੇ ਰੋਗਾਂ ਬਾਰੇ ਕੋਈ ਬੱਝਵਾਂ ਸਰਵੇਖਣ ਜਾਂ ਅਧਿਐਨ ਮੁਹੱਈਆ ਨਹੀਂ ਹੈ ਪਰ ਖੇਤਰੀ ਪੱਧਰ ਤੇ ਕਈ ਅਦਾਰਿਆਂ ਤੇ ਮਾਹਿਰਾਂ ਨੇ ਖੋਜਾਂ ਕੀਤੀਆਂ ਹਨ। ਉਨ੍ਹਾਂ ਦੇ ਸਿੱਟੇ ਹੈਰਾਨੀਜਨਕ ਹਨ। 'ਬਾਂਗਰ ਇੰਸਟੀਚਿਊਟ ਆਫ ਨਿਊਰੋਲੋਜੀ ਕਲਕੱਤਾ' ਦੇ ਕੁਝ ਸਮਾਂ ਪਹਿਲਾਂ ਕੋਲਕਾਤਾ ਚ ਤੰਤੂ ਰੋਗਾਂ ਦੀ ਸਮੱਸਿਆ 'ਤੇ ਇੱਕ ਅਧਿਅਨ ਕੀਤਾ ਗਿਆ ਸੀ। ਇਸ ਤਹਿਤ ਕੋਲਕਾਤਾ ਫਿਰ ਵਿੱਚ ਪਚਵੰਜਾ ਸਾਲਾ ਤੋਂ ਉੱਪਰ ਦੀ ਉਮਰ ਸਮੂਹ ਦੇ ਪ੍ਰਤੀ ਇੱਕ ਲੱਖ ਬੰਦਿਆਂ ਵਿੱਚੋਂ ਅੱਠ ਸੌ ਤੇਤੀ ਐਪੀਲੈਪਸੀ (ਮਿਰਗੀ) ਦੇ, ਡੇਢ ਸੌ ਪਾਰਕਿੰਸਨ ਦੇ, 150 ਬ੍ਰੇਨ ਸਟਰੋਕ ਦੇ ਸ਼ਿਕਾਰ ਪਾਏ ਗਏ। ਡੀਮੈਂਸ਼ੀਆ ਦਾ ਪ੍ਰਕੋਪ ਕਿਤੇ ਵੱਧ ਪਾਇਆ ਗਿਆ। ਪ੍ਰਤੀ ਇੱਕ ਹਜ਼ਾਰ ਲੋਕਾਂ ਵਿੱਚੋਂ ਪੈਂਤੀ ਜਣੇ ਡਿਮੇਂਸ਼ੀਆ ਤੋਂ ਪੀੜਤ ਪਾਏ ਗਏ। ਜਦਕਿ ਚੌਵੀ ਲੋਕ ਪਾਰਕਿੰਗ ਰੋਗ ਤੋਂ ਪੀੜਤ ਸਨ। ਅਧਿਐਨ ਵਿੱਚ ਇਹ ਵੀ ਗੱਲ ਸਾਹਮਣੇ ਆਈ ਕਿ ਕਈ ਲੋਕ ਚਾਲੀ ਤੋਂ ਪੰਤਾਲੀ ਸਾਲ ਦੀ ਉਮਰ ਵਿੱਚ ਹੀ ਡਿਮੈਂਸ਼ੀਆ ਵਰਗੀ ਬਿਮਾਰੀਆਂ ਤੇ ਮਿਰਗੀ ਵਰਗੀ ਬੀਮਾਰੀ ਦੇ ਸ਼ਿਕਾਰ ਹੋ ਰਹੇ ਹਨ। ਸਾਲ ਭਰ ਪਹਿਲਾਂ 'ਨਿਰੋਲੋਜੀਕਲ ਸੁਸਾਇਟੀ ਆਫ ਇੰਡੀਆ' ਸਾਡੇ ਦੇਸ਼ 'ਚ ਵਸਦੇ ਅਲਜ਼ਾਈਮਰ ਮਰੀਜ਼ਾਂ ਦੀ ਸਮੱਸਿਆ ਤੇ ਇੱਕ ਖੋਜ ਕੀਤੀ ਸੀ ਕਿ ਜੇ ਇਲਾਜ ਪ੍ਰਣਾਲੀ ਮਜ਼ਬੂਤ ਨਾ ਕੀਤੀ ਗਈ ਤਾਂ ਸੰਨ 2025 ਤਕ ਦੇਸ਼ ਦੇ 60 ਸਾਲਾਂ ਤੋਂ ਵੱਧ ਉਮਰ ਦੇ ਲੱਗਭਗ 14.2 ਫੀਸਦੀ ਲੋਕ ਅਲਜ਼ਾਈਮਰ ਦੇ ਸ਼ਿਕਾਰ ਹੋ ਜਾਣਗੇ। ਹਾਲ ਦੀ ਘੜੀ ਸੱਠ ਸਾਲਾਂ ਤੋਂ ਵੱਧ ਉਮਰ ਦੇ ਪ੍ਰਤੀ ਇੱਕ ਹਜ਼ਾਰ ਲੋਕਾਂ ਵਿੱਚੋਂ ਔਸਤਨ 9 ਇਸ ਦੇ ਸ਼ਿਕਾਰ ਹਨ। ਹਾਲਾਂ ਕਿ ਵਧਦੇ ਤੰਤੂ ਪ੍ਰਣਾਲੀ ਦੇ ਰੋਗਾਂ ਬਾਰੇ ਸਰਕਾਰੀ ਪੱਧਰ ਤੇ ਕੋਈ ਵੀ ਬੱਝਵੀਂ ਪਹਿਲ ਅਜੇ ਨਹੀਂ ਹੋ ਰਹੀ ਹੈ। ਪਰ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਨੂੰ ਘੱਟ ਕਰਨ ਲਈ ਨਿੱਜੀ ਪੱਧਰ ਤੇ ਵੀ ਕੋਸ਼ਿਸ਼ ਕੀਤੀ ਜਾ ਸਕਦੀ ਹੈ। ਨਿਯਮਤ ਸਰੀਰਕ ਮਾਨਸਿਕ ਕਸਰਤ, ਡਿੱਬਾ ਜੰਕ ਫੂਡ ਤੋਂ ਪ੍ਰਹੇਜ ਅਤੇ ਤਣਾਅ ਮੁਕਤ ਜੀਵਨ ਸ਼ੈਲੀ ਅਪਣਾ ਕੇ ਇਸ ਦੇ ਖ਼ਤਰੇ ਨੂੰ ਘਟਾਇਆ ਜਾ ਸਕਦਾ ਹੈ।

# ਇਨਕਲਾਬੀ ਕੇਂਦਰ, ਪੰਜਾਬ ਵੱਲੋਂ ਸ਼ਹੀਦੀ ਕਾਨਫਰੰਸ ਅਤੇ ਇਨਕਲਾਬੀ ਮਾਰਚ



ਬਰਨਾਲਾ : ਇਨਕਲਾਬੀ ਕੇਂਦਰ ਪੰਜਾਬ ਜ਼ਿਲ੍ਹਾ ਕਮੇਟੀ ਬਰਨਾਲਾ ਵੱਲੋਂ ਹੋਰਨਾਂ ਜਨਤਕ ਜਮਹੂਰੀ ਜਥੇਬੰਦੀਆਂ ਦੇ ਸਰਗਰਮ ਸਹਿਯੋਗ ਨਾਲ ਸ਼ਹੀਦੀ ਪੰਦਰਵਾੜਾ ਸ਼ਹੀਦ ਭਗਤ ਸਿੰਘ ਉਸ ਦੇ ਸਾਥੀਆਂ ਯੁੱਗ ਕਵੀ ਪਾਸ਼ ਦੇ ਵਿਚਾਰਾਂ ਦਾ ਸੁਨੇਹਾ ਇਲਾਕੇ ਭਰ ਦੇ ਦਰਜਨਾਂ ਪਿੰਡਾਂ 'ਚ ਪਹੁੰਚਾਉਣ ਤੋਂ ਬਾਅਦ ਸਿਵਲ ਹਸਪਤਾਲ ਬਰਨਾਲਾ ਦੇ ਪਾਰਕ ਵਿੱਚ ਭਰਵੀਂ ਸ਼ਹੀਦੀ ਕਾਨਫਰੰਸ ਕਰਨ ਤੋਂ ਬਾਅਦ ਸ਼ਹਿਰ ਵਿੱਚ ਇਨਕਲਾਬੀ ਮਾਰਚ ਕੀਤਾ। ਸ਼ਹੀਦੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਇਨਕਲਾਬੀ ਕੇਂਦਰ, ਪੰਜਾਬ ਦੇ ਬੁਲਾਰੇ ਸਾਥੀਆਂ ਨਰਾਇਣ ਦੱਤ, ਰਜਿੰਦਰਪਾਲ, ਅਮਰਜੀਤ ਕੌਰ, ਪ੍ਰੇਮਪਾਲ ਕੌਰ ਨੇ ਸ਼ਹੀਦ ਭਗਤ ਸਿੰਘ ਹੁਰਾਂ ਦੇ ਅਜ਼ਾਦੀ ਦੇ ਸੰਕਲਪ ਦੀ ਭਰਵੀਂ ਵਿਆਖਿਆ ਕਰਦਿਆਂ ਦੱਸਿਆ ਕਿ ਕਿਰਤੀ ਮਿਹਨਤਕਸ਼ ਲੋਕਾਂ ਨੂੰ ਕੁੱਟਣ, ਲੁੱਟਣ ਅਤੇ ਦਬਾਉਣ ਦਾ ਸੰਦ ਬਣੀ ਚੰਦ ਕੁ ਅਮੀਰ ਘਰਾਣਿਆਂ ਦੀ ਰਖੈਲ ਅਜ਼ਾਦੀ ਦਾ ਸੰਕਲਪ ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦਾ ਕਤੱਈ ਨਹੀਂ ਸੀ।

ਅਸਲ ਵਿੱਚ ਅਜਿਹੀ ਅਜ਼ਾਦੀ ਦਾ ਸੰਕਲਪ ਬਰਤਾਨਵੀ ਹਕੂਮਤ ਦੇ ਟੋਡੀ ਗਾਂਧੀ ਨਹਿਰੂ ਜਿਨਾਹ ਹੁਰਾਂ ਦਾ ਸੀ। ਇਸ ਅਜ਼ਾਦੀ ਨੇ ਸ਼ਹੀਦ ਭਗਤ ਸਿੰਘ ਹੁਰਾਂ ਦੀ ਸ਼ਹਾਦਤ ਦੇ 88 ਵਰ੍ਹੇ ਬੀਤ ਜਾਣ ਬਾਅਦ ਵੀ ਕਮਾਊ ਲੋਕਾਂ ਦਾ ਜਿਉਣਾ ਦੁੱਭਰ ਕੀਤਾ ਹੋਇਆ ਹੈ। ਦੇਸੀ ਬਦੇਸ਼ੀ ਬਹੁ ਕੰਪਨੀਆਂ ਮਾਲੋ ਮਾਲ ਹੀ ਨਹੀਂ ਹੋ ਰਹੀਆਂ ਸਗੋਂ ਸਾਮਰਾਜੀ ਸਰਮਾਏਦਾਰਾਨਾ ਨੀਤੀਆਂ ਕਾਰਨ ਉੱਪਰੀ ਇੱਕ ਪ੍ਰਤੀਸ਼ਤ ਅਮੀਰ ਪਰਤ ਨੇ 73% ਜਾਇਦਾਦ ਉੱਪਰ ਕਬਜ਼ਾ ਕਰ ਲਿਆ ਹੈ। ਇੱਕ ਸੌ ਉਣੱਤੀ ਕਰੋੜ ਲੋਕਾਂ ਦੇ ਹਿੱਸੇ ਮਹਿਜ 27% ਜਾਇਦਾਦ ਰਹਿ ਗਈ ਹੈ।

ਕਿਸਾਨ ਆਗੂ ਮਨਜੀਤ ਧਨੇਰ ਨੇ ਕਿਹਾ ਕਿ ਅਖੌਤੀ ਅਜ਼ਾਦੀ ਦੇ ਸੱਤ ਦਹਾਕੇ ਬੀਤ ਜਾਣ ਬਾਅਦ ਹੀ ਕਿਸਾਨਾਂ ਦੀ ਲੱਖਾਂ ਏਕੜ ਉਪਜਾਊ ਜ਼ਮੀਨ ਜਬਰੀ ਅਕਵਾਇਰ ਕਰਕੇ ਅਤੇ ਕਿਸਾਨ ਵਿਰੋਧੀ ਖੇਤੀ ਨੂੰ ਘਾਟੇ ਵਾਲਾ ਧੰਦਾ ਬਣਾਕੇ ਲੱਖਾਂ ਕਿਸਾਨਾਂ ਨੂੰ ਖੇਤੀ ਕਿੱਤੇ ਵਿੱਚੋਂ ਬਾਹਰ ਧੱਕ ਦਿੱਤਾ ਹੈ। ਕਰਜ਼ਾ ਸੰਕਟ ਦੇ ਭੰਨੇ ਕਿਸਾਨ ਖੁਦਕਸ਼ੀਆਂ ਕਰਨ ਲਈ ਮਜਬੂਰ ਹਨ। ਮੁਲਕ ਪੱਧਰਾ ਸਾਂਝਾ ਕਿਸਾਨ ਸੰਘਰਸ਼ ਸ਼ਹੀਦ ਭਗਤ ਸਿੰਘ ਦੇ ਚਾਚਾ ਪੱਗੜੀ ਸੰਭਾਲ ਜੱਟਾ ਲਹਿਰ ਦੇ ਬਾਨੀ ਅਜੀਤ ਸਿੰਘ ਦੀ ਵਿਰਾਸਤ ਨੂੰ ਅੱਗੇ ਵਧਾ ਰਿਹਾ ਹੈ। ਇਨਕਲਾਬੀ ਨੌਜਵਾਨ ਵਿਦਿਆਰਥੀ ਮੰਚ ਦੇ ਆਗੂ ਗੁਰਜਿੰਦਰ ਵਿਦਿਆਰਥੀ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਨੇ ਅਸੈਂਬਲੀ ਵਿੱਚ ਬੰਬ ਅੱਜ ਦੇ ਕਾਲੇ ਕਾਨੂੰਨਾਂ ਵਾਂਗ ਬਰਤਾਨਵੀ ਹਕੂਮਤ ਵੱਲੋਂ ਸੰਘਰਸ਼ਾਂ ਦੀ ਸੰਘੀ ਘੁੱਟਣ ਅਤੇ ਕਿਰਤੀਆਂ ਦਾ ਸੋਸ਼ਣ ਕਰਨ ਲਈ ਲਿਆਂਦੇ ਜਾ ਰਹੇ ਪਬਲਿਕ ਸੇਫਟੀ ਬਿੱਲ ਅਤੇ ਟ੍ਰੇਡ ਡਿਸਪਿਊਟ ਖਿਲਾਫ ਵਿਰੁੱਧ ਰੋਸ ਪ੍ਰਗਾਉਂਦਿਆ ਸੁੱਟਿਆ ਸੀ। ਅੱਜ ਦੀ ਨੌਜਵਾਨਾਂ ਦੀ ਗੱਲ ਕਰਦਿਆਂ ਗੁਰਜਿੰਦਰ ਕਿਹਾ ਕਿ ਸਿਰਫ ਦੋ ਸਾਲਾਂ 2014-16 ਵਿੱਚ ਹੀ 26500 ਵਿਦਿਆਰਥੀ ਖੁਦਕਸ਼ੀਆਂ ਕਰ ਚੁੱਕੇ ਹਨ। ਸਿੱਖਿਆ ਆਮ ਵਿਦਿਆਰਥੀ ਦੇ ਵੱਸੋਂ ਬਾਹਰ ਹੋ ਗਈ ਹੈ ਇਸ ਨੂੰ ਖ੍ਰੀਦੀ ਵੇਚੀ ਜਾਣ ਵਾਲੀ ਵਸਤ ਵਿੱਚ ਤਬਦੀਲ ਕਰ ਦਿੱਤਾ ਹੈ। ਇਹੋ ਹਾਲ ਰੁਜ਼ਗਾਰ ਦਾ ਹੈ, ਬੇਰੁਜ਼ਗਾਰੀ ਵਿਕਰਾਲ ਰੂਪ ਧਾਰਨ ਕਰ ਚੁੱਕੀ ਹੈ।

ਅਧਿਆਪਕਾਂ ਦੀ ਸੰਘਰਸ਼ਸ਼ੀਲ ਜਥੇਬੰਦੀ ਡੀ. ਟੀ. ਐੱਫ. ਦੇ ਜ਼ਿਲ੍ਹਾ ਪ੍ਰਧਾਨ ਗੁਰਮੀਤ ਸੁਖਪੁਰ ਨੇ ਕਿਹਾ ਕਿ ਹਾਕਮਾਂ ਨੇ ਮਨੁੱਖ ਦੀ ਮੁਢਲੀ ਅਤੇ ਬੁਨਿਆਦੀ ਲੋੜ ਵਿੱਦਿਆ ਨੂੰ ਖ੍ਰੀਦੀ ਅਤੇ ਵੇਚੀ ਜਾਣ ਵਾਲੀ ਵਸਤ ਵਿੱਚ ਤਬਦੀਲ ਕਰ ਦਿੱਤਾ ਹੈ। ਸਿੱਖਿਆ ਦੇ ਖੇਤਰ ਸਾਮਰਾਜੀ ਸਰਮਾਏਦਾਰਾਨਾ ਸੁਧਾਰਾਂ ਦੀ ਪ੍ਰਕ੍ਰਿਆ ਤਹਿਤ ਸਰਕਾਰੀ ਸਕੂਲੀ ਸਿੱਖਿਆ ਦਾ ਭੋਗ ਪਾਉਣ ਲਈ ਤਹੂ ਹਨ। ਅਧਿਆਪਕਾਂ ਨੂੰ ਨਿਗੂਣੀਆਂ ਤਨਖਾਹਾਂ ਦੇਕੇ ਉਨ੍ਹਾਂ ਦਾ ਪ੍ਰਾਈਵੇਟ ਸਕੂਲਾਂ ਵਾਂਗ ਤਿੱਖਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਇਸ ਲਈ ਸੱਭੇ ਕਿਰਤੀ-ਕਿਸਾਨਾਂ-ਨੌਜਵਾਨਾਂ-ਮੁਲਾਜ਼ਮਾਂ ਅਤੇ ਹੋਰਨਾਂ ਕਮਾਊ ਲੋਕਾਂ ਦੀ ਮੁਕਤੀ ਦਾ ਰਾਹ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਮੁਕੰਮਲ ਰੂਪ ਵਿੱਚ ਖਾਤਮਾ ਕਰਕੇ ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੇ ਸੁਪਨਿਆਂ ਨਵੇਂ, ਜਮਹੂਰੀ, ਲੋਕ ਪੱਖੀ ਰਾਜ ਪ੍ਰਬੰਧ ਸਿਰਜਣ ਨਾਲ ਹੋਣੀ ਹੈ। ਇਸ ਸਮੇਂ ਇਨਕਲਾਬੀ ਨੌਜਵਾਨ ਵਿਦਿਆਰਥੀ ਮੰਚ ਦੇ ਕਾਰਕੁੰਨ ਗਗਨ ਅਜ਼ਾਦ, ਗੁਰਬੀਰ, ਮੱਖਣ ਲੌਂਗੋਵਾਲ, ਸੁਮਨਪ੍ਰੀਤ ਕੌਰ ਹਮੀਦੀ ਨੇ ਇਨਕਲਾਬੀ ਗੀਤ ਪੇਸ਼ ਕੀਤੇ।

ਇਸ ਸਮਾਗਮ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਜੁਝਾਰੂ ਕਾਫਲੇ ਖਾਸ ਕਰ ਨੌਜਵਾਨ ਪੂਰੇ ਜੋਸ਼ ਖਰੋਸ਼ ਨਾਲ ਸ਼ਾਮਲ ਹੋਏ। ਲਾਲ ਪੱਟੀਆਂ ਬੰਨ੍ਹ ਕੀਤਾ ਰਿਹਾ ਇਨਕਲਾਬੀ ਮਾਰਚ ਅਕਾਸ ਗੁੰਜਾਊ ਨਾਹਰੇ ਮਾਰਦਾ "ਅਮਰ ਸ਼ਹੀਦਾਂ ਦਾ ਪੈਗਾਮ-ਬਦਲ ਦੇਣਾ ਹੈ ਲੁਟੇਰਾ ਨਿਜਾਮ, 23 ਮਾਰਚ ਦੇ ਸ਼ਹੀਦਾਂ ਨੂੰ -ਲਾਲ ਸਲਾਮ, ਇਨਕਲਾਬ-ਜਿੰਦਾਬਾਦ, ਸਾਮਰਾਜਵਾਦ-ਮੁਰਦਾਬਾਦ" ਵੱਖਰੀ ਪਹਿਚਾਣ ਛੱਡ ਰਿਹਾ ਸੀ। ਇਸ ਸਮੇਂ ਦਰਸ਼ਨ ਸਿੰਘ ਰਾਇਸਰ, ਦਰਸ਼ਨ ਸਿੰਘ ਉੱਗੋਕੇ, ਗੁਰਦੇਵ ਮਾਂਗੇਵਾਲ,ਜਗਰਾਜ ਹਰਦਾਸਪੁਰਾ, ਹਰਚਰਨ ਸੁਖਪੁਰ, ਅਜਮੇਰ ਕਾਲਸਾਂ, ਹਰਚਰਨ ਚੰਨਾ, ਖੁਸ਼ਮੰਦਰਪਾਲ, ਸੁਖਮੰਦਰ ਠੀਕਰੀਵਾਲ, ਯਾਦਵਿੰਦਰ ਠੀਕਰੀਵਾਲ, ਹਰੀ ਸਿੰਘ ਪੱਤੀ, ਹਰਚਰਨ ਚਹਿਲ, ਪਰਮਜੀਤ ਕੌਰ ਜੋਧਪੁਰ, ਗੁਲਵੰਤ ਬਰਨਾਲਾ, ਕੁਲਵੀਰ ਔਲਖ, ਮਹਿਮਾ ਸਿੰਘ, ਹਰਪਾਲ ਸੁਖਪੁਰ, ਬਲਦੇਵ ਮੰਡੇਰ, ਬਲਵਿੰਦਰ ਸਿੰਘ, ਬਲਵੰਤ ਸਿੰਘ ਆਦਿ ਆਗੂਆਂ ਨੇ ਵੀ ਵਿਚਾਰ ਪੇਸ ਕੀਤੇ।

**-ਨਰਾਇਣ ਦੱਤ**

# ਭਗਤ ਸਿੰਘ ਦੇ ਵਾਰਿਸ ਕੈਪਟਨ ਸਰਕਾਰ ਵੱਲੋਂ ਗ੍ਰਿਫਤਾਰ



ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਵਸ ਤੇ ਸ਼ਹੀਦ ਭਗਤ ਸਿੰਘ ਅਤੇ ਉਸਦੀ ਪਾਰਟੀ ਨਾਲ ਸੰਬੰਧਤ ਫਿਰੋਜ਼ਪੁਰ ਦੇ ਤੂੜੀ ਬਾਜ਼ਾਰ ਦੇ ਟਿਕਾਣੇ ਨੂੰ ਬਚਾਉਣ ਲਈ ਅਤੇ ਉਸਨੂੰ ਲਾਇਬ੍ਰੇਰਰੀ ਅਤੇ ਮਿਊਜ਼ਿਮ ਬਣਾਉਣ ਲਈ ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂਆਂ ਵੱਲੋਂ ਖਟਕੜ੍ਹ ਕਲਾਂ ਪੁੱਜੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ, ਇੱਕ ਪਾਸੇ ਤਾਂ ਕੈਪਟਨ ਮੰਤਰੀ ਨਵਜੋਤ ਸਿੰਘ ਸਿੱਧੂ ਵੱਲੋਂ ਸ਼ਹੀਦ ਭਗਤ ਸਿੰਘ ਨੂੰ ਉਸਦੇ ਸ਼ਹੀਦੀ ਦਿਹਾੜੇ ਤੇ ਯਾਦ ਕਰਨ ਦਾ ਪਾਖੰਡ ਕੀਤਾ ਗਿਆ ਅਤੇ ਦੂਸਰੇ ਪਾਸੇ ਸ਼ਹੀਦ ਭਗਤ ਸਿੰਘ ਦੀ ਯਾਦਗਾਰਾਂ ਨੂੰ ਬਚਾਉਣ ਦੀ ਮੰਗ ਕਰਨ ਵਾਲੇ ਪੰਜਾਬ ਦੇ ਨੌਜਵਾਨ-ਵਿਦਿਆਰਥੀਆਂ ਨੂੰ ਗ੍ਰਿਫਤਾਰ ਕਰਕੇ ਥਾਣੇ ਡੱਕਿਆਂ ਗਿਆ, ਜੋ ਕਿ ਨਵਾਂਸ਼ਹਿਰ ਜ਼ਿਲ੍ਹਾ ਅਤੇ ਕੈਬਨਿਟ ਮੰਤਰੀ ਨਵਜੋਤ ਸਿੱਧੂ ਦੀ ਅੰਗਰੇਜ਼ ਭਗਤ ਮਾਨਸਿਕਤਾ ਦਾ ਪ੍ਰਗਟਾਵਾ ਹੈ।

ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਪ੍ਰਧਾਨ ਰਜਿੰਦਰ ਸਿੰਘ, ਜਨਰਲ ਸਕੱਤਰ ਪ੍ਰਦੀਪ ਕਸਬਾ ਅਤੇ ਸੂਬਾ ਕਮੇਟੀ ਮੈਂਬਰ ਬਲਜੀਤ ਸਿੰਘ ਧਰਮਕੋਟ ਨੇ ਕਿਹਾ ਕਿ ਇਤਿਹਾਸਕਾਰ ਰਾਕੇਸ਼ ਕੁਮਾਰ ਵੱਲੋਂ ਸਖਤ ਮਿਹਨਤ ਕਰਨ ਤੋਂ ਬਾਅਦ 88 ਸਾਲਾਂ ਬਾਅਦ ਸ਼ਹੀਦ ਭਗਤ ਸਿੰਘ ਅਤੇ ਉਸਦੀ ਪਾਰਟੀ ਦਾ ਫਿਰੋਜ਼ਪੁਰ ਦੇ ਤੂੜੀ ਬਾਜ਼ਾਰ ਵਿਚਲਾ ਇਹ ਟਿਕਾਣਾ ਲੱਭਿਆ ਗਿਆ। ਜੋ ਕਿ ਭਾਰਤੀ ਅੰਗਰੇਜ਼ ਹਕੂਮਤ ਖਿਲਾਫ ਲੜੀ ਲੜਾਈ ਦੀ ਇੱਕ ਅਹਿਮ ਕੜ੍ਹੀ ਹੈ, ਇਸ ਜਗ੍ਹਾ ਉੱਪਰ ਭਗਤ ਸਿੰਘ ਤੇ ਉਸਦੇ ਸਾਥੀ ਆਪਣੀ ਗੁਪਤ ਮੀਟਿੰਗਾਂ ਕਰਦੇ ਰਹੇ ਸਨ। ਸਾਂਡਰਸ ਮਾਰਨ ਦੀ ਪ੍ਰੈਕਟਿਸ ਤੋਂ ਲੈ ਕੇ ਅਸੈਂਬਲੀ ਵਿੱਚ ਬੰਬ ਸੁੱਟਣ ਲਈ ਬੰਬ ਬਣਾਉਣ ਦੀ ਸਿਖਲਾਈ ਇਸ ਅਹਿਮ ਟਿਕਾਣੇ ਤੇ ਲਈ ਗਈ ਸੀ। ਜਦੋਂ ਆਪਣੇ ਆਪ ਨੂੰ ਰੂਪੋਸ਼ ਕਰਨ ਦਾ ਸਵਾਲ ਆਇਆ ਤਾਂ ਸ਼ਹੀਦ ਭਗਤ ਸਿੰਘ ਨੇ ਆਪਣੇ ਕੇਸ ਇਸੇ ਹੀ ਗੁਪਤ ਟਿਕਾਣੇ ਤੇ ਕਟਵਾਏ ਸਨ।

# ਪੰਜਾਬੀ ਲਿਖਾਰੀ ਸਭਾ ਕੈਲਗਰੀ ਦਾ 'ਬੱਚਿਆਂ ਵਿੱਚ ਪੰਜਾਬੀ ਬੋਲਣ ਦੀ ਮੁਹਾਰਤ' ਸੱਤਵਾਂ ਸਮਾਗਮ ਸਫਲਤਾ ਦੀਆਂ ਨਵੀਆਂ ਪੈੜਾਂ ਸਿਰਜ ਗਿਆ

## ਦੋ ਸਖਸ਼ੀਅਤਾ ਦੇ ਸਨਮਾਨ ਨਾਲ ਗਿੱਧਾ ਤੇ ਕੋਰੀਓਗ੍ਰਾਫੀ ਨੇ ਕੀਤਾ ਰੌਣਕ ਵਿੱਚ ਵਾਧਾ





**ਜੋਰਾਵਰ ਬਾਂਸਲ**

ਪੰਜਾਬੀ ਲਿਖਾਰੀ ਸਭਾ ਕੈਲਗਰੀ ਵਲੋਂ ਬੱਚਿਆਂ ਦਾ ਸਾਲਾਨਾ ਸਮਾਗਮ ਵਾਈਟਹੌਰਨ ਕਮਿਊਨਟੀ ਹਾਲ ਵਿੱਚ ਲੋਕਾਂ ਦੇ ਭਾਰੀ ਇੱਕਠ ਵਿੱਚ 'ਓ ਕੈਨੇਡਾ' ਰਾਸ਼ਟਰੀ ਗੀਤ ਨਾਲ ਸ਼ੁਰੂ ਹੋਇਆ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਸਭਾ ਦੇ ਜਨਰਲ ਸਕੱਤਰ ਰਣਜੀਤ ਸਿੰਘ ਨੇ ਬਾਖੂਬੀ ਨਿਭਾਈ। ਪ੍ਰਧਾਨਗੀ ਮੰਡਲ ਵਿਚ ਸਭਾ ਦੇ ਸਰਪ੍ਰਸਤ ਜਸਵੰਤ ਸਿੰਘ, ਪ੍ਰਧਾਨ ਬਲਜਿੰਦਰ ਸੰਘਾ, ਲੈ: ਕਰਨਲ ਰਤਨ ਸਿੰਘ ਪਰਮਾਰ ਅਤੇ ਸੁਟਨ ਗਾਰਨਰ ਸ਼ਾਮਿਲ ਸਨ। ਇਸ ਸਮਾਗਮ ਵਿੱਚ ਪੰਜਾਬੀ ਬੋਲਣ ਦੇ ਮੁਕਾਬਲੇ ਵਿੱਚ ਦੋ ਤੋਂ ਅੱਠ ਗਰੇਡ ਦੇ ਬੱਚਿਆਂ ਨੇ ਭਾਗ ਲਿਆ। ਜਿੱਥੇ 'ਕੈਲਗਰੀ ਗਿੱਧਾ ਐਂਡ ਡਾਂਸ ਅਕੈਡਮੀ' ਦੇ ਬੱਚਿਆਂ ਨੇ ਗਿੱਧੇ ਨਾਲ ਰੌਣਕ ਲਾਈ ਉਥੇ ਹੀ 'ਪ੍ਰੋਗਰੈਸਿਵ ਕਲਚਰ ਐਸੋਸੀਏਸ਼ਨ' ਵਲੋਂ ਕੀਤੀ ਕੋਰੀਓਗ੍ਰਾਫੀ 'ਮਹਿੰਗਾ ਪਿਆ ਕੈਨੇਡਾ' ਨੇ ਇਥੇ ਦੀ ਜ਼ਿੰਦਗੀ ਦਾ ਕੌੜਾ ਸੱਚ ਬਿਆਨ ਕੀਤਾ। ਸਭਾ ਦੇ ਸਰਪ੍ਰਸਤ ਜਸਵੰਤ ਸਿੰਘ ਗਿੱਲ ਵਲੋਂ ਸਭਾ ਦੀਆਂ ਪ੍ਰਾਪਤੀਆਂ ਦਾ ਵੇਰਵਾ ਸਾਂਝਾ ਕੀਤਾ ਗਿਆ। ਪਹਿਲਾ ਸਨਮਾਨ ਕੈਨੇਡੀਅਨ ਮੂਲ ਦੀ ਤੇਰਾਂ ਸਾਲਾਂ ਸੁਟਨ ਗਰਨਰ ਨੂੰ ਦੇ ਕੇ ਸਭਾ ਨੇ ਮਾਣ ਮਹਿਸੂਸ ਕੀਤਾ। ਕਿਉਂਕਿ ਉਹ 'ਆਈ ਕੈਨ ਫਾਰ ਕਿਡਸ' ਮਿਸ਼ਨ ਹੇਠ ਗਰਮੀਆਂ ਦੀਆਂ ਛੁਟੀਆਂ ਵਿੱਚ 30,000 ਤੋਂ 36,000 ਜ਼ਰੂਰਤਮੰਦ ਬੱਚਿਆਂ ਨੂੰ ਖਾਣਾ ਮੁਹੱਈਆ ਕਰਵਾਉਂਦੀ ਹੈ। ਇਸ ਮੌਕੇ ਉਸ ਦੇ ਮਾਤਾ ਵੀ ਮੌਜੂਦ ਸਨ। ਪਹਿਲਾ ਹਰੀਪਾਲ ਨੇ ਸਭਾ ਵਲੋਂ ਤੇ ਫਿਰ ਸੁਟਨ ਗਾਰਨਰ ਨੇ ਸਟੇਜ ਤੋਂ ਆਪਣੇ ਮਿਸ਼ਨ ਬਾਰੇ ਜਾਣਕਾਰੀ ਦਿੱਤੀ। ਸਭਾ ਦੀ ਪੂਰੀ ਟੀਮ ਵਲੋਂ ਉਸਨੂੰ ਸਨਮਾਨ ਚਿੰਨ੍ਹ ਭੇਟ ਕੀਤਾ ਗਿਆ। ਦੂਸਰਾ ਸਨਮਾਨ ਲੈ: ਕਰਨਲ ਰਤਨ ਸਿੰਘ ਪਰਮਾਰ ਦਾ ਕੀਤਾ ਗਿਆ। ਜਿਨ੍ਹਾਂ ਨੇ 62,65 ਤੇ ਸੰਨ 71 ਦੀ ਜੰਗ ਵਿੱਚ ਹਿੱਸਾ ਲਿਆ। ਦੇਸ਼ ਸੇਵਾ ਤੇ ਸਮਾਜਿਕ ਕੰਮਾਂ ਵਿੱਚ ਉਹਨਾਂ ਦਾ ਵੱਡਾ ਯੋਗਦਾਨ ਰਿਹਾ। ਉਹਨਾਂ ਨੇ ਦੋ ਕਿਤਾਬਾਂ ਵੀ ਲਿਖੀਆਂ, 1993 ਵਿੱਚ ਬਾਰ ਮੈਮੋਰੀਅਲ ਵਿੱਚ ਪਹਿਲੇ ਸਿੱਖ ਵਜੋਂ ਬੁਲਾਰੇ ਰਹੇ। ਪਹਿਲਾਂ ਸਭਾ ਦੇ ਮੀਤ ਪ੍ਰਧਾਨ ਗੁਰਬਚਨ ਬਰਾੜ ਨੇ ਤੇ ਫਿਰ ਉਹਨਾਂ ਆਪ ਵਿਸਥਾਰ ਨਾਲ ਆਪਣੀਆਂ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ। ਮੁਕਾਬਲੇ ਵਿੱਚ ਬੱਚਿਆਂ ਨੇ ਵੱਧ ਚੜ੍ਹਕੇ ਹਿੱਸਾ ਲਿਆ। ਜਿਹਨਾਂ ਨੇ ਗੀਤ, ਕਵਿਤਾਵਾਂ ਤੇ ਧਾਰਮਿਕ ਸ਼ਬਦਾਂ ਨਾਲ ਹਾਜ਼ਰੀ ਲਵਾਈ। ਸਭਾ ਵਲੋਂ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਸਾਰਿਆਂ ਬੱਚਿਆਂ ਨੂੰ ਮੈਡਲ ਤੇ ਸਰਟੀਫਿਕੇਟ ਦਿੱਤੇ ਗਏ। ਪਹਿਲੇ ਭਾਗ ਦੋ, ਤਿੰਨ ਤੇ ਚਾਰ ਗਰੇਡ ਦੇ ਬੱਚਿਆਂ ਲਈ ਜੱਜ ਵਜੋਂ ਸੁਰਿੰਦਰ ਗੀਤ, ਨਵ ਰੰਧਾਵਾ ਤੇ ਨਵਨੀਤ ਕੌਰ ਸਦਿਉੜਾ। ਦੂਸਰੇ ਭਾਗ ਦੇ ਮੁਕਾਬਲੇ ਪੰਜ ਤੇ ਛੇ ਗਰੇਡ ਲਈ ਸੁਖਦੇਵ ਸਿੰਘ, ਪ੍ਰਸ਼ੋਤਮ ਭਾਰਦਵਾਜ ਤੇ ਦਿਲਾਵਰ ਸਿੰਘ ਸਮਰਾ ਤੇ ਤੀਸਰੇ ਭਾਗ ਸੱਤ ਤੇ ਅੱਠ ਗਰੇਡ ਲਈ ਸੁਰਿੰਦਰ ਗੀਤ, ਹਰਕੀਰਤ ਧਾਲੀਵਾਲ ਤੇ ਦਿਲਾਵਰ ਸਿੰਘ ਸਮਰਾ ਨੇ ਜ਼ਿੰਮੇਵਾਰੀ ਨਿਭਾਈ। ਪਹਿਲੇ ਭਾਗ ਵਿੱਚੋਂ ਸਲੋਨੀ ਗੌਤਮ ਪਹਿਲੇ, ਪੁਨੀਤ ਕੌਰ ਢੱਡਾ ਦੂਸਰੇ ਤੇ ਕੀਰਤ ਕੌਰ ਧਾਰਨੀ ਤੀਜਾ ਦਰਜਾ ਪ੍ਰਾਪਤ ਕੀਤਾ। ਦੂਸਰੇ ਭਾਗ ਵਿੱਚੋਂ ਪ੍ਰਭਰੂਪ ਸਿੰਘ ਮਾਂਗਟ ਪਹਿਲਾ, ਅਨੂਪ ਕੌਰ ਦੂਸਰੇ ਤੇ ਰਣਸ਼ੇਰ ਭੱਟੀ ਤੀਸਰੇ ਦਰਜੇ ਤੇ ਰਹੇ ਅਤੇ ਤੀਸਰੇ ਭਾਗ ਵਿੱਚ ਪ੍ਰਭਲੀਨ ਕੌਰ ਗਰੇਵਾਲ ਪਹਿਲੇ, ਸਾਗਰ ਸਿੰਘ ਸਿੱਧੂ ਦੂਸਰੇ ਅਤੇ ਗੁਰਤਾਜ ਸਿੰਘ ਲਿੱਟ ਤੀਸਰੇ ਦਰਜੇ ਤੇ ਰਹੇ। ਦਰਸ਼ਕਾਂ ਦੇ ਭਰੇ ਖਚਾਖਚ ਹਾਲ ਵਿੱਚ ਜੇਤੂ ਬੱਚਿਆਂ ਨੂੰ ਟਰਾਫੀਆਂ ਨਾਲ ਸਨਮਾਨਿਆ ਗਿਆ। ਸਭਾ ਦੇ ਮੈਂਬਰ ਮਹਿੰਦਰ ਪਾਲ ਨੇ ਕਿਤਾਬਾਂ ਦੇ ਸਟਾਲ ਦੀ ਜ਼ਿੰਮੇਵਾਰੀ ਨਿਭਾਈ ਤੇ ਸਟੇਜ ਤੋਂ ਚੰਗੀਆਂ ਕਿਤਾਬਾਂ ਪੜ੍ਹਨ ਦਾ ਸੁਨੇਹਾ ਦਿੱਤਾ। ਜਨਰਲ ਸਕੱਤਰ ਰਣਜੀਤ ਸਿੰਘ ਨੇ ਸਾਰੇ ਮੀਡੀਏ ਤੇ ਹਾਜ਼ਰ ਨਾਮਵਰ ਸਖਸ਼ੀਅਤਾਂ ਦਾ ਜ਼ਿਕਰ ਕੀਤਾ ਜਿਨ੍ਹਾਂ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਯੋਗਦਾਨ ਪਾਇਆ। ਅਖ਼ੀਰ ਵਿੱਚ ਪ੍ਰਧਾਨ ਬਲਜਿੰਦਰ ਸੰਘਾ ਨੇ ਸਾਰੇ ਹਾਜ਼ਰੀਨ ਦਾ ਧੰਨਵਾਦ ਕੀਤਾ। ਇਸ ਮੌਕੇ ਚਾਹ ਪਾਣੀ ਤੇ ਸਨੈਕਸ ਦਾ ਪੂਰਾ ਪ੍ਰਬੰਧ ਸਭਾ ਵਲੋਂ ਕੀਤਾ ਗਿਆ ਤੇ 'ਆਈ ਕੈਨ ਫਾਰ ਕਿਡਸ' ਸੰਸਥਾ ਨੂੰ ਫੂਡ ਡੋਨੇਸ਼ਨ ਦਾ ਉਪਰਾਲਾ ਵੀ ਕੀਤਾ ਗਿਆ। ਪੰਜਾਬੀ ਲਿਖਾਰੀ ਸਭਾ ਕੈਲਗਰੀ ਵਲੋਂ ਕਰਵਾਇਆ ਇਹ ਸਮਾਗਮ ਸਫਲਤਾ ਦੀਆਂ ਨਵੀਆਂ ਪੈੜ੍ਹਾ ਸਿਰਜ ਗਿਆ; ਸਭਾ ਦੀ ਅਗਲੀ ਮੀਟਿੰਗ 21 ਅਪਰੈਲ 2018 ਦਿਨ ਐਤਵਾਰ ਨੂੰ ਠੀਕ ਦੋ ਵਜੇ ਕੋਸੋ ਦੇ ਹਾਲ ਵਿੱਚ ਹੋਏਗੀ। ਹੋਰ ਜਾਣਕਾਰੀ ਲਈ ਸਭਾ ਦੇ ਪ੍ਰਧਾਨ ਬਲਜਿੰਦਰ ਸੰਘਾ ਨਾਲ 403-680-3212 ਜਾਂ ਜਨਰਲ ਸਕੱਤਰ ਰਣਜੀਤ ਸਿੰਘ ਨਾਲ 403-714-6848 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਤਸਵੀਰਾਂ ਬੋਲਦੀਆਂ

### (ਕਿਸ਼ਤ-ਚੌਥੀ)

ਅਦਾਰਾ 'ਸਰੋਕਾਰਾਂ ਦੀ ਆਵਾਜ਼'ਵਲੋਂ ਸ਼ੁਰੂ ਕੀਤੇ ਇਸ ਕਾਲਮ ਨੇ ਪਾਠਕਾਂ ਦੇ ਅੰਦਰਲੇ ਕਵੀ ਨੂੰ ਹਲੂਣਿਆ ਹੈ।ਇਸ ਕਾਲਮ ਵਿੱਚ ਪਿਛਲੇ ਅੰਕ ਦੀ ਤਸਵੀਰ ਅਤੇ ਪਾਠਕਾਂ ਦੁਆਰਾ ਭੇਜੇ ਕੈਪਸ਼ਨ ਛਾਪ ਰਹੇ ਹਾਂ।ਅਪਰੈਲ ਅੰਕ ਲਈ ਤਸਵੀਰ ਛਾਪ ਰਹੇ ਹਾਂ।ਇਸ ਤਸਵੀਰ ਲਈ ਸਤਰਾਂ 20 ਅਪਰੈਲ ਤੱਕ ppapmg@gmail.com ਜਾਂ sukhviryyc@gmail.com 'ਤੇ ਭੇਜੀਆਂ ਜਾ ਸਕਦੀਆਂ ਹਨ। ਪਾਠਕਾਂ ਦੀ ਸਹੂਲਤ ਲਈ ਇਸ ਤਸਵੀਰ ਲਈ ਕੁਝ ਸਤਰਾਂ ਲਿਖ ਰਹੇ ਹਾਂ।



ਮੈਂ ਤਾਂ ਖੋਹ ਗਏ ਸੁਪਨਿਆਂ ਨੂੰ ਜਗਾਉਣਾ,
ਖਰੀਦ ਲਵੋ ਤੁਸੀਂ ਮੈਥੋਂ ਕੋਈ ਇੱਕ ਖਿਡੌਣਾ।
ਕਰਦੀ ਕਿਰਤ ਹਾਂ, ਮੂਹਰੇ ਹੱਥ ਨਹੀਂ ਅੱਡਦੀ,
ਬਦਲੂ ਯੁੱਗ, ਇੱਕ ਦਿਨ ਸਾਡਾ ਸਮਾਂ ਵੀ ਆਉਣਾ।

(ਫੋਟੋ ਤੇ ਕੈਪਸ਼ਨ : ਰਾਮ ਸਵਰਨ ਲੱਖੇਵਾਲੀ)

**ਪਿਛਲੇ ਅੰਕ ਦੇ ਹੁੰਗਾਰੇ:**

1. ਇੱਕ ਇੱਕ ਕਰਕੇ ਦਲ ਬਣ ਜਾਂਦਾ,
ਦਲ ਬਣ ਜਾਂਦਾ ਭਾਰਾ।
ਰਲ਼ ਮਿਲ ਰਹਿਏ ਕੋਈ ਤੋੜ ਨਾ ਸਕੇ,
ਹੋਵੇ ਇੱਕਠਿਆਂ ਵੱਖ ਨਜ਼ਾਰਾ।
ਕੋਈ ਮਾਰ ਨਾ ਸਕੇ ਤੇਰੇ ਹੱਕਾਂ ਤੇ ਡਾਕਾ,
ਬਣ ਇੱਕ ਦੂਜੀ ਦਾ ਸਹਾਰਾ।
ਨਾ ਕੋਈ ਹੁਣ ਤੇਰੀ ਤੋਂ ਹੋਂਦ ਮੁਨਕਰ ,
ਤੇਰਾ ਅੰਬਰਾਂ ਤਾਈਂ ਪਸਾਰਾ।
ਬੰਦ ਮੁੱਠੀ ਦੇ ਬਸ ਵਾਂਗ ਤੂੰ ਵਿਚਰੀਂ,
ਦੇਖੀਂ ਜਿੱਤ ਲੈਣਾ ਤੈਂ ਜੱਗ ਸਾਰਾ।

**ਮਾਸਟਰ ਸੁਰਿੰਦਰ ਸਿੰਘ ਡਾਬਾ**
**(ਲੁਧਿਆਣਾ)** 8968540878

ਮੁਸ਼ਕਿਲਾਂ ਤੋਂ ਕਦੇ ਨਾ ਘਬਰਾਵਾਂ।
ਅੱਗੇ ਹੀ ਅੱਗੇ ਵਧਦੀ ਜਾਵਾਂ।
ਧੀਆਂ ਕਦੇ ਵੀ ਬੋਝ ਨਾ ਹੁੰਦੀਆਂ,
ਕਿੰਝ ਇਹ ਲੋਕਾਂ ਨੂੰ ਸਮਝਾਵਾਂ।
ਹਰ ਖੇਤਰ ਵਿੱਚ ਮਾਰ ਕੇ ਮੱਲਾਂ,
ਮਾਪਿਆਂ ਦਾ ਮੈਂ ਨਾ ਰੁਸ਼ਨਾਵਾਂ ।
ਮਨ ਅੰਦਰ ਬੁਲੰਦ ਹੌਂਸਲੇ,
ਹਰ ਮੈਦਾਨ ਫਤਿਹ ਕਰ ਜਾਵਾਂ।

**-ਰੁਪਿੰਦਰ ਪੰਧੇਰ (ਕੈਲਗਰੀ)**

### ਕੈਪਸ਼ਨ ਮੁਕਾਬਲਾ-3



ਅੰਬਰਾਂ 'ਚ ਮਾਰੀਆਂ ਨੇ ਉੱਚੀਆਂ ਉਡਾਰੀਆਂ।
ਬਾਡਰਾਂ 'ਤੇ ਖੜ੍ਹੀਆਂ ਖਿੱਚ ਕੇ ਤਿਆਰੀਆਂ।
ਮੋਢੇ ਨਾਲ਼ ਮੋਢਾ ਜੋੜ ਅੱਗੇ ਤੁਰ ਜਾਂਦੀਆਂ।
ਦੇਸ਼ ਦੀ ਤਰੱਕੀ ਵਿੱਚ ਪੂਰਾ ਹਿੱਸਾ ਪਾਉਂਦੀਆਂ।
ਹੱਕਾਂ ਲਈ ਹੋ ਜਾਣ ਇਕੱਠੀਆਂ ਇਹ ਝੱਟ ਐ।
ਨਾਰੀ ਸ਼ਕਤੀ ਵੀ ਅੱਜ ਕੀਹਦੇ ਨਾਲ਼ੋਂ ਘੱਟ ਐ।

**-ਮਾਸਟਰ ਰਵਿੰਦਰ ਸਿੰਘ (ਚੰਡੀਗੜ੍ਹ)**
**ਸ.ਮਿ.ਸ.ਸੀਹੋਂ ਮਾਜਰਾ(ਰੋਪੜ)**

ਆਓ ਕੁੜੀਓ ਕੱਠੀਆਂ ਹੋ ਕੇ,
ਗਲ਼ ਓਹਨਾਂ ਦੇ ਰੱਸਾ ਪਾਈਏ।
ਦਾਜ ਦੇ ਇਹਨਾਂ ਲੋਭੀਆਂ ਨੂੰ,
ਖਿੱਚ ਕੇ ਚੌਂਕ ਵਿੱਚ ਲਿਆਈਏ।

**-ਗੁਰਪ੍ਰੀਤ ਸੇਖੋਂ (ਵੈਨਕੂਵਰ)**











HomeLife SilverCity
Realty Inc., Brokerage
EACH OFFICE INDEPENDENTLY OWNED & OPERATED
NEW LOCATION OPEN TO SERVE YOU BETTER AIRPORT RD/DREW
Now Hiring
New / Experienced Real Estate Sales Representative / Brokers
Office: 905-913-8500
50 Cottrelle Blvd., Unit 29, Brampton
www.HomelifeSilvercityTeam.com
Team of OVER 425 Realtors
BALJIT GARCHA
BROKER OF RECORD
AJIT GARCHA
BROKER / PRESIDENT
www.homelifesilvercityteam.com

# ਸ਼ਹੀਦ ਭਗਤ ਸਿੰਘ ਲਾਇਬਰੇਰੀ ਕੈਲਗਰੀ

ਵਲੋਂ



## ਵਿਸ਼ਵ ਪੁਸਤਕ ਦਿਵਸ

ਨੂੰ ਸਮਰਪਿਤ

## ਕੈਲਗਰੀ ਪੁਸਤਕ ਮੇਲਾ

ਤਾਰੀਖ਼: 21 ਅਤੇ 22 ਅਪਰੈਲ (ਸ਼ਨਿਚਰਵਾਰ ਅਤੇ ਐਤਵਾਰ), 2018
ਸਮਾਂ : ਸਵੇਰੇ 10 ਵਜੇ ਤੋਂ ਸ਼ਾਮੀਂ 7 ਵਜੇ ਤੱਕ
ਸਥਾਨ: ਗਰੀਨ ਪਲਾਜ਼ਾ (ਵਿਲੋਂ ਫੈਸ਼ਨ, ਬੈਲ ਕੁਨੈਕਸ਼ਨ ਅਤੇ ਲਵਲੀ ਸਵੀਟਸ ਦੇ ਸਾਹਮਣੇ)

**ਹੋਰ ਜਾਣਕਾਰੀ ਲਈ ਸੰਪਰਕ: ਮਾਸਟਰ ਭਜਨ: 403-455-4220**

# ਬੂਟਾ ਸਿੰਘ ਨਵਾਂ ਸ਼ਹਿਰ ਅਤੇ ਸੁਰਿੰਦਰ ਸ਼ਰਮਾ ਕੈਨੇਡਾ ਦੇ ਦੌਰੇ 'ਤੇ ਆਉਣਗੇ





ਕੈਲਗਰੀ: ਉਘੇ ਲੇਖਕ ਅਤੇ ਚਿੰਤਿਕ ਬੂਟਾ ਸਿੰਘ ਨਵਾਂ ਸ਼ਹਿਰ ਅਤੇ ਉੱਘੇ ਰੰਗ ਕਰਮੀ ਸੁਰਿੰਦਰ ਸ਼ਰਮਾ ਦਾ ਕੈਨੇਡਾ ਆਉਣ ਦਾ ਪ੍ਰੋਗਰਾਮ ਤੈਅ ਹੋ ਗਿਆ ਹੈ।ਦੋਵੇਂ ਹਸਤੀਆਂ ਦਾ ਆਪਣੇ ਆਪਣੇ ਖੇਤਰ ਵਿੱਚ ਚੰਗਾ ਨਾਮ ਹੈ ਤੇ ਇਸੇ ਸੰਦਰਭ ਵਿੱਚ ਉਹਨਾਂ ਦੇ ਪ੍ਰੋਗਰਾਮ ਉਲੀਕੇ ਗਏ ਹਨ।

ਬੂਟਾ ਸਿੰਘ ਨਵਾਂ ਸ਼ਹਿਰ ,ਰੈਡੀਕਲ ਦੇਸੀ ਵਲੋਂ ਗੁਰਪ੍ਰੀਤ ਸਿੰਘ ਦੇ ਸੱਦੇ ਤੇ ਕੈਨੇਡਾ ਆ ਰਹੇ ਹਨ। 13 ਅਪਰੈਲ ਨੂੰ ਉਹ ਸਰੀ ਵਿੱਚ ਜਲ੍ਹਿਆਂ ਵਾਲ਼ੇ ਬਾਗ ਦੀ ਘਟਨਾ ਬਾਰੇ ਸਰੀ ਵਿੱਚ ਇੱਕ ਸਮਾਗਮ ਵਿੱਚ ਸ਼ਾਮਲ ਹੋਣਗੇ। ਉਹਨਾਂ ਦੁਆਰਾ ਟੋਰਾਂਟੋ ਅਤੇ ਕੈਲਗਰੀ ਵਿੱਚ ਵਿਸ਼ੇਸ਼ ਭਾਸ਼ਣ ਦੇਣ ਦਾ ਵੀ ਪ੍ਰੋਗਰਾਮ ਹੈ।ਇਸ ਬਾਰੇ ਹੋਰ ਵੇਰਵੇ ਜਲਦੀ ਜਾਰੀ ਕੀਤੇ ਜਾਣਗੇ।

ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੇ ਪ੍ਰਧਾਨ ਸੁਰਿੰਦਰ ਸ਼ਰਮਾ ਮਈ ਅਤੇ ਜੂਨ ਦੇ ਮਹੀਨੇ ਕੈਲਗਰੀ ਆਉਣਗੇ।ਇੱਥੇ ਉਹ ਬੱਚਿਆਂ ਦੀ ਇੱਕ ਨਾਟਕ ਵਰਕਸ਼ਾਪ ਲਾਉਣਗੇ ਜਿਹੜੀ ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਅਤੇ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਵਲੋਂ ਲਗਾਈ ਜਾਵੇਗੀ। ਇਸ ਵਰਕਸ਼ਾਪ ਤੋਂ ਬਾਅਦ ਇੱਕ ਬਾਲ ਨਾਟਕ 27 ਜੂਨ ਨੂੰ ਕੈਲਗਰੀ ਸੈਂਟਰਲ ਲਾਇਬਰੇਰੀ ਦੇ ਡਟਨ ਥੀਏਟਰ ਵਿੱਚ ਖੇਡਿਆ ਜਾਵੇਗਾ।ਬਾਲ ਨਾਟਕ ਵਰਕਸ਼ਾਪ ਬਾਰੇ ਵੀ ਸਾਰੇ ਵੇਰਵੇ ਵਿਸਥਾਰ 'ਚ ਜਲਦੀ ਜਾਰੀ ਕੀਤੇ ਜਾਣਗੇ।ਇਸ ਬਾਰੇ ਜਾਣਕਾਰੀ ਲੈਣ ਲਈ ਮਾਸਟਰ ਭਜਨ ਨਾਲ਼ ਫੋਨ ਨੰਬਰ 403-455-4220 ਤੇ ਸੰਪਰਕ ਕੀਤੇ ਜਾ ਸਕਦਾ ਹੈ।

Electrical Contractor Registration Agency of the Electrical Safety Authority
RP ELECTRIC
2090114 Ontario Inc.
Fully Licensed & Insured Electrical Contractor
ECRA/ESA Licence #7012619
Call Duggal 416-806-4104 (24 Hrs)
umakant_duggal@hotmail.com

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Barristers, Solicitors and Notary Public
Tel. : 403-285-7070
Our law group practices in
IMMIGRATION
REAL ESTATE
SMALL BUSINESS
FORMATION OF PUBLIC COMPANIES
PERSONAL INJURY (Car Accident Claims)
NO LEGAL FEES UNTIL RECOVERY

WEST COAST HOME & TRUSS LTD.
Manufacturers of Quality Pre-Engineered Metal Plate Connected Wood Trusses
CUSTOM PRODUCTS AND SERVICES OFFERED :
• Pre-Engineered Roof and Floor Trusses
• Metal Web Floor Trusses
• Custom Heavy Timber Trusses and Timber Framing Kits
• Curved Roof and Ceiling Trusses
• Curved Timber and Laminated Joists
• Curved Fascias and Trims
• Pre-Fab Barreled and Double Barreled Vaulted Ceilings
• Pre-Fab Dome and Elliptical Ceilings
• Structural Engineering and Inspection Services (BC, Alberta & Saskatchewan)
10230-120 Street Surrey, BC, V3V 4G1
www.westcoasttruss.ca | info@westcoasttruss.ca
(604) 580-3275
(778) 896-7194



SHAAN CONSTRUCTION LTD.
25+ years of experience
• General Contracting
• Quality Custom Homes
• Quality Framing
• 2-5-10 Year Warranty
Call for a Free Estimate
MALKIT SWAICH
778.889.9526



FIVE STAR INSURANCE
Save up to 51%
• Auto • Home
• Business
Get the best rates with us!
FIVE STAR
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
270 Orenda Rd., Unit # 200 Brampton, ON L6T 4X6
905.459.0555